*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 23** **ਪੁ : ਲੜੀ : 91** **ਜੁਲਾਈ-ਸਤੰਬਰ, 2020**



*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk

harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

Website : www.shabadsaar.com



ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ। Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।


## ਮੇਰਾ ਪੰਨਾ

ਅੱਜ ਦੇ ਸਮੇਂ ਵਿੱਚ ਬਹੁਤ ਕੁਝ ਵਾਪਰ ਰਿਹਾ ਹੈ ਤੇ ਬਹੁਤ ਕਾਹਲੀ-ਕਾਹਲੀ ਵਾਪਰ ਰਿਹਾ ਹੈ। ਹਰ ਖੇਤਰ ਵਿੱਚ ਇਕੋ ਜਿਹੀ ਸਥਿਤੀ ਹੈ, ਚਾਹੇ ਉਹ ਸਮਾਜਕ ਖੇਤਰ ਹੋਵੇ, ਰਾਜਨੀਤਕ, ਸਮਾਜਕ ਜਾਂ ਆਰਥਿਕ ਖੇਤਰ ਹੋਵੇ ਤੇ ਭਾਵੇਂ ਟੈਕਨੌਲੋਜੀ ਹੋਵੇ। ਏਨਾ ਕੁਝ ਤੇ ਏਨੀ ਕਾਹਲੀ ਨਾਲ ਵਾਪਰਨਾ ਅਸਪੱਸ਼ਟਤਾ ਪੈਦਾ ਕਰ ਰਿਹਾ ਹੈ ਬਲਕਿ ਅੱਜ ਦਾ ਹਾਕਮ ਜਾਣ-ਬੁਝ ਕੇ ਅਸਪੱਸ਼ਟਤਾ ਖੜੀ ਕਰ ਰਿਹਾ ਹੈ। ਮੋਦੀ ਤੋਂ ਟਰੰਪ ਤੱਕ ਦੇ ਲੀਡਰਾਂ ਨੇ ਜਾਣਬੁਝ ਕੇ ਆਮ ਬੰਦੇ ਲਈ ਭੰਬਲਭੂਸੇ ਪਾਏ ਹੋਏ ਹਨ ਤਾਂ ਜੋ ਅਣਦਿਸਦੀਆਂ ਪ੍ਰਸਥਿਤੀਆਂ ਤੋਂ ਆਮ ਬੰਦਾ ਡਰਿਆ ਰਹੇ। ਉਲਝਾਅ ਦੀ ਅਜਿਹੀ ਸਿਆਸਤ ਖੇਡੀ ਜਾ ਰਹੀ ਹੈ ਕਿ ਧੁੰਦ ਜਿਹੀ ਹਾਲਤ ਵਿੱਚੋਂ ਆਮ ਬੰਦਾ ਮਨਚਾਹੀ ਸਥਿਤੀ ਦੀ ਕਲਪਨਾ ਕਰੀ ਬੈਠਾ ਹੈ ਤੇ ਉਸੇ ਵਿੱਚੋਂ ਭਲਾ ਸੋਚ/ਚਾਹ ਰਿਹਾ ਹੈ।

ਅੱਜ ਦੇ ਯੁੱਗ ਵਿੱਚ ਮਾਹਰਾਂ ਦੀ ਰਾਏ ਕੋਈ ਮੁੱਲ ਨਹੀਂ ਰੱਖਦੀ। ਵਾਸਤਵਿਕ ਮਾਹਰਾਂ ਦੇ ਮੁਕਾਬਲੇ ਵਿੱਚ ਘੜ-ਘੜ ਕੇ ਮਾਹਰ ਖੜੇ ਕੀਤੇ ਜਾ ਰਹੇ ਹਨ ਜੋ ਮੀਡੀਏ 'ਤੇ ਬਹਿ ਕੇ ਹਾਕਮਾਂ ਦੀਆਂ ਮਨਚਾਹੀਆਂ ਰਾਵਾਂ ਪੇਸ਼ ਕਰ ਰਹੇ ਹਨ। ਦੁਨੀਆਂ ਭਰ ਦੀ ਸਿਆਸਤ ਐਂਟੀ-ਇੰਟਲੈਕੁਚਲਿਜ਼ਮ (Anti-Intellectualism) ਦੇ ਹੱਕ ਵਿੱਚ ਭੁਗਤ ਰਹੀ ਹੈ।

ਵਕਤ ਦੀ ਹਾਸੋਹੀਣਤਾ ਦੇਖੋ ਕਿ ਰੰਗ-ਜਾਤ-ਧਰਮ-ਹਿੰਸਾ ਸ਼ਰ੍ਹੇਆਮ ਆਪਣੇ ਹੱਕ ਵਿੱਚ ਵਰਤੇ ਜਾ ਰਹੇ ਹਨ ਤੇ ਬੁੱਧੀਮਾਨ ਉਸ ਨੂੰ ਸਹੀ ਵੀ ਠਹਿਰਾਅ ਰਹੇ ਹਨ। ਇਸੇ ਕਾਰਨ ਲੋਕਾਈ ਇਕ ਕਿਸਮ ਦੇ ਡਰ ਅਧੀਨ ਜੀਅ ਰਹੀ ਹੈ। ਮਰਜ਼ੀ ਦਾ ਖਾ-ਪੀ-ਪਹਿਨ ਨਹੀਂ ਸਕਦੇ, ਬੋਲਣ ਦੀ ਆਜ਼ਾਦੀ ਤਾਂ ਬਹੁਤ ਦੂਰ ਦੀ ਗੱਲ ਹੈ। ਇਹ ਅਰਾਜਕਤਾ ਵਾਲੀ ਸਥਿਤੀ ਨਹੀਂ ਤਾਂ ਹੋਰ ਕੀ ਹੈ। ਕਿਸੇ ਵੀ ਭੱਖਦੇ ਮਸਲੇ ਉਪਰ ਕਦੇ ਬਹਿਸ ਨਹੀਂ ਹੁੰਦੀ। ਸਰਕਾਰਾਂ ਦੀਆਂ ਬਣਾਈਆਂ ਬਹੁਤੀਆਂ ਨੀਤੀਆਂ ਜਾਣੇ-ਅਣਜਾਣੇ ਵਿੱਚ ਅਮੀਰਾਂ ਦੇ ਹੱਕ ਵਿੱਚ ਭੁਗਤਦੀਆਂ ਹਨ। ਪੋਸਟ-ਕਰੋਨਾ ਇਹੋ ਪ੍ਰਸਥਿਤੀਆਂ ਸਨ ਤੇ ਕਰੋਨਾ ਤੋਂ ਬਾਅਦ ਤਾਂ ਇਹਨਾਂ ਵਿੱਚ ਹੋਰ ਵੀ ਵਿਗਾੜ ਆਇਆ ਹੈ।

ਸਮਾਜਕ-ਦੁਨੀਆ ਬਾਰੇ ਫੈਸਲਿਆਂ ਵਿੱਚ ਜਿਹੜੇ ਤੱਤ ਪੇਸ਼ ਕੀਤੇ ਜਾਂਦੇ ਹਨ ਉਹਨਾਂ ਵਿੱਚ ਸਾਰਥਿਕਤਾ ਦੀ ਬਹੁਤ ਘਾਟ ਹੁੰਦੀ ਹੈ। ਮਨ-ਘੜੰਤ ਅੰਕੜੇ ਪੇਸ਼ ਕਰਕੇ ਮੁਆਸ਼ਰੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਦੀ ਸਿਆਸਤ ਦੀ ਸਿੱਧੀ ਸਟਰੈਟਜੀ ਹੈ: Nullify any and all opposition Political Narrative. ਭਾਵ ਕਿ ਵਿਰੋਧੀ ਦੀ ਹਰ ਤਰਕ ਨੂੰ ਨਾਕਾਰ ਦਿਓ। ਉੱਚੀ ਬੋਲ ਕੇ ਸਬਜ਼ੀ ਵੇਚਣ ਵਾਲੀ ਵਿਧੀ ਲਾਗੂ ਹੈ। ਮੀਡੀਆ ਵਿਕਾਊ ਹੋਣ ਵਿੱਚ ਆਪਣੀ ਸ਼ਾਨ ਸਮਝ ਰਿਹਾ ਹੈ। ਸਰਕਾਰ ਨੇ ਆਪਣੇ ਬਚਾਅ ਲਈ ਆਪਣੇ ਦੁਆਲੇ ਕਈ ਪਾਕਿਸਤਾਨ ਉਸਾਰ ਲਏ ਹਨ ਤੇ ਇਸ ਘੇਰਾਬੰਦੀ ਨੂੰ ਤੋੜਨਾ ਮੁਸ਼ਕਲ ਹੋ ਰਿਹਾ ਹੈ। ਕਮਲੇਸ਼ਵਰ ਦੀ ਬਹੁਤ ਸਾਲ ਪਹਿਲਾਂ ਦਿੱਤੀ ਇਹ ਕੁਟੇਸ਼ਨ ਅੱਜ ਵੀ ਓਨੀ ਹੀ ਸਾਰਥਿਕ ਹੈ: ਜੋ ਵਾਪਰ ਰਿਹਾ ਹੈ ਪਰ ਵਾਪਰ ਰਿਹਾ ਦਿਖਾਈ ਨਹੀਂ ਦੇ ਰਿਹਾ, ਜੋ ਸੁਣਦਾ ਹੈ ਪਰ ਉਹ ਸੁਣਿਆਂ ਹੋਇਆ ਜਾਪਦਾ ਨਹੀਂ, ਜੋ ਸੋਚਿਆ ਜਾ ਰਿਹਾ ਹੈ ਪਰ ਇਹ ਸੋਚਿਆ ਨਹੀਂ ਜਾਪਦਾ, ਜੋ ਸਮਝਿਆ ਜਾਂਦਾ ਹੈ ਪਰ ਇਹ ਸਮਝ ਵਿੱਚ ਨਹੀਂ ਆਉਂਦਾ। ਸਾਡੇ ਸਮੇਂ ਦੀ ਇਹੋ ਤ੍ਰਾਸਦੀ ਹੈ ਕਿਉਂਕਿ ਅਸੀਂ ਸਾਰੇ ਮੁੱਲ-ਬੋਧ ਦੇ ਬਾਵਜੂਦ ਮੁੱਲ-ਹੀਣਤਾ ਦੇ ਘੇਰੇ ਵਿੱਚ ਹਾਂ...।

# ਜੂਲੀ ਦੇ ਵੱਸ/ਪ੍ਰੇਮ ਪ੍ਰਕਾਸ਼

ਏਸੇ ਬੀਤੇ ਦਸੰਬਰ ਦੇ ਦੂਜੇ ਅੱਧ ਦੇ ਪਿਛਲੇ ਦਿਨੀਂ ਜਦ ਮੈਂ ਨਾ ਭੁੱਲਣ ਤੇ ਨਾ ਯਾਦ ਰੱਖਣ ਜੋਗੇ ਆਪਣੇ ਦੋਸਤ ਗੁਰਦੀਪ ਨੂੰ ਫੋਨ ਕਰ ਕੇ ਪੁੱਛਿਆ, "ਹਾਂ, ਦੀਪ, ਕੀ ਹਾਲ ਐ?" ਤਾਂ ਜਵਾਬ ਉਹਦੇ ਨਸ਼ਈ ਜਵਾਨ ਮੁੰਡੇ ਤਾਜੀ ਦਾ ਸੀ। ਉਹਨੇ ਮੈਨੂੰ ਗੁਰਦੀਪ ਦੇ ਬੀਤੀ ਰਾਤ ਨੂੰ ਤਰਨਤਾਰਨ ਦੇ ਬਿਰਧ ਘਰ ਵਿਚ ਪੂਰੇ ਹੋਣ 'ਤੇ ਉਥੇ ਈ ਸਸਕਾਰ ਕਰਨ ਦੀ ਖ਼ਬਰ ਸੁਣਾ ਦਿੱਤੀ। ਭੋਗ ਉਥੇ ਈ ਆਸ਼ਰਮ ਵਾਲੇ ਈ ਪਾਓਣਗੇ।... ਸੁਣ ਕੇ ਮੈਂ ਫੋਨ ਬੰਦ ਕਰ ਦਿੱਤਾ। ਮੈਂ ਉਹਦੇ ਮੁੰਡੇ ਨੂੰ ਸਖਤ ਨਫਰਤ ਕਰਦਾ ਸੀ। ਕਿਉਂਕਿ ਇਹ ਓਹੀ ਸੀ, ਜਿਹੜਾ ਨਸ਼ਾ ਕਰ ਕੇ ਆਪਣੇ ਬਾਪ ਨੂੰ ਕੁੱਟਿਆ ਕਰਦਾ ਸੀ। ਓਸ ਕੁੱਟ ਦੇ ਨਿਸ਼ਾਨ ਗੁਰਦੀਪ ਮੇਰੇ ਘਰ ਆ ਕੇ ਮੈਨੂੰ ਵਿਖਾਉਂਦਾ ਹੁੰਦਾ ਸੀ। ਤੇ ਇਕ ਦਿਨ ਜਦ ਉਹ ਗਲ਼ ਵਿਚ ਆਪਣੀ ਟੁੱਟੀ ਬਾਂਹ ਪਾ ਕੇ ਮੇਰੇ ਘਰ ਅਇਆ ਸੀ ਤਾਂ ਮੇਰੇ ਪੁੱਛਣ 'ਤੇ ਉਹਨੇ ਦੱਸਿਆ ਸੀ ਕਿ ਇਹ ਕਾਰਾ ਵੀ ਪੁੱਤ ਦਾ ਈ ਏ। ਤਾਂ ਮੈਂ ਇਹ ਗੱਲ ਸੁਣ ਕੇ ਗੁਰਦੀਪ ਨੂੰ ਬਹੁਤ ਮਾੜਾ ਚੰਗਾ ਕਿਹਾ ਸੀ। ਉਹ ਆਪਣੀ ਟੁੱਟੀ ਬਾਂਹ ਲਈ ਕਈ ਦਿਨ ਲਈ ਫਿਰਦਾ ਰਿਹਾ ਸੀ। ਫੇਰ ਜਦ ਉਹਦੇ ਮੁਹੱਲੇ ਦੇ ਲੋਕਾਂ ਨੇ ਮੁੰਡੇ ਨੂੰ ਪੁਲਸ ਨੂੰ ਫੜਾ ਦਿੱਤਾ ਸੀ ਤਾਂ ਉਹ ਕੁੱਤਾ ਪਿਓ ਦੂਜੇ ਦਿਨ ਈ ਥਾਣੇ ਜਾ ਕੇ ਉਹਦੀ ਨੇਕ-ਚਲਨੀ ਦੀ ਜ਼ਮਾਨਤ ਦੇ ਕੇ ਆਪ ਛੁਡਾ ਲਿਆਇਆ ਸੀ।

ਜਦ ਉਹਨੇ ਮੈਨੂੰ ਦੱਸਿਆ ਤਾਂ ਮੈਂ ਉਹਨੂੰ ਜਿੰਨਾ ਮਾੜਾ ਬੋਲ ਸਕਦਾ ਸੀ, ਬੋਲ ਦਿੱਤਾ ਸੀ ਬੇਸ਼ਰਮ ਨੂੰ। ਮੇਰੀ ਨਜ਼ਰ 'ਚ ਇਹ ਗੁਰਦੀਪ ਦੀ ਜ਼ਲਾਲਤ ਦੀ ਹੱਦ ਸੀ ਜਾਂ ਪਹੁੰਚੇ ਹੋਏ ਬੰਦੇ ਦੀ ਦਰਵੇਸ਼ੀ ਦੀ ਹੱਦ। ਮੈਨੂੰ ਇਹੋ ਗੱਲਾਂ ਉਹਨੂੰ ਸਮਝਣ 'ਚ ਅੜਿੱਕਾ ਬਣੀਆਂ ਖੜ੍ਹੀਆਂ ਸਨ।

ਗੁਰਦੀਪ ਆਪ ਸਿਆਣਾ ਬੰਦਾ ਤੇ ਚਤੁਰ ਅਖ਼ਬਾਰ ਨਵੀਸ ਸੀ। ਉਹਦੀ ਸਾਰੀ ਜ਼ਿੰਦਗੀ ਏਨੀਆਂ ਘਟਨਾਵਾਂ ਨਾਲ ਭਰੀ ਪਈ ਸੀ ਕਿ ਬਹੁਤ ਕਹਾਣੀਆਂ ਲਿਖੀਆਂ ਜਾ ਸਕਦੀਆਂ ਨੇ। ... ਉਹ ਜਿੰਨਾ ਚਿਰ ਜਲੰਧਰ ਰਿਹਾ, ਰੋਜ਼ ਇਕ ਵਾਰ ਮੇਰੇ ਘਰ ਆਉਂਦਾ ਰਿਹਾ ਸੀ। ਉਹ ਮੈਨੂੰ ਆਪਣੀਆਂ ਵਡਿਆਈਆਂ, ਲੁੱਚਪੁਣੇ, ਕਮੀਨਗੀਆਂ ਤੇ ਬੇਇੱਜ਼ਤੀ ਹੋਣ ਵਾਲੀਆਂ ਸਾਰੀਆਂ ਈ ਗੱਲਾਂ ਦੱਸ ਜਾਇਆ ਕਰਦਾ ਸੀ। ਉਹਦੀਆਂ ਗੱਲਾਂ ਮੈਂ ਤੁਹਾਨੂੰ ਆਪਣੇ ਮੂਹੋਂ ਗੁਰਦੀਪ ਬਣ ਕੇ ਸੁਣਾ ਦਿਆਂ ਤਾਂ ਤੁਸੀਂ ਚੰਗੀ ਤਰ੍ਹਾਂ ਸਮਝ ਜਾਉਗੇ।

"ਮੈਂ ਗੁਰਦੀਪ ਹਾਂ, ਭਾਵੇਂ ਹੋਰ ਕੋਈ ਵੀ ਹੋਵੇ, ਉਹ ਤੁਹਾਨੂੰ ਕਿੰਨੇ ਕੁ ਸੱਚ ਦੱਸ ਸਕਦਾ ਏ ਤੇ ਕਿੰਨੇ ਲੁਕਾ ਸਕਦਾ ਏ? ਸੱਚੀ ਗੱਲ ਤਾਂ ਇਹ ਏ ਕਿ ਜਦ ਮੈਂ ਖਾਲਸਾ ਕਾਲਜ ਅਮ੍ਰਿਤਸਰ 'ਚ ਪੜ੍ਹਦਾ ਸੀ ਤਾਂ ਸਟੂਡੈਂਟਸ ਯੂਨੀਅਨ, ਪੰਜਾਬ ਦਾ ਜਨਰਲ ਸੈਕਰੇਟਰੀ ਹੁੰਦਾ ਸੀ।... ਮੇਰੀ ਇਹ ਕਹਾਣੀ ਜਾਂ ਆਪ-ਬੀਤੀ ਪੜ੍ਹਨ ਵਾਲੇ ਬਹੁਤੇ ਸ਼ਾਇਦ ਮੈਨੂੰ ਜਾਣਦੇ ਵੀ ਹੋਣ, ਕਿਉਂਕਿ ਮੈਂ ਕਾਲਜ ਵੇਲੇ ਵਿਦਿਆਰਥੀਆਂ ਦਾ ਵੱਡਾ ਲੀਡਰ ਸੀ।

ਕਾਲਜ ਦੇ ਬਾਅਦ ਮੈਂ ਕਿਸੇ ਇਕ ਸ਼ਹਿਰ ਵਿਚ ਟਿਕ ਕੇ ਨਹੀਂ ਰਿਹਾ ਸੀ। ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਏਸ ਮੁੰਡੇ ਦੇ ਪੈਰਾਂ 'ਚ ਚੱਕਰ ਏ, ਜਿਹੜਾ ਇਹਨੂੰ ਕਿਸੇ ਇਕ ਥਾਂ ਟਿਕਣ ਨਹੀਂ ਦੇਂਦਾ। ਮੈਂ ਬੀ. ਏ. ਕਰਨ ਬਾਅਦ ਫਿਲਮੀ ਦੁਨੀਆ 'ਚ ਕੋਈ ਥਾਂ ਬਣਾਉਣ ਲਈ ਬੰਬਈ ਚਲਿਆ ਗਿਆ ਸੀ। ਮੇਰਾ ਇਕ ਦਸਵੀਂ ਦਾ ਸਾਥੀ ਉਥੇ ਫਿਲਮਾਂ ਦੇ ਸਕ੍ਰਿਪਟ ਲਿਖਦਾ ਹੁੰਦਾ ਸੀ।



ਮੈਂ ਬੰਬਈ 'ਚ ਕਈ ਕੰਮ ਕੀਤੇ, ਕਲਰਕ ਤੋਂ ਸਕ੍ਰਿਪਟ ਰਾਈਟਰ ਤਕ ਦੇ। ਜਿਸ ਤੋਂ ਚਾਰ ਪੈਸੇ ਮਿਲੇ, ਉਹ ਕਰ ਲਿਆ। ਪੰਜ ਸਾਲ ਮੈਨੂੰ ਮੇਰੇ ਪੈਰਾਂ ਦਾ ਚੱਕਰ ਘੁਮਾਂਦਾ ਈ ਰਿਹਾ ਸੀ। ਹਰੇਕ ਕੰਮ ਕਰ ਕੇ ਛੱਡਣ ਦੀ ਮੇਰੀ ਆਦਤ ਈ ਬਣ ਗਈ ਸੀ।

ਮੈਂ ਰਹਿਣ ਵਾਲਾ ਤਰਨਤਾਰਨ ਦਾ ਹਾਂ, ਪਰ ਸਟੂਡੈਂਟਸ ਯੂਨੀਅਨ ਦਾ ਲੀਡਰ ਹੋਣ ਕਰ ਕੇ ਸਾਰੇ ਕਾਲਜਾਂ 'ਚ ਮਸ਼ਹੂਰ ਸੀ। ਮੇਰੇ ਘਰ ਦੇ ਹਾਲਾਤ ਬਹੁਤ ਚੰਗੇ ਸਨ। ਪਿਤਾ ਤੇ ਤਾਇਆ ਕੱਪੜੇ ਸੀਣ ਦੇ ਏਨੇ ਕਾਰੀਗਰ ਸਨ ਕਿ ਦਸਾਂ ਪਿੰਡਾਂ ਦੇ ਪਾੜ੍ਹੇ ਕੱਪੜੇ ਸਿਵਾਓਣ ਆਉਂਦੇ ਸਨ। ਵੱਡਾ ਤੇ ਪੱਕਾ ਘਰ ਸੀ। ਦੋ ਚੇਲੇ ਮਸ਼ੀਨਾ ਘੁਮਾਂਦੇ ਜਾਂ ਬਟਨ ਲਾਓਣ ਦਾ ਕੰਮ ਕਰਦੇ ਸਨ। ਸਮਝੋ ਕਿ ਚਾਰ ਮਸ਼ੀਨਾਂ ਨੋਟ ਛਾਪ ਰਹੀਆਂ ਸਨ। ਤਾਏ ਦਾ ਕੋਈ ਟੱਬਰ ਨਹੀਂ ਸੀ, ਉਹ ਮੈਨੂੰ ਈ ਆਪਣਾ ਬੇਟਾ ਮੰਨਦਾ ਸੀ। ਮੇਰੀ ਮਾਂ ਦੇ ਮਰਨ ਬਾਅਦ ਮੇਰੀਆਂ ਦੋਵੇਂ ਭੈਣਾਂ ਮੇਰੀ ਤਾਈ ਤਾਏ ਨੇ ਵਿਆਹ ਦਿੱਤੀਆਂ ਸਨ ਤੇ ਤਾਇਆ ਮੈਨੂੰ ਵਿਆਹੁਣ ਲਈ ਵੀ ਕਾਹਲਾ ਸੀ। ਘਰ 'ਚ ਇਕੱਲੀ ਹੋਈ ਤਾਈ ਉਦਾਸ ਜਿਹੀ ਰਹਿੰਦੀ ਸੀ। ਉਹਨੂੰ ਘਰ 'ਚ ਖੇਡਣ ਲਈ ਬੱਚਾ ਚਾਹੀਦਾ ਸੀ।

ਮੈਂ ਛੇਹਰਟਾ ਰੋਡ 'ਤੇ ਇਕ ਕਾਰਖਾਨੇ 'ਚ ਨੌਕਰੀ ਕਰ ਲਈ ਸੀ, ਤਾਂ ਜੋ ਸਾਕ ਦੇਣ ਵਾਲਿਆਂ ਨੂੰ ਦੱਸਿਆ ਜਾ ਸਕੇ। ਮੈਨੂੰ ਵੀ ਵਿਆਹ ਦੀ ਲੋੜ ਵੀ ਮਹਿਸੂਸ ਹੁੰਦੀ ਸੀ। ਮੈਂ ਰੁਪੱਈਆ ਦੇਣ ਆਇਆਂ ਨੂੰ 'ਹਾਂ' ਆਖੀ ਤਾਂ ਸਾਰਾ ਟੱਬਰ ਖੁਸ਼ ਹੋ ਗਿਆ ਸੀ। ਬਸ ਫੇਰ ਕੀ ਸੀ, ਦਿਨਾਂ 'ਚ ਵਿਆਹ ਕਰਾ ਕੇ ਵੱਡੇ ਘਰ ਦੀ ਰੌਣਕ ਵਧਾ ਲਈ ਸੀ। ਜਿਹੜਾ ਆਉਂਦਾ, ਮੈਨੂੰ ਤੇ ਵਹੁਟੀ ਨੂੰ ਪਿਆਰ ਦੇਂਦਾ। ਨੋਟਾਂ ਨਾਲ ਸਾਡੇ ਪੱਲੇ ਭਰ ਗਏ ਸਨ। ਅਸੀਂ ਸ਼ਹਿਰਾਂ ਵਿਚ ਫਿਰਨ ਟੁਰਨ ਦੀਆਂ ਬੜੀਆਂ ਅਯਾਸ਼ੀਆਂ ਕੀਤੀਆਂ। ਰਾਤ ਨੂੰ ਅਸੀਂ ਚੁਬਾਰੇ 'ਚ ਸੌਂਦੇ ਹੁੰਦੇ ਸੀ। ਰਾਤ ਛੇਤੀ ਈ ਮੁੱਕ ਜਾਂਦੀ ਸੀ। ਕੁਝ ਸਮਾਂ ਨੀਂਦ ਨੂੰ ਵੀ ਤਾਂ ਚਾਹੀਦਾ ਸੀ। ਤਿੰਨਾਂ ਵਰ੍ਹਿਆਂ 'ਚ ਸਾਡੇ ਦੋ ਬੱਚੇ ਹੋ ਗਏ ਸਨ, ਇਕ ਵੱਡੀ ਕੁੜੀ ਤੇ ਇਕ ਮੁੰਡਾ। ਫੇਰ ਚੰਪਾ ਆਪ ਬੀਮਾਰ ਰਹਿਣ ਲੱਗ ਪਈ ਸੀ। ਮੈਂ ਉਹਨੂੰ ਜਲੰਧਰ ਲਿਜਾ ਕੇ ਕਈ ਡਾਕਟਰਾਂ ਨੂੰ ਵਿਖਾਇਆ, ਪਰ ਬਿਮਾਰੀ ਲੱਭਦੀ ਈ ਨਹੀਂ ਸੀ। ਜਦ ਬੱਚੇ ਅੱਠ ਤੇ ਛੇ ਸਾਲਾਂ ਦੇ ਹੋਏ ਤਾਂ ਉਹ ਕਿਸੇ ਵਿਆਹ ਵਾਲੇ ਘਰ ਗਈ ਤੇ ਮੁੜ ਕੇ ਨਾ ਆਈ। ਮੈਂ ਆਲੇ ਦੁਆਲੇ ਦੇ ਸਾਰਿਆਂ ਘਰਾਂ 'ਚ ਪਤਾ ਕੀਤਾ। ਪਰ ਉਹ ਨਾ ਮਿਲੀ। ਮੈਨੂੰ ਸ਼ੱਕ ਹੋਇਆ ਕਿ ਉਹਨੂੰ ਮਿਲਣ ਉਹਨਾਂ ਦੇ ਪਿੰਡ ਦਾ ਇਕ ਟਰੱਕ ਵਾਲਾ ਆਉਂਦਾ ਹੁੰਦਾ ਸੀ, ਜੀਹਨੂੰ ਉਹ ਮਾਮਾ ਆਖਦੀ ਹੁੰਦੀ ਸੀ। ਮੈਂ ਚੁੱਪ ਕਰ ਰਿਹਾ। ਬੱਚਿਆਂ ਨੂੰ ਘਰ ਦੇ ਲੋਕ, ਖਾਸ ਕਰ ਕੇ ਤਾਈ ਪਾਲਣ ਲੱਗ ਪਈ ਸੀ।

ਚਾਰ ਕੁ ਸਾਲਾਂ ਬਾਅਦ ਮੈਂ ਤਾਂ ਚਾਹੁੰਦਾ ਨਹੀਂ ਸੀ, ਪਰ ਤਾਏ ਤੇ ਤਾਈ ਨੇ ਮੱਲੋ ਮੱਲੀ ਸਾਡੇ ਦੂਰ ਦੇ ਸਾਕਾਂ ਤੋਂ ਰੁਪਈਆ ਫੜ ਲਿਆ ਸੀ। ਤੇ ਮੈਨੂੰ ਰਿਸ਼ਤਾ ਮੰਨਣ 'ਤੇ ਮਜਬੂਰ ਕਰ ਦਿੱਤਾ ਸੀ। ਮੈਂ ਬਹੁਤਾ ਰੌਲਾ ਪਾਇਆ ਕਿ ਬੱਚੇ ਰੁਲ਼ ਜਾਣੇ ਨੇ। ਪਰ ਤਾਏ ਦਾ ਆਖਾ ਮੰਨਣਾ ਪੈਣਾ ਸੀ। ਉਹਨਾਂ ਬਰਾਤ ਦੇ ਬਿਨਾਂ ਈ ਵਿਆਹ ਦੀਆਂ ਰਸਮਾਂ ਪੂਰੀਆਂ ਕਰ ਲਈਆਂ ਤੇ ਘਰ ਵਿਚ ਸਾਰੇ ਵਡੇਰਿਆਂ ਲਈ ਰੌਣਕਾਂ ਲੱਗ ਗਈਆਂ। ਮੈਂ ਜਦ ਵੀ ਨਵੀਂ ਵਹੁਟੀ ਰਿਤੂ ਬਾਰੇ ਸੋਚਦਾ, ਮੇਰੀ ਸੋਚ ਬੱਚਿਆਂ 'ਤੇ ਆ ਕੇ ਖੜ੍ਹ ਜਾਂਦੀ ਸੀ। ਮੈਂ ਰਿਤੂ ਕੋਲ ਜਾਂਦਾ, ਪਰ ਆਪਣਾ ਧਰਮ ਪਾਲਦਾ ਹੋਇਆ। ਦੋਵੇਂ ਬੱਚੇ ਉਹਨੂੰ ਹੈਰਾਨੀ ਨਾਲ ਦੇਖਦੇ, ਪਰ ਕਿਸੇ ਦੇ ਸਿਖਾਓਣ 'ਤੇ ਵੀ ਉਹਨੂੰ 'ਮਾਂ' ਨਾ ਆਖਦੇ। ਜਦ ਕਦੇ ਕਿਸੇ ਦਾ ਹੱਥ ਰਿਤੂ ਦੇ ਕੱਪੜਿਆਂ ਨੂੰ ਲੱਗ ਜਾਂਦਾ ਤਾਂ ਉਹ

ਵੀ ਰੁੱਖੇ ਬੋਲਾਂ 'ਚ ਹੁਕਮ ਦੇ ਦੇਂਦੀ ਸੀ ਕਿ ਉਹਦੇ ਕੱਪੜਿਆਂ ਨੂੰ ਹੱਥ ਨਹੀਂ ਲਾਉਣਾ। ਮੈਨੂੰ ਲੱਗਿਆ ਕਿ ਉਹਨੂੰ ਕੋਈ ਵਹਿਮ ਸੀ। ਉਂਜ ਉਮਰ ਦੀ ਵੀ ਉਹ ਨਿਆਣੀ ਈ ਸੀ।

ਇਕ ਰਾਤ ਉਹੀ ਕੁਝ ਹੋ ਗਿਆ, ਜਿਸ ਦਾ ਮੈਨੂੰ ਡਰ ਸੀ। ਰਿਤੂ ਦੂਜੇ ਪਾਸੇ ਮੂੰਹ ਕਰ ਕੇ ਲੇਟੀ ਹੋਈ ਸੀ। ਮੈਂ ਹੱਥ ਲਾਉਂਦਾ ਤਾਂ ਉਹ ਝਟਕ ਦੇਂਦੀ। ਜ਼ਰਾ ਰੁਕ ਕੇ ਮੈਂ ਫੇਰ ਹੱਥ ਲਾਇਆ ਤਾਂ ਉਹਨੇ ਬੜੀ ਭੈੜੀ ਜਿਹੀ ਗਾਹਲ ਕੱਢੀ। ਮੈਂ ਸੋਚਿਆ ਕਿ ਚਲੋ ਉਮਰ ਦੀ ਛੋਟੀ ਏ, ਸਮਾਂ ਪਾ ਕੇ ਸਮਝ ਜਾਵੇਗੀ। ਪਰ ਉਹਦਾ ਨਖਰਾ ਤੇ ਗੁੱਸਾ ਤਾਂ ਵਧਦਾ ਈ ਗਿਆ। ਉਹ ਮੇਰੀ ਤਾਈ ਤੇ ਤਾਏ ਨਾਲ ਵੀ ਮੇਰੇ ਸਾਹਮਣੇ ਮਾੜਾ ਚੰਗਾ ਬੋਲਣ ਲੱਗ ਪਈ ਸੀ। ... ਇਕ ਰਾਤ ਮੈਂ ਉਹਨੂੰ ਸਮਝਾਓਣ ਲਈ ਬਹੁਤ ਸੰਭਲ ਕੇ ਉਹਦੇ ਰੁੱਖੇ ਵਿਹਾਰ ਦੀ ਗੱਲ ਛੇੜੀ। ਮੇਰਾ ਖਿਆਲ ਸੀ ਕਿ ਉਹਨੂੰ ਸਮਝਾਇਆ ਜਾ ਸਕਦਾ ਏ। ਪਰ ਉਹ ਪੁੱਠੀ ਕੁਹਾੜੀ ਵਾਂਗੂੰ ਪਈ ਤੇ ਕਹਿੰਦੀ, "ਮੇਰੇ ਨਾਲ ਤੂੰ ਵਿਆਹ ਕਿਉਂ ਕਰਾਇਆ ਹਰਾਮੀਆਂ, ਕੁੱਤਿਆ? ਤੈਨੂੰ ਸ਼ਰਮ ਨਾ ਆਈ ਪੰਤਾਲੀ ਸਾਲ ਦੇ ਬੁੱਢੇ ਨੂੰ, ਸਤਾਰਾਂ ਸਾਲ ਦੀ ਕੁੜੀ ਨਾਲ ਵਿਆਹ ਕਰਾਉਂਦੇ ਨੂੰ?"

ਏਸ ਗੱਲ ਦਾ ਜਵਾਬ ਮੈਂ ਦੇ ਸਕਦਾ ਸੀ, ਪਰ ਰਾਤ ਵੇਲ਼ੇ ਘਰ 'ਚ ਪੈਣ ਵਾਲੇ ਪੁਆੜੇ ਦੇ ਰੌਲੇ ਤੋਂ ਡਰਦਾ ਸੀ। ਫੇਰ ਵੀ ਮੈਂ ਉਹਨੂੰ ਆਪਣੀ ਬੱਚਿਆਂ ਵਾਲੀ ਮਜਬੂਰੀ ਦੱਸੀ। ਮੈਂ ਬੋਲੀ ਗਿਆ ਤੇ ਉਹ ਪਰਲੇ ਪਾਸੇ ਮੂੰਹ ਕਰੀ ਲੇਟੀ ਰਹੀ। ਉਹਦੇ ਮੂੰਹੋਂ ਇਕ ਸ਼ਬਦ ਵੀ ਨਾ ਨਿੱਕਲਿਆ। ਮੈਨੂੰ ਲੱਗਿਆ ਕਿ ਕਿਤੇ ਦੰਦਲ ਨਾ ਪੈ ਗਈ ਹੋਵੇ। ਮੈਂ ਉਹਨੂੰ ਫੜ ਕੇ ਆਪਣੇ ਵੱਲ ਨੂੰ ਕੀਤਾ ਤਾਂ ਉਹ ਰੋ ਰਹੀ ਸੀ? ਮੈਂ ਪੁੱਛਿਆ ਕਿ ਤੂੰ ਰੋਂਦੀ ਕਿਉਂ ਏਂ? ਤਾਂ ਉਹਨੇ ਮੇਰਾ ਹੱਥ ਏਨੇ ਜ਼ੋਰ ਵਗਾਹ ਕੇ ਮਾਰਿਆ ਕਿ ਉਹ ਬਾਹੀ ਨਾਲ ਜਾ ਵੱਜਿਆ। ਮੈਂ ਆਪਣਾ ਦਰਦ ਲੁਕਾਂਦਾ ਹੱਥ ਕੱਛ 'ਚ ਦੇ ਕੇ ਮੂੰਹ ਭੁਆ ਕੇ ਪਿਆ ਰਿਹਾ।

ਉਹਨੇ ਮੇਰੇ ਵੱਲ ਕੌੜਾ ਝਾਕ ਕੇ ਕਿਹਾ, "ਹੁਣ ਰੋਅ ਆਪਣੀ ਕੰਜਰੀ ਤਾਈ ਨੂੰ। ਆਪਣੇ ਹਰਾਮਦੇ ਲੱਗਦਿਆਂ ਨੂੰ, ਜਿਨ੍ਹਾਂ ਨੇ ਤੈਨੂੰ ਜੰਮਿਆ, ਮੇਰੇ ਵਾਸਤੇ। ਮੇਰਾ ਬਾਪ ਵੀ ਕੰਜਰ, ਜੀਹਨੇ ਮੈਨੂੰ ਤੇਰੇ ਲੜ ਲਾਇਆ, ਸਾਲੇ ਕੁੱਤੇ ਨਾ ਹੋਣ ਸਾਰੇ।"

ਮੈਥੋਂ ਉਹਦੀਆਂ ਗਾਹਲਾਂ ਸੁਣੀਆਂ ਨਾ ਗਈਆਂ ਤਾਂ ਮੈਂ ਵੀ ਪੰਜ ਸੱਤ ਗਾਹਲਾਂ ਕੱਢ ਛੱਡੀਆਂ। ਫੇਰ ਉਹਨੂੰ ਪਤਾ ਨਹੀਂ ਕਿਹੜੀ ਚੰਡੀ ਚੜ੍ਹੀ, ਉਹਨੇ ਖੂੰਜੇ ਵਿਚੋਂ ਤਾਈ ਦੀ ਪੁਰਾਣੀ ਖੂੰਡੀ ਚੁੱਕ ਕੇ ਮੇਰੇ ਦੜਾਦੜ ਸੱਤ ਅੱਠ ਮਾਰ ਦਿੱਤੀਆਂ। ਮੈਨੂੰ ਲੱਗਿਆ ਕਿ ਮੇਰੇ ਹੱਥ ਦੀ ਉਂਗਲ ਟੁੱਟ ਗਈ ਏ। ਮੈਂ ਉੱਠ ਕੇ ਉਹਦੀ ਗੁੱਤ ਪੁੱਟੀ ਤੇ ਦੜਾਦੜ ਥੱਪੜ ਜੜ ਦਿੱਤੇ ਤੇ ਦੱਸਿਆ ਕਿ ਸਾਲੀਏ ਮੇਰੀ ਤਾਂ ਤੂੰ ਉਂਗਲ ਈ ਤੋੜ ਦਿੱਤੀ ਏ। ... ਓਸ ਰਾਤ ਅਸੀਂ ਅੱਧੀ ਰਾਤ ਲੜੇ ਤੇ ਤੜਕੇ ਜਾ ਕੇ ਸੁੱਤੇ ਹੋਵਾਂਗੇ। ਉਹ ਤਾਂ ਸੌਂ ਗਈ ਸੀ, ਪਰ ਮੈਨੂੰ ਨੀਂਦ ਨਹੀਂ ਸੀ ਆਈ। ਮੈਂ ਉਂਗਲ 'ਤੇ ਬਾਮ ਮਲਦਾ ਰਿਹਾ ਸੀ।

ਦੋ ਰਾਤਾਂ ਸਾਡੀਆਂ ਇਵੇਂ ਰੁੱਸਿਆਂ ਤੇ ਅੱਧੇ ਭੁੱਖਿਆਂ ਬੀਤੀਆਂ। ਤੀਜੇ ਦਿਨ ਜਦ ਸ਼ਾਮ ਨੂੰ ਮੈਂ ਕਾਰਖਾਨੇ ਤੋਂ ਆਇਆ ਤਾਂ ਉਹ ਘਰ ਨਹੀਂ ਸੀ। ਮੈਂ ਤਾਏ ਤਾਈ ਅਤੇ ਗਵਾਂਢੀਆਂ ਨੂੰ ਪੁੱਛਿਆ। ਕਿਸੇ ਨੂੰ ਵੀ ਕੁਝ ਪਤਾ ਨਹੀਂ ਸੀ। ਇਕ ਨਿਆਣੇ ਨੇ ਦੱਸਿਆ ਕਿ ਉਹ ਇਕ ਝੋਲਾ ਲੈ ਕੇ ਏਸ ਪਾਸੇ ਨੂੰ ਜਾਂਦੀ ਮੈਂ ਦੇਖੀ ਸੀ।

ਮੈਂ ਸੋਚਿਆ ਕਿ ਕਿਸੇ ਵਾਕਫ ਦੇ ਘਰ ਗਈ ਹੋਵੇਗੀ, ਆ ਜਾਵੇਗੀ। ਮੈਂ ਹਨੇਰਾ ਹੋਣ ਤਕ ਉਡੀਕਦਾ ਰਿਹਾ। ਉਹ ਨਾ ਆਈ। ਫੇਰ ਰਾਤ ਵੀ ਲੰਘ ਗਈ। ਸਵੇਰੇ ਮੈਂ ਆਪਣੇ ਸਹੁਰੇ ਘਰ



ਜਾ ਕੇ ਉਹਦੇ ਬਾਰੇ ਪੁੱਛਿਆ। ਪਰ ਕਿਸੇ ਨੂੰ ਵੀ ਕੁਝ ਪਤਾ ਨਹੀਂ ਸੀ। ਸੱਸ ਤਾਂ ਮੇਰੇ ਗਲ਼ ਈ ਪੈ ਗਈ। ਕਹਿੰਦੀ ਕਿ ਅਸੀਂ ਠਾਣੇ ਪਰਚਾ ਕਰਾਵਾਂਗੇ। ਤੂੰ ਉਹਨੂੰ ਮਾਰ ਕੇ ਨਹਿਰ 'ਚ ਰੋਹੜ੍ਹ ਦਿੱਤਾ ਏ। ਮੈਂ ਕਾਹਲ ਨਾਲ ਉਥੋਂ ਮੁੜ ਆਇਆ।

ਘਰ ਗੱਲਾਂ ਕਰਦਿਆਂ ਮੇਰੇ ਤਾਏ ਨੇ ਦੱਸਿਆ ਕਿ ਉਹ ਨਹੀਂ ਹੁਣ ਮੁੜਦੀ। ਤੂੰ ਆਪਣੇ ਬੱਚਿਆਂ ਨੂੰ ਪਿਆਰ ਦੇ ਕੇ ਈ ਪਾਲ਼ਦਾ ਰਹਿ। ਕੁੜੀ ਨੂੰ ਤੇਰੀ ਤਾਈ ਸਾਂਭ ਲਵੇਗੀ। ਮੁੰਡੇ ਨੂੰ ਚਾਰ ਅੱਖਰ ਪੜ੍ਹਾ ਲੈ। ਚਾਰ ਪੈਸੇ ਕਮਾਓਣ ਜੋਗਾ ਕਰ ਲੈ। ਮੈਨੂੰ ਵੀ ਲੱਗਿਆ ਕਿ ਹੁਣ ਮੈਨੂੰ ਆਪ ਈ ਕੁਝ ਕਰਨਾ ਪਏਗਾ। ਮੈਂ ਜਲੰਧਰ ਦੇ ਇਕ ਅਖ਼ਬਾਰੀ ਦੋਸਤ ਧਰਮ ਪਾਲ ਨੂੰ ਫੋਨ ਕਰ ਕੇ ਉਹਦੀ ਸਲਾਹ ਮੰਗੀ। ਉਹ ਕਹਿੰਦਾ ਕਿ ਗੱਲ ਈ ਕੋਈ ਨਹੀਂ। ਤੂੰ ਕਿਸੇ ਵੀ ਦਿਨ ਆ ਜਾ। ਤੇਰਾ ਅਖ਼ਬਾਰ 'ਚ ਕੰਮ ਕਰਨ ਦਾ ਥੋੜ੍ਹਾ ਬਹੁਤਾ ਤਜਰਬਾ ਹੈਗਾ, ਏਥੇ ਬਥੇਰੇ ਅਖ਼ਬਾਰ ਨਿੱਕਲਦੇ ਨੇ, ਤੈਨੂੰ ਕੰਮ ਮਿਲ ਜਾਵੇਗਾ।

ਮੈਂ ਦੂਜੇ ਦਿਨ ਈ ਤਾਏ ਨੂੰ ਦੱਸ ਕੇ ਜਲੰਧਰ ਚਲਿਆ ਗਿਆ। ਧਰਮ ਪਾਲ ਮੈਨੂੰ ਪੰਜਾਬੀ ਦੇ ਇਕ ਅਖ਼ਬਾਰ ਦੇ ਦਫ਼ਤਰ ਲੈ ਗਿਆ। ਅਸੀਂ ਉਹਦੇ ਦੋਸਤ ਚੀਫ-ਐਡੀਟਰ ਨੂੰ ਮਿਲੇ। ਉਹਨੇ ਮਾਲਕਾਂ ਨਾਲ ਗੱਲ ਕੀਤੀ ਤੇ ਮੈਨੂੰ ਦੱਸਿਆ ਕਿ ਤੂੰ ਹਾਲੇ ਪਰੂਫ ਰੀਡਰ ਦਾ ਕੰਮ ਕਰੀ ਜਾਹ। ਫੇਰ ਐਡੀਟੋਰੀਅਲ ਸਟਾਫ 'ਚ ਥਾਂ ਮਿਲ ਜਾਵੇਗੀ।

ਉਥੇ ਮੇਰਾ ਦਿਲ ਲੱਗ ਗਿਆ। ਕੰਮ ਵੀ ਸੌਖਾ ਈ ਸੀ ਤੇ ਸਟਾਫ ਵਾਲੇ ਮੇਰੇ ਦੋਸਤ ਬਣ ਗਏ ਸਨ। ਸਾਰੇ ਟਿੱਚਰਾਂ ਕਰਦੇ ਕੰਮ ਕਰਦੇ ਦਿਨ ਲੰਘਾ ਦੇਂਦੇ ਸੀ। ਮੈਂ ਉਹਨਾਂ 'ਚ ਰਚ ਮਿਚ ਗਿਆ ਸੀ। ਉਹ ਮੇਰੇ ਕੋਲੋਂ ਸਬ-ਐਡੀਟਰ ਦਾ ਕੰਮ ਵੀ ਕਰਾ ਲਿਆ ਕਰਦੇ ਸੀ। ਮੈਂ ਉਥੇ ਵੀ ਤਸੱਲੀ ਕਰਾ ਦਿੱਤੀ ਤਾਂ ਮੈਨੂੰ ਪੂਰਾ ਗਰੇਡ ਮਿਲ ਗਿਆ। ਮੈਂ ਚੰਗਾ ਮਕਾਨ ਕਿਰਾਏ ਤੇ ਲਿਆ ਤੇ ਦੋਹਾਂ ਬੱਚਿਆਂ ਨੂੰ ਲੈ ਆਇਆ। ਮੈਂ ਆਪ ਈ ਰੋਟੀ ਪਕਾਉਂਦਾ ਤੇ ਦੋਹਾਂ ਨੂੰ ਤਿਆਰ ਕਰ ਕੇ ਸਕੂਲੇ ਛੱਡ ਆਉਂਦਾ ਤੈ ਫੇਰ ਆਪ ਦਫ਼ਤਰ ਚਲਿਆ ਜਾਂਦਾ। ਸਾਡੇ ਨਾਲ ਦਾ ਕਿਰਾਏਦਾਰ ਛੋਟੇ ਜਿਹੇ ਟੱਬਰ ਵਾਲਾ ਸੀ। ਦੋਵੇਂ ਮੀਆਂ ਬੀਵੀ ਸਨ, ਤੇ ਇਕ ਬੱਚਾ। ਮੈਨੂੰ ਜੇ ਦਫ਼ਤਰ ਛੇਤੀ ਜਾਣਾ ਪੈ ਜਾਂਦਾ ਤਾਂ ਉਹ ਦੋਹਾਂ ਬੱਚਿਆਂ ਨੂੰ ਸਾਡੀ ਰਸੋਈ ਵਿਚੋਂ ਰੋਟੀ ਕੱਢ ਕੇ ਖਵਾ ਦੇਂਦੇ ਸਨ। ਹੌਲੀ-ਹੌਲੀ ਮੇਰੀ ਕੁੜੀ ਏਨੀ ਸਿਆਣੀ ਹੋ ਗਈ ਕਿ ਉਹ ਆਪ ਈ ਰੋਟੀ ਪਕਾਓਣੀ ਸਿੱਖ ਗਈ ਸੀ।

ਹੁਣ ਬੱਚਿਆਂ ਦੇ ਆਓਣ ਨਾਲ ਮੈਨੂੰ ਤੰਗੀ ਇਹ ਹੋਣ ਲੱਗ ਪਈ ਸੀ ਕਿ ਪਹਿਲਾਂ ਕਦੇ ਕੋਈ ਫਿਰਦੀ ਤੁਰਦੀ ਜ਼ਨਾਨੀ ਮੇਰੇ ਕੋਲ ਆ ਜਾਂਦੀ ਸੀ ਤੇ ਰਾਤ ਕਟਾ ਜਾਂਦੀ ਸੀ। ਫੇਰ ਤਾਂ ਇਹਦੇ ਵਾਲੀ ਗੱਲ ਈ ਮੁੱਕ ਗਈ ਸੀ। ਮੈਂ ਜਦ ਵੀ ਘਰ ਆਉਂਦਾ, ਮੇਰੀ ਪੀਤੀ ਹੋਈ ਹੁੰਦੀ ਸੀ ਜਾਂ ਘਰ ਬਹਿ ਕੇ ਪੀ ਲੈਂਦਾ ਸੀ। ਕਦੇ ਮੁੰਡੇ ਤੋਂ ਕੋਈ ਚੀਜ਼ ਬਜ਼ਾਰ ਤੋਂ ਮੰਗਵਾਉਣੀ ਤਾਂ ਉਹ ਭਾਰਾ 'ਤੇ ਪੈਣ ਲੱਗ ਪਿਆ ਸੀ ਤੇ ਫੇਰ ਚੂੰਗਾ ਮੰਗਦਾ ਸੀ। ਕਦੇ ਤਾਂ ਉਹ ਇਕ ਪੈੱਗ ਦੀ ਮੰਗ ਰੱਖ ਕੇ ਕੰਮ ਕਰਦਾ ਸੀ। ਮੈਨੂੰ ਜਦ ਖਿੜ ਜਾਂਦੀ ਤਾਂ ਮੈਂ ਉਹਦੇ ਨਾਲ ਈ ਟਿੱਚਰਾਂ ਕਰਨ ਲੱਗ ਜਾਂਦਾ ਸੀ। ਕਦੇ ਉਹ ਵੀ ਮੈਨੂੰ ਟਿੱਚਰਾਂ ਕਰ ਲੈਂਦਾ ਸੀ। ਇਕ ਦਿਨ ਉਹਨੇ ਪੁੱਛ ਲਿਆ, "ਜੇ ਦਿਲ ਕਰਦੈ ਤਾਂ ਹੇਠਾਂ ਵਾਲੀ ਨੂੰ ਬੁਲਾ ਲਿਆਵਾਂ?" ਇਹ ਸਵਾਲ ਉਹਨੇ ਕਈ ਵਾਰ ਪਹਿਲਾਂ ਵੀ ਕੀਤਾ ਸੀ। ਪਰ ਬੋਲਦਾ ਏਸ ਤਰ੍ਹਾਂ ਸੀ ਜਿਵੇਂ ਟਿੱਚਰ ਕਰਦਾ ਪਿਆ ਹੋਵੇ। ਇਕ ਦਿਨ ਮੈਂ ਕਹਿ ਦਿੱਤਾ ਕਿ ਲੈ ਆ। ਉਹ ਸੱਚੀਂ ਮੁਚੀਂ ਲੈ ਆਇਆ। ਉਹ ਨਵੀਂ ਨਰੋਈ ਸੀ। ਉਹਨੂੰ ਦੇਖਦਿਆਂ ਈ ਮੈਂਨੂੰ ਤਾਂ ਜਿਵੇ 'ਅੱਗ ਲੱਗ ਗਈ ਹੋਵੇ। ਮੈਂ ਮੁੰਡੇ ਨੂੰ ਪੰਜ ਰੁਪਏ ਫੜਾ ਦਿੱਤੇ ਤੇ ਕਿਹਾ ਕਿ ਜਾਹ ਕੁਝ ਖਾ ਪੀ ਲਵੀਂ।

ਉਹ ਮੈਨੂੰ ਦੇਖਦਾ ਤੇ ਇਸ਼ਾਰਿਆਂ ਨਾਲ ਟਿੱਚਰਾਂ ਕਰਦਾ ਚਲਿਆ ਗਿਆ। ਅਸੀਂ ਅੰਦਰ ਵੜ ਕੇ ਆਪਣਾ ਕੰਮ ਕਰ ਲਿਆ। ਅਸੀਂ ਹਾਲੇ ਬੈਠੇ ਚਾਹ ਪੀ ਰਹੇ ਸੀ ਕਿ ਉੱਤੋਂ ਮੇਰੀ ਕੁੜੀ ਆ ਗਈ। ਉਹਨੇ ਮੈਨੂੰ ਤੇ ਜ਼ਨਾਨੀ ਨੂੰ ਕੌੜੀਆਂ ਨਜ਼ਰਾਂ ਨਾਲ ਦੇਖਿਆ ਤੇ ਅੰਦਰ ਵੜ ਕੇ ਆਪਣੀ ਰੋਟੀ ਖਾਣ ਲੱਗ ਪਈ। ਇਹ ਗੱਲ ਮੈਂ ਧਰਮ ਪਾਲ ਨੂੰ ਦੂਜੇ ਦਿਨ ਦੱਸੀ ਤਾਂ ਉਹ ਕਹਿੰਦਾ, "ਹੁਣ ਤੂੰ ਕੁੜੀ ਨੂੰ ਕਿਸੇ ਘਰ ਤੋਰ ਦੇ। ਨਹੀਂ ਤਾਂ ਜੋ ਕੁਝ ਤੇਰੀ ਘਰ ਵਾਲੀ ਕਰਦੀ ਫਿਰਦੀ ਏ, ਇਹ ਵੀ ਓਸੇ ਰਾਹੇ ਪੈ ਜਾਵੇਗੀ।"

ਉਹਦੀ ਗੱਲ ਸੁਣ ਕੇ ਮੈਂ ਡਰ ਗਿਆ। ਗੱਲ ਮੇਰੇ ਦਿਲ 'ਚ ਵੜ ਗਈ। ਅਸੀਂ ਕਿਸੇ ਸਾਕ ਕਰਾਓਣ ਵਾਲੇ ਨਾਲ ਗੱਲ ਕੀਤੀ ਤਾਂ ਉਹਨੇ ਫਗਵਾੜੇ ਦੇ ਲੋੜਕੂ ਘਰ ਵਿਚ ਇਕ ਮਹੀਨੇ ਦੇ ਅੰਦਰ ਅੰਦਰ ਵਿਆਹ ਕਰਾ ਦਿੱਤਾ। ਇਹਦੀਆਂ ਮੈਨੂੰ ਬੜੀਆਂ ਸੌਖਾਂ ਹੋ ਗਈਆਂ। ਬਸ ਇਕ ਮੁੰਡਾ ਜਦ ਮੇਰੇ ਲੱਛਣ ਦੇਖਦਾ ਤਾਂ ਉਹ ਮੇਰੇ ਕੋਲੋਂ ਭਾਰੀ ਰਿਸ਼ਵਤ ਮੰਗਦਾ। ਕਦੇ-ਕਦੇ ਮੈਂ ਉਹਨੂੰ ਈ ਕਹਿ ਦੇਂਦਾ ਸੀ ਕਿ ਫਲਾਣੀ ਨੂੰ ਬੁਲਾ ਲਿਆ। ਉਹ ਦਾਰੂ ਦੇ ਪੈੱਗ ਮੰਗਦਾ। ਮੈਂ ਪਿਆ ਦੇਂਦਾ। ਉਹ ਕਿਸੇ ਨਾ ਕਿਸੇ ਮਾਸੀ ਨੂੰ ਬੁਲਾ ਲਿਆਉਂਦਾ।

ਕੁਝ ਦਿਨਾਂ ਬਾਅਦ ਉਹਦੀ ਉਹੀ ਮਾਸੀ ਆਪਣੇ ਆਪ ਮੇਰੇ ਕੋਲ ਆਈ ਹੋਈ ਸੀ ਕਿ ਉੱਤੋਂ ਉਹ ਬਾਹਰੋਂ ਖਾ ਪੀ ਕੇ ਆ ਗਿਆ। ਉਹਨੇ ਬਹੁਤ ਕੌੜੀ ਨਜ਼ਰ ਨਾਲ ਸਾਨੂੰ ਦੇਖਿਆ। ਮੈਨੂੰ ਲੱਗਿਆ ਕਿ ਉਹ ਬਹੁਤੀ 'ਪੀ' ਆਇਆ ਏ। ਮੈਂ ਉਹਨੂੰ ਖ਼ੁਸ਼ ਕਰਨ ਲਈ ਉਹਦੇ ਲਈ ਰੋਟੀ ਗਰਮ ਕਰਨ ਲੱਗ ਪਿਆ। ਤਦੇ ਪਤਾ ਨਹੀਂ ਉਹਨੂੰ ਕੀ ਹੋਇਆ ਕਿ ਉਹਨੇ ਮੈਥੋਂ ਕੜਛੀ ਫੜ ਕੇ ਮੇਰੀ ਬਾਂਹ 'ਤੇ ਮਾਰੀ ਤੇ ਨਸ਼ੇ ਵਾਲੀ ਅਵਾਜ਼ 'ਚ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗ ਪਿਆ। ਉਹ ਜ਼ਨਾਨੀ ਤਾਂ ਉਹਨੂੰ ਦੇਖ ਕੇ ਭੱਜ ਗਈ, ਮੈਂ ਚੁੱਪ ਕਰ ਕੇ ਅੰਦਰਲੇ ਮੰਜੇ 'ਤੇ ਜਾ ਕੇ ਪੈ ਗਿਆ। ਉਹ ਪਹਿਲਾਂ ਤਾਂ ਮੂੰਹ ਵਿਚ ਈ ਕੁਝ ਬੋਲਦਾ ਉਰੇ ਪਰੇ ਫਿਰਦਾ ਰਿਹਾ ਤੇ ਫੇਰ ਚੀਕਵੀਂ ਅਵਾਜ 'ਚ ਬੋਲਿਆ, "ਇਹ ਕੰਜਰਖਾਨਾ ਐ, ਭੈਣਚੋਦਾ? ਤੁਹਾਡਾ ਨਿੱਤ ਦਾ ਇਹ ਕੰਜਰਖਾਨਾ ਕਦ ਥਈਂ ਚੱਲਣੈ?" ... ਏਨੀ ਗੱਲ ਕਹਿ ਕੇ ਉਹਨੇ ਪੌੜੀ ਹੇਠੋਂ ਇਕ ਸੋਟੀ ਕੱਢੀ ਤੇ ਮੇਰੇ ਥਾੜ-ਥਾੜ ਚਾਰ ਪੰਜ ਜੜ ਦਿੱਤੀਆਂ। ਫੇਰ ਸੋਟੀ ਸਿੱਟ ਕੇ ਬਾਹਰ ਨੂੰ ਚਲਿਆ ਗਿਆ।

ਮੈਨੂੰ ਬੜੀ ਪੀੜ ਹੋਣ ਲੱਗ ਪਈ। ਫੇਰ ਹੌਲੀ-ਹੌਲੀ ਦਰਦ ਤੇਜ਼ ਹੋਣ ਲੱਗ ਪਿਆ। ਜਦ ਨੂੰ ਨਾਲ ਵਾਲੀ ਜ਼ਨਾਨੀ ਰਕਸ਼ਾ ਦੀ ਬੀਬੀ ਆ ਗਈ। ਉਹਨੇ ਮੇਰੇ ਪਿੰਡੇ 'ਤੇ ਪਈਆਂ ਲਾਸ਼ਾਂ ਦੇਖੀਆਂ। ਉਹਨੇ ਤੱਤੇ ਤਵੇ 'ਤੇ ਲੋਗੜ ਗਰਮ ਕਰ ਕੇ ਮੇਰੀਆਂ ਸੱਟਾਂ 'ਤੇ ਸੇਕ ਦਿੱਤਾ।

ਕੋਈ ਛੇ ਕੁ ਮਹੀਨੇ ਏਸੇ ਤਰ੍ਹਾਂ ਦੁੱਖ ਸਹਿੰਦਿਆਂ ਲੰਘ ਗਏ। ਮੇਰਾ ਉਹੀ ਤਰੀਕਾ ਜਿਓਣ ਦਾ। ਅਸਲ 'ਚ ਮੇਰੇ ਅੰਦਰ ਜ਼ਨਾਨੀ ਦੀ ਲੋੜ ਕੁਝ ਵਧ ਗਈ ਸੀ। ਫੇਰ ਮੈਂ ਏਸ ਗੱਲੋਂ ਹੈਰਾਨ ਹੋਇਆ ਕਿ ਜਦ ਜ਼ਨਾਨੀ ਨੂੰ ਮੌਕਾ ਮਿਲਦਾ ਏ ਤਾਂ ਕੋਈ ਵੀ ਲੋੜਵੰਦ ਜ਼ਨਾਨੀ ਜਵਾਬ ਨਹੀਂ ਦੇਂਦੀ। ਏਸ ਗੱਲ ਦਾ ਪਤਾ ਮੈਨੂੰ ਓਸ ਨਵੇਂ ਮੁਹੱਲੇ 'ਚ ਦੋ ਘਰ ਬਦਲਣ 'ਤੇ ਹੋਇਆ। ਮੈਂ ਪਹਿਲੇ ਘਰ ਗਿਆ ਤਾਂ ਉਥੇ ਮਾਲਕ ਮਕਾਨ ਨੂੰਹ ਸੱਸ ਤੇ ਸਹੁਰਾ ਸਨ। ਮੁੰਡਾ ਥੋੜ੍ਹਾ ਚਿਰ ਪਹਿਲਾਂ ਵਲੈਤ ਚਲਿਆ ਗਿਆ ਸੀ। ਸਹੁਰੇ ਨੂੰ ਤਾਂ ਦਿਨ 'ਚ ਵੀ ਨਹੀਂ ਸੀ ਦਿਸਦਾ। ਨੂੰਹ ਤੇ ਸੱਸ ਵਿਚਕਾਰਲੇ ਚੁਬਾਰੇ 'ਚ ਰਹਿੰਦੀਆਂ ਸਨ ਤੇ ਮੈਂ ਆਪਣੇ ਮੁੰਡੇ ਨਾਲ ਤੀਜੀ ਮੰਜ਼ਲ 'ਤੇ ਰਹਿੰਦਾ ਸੀ। ਅਸੀਂ ਰੋਟੀ ਪਾਣੀ ਜੋ ਕੁਝ ਵੀ ਬਣਾਂਦੇ ਸੀ, ਉਹ ਅੰਦਰੇ ਸਟੋਵ 'ਤੇ ਕਰਦੇ ਸੀ। ਸੱਸ ਵਹੁਟੀ ਦਾ ਧਿਆਨ ਰੱਖਦੀ ਸੀ। ਉਹ ਆਪ ਵਿਹੜੇ 'ਚ ਸੌਂਦੀ ਸੀ ਤੇ ਵਹੁਟੀ ਅੰਦਰ। ਇਕ ਦਿਨ ਮੈਂ



ਕਮਰੇ 'ਚ ਇਕੱਲਾ ਸੀ। ਮੈਂ ਹੈਰਾਨ, ਸਾਹਮਣੇ ਸੱਸ ਖੜ੍ਹੀ ਸੀ। ਮੈਂ ਕਿਹਾ, "ਆ ਜਾਓ ਅੰਦਰ।" ਉਹ ਆ ਗਈ। ਮੈਂ ਬਾਂਹ ਫੜ ਲਈ ਤਾਂ ਉਹ ਕੁਝ ਨਾ ਬੋਲੀ। ਮੁੰਡਾ ਕੰਮ 'ਤੇ ਗਿਆ ਹੋਇਆ ਸੀ। ਸਾਡਾ ਕੰਮ ਝੱਟ ਚੱਲ ਪਿਆ ਸੀ। ਫੇਰ ਤਾਂ ਮੇਰੇ ਨਾਲੋਂ ਵੱਧ ਉਹ ਮੌਕਾ ਲੱਭਦੀ ਹੁੰਦੀ ਸੀ।

ਇਕ ਦਿਨ ਵਹੁਟੀ ਆਪਣੇ ਪਿਓਕੇ ਚਲੀ ਗਈ। ਮੈਨੂੰ ਖੁਲ੍ਹ ਮਿਲ ਗਈ, ਪਰ ਦੂਜੇ ਦਿਨ ਸੱਸ ਦੀ ਧੀ ਆ ਗਈ। ਮੈਂ ਉਹਦੇ ਜਾਣ ਦੀ ਉਡੀਕ ਕਰਦਾ ਰਿਹਾ। ਚਾਰ ਕੁ ਦਿਨਾਂ ਬਾਅਦ ਮੈਂ ਤੰਗ ਪੈ ਕੇ ਪੌੜੀਆਂ ਉੱਤਰ ਕੇ ਹੇਠਾਂ ਚਲਾ ਗਿਆ। ਸੱਸ ਦਾ ਮੰਜਾ ਪੌੜੀਆਂ ਦੇ ਨੇੜੇ ਸੀ ਤੇ ਕੁੜੀ ਦਾ ਅੰਦਰਲੇ ਪਾਸੇ। ਮੈਂ ਉਹਦੇ ਮੰਜੇ ਦੀ ਬਾਹੀ 'ਤੇ ਬਹਿ ਗਿਆ। ਉਹਨੇ ਇਕ ਸ਼ਬਦ ਨਹੀਂ ਬੋਲਿਆ, ਝੱਟ ਦੇਣੀ ਮੈਨੂੰ ਖੇਸ ਦੀ ਬੁੱਕਲ ਵਿਚ ਲੈ ਲਿਆ। ...

ਇਹਦੇ ਬਾਅਦ ਮੈਂ ਦੋ ਘਰ ਬਦਲੇ, ਦੋਹਾਂ 'ਚ ਮੇਰਾ ਤਜਰਬਾ ਸਫਲ ਰਿਹਾ। ਕੋਈ ਤਾਂ ਅਜਿਹੀ ਮਿਲੀ ਕਿ ਮੈਥੋਂ ਵੀ ਕਾਹਲੀ ਨਿੱਕਲੀ। ਉਹਨਾਂ ਨੂੰ ਸਿਰਫ ਓਹਲਾ ਚਾਹੀਦਾ ਸੀ, ਬੱਸ। ਕਿਸੇ ਨੇ ਵੀ ਪੈਸਿਆਂ ਦੀ ਮੰਗ ਨਹੀਂ ਕੀਤੀ।

ਮੇਰਾ ਮੁੰਡਾ ਮੇਰੀਆਂ ਸਾਰੀਆਂ ਗੱਲਾਂ ਜਾਣਦਾ ਸੀ। ਉਹ ਮੈਥੋਂ ਪੈਸੇ ਲੈਣ ਲਈ ਮੈਨੂੰ ਡਰਾਓਣ ਲੱਗ ਪਿਆ ਸੀ। ਫੇਰ ਮੈਨੂੰ ਪਤਾ ਲੱਗਿਆ ਕਿ ਉਹ ਹੁਣ ਸ਼ਰਾਬੀਆਂ ਤੇ ਜੁਆਰੀਆਂ ਦੀ ਢਾਣੀ 'ਚ ਬਹਿੰਦਾ ਏ। ਉਹਨੂੰ ਰੋਜ਼ ਪੈਸਿਆਂ ਦੀ ਲੋੜ ਪੈਂਦੀ ਏ। ਫੇਰ ਉਹ ਮੇਰੇ ਹੱਥੋਂ ਨਿੱਕਲ ਗਿਆ ਸੀ। ਉਹਦੇ ਲੜਨ ਭਿੜਨ ਦੀਆਂ ਗੱਲਾਂ ਗਲੀਆਂ 'ਚ ਹੋਣ ਲੱਗ ਪਈਆਂ। ਇਕ ਦਿਨ ਉਹਨੇ ਮੈਨੂੰ ਦਾਰੂ ਪੀ ਕੇ ਕੁੱਟਿਆ। ਮੈਨੂੰ ਸੱਟਾਂ ਏਨੀਆਂ ਲੱਗੀਆਂ ਕਿ ਲਾਸਾਂ ਪੈ ਗਈਆਂ। ਮੈਂ ਮੀਰ ਮੁਹੱਲੇ ਨੂੰ ਨਾਲ ਲੈ ਕੇ ਥਾਣੇ ਚਲਿਆ ਗਿਆ। ਜਿਥੇ ਉਹਨੂੰ ਪੰਜ ਕੁ ਦਿਨ ਜੇਲ੍ਹ 'ਚ ਰੱਖਿਆ ਤੇ ਕੰਮ ਚਪੜਾਸੀਆਂ ਦਾ ਲੈਂਦੇ ਰਹੇ। ਜਿਸ ਤੋਂ ਉਹ ਏਨਾ ਡਰ ਗਿਆ ਕਿ ਜਦ ਛੁੱਟ ਕੇ ਘਰ ਆਇਆ ਤਾਂ ਆਪਣੇ ਕੱਪੜੇ ਚੁੱਕ ਕੇ ਪਤਾ ਨਹੀਂ ਕਿੱਥੇ ਚਲਿਆ ਗਿਆ।

ਢਾਈ ਕੁ ਮਹੀਨਿਆਂ ਦੇ ਅੰਦਰ ਅੰਦਰ ਦੋ ਘਰਾਂ ਵਿਚ ਰਹਿੰਦਿਆਂ ਆਪਣੀਆਂ ਕਰਤੂਤਾਂ ਕਰ ਮੈਂ ਵੀ ਕਿੰਨੀ ਵਾਰ ਕੁੱਟਾਂ ਖਾ ਬੈਠਾ ਸੀ। ਮੈਂ ਪੁਲਸ ਨੂੰ ਕਹਿ ਕੇ ਮੁੰਡੇ ਤੋਂ ਖਲਾਸੀ ਏਸ ਤਰ੍ਹਾਂ ਲੈ ਲਈ ਕਿ ਮੁੰਡੇ ਨੂੰ ਪੁਲਸ ਨੇ ਇਲਾਕੇ ਵਿਚੋਂ ਈ ਕੱਢ ਦਿੱਤਾ ਗਿਆ। ਮੈਂ ਵੀ ਸ਼ਰਾਬ ਛੱਡ ਦਿੱਤੀ ਸੀ, ਹੋਇਆ ਕਦੇ ਘੁੱਟ ਦੋ ਘੁੱਟ ਪੀ ਲਏ। ਫੇਰ ਮੇਰੀ ਨੌਕਰੀ ਟੁੱਟ ਗਈ। ਸਿੱਧੀ ਗੱਲ ਇਹ ਕਿ ਮੈਨੂੰ ਰਿਟਾਇਰ ਕਰ ਕੇ ਕੁਝ ਪੈਸੇ ਦੇ ਕੇ ਤੋਰ ਦਿੱਤਾ ਸੀ। ਸ਼ਹਿਰ ਦੀ ਨੌਕਰੀਆਂ ਦੀ ਮੰਡੀ 'ਚ ਜਿਵੇਂ ਮੇਰੀ ਬੇਵਸਾਹੀ ਮਸ਼ਹੂਰ ਹੋ ਗਈ ਸੀ। ਜਿਹੜੇ ਪੈਸੇ ਮੈਨੂੰ ਮਿਲਦੇ, ਉਹ ਥੋੜ੍ਹੇ ਈ ਸਨ। ਕਿਉਂਕਿ ਮੈਂ ਪਹਿਲਾਂ ਈ ਉਧਾਰ ਲੈ ਲੈ ਖਾਂਦਾ ਪੀਂਦਾ ਰਿਹਾ ਸੀ। ਮੈਂ ਵਿਹਲਾ ਹੋ ਕੇ ਧਰਮ ਪਾਲ ਦੇ ਘਰ ਜਾਂਦਾ, ਚਾਹ ਪੀਂਦਾ ਤੇ ਚਾਰ ਗੱਲਾਂ ਕਰ ਕੇ ਆਵਾਰਾ ਕੁੱਤੇ ਵਾਂਗੂੰ ਫਿਰਦਾ ਰਹਿੰਦਾ। ਧਰਮ ਪਾਲ ਨੇ ਮੈਨੂੰ ਕਿਹਾ, "ਤੈਨੂੰ ਹੁਣ ਤੇਰੀ ਬਦਨਾਮੀ ਕਰ ਕੇ ਟਿਊਸ਼ਨ ਦਾ ਕੰਮ ਵੀ ਨਹੀਂ ਮਿਲਣਾ, ਚੰਗਾ ਏ ਕਿ ਤੂੰ ਕਿਸੇ ਬਿਰਧ ਘਰ'ਚ ਜਾ ਕੇ ਬਾਕੀ ਦੇ ਦਿਨ ਕੱਟ ਲਵੇਂ।"

ਉਹਦਾ ਮਸ਼ਵਰਾ ਠੀਕ ਸੀ। ਮੈਂ ਜਿਹੜੇ ਬਿਰਧ ਘਰ ਵਿਚ ਗਿਆ, ਉਥੇ ਖਾਣ ਪੀਣ ਨੂੰ ਚੰਗਾ ਮਿਲਦਾ ਸੀ, ਪਰ ਮਾਲਕ ਨੇ ਇਹਨੂੰ ਹੱਟੀ ਬਣਾ ਲਿਆ ਹੋਇਆ ਸੀ। ਉਹ ਬਿਰਧ ਘਰਦੇ ਨਾਂ 'ਤੇ ਸਰਕਾਰ ਕੋਲੋਂ ਮੋਟੀ ਗਰਾਂਟ ਲੈਂਦਾ ਸੀ। ਇੰਸਪੈਕਟਰ ਨਾਲ ਮਿਲ ਕੇ ਉਹ ਬਿਰਧਾਂ ਦੀ ਗਿਣਤੀ ਦੂਣੀ ਦੱਸਦਾ ਸੀ। ਫੇਰ ਉਹ ਏਨੀ ਆਕੜ ਵਾਲਾ ਅਣਪੜ੍ਹ ਬੰਦਾ ਸੀ ਕਿ ਹਰਇਕ ਬਿਰਧ ਨਾਲ 'ਤੂੰ ਤੜਾਕ' ਕਰਦਾ ਸੀ। ਉਥੇ ਰਹਿਣ ਵਾਲੇ ਬਿਰਧਾਂ ਦੀਆਂ ਗੱਲਾਂ ਤੋਂ ਪਤਾ

ਲੱਗਿਆ ਕਿ ਇਹ ਤਾਂ ਉਹਦਾ ਬਿਜ਼ਨੈਸ ਏ। ਏਸ ਲਈ ਬਿਰਧ ਵੀ ਅੜ ਕੇ ਹਿੱਸਾ ਲੈਣ ਲੱਗ ਪਏ ਸਨ। ਪਰ ਰੋਟੀ ਜਿੰਨੀ ਥਾਲੀ 'ਚ ਮਿਲਦੀ ਸੀ, ਉਹ ਖਾਣੀ ਪੈਂਦੀ ਸੀ। ਨਹੀਂ ਤਾਂ ਸੈਕਟਰੀ ਗਾਲ੍ਹਾਂ ਕੱਢਦੇ ਤੇ ਬਾਹਰ ਕੱਢਣ ਦੀਆ ਧਮਕੀਆਂ ਦੇਂਦੇ ਸਨ।

ਤਜਰਬੇਕਾਰ ਬਿਰਧਾਂ ਦੇ ਕਹਿਣ 'ਤੇ ਮੈਂ ਪੰਜ ਘਰ ਬਦਲਦਾ ਤਜਰਬੇ ਕਰਦਾ ਰਿਹਾ। ਹਰੇਕ 'ਚ ਕੋਈ ਨਾ ਕੋਈ ਦੁੱਖ ਦੇਣੀ ਬੁਰਾਈ ਨਿੱਕਲ ਆਉਂਦੀ ਤਾਂ ਮੈਂ ਉੱਡ ਜਾਂਦਾ ਸੀ। ਅੰਤ ਨੂੰ ਇਕ ਦਿਨ ਤਰਨਤਾਰਨ ਦੇ ਇਕ ਵਾਕਫ ਬੰਦੇ ਨੇ ਦੱਸਿਆ ਕਿ ਉਥੇ ਕਿਸੇ ਵਲੈਤੀਏ ਨੇ ਬਹੁਤ ਵੱਡਾ ਬਿਰਧ ਘਰ ਬਣਾ ਦਿੱਤਾ ਏ। ਕੱਲੇ ਜਣੇ ਨੂੰ ਕਮਰਾ ਮਿਲਦਾ ਏ। ਕਮਰੇ ਦੇ ਵਿੱਚ ਈ ਵਾਸ਼ਰੂਮ ਏ। ਖਾਣਾ ਵਧੀਆ ਮਿਲਦਾ ਏ। ਦੁੱਧ ਤੇ ਦਵਾ ਦਾਰੂ ਮਿਲਦੀ ਏ। ਹਰ ਹਫਤੇ ਡਾਕਟਰ ਆ ਕੇ ਚੈੱਕ-ਅੱਪ ਕਰਦਾ ਏ। ਹੋਰ ਤਾਂ ਹੋਰ ਅਖ਼ਬਾਰ ਪੜ੍ਹਨ ਲਈ ਵੀ ਲਾਇਬ੍ਰੇਰੀ ਬਣੀ ਹੋਈ ਏ। ਉਹਦਾ ਨਾਂ ਬਿਰਧ ਘਰ ਰੱਖਿਆ ਗਿਆ ਏ। ਉਥੇ ਬਿਰਧਾਂ ਨੂੰ ਘਰ ਵਾਂਗੂੰ ਰੱਖਿਆ ਜਾਂਦਾ ਏ।

ਜਦੋਂ ਮੈਂ ਬਿਰਧ ਘਰ, ਤਰਨਤਾਰਨ 'ਚ ਜਾਣ ਦੀ ਤਿਆਰੀ ਕਰ ਕੇ ਬੈਗ ਚੁੱਕ ਕੇ ਧਰਮ ਪਾਲ ਦੇ ਘਰ ਗਿਆ ਤੇ ਉਹਦੇ ਨਾਲ ਸਲਾਹ ਕਰਦਾ ਰਿਹਾ। ਮੈਂ ਚਾਹੁੰਦਾ ਸੀ ਕਿ ਉਹ ਮੈਨੂੰ ਇਕ ਰਾਤ ਲਈ ਆਪਣੇ ਘਰ ਰੱਖ ਲਵੇ। ਤੇ ਇਹ ਵੀ ਚਾਹੁੰਦਾ ਸੀ ਉਹ ਮੇਰੀ ਟਰੰਕੀ ਤੇ ਬਿਸਤਰਾ ਆਪਣੇ ਘਰ ਰੱਖ ਲਵੇ ਤੇ ਜਦ ਮੇਰਾ ਮੁੰਡਾ ਕੁਝ ਲੈਣ ਆਵੇ ਤਾਂ ਉਹਨੂੰ ਦੇ ਦੇਵੇ। ਜੇ ਉਹ ਗੇਟ ਖੜਕਾਵੇ ਤਾਂ ਬੇਸ਼ੱਕ ਅੰਦਰ ਨਾ ਵਾੜੇ, ਬਾਹਰ ਖਲੋਤੇ ਨੂੰ ਈ ਚੀਜ਼ ਫੜਾ ਦੇਵੇ। ਤਦ ਉਹਨੇ ਮੈਨੂੰ ਕੋਰਾ ਜਵਾਬ ਦੇ ਦਿੱਤਾ ਸੀ। ਇਹ ਪਤਾ ਨਹੀਂ ਉਹਦੀ ਕਮੀਨਗੀ ਸੀ ਜਾਂ ਆਪਣੇ ਮੁੰਡੇ ਹੱਥੋਂ ਕੁੱਟਾਂ ਖਾ ਕੇ ਵੀ ਮੇਰੇ ਮਨ 'ਚ ਉਹਦੇ ਭਲੇ ਲਈ ਸੋਚ ਦੇ ਖਿਲਾਫ ਉਹਦਾ ਪ੍ਰਤੀਕਰਮ ਸੀ। ਕੁਝ ਕਹਿ ਨਹੀਂ ਸੀ ਸਕਦਾ। ....

ਮੈਂ ਮੁੰਡੇ ਨੂੰ ਤਾਂ ਆਪਣੇ ਕਿਰਾਏ ਦੇ ਘਰ 'ਚ ਛੱਡ ਗਿਆ ਸੀ, ਢਾਬੇ 'ਤੇ ਉਹਦੀ ਰੋਟੀ ਦਾ ਪ੍ਰਬੰਧ ਕਰ ਦਿੱਤਾ ਸੀ। ਤੇ ਆਪ ਜਾ ਵੜਿਆ ਆਪਣੇ ਪਿਆਰੇ ਸ਼ਹਿਰ ਤਰਨਤਾਰਨ। ਉਥੇ ਦਾ ਘਰ ਵੀ ਸਾਰੀਆਂ ਸਹੂਲਤਾ ਦੇਂਦਾ ਸੀ। ਰਹਿਣ ਲਈ ਵੱਖਰਾ ਕਮਰਾ, ਅੰਦਰੇ ਵਾਸ਼ਰੂਮ। ਖਾਣਾ ਦੋਵੇਂ ਵੇਲ਼ੇ ਕਮਰੇ 'ਚ ਆਉਂਦਾ ਸੀ। ਸੈਰ ਕਰਨ ਲਈ ਪਾਰਕ ਸੀ। ਖੇਡਾਂ ਖੇਡਣ ਲਈ ਦੋ ਵੱਡੇ ਕਮਰੇ ਸਨ। ਇਹ ਸੱਚੀਂ ਮੁੱਚੀਂ ਕਿਸੇ ਵਲੈਤੀਏ ਦੀ ਸੋਚ ਦਾ ਨਤੀਜਾ ਸੀ।

ਮੈਂ ਤਾਂ ਸੌਖਾ ਹੋ ਗਿਆ ਸੀ, ਪਰ ਜਦ ਮੈਂ ਵਿਹਲਾ ਬੈਠਾ ਹੁੰਦਾ ਤਾ ਟੁੱਟੇ ਟੱਬਰ ਦੇ ਜੀਆਂ ਬਾਰੇ ਸੋਚਦਾ। ਰਿਤੂ ਪਤਾ ਨਹੀਂ ਕਿਥੇ ਕਿੱਥੇ ਧੱਕੇ ਖਾਂਦੀ ਫਿਰਦੀ ਹੋਵੇਗੀ। ਖ਼ਬਰੇ ਕਿਸੇ ਖਾਂਦੇ ਪੀਂਦੇ ਬੰਦੇ ਦੇ ਘਰ ਵੱਸ ਗਈ ਹੋਵੇ। ਤੇ ਖ਼ਬਰੇ ਕਿਹੜੇ ਕੋਠੇ 'ਤੇ ਪੇਸ਼ਾ ਕਰਾਉਂਦੀ ਹੋਵੇ। ਉਹਦੇ ਲੱਛਣ ਚੰਗੇ ਨਹੀਂ ਸਨ। ਮੁੰਡਾ ਤਾਂ ਕੰਮ ਕਰਦਾ ਈ ਏ, ਤੇ ਉਹ ਰੋਟੀ ਵੀ ਢਾਬੇ ਤੋਂ ਖਾ ਲੈਂਦਾ ਹੋਵੇਗਾ। ਕਿਤੇ ਦਾਰੂ ਨਾ ਡੱਫਣ ਲੱਗ ਪਿਆ ਹੋਵੇ। ਅਖੇ ਮੀਆਂ ਮੇਰਾ ਘਰ ਨਹੀਂ, ਮੈਨੂੰ ਕਿਸੇ ਦਾ ਡਰ ਨਹੀਂ।... ਪਰ ਉਹ ਲੁੱਚਾ ਮੇਰੇ ਹੁੰਦਿਆਂ ਕਿਹੜਾ ਡਰਦਾ ਸੀ। ਸਗੋਂ ਡਰਾਉਂਦਾ ਤੇ ਕੁੱਟਦਾ ਵੀ ਸੀ। ਫੇਰ ਵੀ ਉਹਦੀ ਰੋਟੀ ਦਾ ਖਿਆਲ ਮੈਨੂੰ ਬਿਰਧ ਘਰ ਵਿਚ ਬੈਠੇ ਨੂੰ ਵੀ ਆਉਂਦਾ ਰਹਿੰਦਾ ਸੀ। ... ਮੈਂ ਤਾਂ ਬਿਰਧ ਘਰ ਵਿਚ ਵੀ ਕਮਾਈ ਕਰਨ ਲੱਗ ਪਿਆ ਸੀ। ਮੈਨੂੰ ਪੰਜਾਬੀ ਦੇ ਇਕ ਵੱਡੇ ਪ੍ਰਕਾਸ਼ਕ ਤੋਂ ਹਿੰਦੀ ਤੋਂ ਪੰਜਾਬੀ 'ਚ ਅਨੁਵਾਦ ਕਰਨ ਅਤੇ ਪਰੂਫ ਰੀਡਿੰਗ ਦਾ ਕੰਮ ਮਿਲਣ ਲੱਗ ਪਿਆ ਸੀ। ਜੀਹਦੇ ਪੈਸੇ ਉਹ ਮੈਨੂੰ ਆਮ ਰੇਟ ਤੋਂ ਕੁਝ ਘੱਟ ਈ ਦੇਂਦਾ ਸੀ। ਪਰ ਮੈਨੂੰ ਉਹ ਪੈਸੇ ਚੰਗੇ ਈ ਬੜੇ ਲੱਗਦੇ। ਫੇਰ ਮਹੀਨੇ ਕੁ ਬਾਅਦ ਮੁੰਡਾ ਆ ਜਾਂਦਾ। ਉਹ ਗੱਲਾਂ



ਕਰਦਾ ਰੋ ਪੈਂਦਾ ਤੇ ਆਪਣੀ ਭੈਣ ਦਾ ਨਾਂ ਲੈ ਕੇ ਆਖਦਾ ਕਿ ਉਹਨੇ ਪੈਸੇ ਮੰਗਵਾਏ ਨੇ। ਮੈਂ ਚਿਰਾਂ ਤੋਂ ਧੀ ਨਹੀਂ ਸੀ ਵੇਖੀ। ਮੈਂ ਆਪਣੇ ਸਾਰੇ ਪੈਸੇ ਉਹਨੂੰ ਫੜਾ ਦੇਂਦਾ ਸੀ। ਹੁਣ ਮੈਂ ਕਿਹੜੀ ਗੱਲ ਠੀਕ ਮੰਨਦਾ। ਪੈਸੇ ਦੇ ਕੇ ਖਲਾਸੀ ਕਰਾ ਲੈਂਦਾ ਸੀ।

ਕਦੇ-ਕਦੇ ਮੈਂ ਦੋਸਤ ਧਰਮ ਪਾਲ ਨੂੰ ਮਿਲਣ ਜਲੰਧਰ ਜਾਂਦਾ। ਉਹਨੂੰ ਬਿਰਧ ਘਰ ਵਿਚ ਰਹਿੰਦੇ ਬੰਦਿਆਂ ਤੇ ਖਾਸ ਕਰ ਕੇ ਜ਼ਨਾਨੀਆਂ ਦੀਆਂ ਗੱਲਾਂ ਸੁਣਾਂਉਂਦਾ। ਜਿਨ੍ਹਾਂ ਵਿਚ 'ਜੂਲੀ' ਨਾਲ ਆਪਣੇ ਇਸ਼ਕ ਮੁਸ਼ਕ ਦੀਆਂ ਕੁਝ ਸੱਚੀਆਂ ਤੇ ਕੁਝ ਝੂਠੀਆਂ ਗੱਲਾਂ ਸੁਣਾਂਦਾ ਰਹਿੰਦਾ। ਮੈਨੂੰ ਉਸ ਜੂਲੀ 'ਤੇ ਬੜਾ ਪਿਆਰ ਆਉਂਦਾ ਸੀ। ਉਹ ਜਦ ਵੀ ਸਫਾਈ ਕਰਨ ਮੇਰੇ ਕਮਰੇ 'ਚ ਆਉਂਦੀ ਸੀ ਤਾਂ ਮੈਂ ਉਹਨੂੰ ਵੀ ਜੱਫੀਆਂ ਪਾ ਲਿਆ ਕਰਦਾ ਸੀ। ਮੈਂ ਤੇ ਧਰਮ ਪਾਲ ਨਾਲ 'ਕੱਠੇ ਖਾਣਾ ਖਾਂਦੇ ਤੇ ਦੁਨੀਆ ਭਰ ਦੀਆਂ ਨਿੰਦਿਆ ਚੁਗਲੀ ਕਰਦੇ ਰਹਿੰਦੇ ਸੀ। ਮਹੀਨਾ ਬਾਅਦ ਤਾਂ ਅਜਿਹਾ ਮੌਕਾ ਮਿਲਦਾ ਸੀ। ਇਕ ਦਿਨ ਉਹਨੂੰ ਮੈਂ ਆਪਣੇ ਨਵੇਂ ਬੂਟ ਵਿਖਾਏ, ਜਿਹੜੇ ਮੈਨੂੰ ਬਿਰਧ ਘਰ ਵੱਲੋਂ ਮਿਲੇ ਸਨ। ਧਰਮ ਪਾਲ ਨੇ ਕਿਹਾ ਕਿ ਤੈਨੂੰ ਬੜੀਆਂ ਮੌਜਾਂ ਨੇ। ਚਾਹ ਪਾਣੀ, ਖਾਣਾ ਪੀਣਾ ਤੇ ਹੋਰ ਕੰਮ ਵੀ, ਸਭ ਮੁਫਤੋ ਮੁਫਤੀ। ਕਦੇ ਕੋਈ ਤੈਨੂੰ ਸ਼ਰਾਬ ਦੇ ਜਾਂਦਾ ਏ, ਕੋਈ ਦਵਾਈ ਤੇ ਕੋਈ ਮੀਟ ਲਿਆ ਦੇਂਦਾ ਏ। ਤੇ ਤੂੰ ਬਿਰਧ ਘਰ ਦੀ ਪਾਬੰਦੀ ਦੇ ਬਾਵਜੂਦ ਸ਼ਰਾਬ ਪੀ ਲੈਂਦਾ ਏਂ। ਨਾਲੇ ਜੂਲੀ ਦੀਆਂ ਚੁੰਮੀਆਂ !...ਉਹਨੇ ਮੈਨੂੰ ਟਿੱਚਰ ਕਰਦਿਆਂ ਪੁੱਛਿਆ, "ਪਰ ਕੀ ਇਹ ਦੂਜਿਆਂ ਦੀਆਂ ਦਾਨ ਕੀਤੀਆਂ ਚੀਜ਼ਾਂ ਵਰਤਦਿਆਂ ਤੈਨੂੰ ਹੀਣਤਾ ਨਹੀਂ ਮਹਿਸੂਸ ਹੁੰਦੀ? ਤੇਰੀ ਘਰੋਂ ਭੱਜੀ ਹੋਈ ਵੀ ਤਾਂ ਕਿਤੇ ਇਹੋ ਕੰਮ ਕਰਾਉਂਦੀ ਹੋਵੇਗੀ। ਤੇਰੀ ਇਕ ਕੀ, ਦੋਵੇਂ ਜਣੀਆਂ।"...

ਮੈਂ ਜ਼ਰਾ ਸੋਚਿਆ ਤੇ ਕਿਹਾ, "ਦੇਖ, ਪਤਾ ਨਹੀਂ ਕਦੇ ਤੈਨੂੰ ਵੀ ਕਿਸੇ ਬਿਰਧ ਘਰ 'ਚ ਜਾਣਾ ਪੈ ਜਾਵੇ। ਫੇਰ ਪਤਾ ਲੱਗੇ ਕਿ ਅਣਖ ਕਿਥੇ ਤੁਰ ਜਾਂਦੀ ਏ। ... ਮੈਂ ਕਦੇ ਆਪਣੇ ਬਾਰੇ ਇਹ ਗੱਲਾਂ ਸੋਚੀਆਂ ਸਨ? ਪਤਾ ਨਹੀਂ ਬੰਦਾ ਕੀ ਤੋਂ ਕੀ ਹੋ ਜਾਂਦਾ ਏ।"

ਧਰਮ ਪਾਲ ਨੂੰ ਮੇਰੀ ਗੱਲ ਚੁੱਭੀ, ਫੇਰ ਮੈਨੂੰ ਸੋਚਣ 'ਤੇ ਲੱਗਿਆ ਕਿ ਉਹ ਠੀਕ ਹੀ ਕਹਿੰਦਾ ਏ। ਮਾੜੇ ਹਾਲਾਤ ਦੇ ਆਉਣ ਦਾ ਕੋਈ ਪਤਾ ਨਹੀਂ ਹੁੰਦਾ ਕਿ ਬੰਦਾ ਕੀ ਕਰੇ ਤੇ ਕੀ ਨਾ ਕਰੇ।... ਏਸ ਗੱਲ ਦੇ ਸੁਨਣ ਦੇ ਦਸਾਂ ਬਾਰਾਂ ਸਾਲਾਂ ਬਾਅਦ ਮੈਨੂੰ ਇਹ ਗੱਲ ਬਿਲਕੁਲ ਠੀਕ ਲੱਗਣ ਲੱਗ ਪਈ। ਮੈਂ ਅਕਸਰ ਬੁੱਢਿਆਂ ਨੂੰ ਮਾੜੇ ਹਾਲੀਂ ਜਿਉਂਦਿਆਂ ਦੇਖਦਾ ਹਾਂ। ... ਬਹੁਤੇ ਲੋਕਾਂ ਨੂੰ ਨਹੀਂ ਪਤਾ ਕਿ ਮੈਂ ਮੁੱਢੋਂ ਗਰੀਬ ਨਹੀਂ ਸੀ। ਬਜ਼ੁਰਗ ਖਾਂਦੇ ਪੀਂਦੇ ਸਨ। ਮੈਂ ਆਪ ਅੰਗਰੇਜ਼ੀ ਅਖ਼ਬਾਰ 'ਚ ਵੀ ਕੰਮ ਕਰਦਾ ਰਿਹਾ ਸੀ।... ਇਹ ਤਾਂ ਮੇਰੀ ਬਦਕਿਸਮਤੀ ਉਦੋਂ ਤੋਂ ਸ਼ੁਰੂ ਹੋਈ ਜਦ ਉਹਨੇ ਪਹਿਲੀ ਪਤਨੀ ਚੰਪਾ ਦੇ ਨੱਸਣ ਬਾਅਦ ਦੂਜਾ ਵਿਆਹ ਛੋਟੀ ਉਮਰ ਦੀ ਕੁੜੀ ਰਿਤੂ ਨਾਲ ਕਰਾ ਲਿਆ ਸੀ।

ਇਹ ਗੱਲ ਮੈਨੂੰ ਹਮੇਸ਼ਾ ਈ ਹੈਰਾਨ ਕਰ ਦੇਂਦੀ ਰਹੀ ਏ ਕਿ ਜਦ ਮੈਂ, ਕਈ ਸਾਲ ਪਹਿਲਾਂ ਧਰਮ ਪਾਲ ਨੂੰ ਮਿਲਿਆ ਸੀ ਤਾਂ ਉਹਨੂੰ ਮੇਰੀ ਜ਼ਿੰਦਗੀ 'ਅੱਧਾ ਨਾਟਕ' ਦਿਸਦੀ ਹੁੰਦੀ ਸੀ। ਮੈਨੂੰ ਵੀ ਐਵੇਂ ਲੱਗਦਾ ਹੁੰਦਾ ਸੀ ਕਿ ਕੋਈ ਦਿਨ ਅਜਿਹਾ ਆਵੇਗਾ ਕਿ ਮੇਰਾ ਮੁੰਡਾ, ਮੇਰੀ ਘਰ ਵਾਲੀ ਤੇ ਖਾਸ ਤੌਰ 'ਤੇ ਦੂਜੀ ਪਤਨੀ ਰਿਤੂ, ਜਿਹੜੀ ਪਤਾ ਨਹੀਂ ਕਿੰਨੇ ਘਰਾਂ 'ਚ ਵੱਸਣ ਵੇਲ਼ੇ ਕਿੱਥੇ-ਕਿੱਥੇ ਰਹਿ ਚੁੱਕੀ ਹੋਵੇਗੀ, ਉਹ ਸਾਰੇ ਕਦੇ ਮੈਨੂੰ ਮਿਲਣਗੇ। ਫੇਰ ਸਾਰੇ ਆਪਣੀ ਆਪਣੀ ਕਹਾਣੀ ਸੁਣਾਣਗੇ। ...ਇਹ ਨਾਟਕ ਜਿਹਾ ਧਰਮ ਪਾਲ ਚਿਤਵਦਾ ਰਹਿੰਦਾ ਹੁੰਦਾ ਸੀ।

ਫੇਰ ਵੀ ਮੈਂ ਧਰਮ ਪਾਲ ਨੂੰ ਮਿਲਣ ਲਈ ਜਲੰਧਰ ਜਾਣਾ ਤਾਂ ਚਾਹੁੰਦਾ ਸੀ, ਪਰ ਮੇਰੇ ਦੋਵੇਂ ਗੋਡਿਆਂ ਵਿਚ ਪੀੜ ਹੋਣ ਲੱਗ ਪਈ ਸੀ। ਉਹਦਾ ਇਕ ਵਾਕਫ ਪੁਲਸ ਅਫਸਰ ਕਦੇ-ਕਦੇ ਬਿਰਧ ਘਰ 'ਚ ਆਉਂਦਾ ਹੁੰਦਾ ਸੀ। ਇਕ ਦਿਨ ਮੈਂ ਉਹਨੂੰ ਦੱਸਿਆ ਕਿ ਮੈਂ ਤੁਹਾਡੇ ਦੋਸਤ ਧਰਮ ਪਾਲ ਨੂੰ ਮਿਲਣਾ ਚਾਹੁੰਦਾ ਹਾਂ। ਗੋਡਿਆਂ ਕਰ ਕੇ ਮੈਂ ਜਾ ਨਹੀਂ ਸਕਦਾ। ਉਹ ਕਹਿੰਦਾ, "ਇਹ ਤਾਂ ਗੱਲ ਈ ਕੁਝ ਨਹੀਂ। ਕਿਸੇ ਦਿਨ ਮੈਂ ਆਪ ਉਹਨਾਂ ਨੂੰ ਲੈ ਆਵਾਂਗਾ, ਏਥੇ।"

## ਧਰਮ ਪਾਲ ਆਖਿਆ

ਮੈਂ ਜਦ ਪਹਿਲੀ ਵਾਰ ਗੁਰਦੀਪ ਨੂੰ ਮਿਲਣ ਜਲੰਧਰ ਦੇ ਇਕ ਬਿਰਧ ਘਰ 'ਚ ਗਿਆ ਸੀ ਤਾਂ ਮੇਰੇ ਮਿਲਣ 'ਤੇ ਉਹ ਉਦਾਸ ਦਿੱਸਿਆ ਸੀ। ਫੇਰ ਮੈਂ ਹਰ ਹਫਤੇ ਉਹਨੂੰ ਮਿਲਣ ਜਾਂਦਾ ਰਿਹਾ ਸੀ। ਫੇਰ ਜਦ ਉਹ ਕਿਸੇ ਨਵੇਂ ਬਿਰਧ ਘਰ'ਚ ਗਿਆ ਤਾਂ ਮੈਨੂੰ ਉਥੇ ਜਾਣਾ ਔਖਾ ਲੱਗਣ ਲੱਗ ਪਿਆ ਸੀ। ਫੇਰ ਮੈਂ ਇਕ ਵਾਰ ਤਰਨਤਾਰਨ ਦੇ ਓਸ ਬਿਰਧ ਘਰ 'ਚ ਇਕ ਰਾਤ ਰਹਿ ਕੇ ਵੀ ਆਇਆ ਸੀ। ਮੈਂ ਉਹਦੀ 'ਜੂਲੀ' ਵੀ ਦੇਖੀ ਸੀ। ਉਹਨੇ ਮੇਰੀ ਰੋਟੀ ਪਾਣੀ ਦੀ ਬੜੀ ਸੇਵਾ ਕੀਤੀ ਸੀ।... ਗੁਰਦੀਪ ਦੀ ਜ਼ਿੰਦਗੀ ਆਪਣੇ ਮੁਢਲੇ ਜੀਵਨ, ਫੇਰ ਵਿਆਹੁਤਾ ਜੀਵਨ ਤੇ ਫੇਰ ਬਿਰਧ ਘਰਾਂ ਦਾ ਜੀਵਨ ਏਨੀਆਂ ਕਹਾਣੀਆਂ ਨਾਲ ਭਰਿਆ ਪਿਆ ਸੀ ਕਿ ਮੈਂ ਅਕਸਰ ਉਹਨੂੰ ਕਹਿੰਦਾ ਰਹਿੰਹਦਾ ਕਿ ਉਹ ਆਪਣੀ ਜੀਵਨੀ ਲਿਖੇ। ਉਹ ਵਾਰ-ਵਰ ਵਾਅਦੇ ਕਰ ਕੇ ਮੁੱਕਰ ਜਾਂਦਾ ਸੀ। ਸ਼ਾਇਦ ਆਪਣੇ ਬਾਰੇ ਸੱਚ ਲਿਖਣਾ ਸਭ ਤੋਂ ਔਖਾ ਕੰਮ ਏ। ਉਹਨੇ ਤੇ ਨਹੀਂ ਕੁਝ ਲਿਖਿਆ, ਪਰ ਮੈਂ ਕੁਝ ਘਟਨਾਵਾਂ ਤੇ ਗੱਲਾ ਲਿਖ ਲਈਆਂ ਨੇ। ...ਅਸਲ 'ਚ ਉਹਦੇ ਜੀਵਨ ਦੀਆਂ ਘਟਨਾਵਾਂ ਏਨੀਆਂ ਨਮੋਸ਼ੀਆਂ ਵਾਲੀਆਂ ਸਨ ਕਿ ਉਹ ਆਪਣੇ ਆਪ ਦੇ ਨੰਗੇ ਹੋਣ ਤੋਂ ਡਰਦਾ ਰਹਿੰਦਾ ਸੀ। ਪਰ ਬੇਸ਼ਰਮ ਏਨਾ ਸੀ ਕਿ ਕਿਸੇ ਕੋਲੋਂ ਵੀ ਛਿੱਤਰ ਪੈ ਜਾਣ, ਉਹਦੇ 'ਤੇ ਅਸਰ ਨਹੀਂ ਸੀ ਹੁੰਦਾ। ਏਸ ਗੱਲੋਂ ਮੈਂ ਉਹਨੂੰ ਗਾਹਲਾਂ ਵੀ ਕੱਢਦਾ ਹੁੰਦਾ ਸੀ।...

ਇਕ ਖਤਰਨਾਕ ਗੱਲ ਦੱਸਦਾ ਹਾਂ।.... ਸੰਖੇਪ 'ਚ ਏਨਾ ਹੀ ਲਿਖਣਾ ਕਾਫੀ ਏ ਕਿ ਜਲੰਧਰ ਰਹਿੰਦਿਆਂ ਗੁਰਦੀਪ ਮੈਨੂੰ ਪਰਾਈਆਂ ਤੀਵੀਂਆਂ ਨਾਲ ਆਪਣੇ ਸੰਬੰਧਾਂ ਦੀਆਂ ਏਨੀਆਂ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਕਿ ਮੈਂ ਉਹਦੀਆਂ ਸੱਚੀਆਂ ਨੂੰ ਵੀ ਝੂਠ ਮੰਨਣ ਲੱਗ ਪਿਆ ਸੀ। ਉਹ ਏਸ ਮਾਮਲੇ 'ਚ ਕਦੇ ਕਾਫੀ ਸੱਚ ਬੋਲਦਾ ਵੀ ਲੱਗਦਾ ਸੀ। ਉਹ ਆਪਣੀਆਂ ਹੋਈਆਂ ਹਤਕਾਂ ਬਾਰੇ ਵੀ ਦੱਸ ਦੇਂਦਾ ਸੀ। ਕਦੇ ਮੈਨੂੰ ਲੱਗਦਾ ਕਿ ਉਹ ਆਪਣੀ ਜ਼ਿੱਲਤ ਨੂੰ ਵੀ ਜ਼ਿੰਦਗੀ ਦਾ ਸੁਆਦ ਮੰਨਦਾ ਸੀ। ਜੀਹਨੂੰ ਲੁਕਾਣ ਦੀ ਉਹਨੂੰ ਕੋਈ ਲੋੜ ਨਹੀਂ ਸੀ।.... ਉਹ ਮੰਨਦਾ ਸੀ ਕਿ ਜੇ ਤੁਸੀਂ ਪਰਾਈ ਜਨਾਨੀ ਨਾਲ ਪੈਣਾ ਏ ਤਾਂ ਤੁਹਾਨੂੰ ਜੁੱਤੀਆਂ ਖਾਣ ਲਈ ਤਿਆਰ ਰਹਿਣਾ ਚਾਹੀਦਾ ਏ। ਇਹ ਬੇਇੱਜ਼ਤੀ 'ਓਸ ਸੁਖ ਸੁਆਦ' ਦੇ ਮੁਕਾਬਲੇ 'ਚ ਤਾਂ ਕੁਝ ਵੀ ਨਹੀਂ ਏ?...

ਉਹਨੇ ਮੈਨੂੰ ਭੇਤ ਦੀ ਇਕ ਗੱਲ ਦੱਸੀ ਕਿ ਜੇ ਕੋਈ ਬੰਦਾ ਔਰਤਾਂ ਦੇ ਮਾਮਲੇ 'ਚ ਮਾੜਾ ਮੋਟਾ ਬਦਨਾਮ ਹੋਵੇ ਤਾਂ ਉਹਦਾ ਨੁਕਸਾਨ ਕੋਈ ਨਹੀਂ, ਸਗੋਂ ਉਹਦੀ ਥਾਂ ਬੜਾ ਫਾਇਦਾ ਹੁੰਦਾ ਏ। ਜ਼ਨਾਨੀਆਂ ਵਿਚ ਮਸ਼ਹੂਰੀ ਹੋ ਜਾਂਦੀ ਏ, ਕਈ ਲੋੜਕੂ ਜਨਾਨੀਆਂ ਅਜਿਹੇ ਬੰਦੇ ਦੀ ਝਾਕਣਾ 'ਚ ਹੁੰਦੀਆ ਨੇ। ਏਸ ਭੀੜੇ ਮੁਹੱਲੇ 'ਚ ਆ ਕੇ ਮੈਂ ਬੜੇ ਸੁਖ ਸੁਆਦ ਦੇਖੇ। ...



ਜਦ ਗੁਰਦੀਪ ਰੀਟਾਇਰ ਹੋਇਆ ਈ ਸੀ ਤਾਂ ਉਹਨੇ ਆਪਣੀ ਧੀ ਵਿਆਹ ਦਿੱਤੀ ਸੀ, ਸੁਨਿਆਰਿਆਂ ਦੇ। ਉਹ ਕਹਿੰਦਾ, "ਮੈਨੂੰ ਜਾਤ ਬਰਾਦਰੀ ਦਾ ਕੋਈ ਖਿਆਲ ਨਹੀਂ। ਨਾਲੇ ਸੁਨਿਆਰੇ ਛੀਂਬਿਆਂ ਨਾਲੋਂ ਮਾੜੇ ਤੇ ਨਹੀਂ ਗਿਣੇ ਜਾਂਦੇ। ਫੇਰ ਕੁੜੀ ਵੀ ਖੁਸ਼ ਏ। ਘਰ ਖਾਂਦਾ ਪੀਂਦਾ ਮਿਲ ਗਿਆ। ਕੁੜੀ ਗਹਿਣੇ ਪਹਿਣਦੀ ਰੱਜ ਗਈ ਏ।

ਗੁਰਦੀਪ ਕਦੇ-ਕਦੇ ਮੈਥੋਂ ਹੱਥ ਉਧਾਰ ਮੰਗ ਕੇ ਲੈ ਜਾਂਦਾ ਲੈਂਦਾ ਸੀ। ਪਰ ਹੁਣ ਉਹਦੀ ਲੋੜ ਬਿਰਧ ਘਰ 'ਚ ਈ ਪੂਰੀ ਹੋ ਜਾਂਦੀ ਸੀ। ਇਕ ਵਾਰ ਉਹਨੇ ਆਉਂਦਿਆਂ ਈ ਕਿਹਾ, "ਮੈਂ ਤੇਰੇ ਕੋਲੋਂ ਪੈਸੇ ਲੈਣੇ ਆ ਅੱਜ। ਚਾਹੀਦੇ ਨੇ।... ਚੰਗਾ ਐਂਜ ਕਰ, ਹੁਣੇ ਦੇ ਦੇ, ਫੇਰ ਮੈਂ ਭੁੱਲ ਜਾਵਾਂਗਾ।".... ਉਹਦੀ ਗੱਲ ਤੋਂ ਮੈਨੂੰ ਲੱਗਿਆ ਕਿ ਉਹਦੀ ਲੋੜ ਭਾਰੀ ਏ। ਜਦ ਮੈਂ ਬਟੂਆ ਖੋਲ੍ਹਿਆ ਤਾਂ ਕਹਿੰਦਾ, "ਇਹ ਸੌ ਦਾ ਨੋਟ ਈ ਫੜਾ ਦੇ। ਮੈਂ ਪੰਜਾਹਾਂ ਦੇ ਦੋ ਨੋਟ ਦਿੱਤੇ ਤਾਂ ਕਹਿੰਦਾ, "ਚਲ ਇਕ ਹੋਰ ਦੇ ਦੇਹ।... ਯਾਰ ਮੁੰਡਾ ਮੰਗਦਾ ਸੀ। ਮੈਂ ਦੇਣ ਦਾ ਵਾਅਦਾ ਕਰ ਆਇਆ ਹਾਂ।"

ਇਕ ਦਿਨ ਗੁਰਦੀਪ ਨੇ ਦੱਸਿਆ ਕਿ ਉਹਨੇ ਆਪਣੇ ਬੇਟੇ ਨੂੰ ਦਸ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਏ। ਕਿਤੋਂ ਫੜ ਕੇ ਦੇ ਦੇਣੇ ਨੇ।... ਮੈਂ ਪੁੱਛਿਆ ਕਿ ਏਨੀ ਕੀ ਲੋੜ ਪੈ ਗਈ? ਤਾਂ ਕਹਿੰਦਾ, "ਯਾਰ ਮੁੰਡੇ ਨੇ ਧਮਕੀ ਦਿੱਤੀ ਏ ਕਿ ਜੇ ਮੈਂ ਨਹੀਂ ਦੇਵਾਂਗਾ ਤਾਂ ਉਹ ਆਪਣੀ ਕਿਡਨੀ ਵੇਚ ਦੇਵੇਗਾ।"...

ਜਦ ਮੈਂ ਉਹਦੇ ਡਰ ਦਾ ਮਜ਼ਾਕ ਉਡਾਇਆ ਤਾਂ ਕਹਿੰਦਾ, "ਤੂੰ ਸੋਚ, ਜੇ ਤੇਰਾ ਮੁੰਡਾ ਤੈਨੂੰ ਇਹ ਧਮਕੀ ਦੇਵੇ ਤਾਂ.... ਫੇਰ ਭੱਜਿਆ ਫਿਰੇਂ ਨਾਂ?".... ਮੈਨੂੰ ਉਹਦੀ ਗੱਲ 'ਚ ਵਜ਼ਨ ਲੱਗਿਆ। ...ਇਕ ਹੋਰ ਮੌਕੇ 'ਤੇ ਉਹਦੇ ਮੁੰਡੇ ਨੇ ਪੈਸੇ ਲੈਣ ਲਈ ਜਮਾਂਦਾਰਾਂ ਦੀ ਇਕ ਕੁੜੀ ਨਾਲ ਵਿਆਹ ਕਰਾਓਣ ਦੀ ਧਮਕੀ ਵੀ ਦਿੱਤੀ ਸੀ। ਉਦੋਂ ਤਾਂ ਗੁਰਦੀਪ ਨੇ ਕਹਿ ਦਿੱਤਾ ਸੀ ਕਿ ਕਰਾ ਲੈ ਜਦ ਮਰਜ਼ੀ। ਅਸਲ 'ਚ ਗੁਰਦੀਪ ਚਾਹੁੰਦਾ ਸੀ ਕਿ ਮੁੰਡਾ ਵਿਆਹ ਕਰਾ ਲਵੇ, ਚਾਹੇ ਕਿਸੇ ਨਾਲ ਵੀ। ਖਬਰੇ ਓਸ ਜ਼ਨਾਨੀ ਕਰ ਕੇ ਈ ਮੁੰਡੇ ਦਾ ਨਸ਼ਾ ਛੁੱਟ ਜਾਵੇ।

ਇਕ ਦਿਨ ਗੁਰਦੀਪ ਬੀਮਾਰੀ ਦੀ ਹਾਲਤ 'ਚ ਆਪਣਾ ਬੈਗ ਲੈ ਕੇ ਮੇਰੇ ਘਰ ਆ ਗਿਆ। ਉਹਦਾ ਪੇਟ ਖਰਾਬ ਸੀ। ਮੈਨੂੰ ਪੁੱਛੇ, "ਮੈਂ ਹੁਣ ਕਿੱਥੇ ਜਾਵਾਂ?"... ਉਹ ਇਕ ਰਾਤ ਮੇਰੇ ਘਰ ਕੱਟਣਾ ਚਾਹੁੰਦਾ ਸੀ। ਮੈਂ ਡਰ ਗਿਆ ਕਿ ਕਿਤੇ ਇਹਨੂੰ ਰਾਤ ਨੂੰ ਹਸਪਤਾਲ ਨਾ ਲੈ ਜਾਣਾ ਪਵੇ। ... ਪੈਸੇ ਇਹ ਸਾਰੇ ਕਿਸੇ ਸਾਕ ਦੇ ਰੱਖ ਆਇਆ ਏ। ਮੈਨੂੰ ਖਰਚਾ ਤੇ ਦੇਖ ਭਾਲ ਕਰਨੀ ਪੈਣੀ ਏ। ਮੈਨੂੰ ਤਾਂ ਜਿਹੜੀ ਔਖਿਆਈ ਹੋਣੀ ਏ ਸੋ ਹੋਣੀ ਏ, ਇਹਨੂੰ ਹਸਪਤਾਲ ਲਿਜਾਣ ਲਈ ਮੈਨੂੰ ਆਪਣੇ ਮੁੰਡੇ ਨੂੰ ਭਾਜੜ ਪਾਓਣੀ ਪੈਣੀ ਏ। ਫੇਰ ਮੁੰਡਾ ਖਿਝੂ ਤੇ ਨਾਲ ਉਹਦੀ ਮਾਂ। ... ਇਹ ਵੀ ਡਰ ਸੀ ਕਿ ਕਿਤੇ ਮੇਰੇ ਘਰੇ ਨਾ ਮਰ ਜਾਵੇ। ਫੇਰ ਤਾਂ ਮੁਸੀਬਤਾਂ ਈ ਪੈ ਜਾਣੀਆਂ ਨੇ।... ਮੈਂ ਮਲ੍ਹਵੀਂ ਜੀਭ ਨਾਲ ਉਹਨੂੰ ਉਹਦੇ ਆਪਣੇ ਛੋਟੇ ਭਰਾ ਕੋਲ ਕਾਦੀਆਂ ਜਾਣ ਦਾ ਮਸ਼ਵਰਾ ਦੇ ਦਿੱਤਾ ਤੇ ਕਿਹਾ ਕਿ ਭਰਾ ਨੂੰ ਦੱਸੀਂ ਕਿ ਤੇਰੀ ਸਿਹਤ ਠੀਕ ਨਹੀਂ। ਅਸਲ 'ਚ ਮੈਨੂੰ ਲੱਗਣ ਲੱਗ ਪਿਆ ਸੀ ਕਿ ਉਹਨੇ ਹੁਣ ਬਚਣਾ ਨਹੀਂ। ... ਉਹ ਚਲਿਆ ਗਿਆ ਸੀ।

ਮੇਰੀ ਕਲਪਨਾ 'ਚ ਉਹਦੀ ਜੀਵਨ ਕਹਾਣੀ ਦਾ ਇਕ ਰੋਮਾਂਟਿਕ ਜਿਹਾ ਅੰਤ ਬਣਿਆ ਪਿਆ ਸੀ।... ਇਹ ਭਾਵੇਂ ਕਦੇ ਵੀ ਹੋਵੇ ਜਾਂ ਨਾ, ਪਰ ਮੇਰਾ ਮਨ ਕਹਿੰਦਾ ਸੀ ਕਿ ਇਕ ਦਿਨ

ਅਜਿਹਾ ਆਵੇਗਾ ਕਿ ਉਹਦੇ ਓਸ ਪੁਰਾਣੇ ਸ਼ਹਿਰ ਤਰਨਤਾਰਨ ’ਚ ਉਹ ਹੋਵੇਗਾ, ਨਾਲ ਉਹਦੀ ਪਤਨੀ ਹੋਵੇਗੀ। ਉਹਦੀ ਧੀ ਤੇ ਪੁੱਤਰ ਵੀ ਮਿਲਣਗੇ ਤਰਨਤਾਰਨ ਜਾ ਕੇ ਈ।

ਪਰ ਮੈਂ ਚਾਹੁੰਦਾ ਸੀ ਕਿ ਰੱਬ ਕਰੇ ਅਜਿਹਾ ਨਾ ਹੋਵੇ। ਇਹ ਉਹਦੇ ਲਈ ਤਾਂ ਪਤਾ ਨਹੀਂ ਕਿਹੋ ਜਿਹਾ ਹੋਵੇ, ਮੇਰੇ ਲਈ ਬਹੁਤ ਭਿਆਨਕ ਦ੍ਰਿਸ਼ ਹੋਵੇਗਾ। ਪਰ ਕੁਦਰਤ ਦੀ ਖੇਡ ਦੇਖੋ, ਅਜਿਹਾ ਈ ਕੁਝ ਹੋ ਗਿਆ। ਜਿਸ ਨੂੰ ਮੈਂ ਦੇਖ ਨਹੀਂ ਸਕਿਆ। ਦੇਖਣ ਤੋਂ ਬਚ ਗਿਆ ਸੀ।

ਹੁਣ ਮੈਂ ਕੀਹਨੂੰ ਦੇਖਣ ਲਈ ਤਰਨਤਾਰਨ ਜਾਣਾ ਸੀ। ਉਹ ਬੰਦਾ, ਜੀਹਨੂੰ ਮਿਲਣ ਲਈ ਮੈਂ ਉਥੇ ਜਾਣਾ ਸੀ, ਉਹ ਤਾਂ ਚਲਿਆ ਗਿਆ ਸੀ ਉਥੋਂ। .... ਫੇਰ ਖਿਆਲ ਆਉਂਦਾ, ਚਲੋ ਯਾਰ, ਉਹ ਚੰਗਾ ਦੋਸਤ ਸੀ।

ਫੇਰ ਗੁਰਦੀਪ ਨੇ ਛੇਤੀ ਗੱਲ ਕਰਨ ਡਈ ਇਕ ਚੰਗਾ ਮੋਬਾਈਲ ਲੈ ਲਿਆ ਸੀ। ਤੀਜੇ ਚੌਥੇ ਦਿਨ ਮੇਰੇ ਨਾਲ ਗੱਲ ਹੋ ਜਾਂਦੀ ਸੀ। ਇਕ ਦਿਨ ਉਹਨੇ ਦੱਸਿਆ, “ਉਹ ਈਸਾਈ ਜ਼ਨਾਨੀ ਜੂਲੀ ਜਿਹੜੀ ਪਹਿਲੀ ਵਾਰ ਹੱਥ ਫੜਨ ’ਤੇ ਕਹਿੰਦੀ ਸੀ ਕਿ ਮੈਂ ਇਹੋ ਜਿਹੀਆਂ ਜ਼ਨਾਨੀਆਂ ਵਰਗੀ ਨਹੀਂ, ਹੁਣ ਉਹ ਆਪ ਈ ਮੇਰੇ ਗੇੜੇ ਮਾਰ ਜਾਂਦੀ ਏ। ਜ਼ਿੰਦਗੀ ’ਚ ਜਿਹੜਾ ਕੰਮ ਮੈਂ ਨਹੀਂ ਸੀ ਕੀਤਾ, ਉਹ ਵੀ ਕਰ ਕੇ ਵੇਖ ਲਿਆ।.... ਏਨੀ ਪਿਆਰੀ ਜ਼ਨਾਨੀ ਨਹੀਂ ਲੱਭਣੀ ਦੁਨੀਆਂ ’ਤੇ।... ਉਹ ਕਿਤੇ ਜ਼ਨਾਨੀ ਦੀ ਜਾਤ ਏ, ਉਹ ਤਾਂ ਫਰਿਸ਼ਤੇ ਤੇ ਪਰੀ ਦੀ ਕਿਸਮ ਏ, ਏਸ ਜੱਗ ’ਤੇ ਗਲਤੀ ਨਾਲ ਰੱਬ ਵੱਲੋਂ ਘੱਲੀ ਹਈ।... ਮੈਂ ਪੈਸੇ ਦੇਂਦਾ ਹਾਂ, ਉਹ ਜਵਾਬ ਦੇ ਦੇਂਦੀ ਏ। ਮੈਨੂੰ ਧੱਕੇ ਨਾਲ ਉਹਦੇ ਬੋਝੇ ਪਾਓਣੇ ਪੈਂਦੇ ਨੇ।... ਹੁਣ ਚੁੱਪ ਕਰੀਂ... ਲੈ ਉਹ ਆ ਗਈ ਈ, ਤੇਰੀ ਭਰਜਾਈ। ... ਤੂੰ ਗੱਲ ਕਰਨੀ ਏ?....

ਉਹ ਫੋਨ ’ਤੇ ਮੈਨੂੰ ਕਹਿੰਦਾ ਏ, “ਲੈ ਗੱਲ ਕਰ ਤੂੰ ਵੀ।” ਫੇਰ ਉਹਨੂੰ ਕਹਿੰਦਾ ਏ, “ਮੇਰਾ ਯਾਰ ਬੋਲਦਾ ਏ, ਜਲੰਧਰ ਵਾਲਾ। ਲੈ ਗੱਲ ਕਰ ਇਹਦੇ ਨਾਲ। ਸੰਗ ਨਾ। ਚੱਲ, ਇਹਨੂੰ ਸਾਸਰੀਕਾਲ ਕਹਿ ਦੇ।”... ਜੂਲੀ ਦੀ ਪਤਲੀ ਜਿਹੀ ਫੁਸਫੁਸੀ ਅਵਾਜ਼ ਸੁਣੀ, “ਸਾਸਰੀਕਾਲ ਜੀ।”... ਉਹਦੀ ਅਵਾਜ਼ ਸੁਣ ਕੇ ਮੈਨੂੰ ਪਤਾ ਨਹੀਂ ਕਿਸੇ ਮੁਹੱਲੇ ’ਚ ਗੁਰਦੀਪ ਦੇ ਘਰ ਕੰਮ ਕਰਨ ਆਉਂਦੀ ਤੇ ਸਾਰੇ ਗੁਪਤ ਧੰਦੇ ਕਰਨ ਵਾਲੀ ਮਾਲਣ ਯਾਦ ਆ ਗਈ। ਜਿਹੜੀ ਕੱਸੇ ਸਰੀਰ ਤੋਂ ਤਾਂ ਸੋਹਣੀ ਲੱਗਦੀ ਸੀ, ਪਰ ਕਦੇ ਮੈਨੂੰ ਲੱਗਦਾ ਹੁੰਦਾ ਸੀ ਕਿ ਉਹਦੇ ਪਿੰਡੇ ’ਤੇ ਕੋਹੜ ਏ। ਉਹ ਚੱਡੇ ਖੁਰਕਦੀ ਰਹਿੰਦੀ ਸੀ। ਪਰ ਇਹ ਉਹਦੀਆਂ ਤਾਰੀਫਾਂ ਕਰਦਾ ਨਹੀਂ ਸੀ ਥੱਕਦਾ ਹੁੰਦਾ ਸੀ। ਹੁਣ ਕਹਿੰਦਾ, “ਇਹਦੇ ਨਾਲ ਮਾਲਣ ਦਾ ਕੀ ਮੁਕਾਬਲਾ?... ਉਹ ਇਹਦੇ ਪਾਂ ਪਾਂਸਕੂ ਵੀ ਨਹੀਂ। ਕਿੱਥੇ ਤੇਰੀ ਭਰਜਾਈ ਜੂਲੀ! ... ਉਹ ਤੂੰ ਆ ਕੇ ਤਾਂ ਦੇਖ, ਧਰਮ ਪਾਲ, ਆਪਣੀ ਭਰਜਾਈ ਜੂਲੀ ਨੂੰ! ਉਂਜ ਭਰਜਾਈਆਂ ਲੱਖ ਹੋਣਗੀਆਂ, ਇਹਦੇ ਵਰਗੀ ਨਹੀਂ ਹੋਣੀ ਜੱਗ ’ਤੇ!” ... ਫੇਰ ਉਹ ਫੋਨ ’ਤੇ ਈ ਇਹ ਫਿਲਮੀ ਗਾਣਾ ਗਾਓਣ ਲੱਗ ਪਿਆ, “ਨਾ ਕੁਛ ਤੇਰੇ ਬਸ ਮੇਂ ਜੂਲੀ, ਨਾ ਕੁਛ ਮੇਰੇ ਬਸ ਮੇਂ....।”

ਦੂਜੇ ਦਿਨ ਗੁਰਦੀਪ ਦਾ ਫੋਨ ਆਇਆ ਤਾਂ ਮੈਂ ਕੌਫੀ ਪੀ ਰਿਹਾ ਸੀ। ਉਹ ਓਸੇ ਤਰ੍ਹਾਂ ਜੂਲੀ ਦੇ ਸੋਹਲੇ ਗਾ ਰਿਹਾ ਸੀ। “ਜੂਲੀ ਨੇ ਅੱਜ ਰੰਗ ਲਾ ਦਿੱਤੇ।... ਤੇਰੇ ਕੋਲ ਕੋਈ ਸੁਣਦਾ ਤੇ ਨਹੀਂ?...ਖਿਆਲ ਰੱਖੀਂ। ... ਕਲ੍ਹ ਦੁਪਹਿਰੇ ਆਈ ਤਾਂ ਮੈਂ ਕੰਬਲ ਲਈ ਪਿਆ ਸੀ। ਉਹਨੇ ਆਲੇ ਦੁਆਲੇ ਦੇਖਿਆ ਤੇ ਕੁੰਡੀ ਲਾ ਕੇ ਮੇਰੇ ਕੰਬਲ ’ਚ ਵੜ ਗਈ। ਅੱਗੋਂ ਰੱਬ ਨੇ ਮਿਹਰ ਕਰ ਦਿੱਤੀ। ਜਾਣ ਲੱਗੀ ਨੂੰ ਮੈਂ ਪੈਸੇ ਦਿਆਂ, ਪਰ ਉਹ ਲਵੇ ਨਾ। ਮੈਂ ਧੱਕੇ ਨਾਲ ਉਹਦੇ ਬੋਝੇ ’ਚ ਪਾ ਦਿੱਤੇ।”



ਦੁਪਹਿਰ ਕੁ ਵੇਲ਼ੇ ਫੇਰ ਫੋਨ ਆ ਗਿਆ, “ਦੁਪਹਿਰੇ ਮੇਰੀ ਵੱਡੀ ਭੈਣ ਪੂਰੀ ਹੋ ਗਈ, ਬੁੱਢੀ ਸੀ। ਨਿੱਕਾ ਆਇਆ। ਮੈਨੂੰ ਕਾਰ ’ਚ ਲੈ ਗਿਆ।... ਸੱਚ ਦੱਸਾਂ, ਮੈਨੂੰ ਕੋਈ ਦੁੱਖ ਨਹੀਂ ਹੋਇਆ ਉਹਦੇ ਮਰਨ ਦਾ। ਝੱਟ ਸਸਕਾਰ ਕਰ ਕੇ ਮੁੜ ਆਏ। ਹੁਣ ਮੈਂ ਭੋਗ ’ਤੇ ਨਹੀਂ ਜਾਣਾ। ਯਾਰ! ਕੀ ਦੱਸਾਂ, ਕਿਸੇ ਦੇ ਜਾਣ ਨੂੰ ਰੂਹ ਏ ਨਹੀਂ ਕਰਦੀ। ... ਅੰਬਰਸਰ ਭਣਵਈਆ ਰਹਿੰਦਾ ਸੀ। ਉਹ ਵੀ ਪੂਰਾ ਹੋ ਗਿਆ। ਮੇਰਾ ਇਕ ਰਿਸ਼ਤੇਦਾਰ ਕਾਰ ’ਚ ਬਹਾ ਮੈਨੂੰ ਲੈ ਗਿਆ ਸੀ। ਮੈਂ ਜਾਣਾ ਨਹੀਂ ਸੀ ਚਾਹੁੰਦਾ, ਕਿਸੇ ਦੀ ਵੀ ਮਰਗ ’ਤੇ।... ਸਸਕਾਰ ਵੇਲੇ ਰੋਂਦੀਆਂ ਵੈਣ ਪਾਉਂਦੀਆਂ ਜ਼ਨਾਨੀਆਂ ਮੈਨੂੰ ਉਹ ਲੱਗੀਆਂ, ਜਿਨ੍ਹਾਂ ਨੂੰ ਤੂੰ ‘ਫਫਾਕੁਟਨੀਆਂ’ ਕਹਿੰਦਾ ਹੁੰਦਾ ਏਂ। ਖੇਖਣ ਕਰਦੀਆਂ। ਉਹ ਮੇਰੇ ਹਾਣ ਦਾ ਸੀ। ਮਰ ਗਿਆ, ਸੋ ਮਰ ਗਿਆ। ਮੇਰਾ ਹੁਣ ਕੋਈ ਲੈਣਾ ਦੇਣਾ ਈ ਨਹੀਂ ਸੀ ਓਸ ਬੰਦੇ ਨਾਲ।... ਹੁਣ ਅਜਿਹੇ ਮੌਕੇ ’ਤੇ ਜਾਣ ਨੂੰ ਦਿਲ ਨਹੀਂ ਕਰਦਾ। ਕਾਰ ’ਚ ਜਾ ਕੇ ਵੀ ਜਿਸਮ ਥੱਕ ਜਾਂਦਾ ਏ। ... ਤੂੰ ਕੱਲਾ ਈ ਏਂ ਨਾ ਕਮਰੇ ’ਚ? ... ਜੂਲੀ ਹੁਣੇ ਗਈ ਏ। ਉਹ ਅਰਜ਼ੀ ’ਤੇ ਗੂਠਾ ਲਾਂਦੀ ਏ। ਕਹਿੰਦੀ, ਮੈਨੂੰ ਦਸਖਤ ਕਰਨੇ ਸਿਖਾ ਦੇ। ਮੈਂ ਉਹਦਾ ਹੱਥ ਫੜ ਕੇ ਪੈੱਨ ਚਲਾਣਾ ਦੱਸਿਆ, ਉਹਨੂੰ ਕੁੱਛੜ ’ਚ ਬਹਾ ਕੇ ‘ਜੱਜਾ’ ਲਿਖਣਾ ਸਿਖਾਇਆ। ... ਦੇਖ ਮੈਂ ਤਾਂ ਸਮਝਿਆ ਸੀ ਕਿ ਹੁਣ ਜ਼ਿੰਦਗੀ ਹਾਰ ਚੁੱਕਾ ਹਾਂ। ਕੀ ਪਤਾ ਸੀ, ਇਹ ਕੌਤਕ ਵੀ ਹੋਣੇ ਸੀ। ਮੈਨੂੰ ਏਨਾ ਪਿਆਰ ਮਿਲੇਗਾ, ਫੇਰ ਏਸ ਉਮਰੇ? ਕਦੇ ਸੋਚਿਆ ਨਹੀਂ ਸੀ। ਲੱਗਦਾ ਸੀ ਕਿ ਹੁਣ ਤਾਂ ਬੱਸ ਧੱਕੇ ਰਹਿ ਗਏ ਨੇ। ਤੇ ਫੇਰ ਮੌਤ। ਮੈਨੂੰ ਸਾਰਾ ਕੁਝ ਹਰਾ-ਹਰਾ ਈ ਸੁੱਝਦਾ ਏ ਹੁਣ।...

ਪਰ ਕਦੇ ਤਾਂ ਦਿਲ ਕਰਦਾ ਏ ਕਿ ਮਰ ਈ ਜਾਵਾਂ। ਦੁਨੀਆ ’ਚ ਹੋਰ ਏਸ ਤੋਂ ਵੱਧ ਖੁਸ਼ੀ ਕਿਥੇ ਮਿਲਣੀ ਏ? ... ਤੂੰ ਹੈਰਾਨ ਹੋਵੇਂਗਾ ਕਿ ਸਾਰੀ ਉਮਰ ਮੈਂ ਪਤਾ ਨਹੀਂ ਕਿਹੜੀ-ਕਿਹੜੀ ਗੰਦੀ ਮੰਦੀ ਜ਼ਨਾਨੀ ਦੇ ਤਰਲੇ ਕਰਦਾ ਰਿਹਾ ਹਾਂ। ਪਰ ਇਹ... ਇਹ ਜੇ ਮੈਂ ਇਕ ਦਿਨ ਪਿਆਰ ਨਾ ਕਰਾਂ ਤਾਂ ਮੇਰੇ ਤਰਲੇ ਕਰਨ ਲੱਗ ਪੈਂਦੀ ਏ। ਖਬਰੇ ਕੀ ਬਣਾਇਆ ਈ ਇਹਨੂੰ ਰੱਬ ਨੇ। ਮੈਂ ਇਹਨੂੰ ਮਿਲ ਕੇ ਹੁਣ ਮੈਂ ਰੱਬ ਨੂੰ ਮੰਨਣ ਲੱਗ ਪਿਆ ਹਾਂ।”

ਕੁਝ ਦਿਨਾਂ ਬਾਅਦ ਗੁਰਦੀਪ ਮੇਰੇ ਘਰ ਜਲੰਧਰ ਆਇਆ। ਉਹਨੇ ਨਵੇਂ ਕੱਪੜੇ ਤੇ ਨਵੇਂ ਬੂਟ ਪਾਏ ਹੋਏ ਸਨ। ਉਹਨੇ ਦੱਸਿਆ ਕਿ ਇਹ ਬਿਰਧ ਘਰ ਵਾਲਿਆਂ ਨੇ ਨਵੇਂ ਜੋੜੇ ਜਾਮੇ ਦਿੱਤੇ ਨੇ। ਉਹ ਮੈਨੂੰ ਤਾਂ ਮਿਲਣ ਰਸਮੀ ਤੌਰ ’ਤੇ ਆਇਆ ਸੀ, ਪਰ ਬਹੁਤਾ ਮਿਲਣ ਤਾਂ ਉਹ ਆਪਣੇ ਪੁੱਤਰ ਨੂੰ ਆਇਆ ਸੀ ਤੇ ਉਹਦੇ ਕੋਲ ਹੋ ਆਇਆ ਸੀ। ਪੈਸੇ ਦੇ ਆਇਆ ਸੀ ਤੇ ਗਾਹਲਾਂ ਖਾ ਆਇਆ ਸੀ। ਫੇਰ ਉਹਨੇ ਦੱਸਿਆ ਕਿ ਮੁੰਡਾ ਬਿਰਧ ਘਰ ’ਚ ਆਚਣ ਲੱਗ ਪਿਆ ਸੀ, ਪੈਸੇ ਲੈਣ। ਹੁਣ ਮੋਟੀ ਮਾਇਆ ਮੰਗਦਾ ਏ। ਮੈਂ ਕਿੱਥੋਂ ਦਿਆਂ? ਕਾਦੀਆਂ ਵੀ ਜਾ ਆਉਂਦਾ ਏ।”

ਮੈਂ ਕਿਹਾ, “ਚੰਗਾ ਹੁਣ ਉਹਨੂੰ ਜਿਉਣ ਦਾ ਢੰਗ ਆ ਰਿਹਾ ਏ।”... ਜਦੇ ਮੈਂ ਪੁੱਛਿਆ ਕਿ ਮੁੰਡਾ ਆਪਣੀ ਮਾਂ ਨੂੰ ਨਹੀਂ ਮਿਲਣ ਗਿਆ ਕਿਤੇ? ਉਹਨੇ ਵੀ ਪੈਸੇ ਜੋੜ ਕੇ ਰੱਖੇ ਹੋਣਗੇ? ਤਾਂ ਗੁਰਦੀਪ ਨੇ ਮੈਨੂੰ ਆਪਣੀ ਧੀ ਵੱਲੋਂ ਆਪਣੀ ਮਾਂ ਨੂੰ ਮਿਲਣ ਜਾਣ ਦੀ ਗੱਲ ਸੁਣਾ ਦਿੱਤੀ। ਕਹਿੰਦਾ, “ਉਹ ਵੀ ਆਪਣੀ ਮਾਂ ਨੂੰ ਮਿਲਣ ਗਈ ਸੀ, ਮੈਥੋਂ ਚੋਰੀ ਚੋਰੀ। ਉਹਨੂੰ ਕਿਸੇ ਨੇ ਦੱਸ ਦਿੱਤਾ ਸੀ ਕਿ ਤੇਰੀ ਮਾਂ ਤਰਨਤਾਰਨ ਦੇ ਕਿਸੇ ਬਿਰਬਧ ਘਰ ’ਚ ਰਹਿੰਦੀ ਏ। ਜਦ ਪ੍ਰਬੰਧਕ ਨੇ ਉਹਨਾਂ ਨੂੰ ਆਹਮਣੇ ਸਾਹਮਣੇ ਕੀਤਾ ਤਾਂ ਉਹਦੀ ਮਾਂ ਨੇ ਉੱਚੀ ਰੌਲ਼ਾ ਪਾ ਕੇ ਕਿਹਾ ਸੀ ਕਿ ਇਹ

ਕੋਈ ਠੱਗ ਕੁੜੀ ਆਈ ਏ। ਮੇਰੇ ਤਾਂ ਦੋਵੇਂ ਬੱਚੇ ਤੇ ਮਰਦ ਗੁਰਦੀਪ ਸਿੰਘ ਦਿੱਲੀ ਦੇ ਦੰਗਿਆਂ 'ਚ ਮਾਰੇ ਗਏ ਸਨ।"...

ਮੈਂ ਕਿਹਾ ਕਿ ਦੇਖ ਇਹ ਤਾਂ ਕੁਦਰਤ ਤੁਹਾਡੇ ਨਾਲ ਤਮਾਸ਼ਾ ਕਰ ਰਹੀ ਏ। ਤੀਜੇ ਦਿਨ ਗੁਰਦੀਪ ਦਾ ਫੋਨ ਆ ਗਿਆ। ਉਹ ਕਹਿੰਦਾ, "ਧਰਮ ਪਾਲ, ਮੇਰਾ ਦਿਲ ਕਰਦਾ ਏ, ਮੈਂ ਹੁਣ ਮਰ ਜਾਵਾਂ।"... ਮੈਂ ਪੁੱਛਿਆ ਕਿ ਕੀ ਹੋ ਗਿਆ ਤਾਂ ਕਹਿੰਦਾ, "ਜਿਹੋ ਜਿਹਾ ਜ਼ਿੰਦਗੀ ਦਾ ਸੁਆਦ ਹੁਣ ਆਇਆ ਏ, ਏਸ ਤੋਂ ਵੱਧ ਨਹੀਂ ਕੁਝ ਹੋ ਸਕਦਾ।... ਯਾਰ ਤੂੰ ਕਦੇ ਵੇਖ ਈ ਜਾਹ ਆਪਣੀ ਭਰਜਾਈ ਜੂਲੀ ਨੂੰ।"

ਇਕ ਦਿਨ ਮੇਰਾ ਵੀ ਦਿਲ ਕਰ ਆਇਆ। ਮੈਂ ਗੁਰਦੀਪ ਨੂੰ ਫੋਨ ਕਰ ਕੇ ਫੇਰ ਆਪਣੇ ਮੁੰਡੇ ਦੇ ਦੋਸਤ ਪੁਲਸ ਅਫਸਰ ਦੀ ਕਾਰ 'ਚ ਗੱਲਾਂ ਕਰਦਾ ਗੁਰਦੀਪ ਦੇ ਬਿਰਧ ਘਰ ਪਹੁੰਚ ਗਿਆ। ਉਹਨੇ ਪਹਿਲਾਂ ਈ ਸਭ ਨੂੰ ਦੱਸਿਆ ਹੋਇਆ ਸੀ। ਮੇਰੇ ਰਹਿਣ ਵਾਸਤੇ ਵਧੀਆ ਕਮਰੇ ਦਾ ਪ੍ਰਬੰਧ ਸੀ।... ਦਫਤਰ 'ਚ ਕੰਮ ਕਰਦੀ ਇਕ ਸੋਹਣੀ ਜ਼ਨਾਨੀ ਮੈਨੂੰ ਗੁਰਦੀਪ ਦੇ ਕਮਰੇ ਤਕ ਛੱਡ ਗਈ। ਇਕ ਸੇਵਾਦਾਰਨੀ ਚਾਹ ਲੈਣ ਚਲੀ ਗਈ। ਦੂਜੀ ਖਾਖੀ ਵਰਦੀ ਵਾਲੀ ਨੇ ਮੇਰੇ ਲਈ ਵੱਡਾ ਤੇ ਸਾਫ ਸੁਥਰਾ ਕਮਰਾ ਖੋਲ੍ਹ ਦਿੱਤਾ। ਜਿੱਥੇ ਗੀਜ਼ਰ ਵਾਲਾ ਵੱਡਾ ਬਾਥ ਰੂਮ ਸੀ। ਮੇਜ਼ਾਂ ਕੁਰਸੀਆਂ ਸਨ ਤੇ ਟੀ. ਵੀ. ਲੱਗਾ ਹੋਇਆ ਸੀ। .... ਮੇਰੀ ਸੈਨਤ ਦੇ ਜਵਾਬ 'ਚ ਗੁਰਦੀਪ ਨੇ ਦੱਸਿਆ ਕਿ ਨਹੀਂ, ਇਹ ਉਹ ਨਹੀਂ। ਉਹਨੇ ਅੱਜ ਠਹਿਰ ਕੇ ਆਓਣਾ ਏ।

ਵਿਹੜੇ 'ਚ ਲੱਗੇ ਸ਼ਾਨਦਾਰ ਫੁੱਲ ਬੂਟਿਆਂ ਵਿਚਕਾਰ ਚਾਹ ਪੀਂਦਿਆਂ ਮੈਂ ਵੇਖਿਆ ਕਿ ਦੋਵੇਂ ਪਾਸੀਂ ਵਰਾਂਡਿਆਂ 'ਚ ਆਪਣੇ ਕਮਰਿਆਂ ਅੱਗੇ ਮੰਜੇ ਡਾਹ ਕੇ ਬੁੱਢੇ ਤੇ ਬੁੱਢੀਆਂ ਬੈਠੇ ਸਨ। ਚਾਰੇ ਪਾਸੇ ਚੁੱਪ ਚਾਂ ਸੀ। ਇਕ ਖੂੰਜੇ ਵਾਲੇ ਕਮਰੇ ਦੀ ਬੁੱਢੀ ਕੁਰਸੀ ਨੂੰ ਠਾਹ ਮਾਰ ਕੇ ਖੜਾਕ ਕਰ ਦੇਂਦੀ ਸੀ। ਗੁਰਦੀਪ ਨੇ ਮੈਨੂੰ ਦੱਸਿਆ ਕਿ ਇਹ ਕਮਲੀ ਏ। ਇਕ ਦਿਨ ਮੇਰੇ ਕਮਰੇ 'ਚ ਦੁੱਧ ਗਰਮ ਕਰਨ ਆ ਗਈ। ਮੈਂ ਅੰਦਰੇ ਇਹਦੇ ਹੱਥ ਫੇਰ ਲਿਆ। ਇਹ ਚੁੱਪ ਰਹੀ। ਮੈਂ ਫੇਰ ਚੁੰਮ ਲਈ।... ਇਹ ਦੁੱਧ ਗਰਮ ਕਰ ਕੇ ਬਾਹਰ ਨਿੱਕਲ ਕੇ ਗਾਹਲਾਂ ਕੱਢਣ ਲੱਗ ਪਈ ਕਿ ਵੀਹ ਸਾਲ ਦਾ ਮੇਰਾ ਸਤ ਤਪ ਭੰਗ ਕਰ ਦਿੱਤਾ ਏ ਏਸ ਬੁਢੜੇ ਨੇ। ... ਏਸ ਪਾਗਲ ਜਿਹੀ ਦੀ ਗੱਲ ਦਾ ਕੋਈ ਵਿਸ਼ਵਾਸ ਨਾ ਕਰੇ।

ਗੁਰਦੀਪ ਦਾ ਕਮਰਾ ਗੰਦਾ ਸੀ। ਬੱਤੀ ਜਗਣ 'ਤੇ ਵੀ ਹਨ੍ਹੇਰਾ ਸੀ। ਚੀਜ਼ਾਂ ਖਿੱਲਰੀਆਂ ਪਈਆਂ ਸਨ। ਮੇਰਾ ਕਿਸੇ ਚੀਜ਼ ਨੂੰ ਹੱਥ ਲਾਓਣ ਨੂੰ ਵੀ ਦਿਲ ਨਹੀਂ ਸੀ ਕਰਦਾ। ਮੈਂ ਕਿਆਸ ਕਰਦਾ ਰਿਹਾ ਕਿ ਉਹ ਤੇ ਜੂਲੀ ਕਿਹੜੇ ਖੂੰਜੇ 'ਚ ਬਹਿ ਕੇ ਉਹ ਸਾਰੇ ਕੰਮ ਕਰਦੇ ਸੀ, ਜਿਹੜੇ ਉਹ ਮੈਨੂੰ ਰੋਜ਼ ਟੈਲੀਫੋਨ 'ਤੇ ਦੱਸਦਾ ਰਹਿੰਦਾ ਸੀ। ਉਹਦੇ ਬਾਥ ਰੂਮ 'ਚ ਜਾ ਕੇ ਬਾਹਰ ਨਿੱਕਲਦਿਆਂ ਈ ਮੈਨੂੰ ਗੰਦਗੀ ਤੇ ਬਦਬੂ ਦਾ ਅਹਿਸਾਸ ਹੋਇਆ। ਮੈਂ ਆਪਣਾ ਬੈਗ ਚੁੱਕ ਕੇ ਨਵੇਂ ਕਮਰੇ 'ਚ ਚਲਿਆ ਗਿਆ। ਅਸੀਂ ਸੋਫੇ 'ਤੇ ਬੈਠੇ ਗੱਲਾਂ ਕਰਦੇ ਰਹੇ। ਕੁਝ ਚਿਰ ਬਾਅਦ ਜੂਲੀ ਆ ਗਈ। ਉਹ ਪੈਂਤੀ ਚਾਲੀ ਸਾਲ ਦੀ ਮੂੰਹ ਮੱਥੇ ਲੱਗਦੀ ਚੰਗੀ ਜ਼ਨਾਨੀ ਸੀ। ਉਹਦੇ ਬੋਲਣ ਤੇ ਕੰਮ ਕਰਨ 'ਚ ਸਲੀਕਾ ਸੀ। ਗੁਰਦੀਪ ਦੇ ਗੰਦੇ ਕਮਰੇ ਦੇ ਦਿਸਦੇ ਕਮੋਡ ਦੇ ਸਾਹਮਣੇ ਰੱਖੇ ਚੁਲ੍ਹੇ 'ਤੇ ਬਣਾਈ ਜੂਲੀ ਦੀ ਚਾਹ ਚੰਗੀ ਸੀ। ਪਰ ਮੈਨੂੰ ਪੀਂਦੇ ਨੂੰ ਕੁਝ ਕਚ੍ਰਿਆਣ ਜਿਹੀ ਆਈ ਸੀ। ਚਾਹ ਗੰਦੀ ਥਾਂ ਬਣਾਈ ਗਈ ਸੀ।



ਦੂਜੇ ਦਿਨ ਮੈਂ ਸਵੇਰੇ ਈ ਜਲੰਧਰ ਵਾਲੀ ਬਸ ਫੜ ਲਈ।... ਕੁਝ ਦਿਨਾਂ ਬਾਅਦ ਗੁਰਦੀਪ ਦਾ ਫੋਨ ਆਇਆ। ਉਹ ਕਾਦੀਆਂ ਤੋਂ ਬੋਲ ਰਿਹਾ ਸੀ। ਉਹ ਪੰਦਰਾਂ ਮਿੰਟਾਂ ਤਕ ਇਹ ਦੱਸਦਾ ਰਿਹਾ ਕਿ ਉਹਨੂੰ ਬੁੱਢਿਆਂ ਵਿਚ ਕਾਮੁਕ ਵਿਕਾਰ ਕਿੰਨਾ ਹੁੰਦਾ ਏ, ਇਹ ਕਿਸੇ ਨੇ ਨਹੀਂ ਲਿਖਿਆ।

ਹੁਣ ਗੁਰਦੀਪ ਬਿਰਧ ਘਰ'ਚ ਉੱਕਾ ਕੱਲਾ ਏ। ਉਹਦੀ ਪਤਨੀ ਸ਼ਹਿਰ ਦੇ ਕਿਸੇ ਹਸਪਤਾਲ 'ਚ ਨੌਕਰੀ ਕਰਦੀ ਏ। ਜਿੱਥੇ ਉਹਨੇ ਲਿਖ ਕੇ ਦਿੱਤਾ ਹੋਇਆ ਏ ਕਿ ਉਹ ਦਿੱਲੀ ਦੇ ਦੰਗਿਆਂ ਦੀ ਵਿਧਵਾ ਏ।... ਗੁਰਦੀਪ ਉਦਾਸ ਰਹਿੰਦਾ ਏ। ਕੋਈ ਕੁੱਟਣ ਵਾਲਾ ਪੁੱਤ ਉਹਦੇ ਕੋਲ ਨਹੀਂ ਆਉਂਦਾ। ਜੀਹਤੋਂ ਕੁੱਟ ਖਾ ਕੇ ਉਹ ਉਹਦੇ ਸੁਖਾਂ ਬਾਰੇ ਤੇ ਉਹਦੇ ਵਿਆਹ ਬਾਰੇ ਸੋਚਦਾ ਰਵ੍ਹੇ। ਆਖਰ ਜੀਹਦੇ ਪੁੱਤ ਹੁੰਦਾ ਏ, ਕੁੱਟ ਵੀ ਉਹੀ ਖਾਂਦਾ ਏ।

ਗੁਰਦੀਪ ਏਨਾ ਕਮਜ਼ੋਰ ਨਹੀਂ ਕਿ ਹੌਸਲਾ ਹਾਰ ਜਾਵੇ। ਹੁਣ ਮੈਂ ਉਹਦੀ ਇਕ ਹੋਰ ਕਹਾਣੀ ਲਿਖਾਂਗਾ, "ਇਕ ਹੋਰ ਜਣਾ'।

ਮੇਰੀ ਕਲਪਨਾ 'ਚ ਉਹਦੀ ਜੀਵਨ ਕਹਾਣੀ ਦਾ ਇਕ ਰੋਮਾਂਟਿਕ ਜਿਹਾ ਅੰਤ ਬਣਿਆ ਪਿਆ ਏ। ... ਇਹ ਭਾਵੇਂ ਕਦੇ ਵੀ ਹੋਵੇ ਜਾਂ ਨਾ। ਪਰ ਮੇਰਾ ਮਨ ਕਹਿੰਦਾ ਏ ਕਿ ਇਕ ਦਿਨ ਅਜਿਹਾ ਆਵੇਗਾ ਕਿ ਉਹ ਆਪਣੇ ਪੁਰਾਣੇ ਸ਼ਹਿਰ 'ਚ ਉਹ ਹੋਵੇਗਾ। ਨਾਲ ਉਹਦੀ ਪਤਨੀ ਹੋਵੇਗੀ। ਉਹਦੀ ਧੀ ਤੇ ਪੁੱਤਰ ਵੀ ਪਹੁੰਚ ਜਾਣਗੇ। ... ਸਭ ਕੱਠੇ ਹੋਣਗੇ। ਪਰ ਕੋਈ , ਕਿਸੇ ਨਾਲ ਗੱਲ ਕਰਨ ਜੋਗਾ ਨਹੀਂ ਹੋਵੇਗਾ।

ਰੱਬ ਕਰੇ ਅਜਿਹਾ ਨਾ ਹੋਵੇ। ਇਹ ਉਹਦੇ ਲਈ ਤਾਂ ਪਤਾ ਨਹੀਂ ਕਿਹੋ ਜਿਹਾ ਹੋਵੇ, ਪਰ ਮੇਰੇ ਲਈ ਬਹੁਤ ਭਿਆਨਕ ਦ੍ਰਿਸ਼ ਹੋਵੇਗਾ।

ਇਕ ਦਿਨ ਉਹ ਮੁੰਡੇ ਨੂੰ ਪੈਸੇ ਦੇਣ ਜਲੰਧਰ ਆਇਆ ਤਾਂ ਮੁੰਡੇ ਨੇ ਆਪਣੇ ਕਮਰੇ 'ਚ ਨਾ ਵੜਨ ਦਿੱਤਾ। ਬਾਪ ਨੇ ਕਿਹਾ, "ਮੈਨੂੰ ਪਿਆਸ ਲੱਗੀ ਏ। ਗਰਮੀ 'ਚ ਆਇਐਂ, ਪਾਣੀ ਪਿਆ ਦੇ।"... ਉਹਨੇ ਪੰਜ ਗਾਹਲਾਂ ਹੋਰ ਕੱਢ ਦਿੱਤੀਆਂ। ਬਾਪ ਰੋਂਦਾ ਮੁੜ ਗਿਆ। ਸ਼ਰਮ ਦਾ ਮਾਰਿਆ ਮੈਨੂੰ ਮਿਲਣ ਵੀ ਨਾ ਆਇਆ। ਕੁਵੇਲਾ ਜਿਹਾ ਹੋਇਆ ਤਾਂ ਆਪਣੀ ਧੀ ਕੋਲ ਫਗਵਾੜੇ ਚਲਿਆ ਗਿਆ। ਉਹ ਉਹਦਾ ਤੇ ਆਪਣੇ ਨਿੱਕੇ ਭਰਾ ਦਾ ਹਾਲ ਚਾਲ ਪੁੱਛਦੀ ਰਹੀ। ਗੁਰਦੀਪ ਦਾ ਖਿਆਲ ਸੀ ਕਿ ਉਹ ਸਵੇਰ ਨੂੰ ਨਾਸ਼ਤਾ ਕਰ ਕੇ ਆਰਾਮ ਨਾਲ ਜਾਵੇਗਾ। ਪਰ ਧੀ ਨੇ ਮੂੰਹ ਹਨੇਰੇ ਈ ਨਾਸ਼ਤਾ ਕਰਾ ਕੇ ਉਹਨੂੰ ਤੋਰ ਕੇ ਅਹਿਸਾਸ ਕਰਾ ਦਿੱਤਾ ਕਿ ਹੁਣ ਉਹਨੂੰ ਵੀ ਆਪਣੇ ਬਾਪ ਦੇ ਆਓਣ 'ਤੇ ਸ਼ਰਮ ਆਉਂਦੀ ਏ। ਜਠਾਣੀ ਤੇ ਹੋਰ ਸਾਕ ਪੁੱਛਦੇ ਹੁੰਦੇ ਸੀ ਕਿ ਤੇਰਾ ਪਿਓ ਕਿੱਥੇ ਰਹਿੰਦਾ ਏ? ਕੀ ਦੱਸਦੀ ਕਿ ਕਿਸੇ ਯਤੀਮਖਾਨੇ 'ਚ ਦਿਨ ਕੱਟਦਾ ਏ?

ਫੇਰ ਗੁਰਦੀਪ ਨੇ ਮੋਬਾਈਲ ਲੈ ਲਿਆ। ਫੇਰ ਲੱਤ ਦੇ ਦਰਦ ਦਾ ਬਹਾਨਾ ਨਾ ਰਿਹਾ। ਤੀਜੇ ਚੌਥੇ ਦਿਨ ਮੇਰੇ ਨਾਲ ਗੱਲ ਹੋ ਜਾਂਦੀ। ਇਕ ਦਿਨ ਉਹਨੇ ਦੱਸਿਆ, "ਉਹ ਜੂਲੀ ਜਿਹੜੀ ਪਹਿਲੀ ਵਾਰ ਹੱਥ ਫੜਨ 'ਤੇ ਕਹਿੰਦੀ ਸੀ ਕਿ ਮੈਂ ਇਹੋ ਜਿਹੀਆਂ ਜ਼ਨਾਨੀਆਂ ਵਰਗੀ ਨਹੀਂ, ਹੁਣ ਉਹ ਆਪ ਈ ਮੇਰੇ ਕਮਰੇ ਦੇ ਗੇੜੇ ਮਾਰ ਜਾਂਦੀ ਏ। ਜ਼ਿੰਦਗੀ 'ਚ ਜਿਹੜਾ ਕੰਮ ਮੈਂ ਨਹੀਂ ਸੀ ਕੀਤਾ, ਉਹ ਵੀ ਕਰ ਕੇ ਵੇਖ ਲਿਆ।.... ਏਨੀ ਪਿਆਰੀ ਜ਼ਨਾਨੀ ਨਹੀਂ ਲੱਭਣੀ ਦੁਨੀਆਂ 'ਤੇ।... ਉਹ ਕਿਤੇ ਜ਼ਨਾਨੀ ਜਾਤ ਏ, ਉਹ ਤਾਂ ਫਰਿਸ਼ਤਾ ਏ ਏਸ ਜੱਗ 'ਤੇ ਗਲਤੀ ਨਾਲ ਰੱਬ ਦਾ ਘੱਲਿਆ ਹੋਇਆ।... ਮੈਂ ਪੈਸੇ ਦੇਂਦਾ ਹਾਂ, ਉਹ ਜਵਾਬ ਦੇ ਦੇਂਦੀ ਏ। ਮੈਨੂੰ ਧੱਕੇ ਨਾਲ ਉਹਦੇ

ਬੋਝੇ ਪਾਓਣੇ ਪੈਂਦੇ ਨੇ।... ਲੈ ਆ ਗਈ ਊ, ਤੇਰੀ ਭਰਜਾਈ। ... ਤੂੰ ਗੱਲ ਕਰਨੀ ਊ?.... "ਲੈ ਜੂਲੀ, ਮੇਰਾ ਯਾਰ ਬੋਲਦਾ ਏ, ਗੱਲ ਕਰ। ਸੰਗ ਨਾ। ਚਲ, ਇਹਨੂੰ ਸਾਸਰੀਕਾਲ ਕਹਿ ਦੇ।"... ਪਤਲੀ ਤੇ ਮੱਧਮ ਜਿਹੀ ਅਵਾਜ਼ ਸੁਣਦੀ ਏ, "ਸਾਸਰੀਕਾਲ ਜੀ।"... ਉਹਦੀ ਅਵਾਜ਼ ਸੁਣ ਕੇ ਮੈਨੂੰ ਪਤਾ ਨਹੀਂ ਕਿਹੜੇ ਨਗਰ ਗੁਰਦੀਪ ਦੇ ਘਰ ਕੰਮ ਕਰਨ ਆਉਂਦੀ ਤੇ ਸਾਰੇ ਗੁਪਤ ਧੰਦੇ ਕਰਨ ਵਾਲੀ ਮਾਲਣ ਯਾਦ ਆ ਗਈ। ਜਿਹੜੀ ਸਰੀਰ ਤੋਂ ਤਾਂ ਹੱਟੀ ਕੱਟੀ ਸੀ, ਪਰ ਦੇਖ ਕੇ ਮੈਨੂੰ ਲੱਗਦਾ ਹੁੰਦਾ ਸੀ ਕਿ ਉਹਦੇ ਪਿੰਡੇ 'ਚੋਂ ਬੋ ਆਉਂਦੀ ਹੋਵੇਗੀ। ਇਹ ਉਹਦੀਆਂ ਤਾਰੀਫਾਂ ਕਰਦਾ ਨਹੀਂ ਸੀ ਥੱਕਦਾ ਹੁੰਦਾ। ਹੁਣ ਕਹਿੰਦਾ, "ਉਹ ਮਾਲਣ ਕੀ ਸੀ? ਪਾਂ ਪਾਂਸਕੂ ਵੀ ਨਹੀਂ। ਕਿੱਥੇ ਇਹ ਤੇਰੀ ਭਰਜਾਈ! ... ਉਹ ਤੂੰ ਆ ਕੇ ਤਾਂ ਦੇਖ, ਧਰਮ ਪਾਲ ਆਪਣੀ ਭਰਜਾਈ, ਜੂਲੀ ਨੂੰ। ਉਂਜ ਭਰਜਾਈਆਂ ਲੱਖ ਹੋਣਗੀਆਂ, ਇਹਦੇ ਵਰਗੀ ਨਹੀਂ ਹੋਣੀ ਜੱਗ 'ਤੇ! ... ਹੁਣ ਤੇ ਇਹੋ ਫਿਲਮੀ ਗਾਣਾ ਗਾਉਂਦਾ ਹਾਂ," ... ਨਾ ਕੁਛ ਤੇਰੇ ਬਸ ਮੇਂ ਜੂਲੀ, ਨਾ ਕੁਛ ਮੇਰੇ ਬਸ ਮੇਂ....।"

ਫੇਰ ਉਹਦਾ ਫੋਨ ਕੁਝ ਦਿਨਾਂ ਬਾਅਦ ਆ ਜਾਂਦਾ। ਨਿੱਤ ਨਵੀਂ ਕਹਾਣੀ ਸੁਨਣ ਨੂੰ ਮਿਲਦੀ। ਉਹ ਦੱਸਦਾ....

ਕਹਿੰਦਾ, "ਜੂਲੀ ਦੇ ਘਰ ਇਕ ਅਮੀਰ ਕਾਮਰੇਡ ਵੀ ਰਹਿੰਦਾ ਏ। ਉਹ ਪਹਿਲਾਂ ਏਸ ਘਰ' ਚ ਈ ਰਹਿੰਦਾ ਸੀ। ਹੁਣ ਇਹਦੇ ਘਰ ਵੜ ਗਿਆ ਏ। ਉਹਨੇ ਇਹਦੇ ਘਰ 'ਚ ਪੱਕਾ ਕਮਰਾ ਪਾ ਲਿਆ ਏ। ਇਹਦੇ ਮੁੰਡੇ ਨੂੰ ਪੁਰਾਣਾ ਸਕੂਟਰ ਲੈ ਦਿੱਤਾ ਏ। ਉਹਦਾ ਏਥੇ ਹੋਰ ਕੋਈ ਨਹੀਂ। ਜਿਮੀਂਦਾਰ ਏ। ਉਹਨੂੰ ਚਿੰਤਾ ਏ ਕਿ ਉਹਦੇ ਬਾਅਦ ਉਹਦੀ ਜਾਇਦਾਦ ਸ਼ਰੀਕਾਂ ਸਾਂਭਣੀ ਏ। ਉਹ ਜੂਲੀ ਨਾਲ ਸਾਰੀਆਂ ਮੌਜਾਂ ਕਰਦਾ ਏ। ਉਂਜ ਉਹਨੂੰ ਬੇਟੀ ਕਹਿੰਦਾ ਏ। ਰੱਬ ਈ ਜਾਣੇ।... ਬੰਦਾ ਪੜ੍ਹਿਆ ਗੁਣਿਆ ਤੇ ਖੂਬਸੂਰਤ ਏ। ਪੈਸੇ ਧੇਲੇ ਦੀ ਮਦਦ ਇਹਦੇ ਸਾਕਾਂ ਦੀ ਵੀ ਕਰ ਦੇਂਦਾ ਏ। ...

"ਜੂਲੀ ਨੇ ਅੱਜ ਰੰਗ ਲਾ ਦਿੱਤੇ।... ਤੇਰੇ ਕੋਲ ਕੋਈ ਸੁਣਦਾ ਤੇ ਨਹੀਂ?... ਅੱਜ ਦੁਪਹਿਰੇ ਆਈ ਤਾਂ ਮੈਂ ਕੰਬਲ ਲਈ ਪਿਆ ਸੀ। ਮੈਂ ਸੋਚਿਆ ਕਿ ਕਾਮਰੇਡ ਕਿਤੇ ਗਿਆ ਹੋਇਆ ਏ। ਇਹਨੂੰ ਪੈਸਿਆਂ ਦੀ ਲੋੜ ਹੋਵੇਗੀ। ਪਰ ਨਹੀਂ, ਉਹ ਤਾਂ ਕੁੰਡੀ ਲਾ ਕੇ ਮੇਰੇ ਕੰਬਲ 'ਚ ਵੜ ਗਈ। ਅੱਗੋਂ ਰੱਬ ਨੇ ਮਿਹਰ ਕਰ ਦਿੱਤੀ। ਜਾਣ ਲੱਗੀ ਨੂੰ ਮੈਂ ਪੈਸੇ ਦਿਆਂ, ਪਰ ਉਹ ਲਵੇ ਨਾ। ਮੈਂ ਧੱਕੇ ਨਾਲ ਉਹਦੇ ਬੋਝੇ 'ਚ ਪਾ ਦਿੱਤੇ।

"ਕਲ੍ਹ ਮੇਰੀ ਭੈਣ ਪੂਰੀ ਹੋ ਗਈ, ਵੱਡੀ। ਨਿੱਕਾ ਆਇਆ, ਮੈਨੂੰ ਕਾਰ 'ਚ ਲੈ ਗਿਆ।... ਸੱਚ ਦੱਸਾਂ, ਮੈਨੂੰ ਕੋਈ ਦੁੱਖ ਨਹੀਂ ਹੋਇਆ। ਸਸਕਾਰ ਕਰ ਕੇ ਮੁੜ ਆਏ। ਹੁਣ ਮੈਂ ਭੋਗ 'ਤੇ ਨਹੀਂ ਜਾਣਾ। ਯਾਰ ਕਿਸੇ ਮਰਗ 'ਤੇ ਜਾਣ ਨੂੰ ਰੂਹ ਨਹੀਂ ਕਰਦੀ।

ਅੰਬਰਸਰ ਭਣਵਈਆ ਰਹਿੰਦਾ ਸੀ। ਉਹ ਵੀ ਪੂਰਾ ਹੋ ਗਿਆ। ਮੇਰਾ ਇਕ ਰਿਸ਼ਤੇਦਾਰ ਕਾਰ 'ਚ ਮੈਨੂੰ ਲੈ ਗਿਆ। ਮੈਂ ਜਾਣਾ ਨਹੀਂ ਸੀ ਚਾਹੁੰਦਾ। ਸਸਕਾਰ ਵੇਲੇ ਰੋਂਦੀਆਂ ਵੈਣ ਪਾਉਂਦੀਆਂ ਜ਼ਨਾਨੀਆਂ ਮੈਨੂੰ ਉਹ ਲੱਗੀਆਂ, ਜਿਨ੍ਹਾਂ ਨੂੰ ਤੂੰ 'ਫਫਾਕੁਟਨੀਆਂ' ਕਹਿੰਦਾ ਹੁੰਦਾ ਏਂ। ਖੇਖਣ ਕਰਦੀਆਂ। ਉਹ ਮੇਰੇ ਹਾਣ ਦਾ ਸੀ। ਮਰ ਗਿਆ ਸੋ ਮਰ ਗਿਆ। ਮੇਰਾ ਹੁਣ ਕੋਈ ਲੈਣਾ ਦੇਣਾ ਈ ਨਹੀਂ ਸੀ ਓਸ ਬੰਦੇ ਨਾਲ।... ਹੁਣ ਅਜਿਹੇ ਮੌਕੇ 'ਤੇ ਜਾਣ ਨੂੰ ਦਿਲ ਨਹੀਂ ਕਰਦਾ। ਕਾਰ 'ਚ ਜਾ ਕੇ ਵੀ ਜਿਸਮ ਥੱਕ ਜਾਂਦਾ ਏ।



"ਤੂੰ ਕੱਲਾ ਈ ਏਂ ਨਾ ਕਮਰੇ 'ਚ? ਤਾਂ ਸੁਣ, ... ਜੂਲੀ ਹੁਣੇ ਗਈ ਏ। ਉਹ ਅਰਜ਼ੀ 'ਤੇ ਗੂਠਾ ਲਾਂਦੀ ਏ। ਕਹਿੰਦੀ, ਮੈਨੂੰ ਦਸਖਤ ਕਰਨੇ ਸਿਖਾ ਦੇ। ਮੈਂ ਉਹਦਾ ਹੱਥ ਫੜ ਕੇ ਪੈੱਨ ਚਲਾਣਾ ਦੱਸਿਆ, ਉਹਨੂੰ ਕੁੱਛੜ 'ਚ ਬਹਾ ਕੇ 'ਜੱਜਾ' ਲਿਖਣਾ ਸਿਖਾਇਆ। ... ਦੇਖ ਮੈਂ ਤਾਂ ਸਮਝਿਆ ਸੀ ਕਿ ਜ਼ਿੰਦਗੀ ਹਾਰ ਚੁੱਕਾ ਹਾਂ। ਕੀ ਪਤਾ ਸੀ, ਇਹ ਕੌਤਕ ਵੀ ਹੋਣੇ ਨੇ। ਮੈਨੂੰ ਏਨਾ ਪਿਆਰ ਮਿਲੇਗਾ ਏਸ ਉਮਰੇ, ਕਦੇ ਸੋਚਿਆ ਨਹੀਂ ਸੀ। ਲੱਗਦਾ ਸੀ ਕਿ ਹੁਣ ਤਾਂ ਬੱਸ ਧੱਕੇ ਰਹਿ ਗਏ ਨੇ। ਤੇ ਫੇਰ ਮੌਤ। ਮੈਨੂੰ ਸਾਰਾ ਕੁਝ ਹਰਾ-ਹਰਾ ਈ ਸੁੱਝਦਾ ਏ ਹੁਣ। ... ਹੁਣ ਤੇ ਦਿਲ ਕਰਦਾ ਏ ਕਿ ਮਰ ਈ ਜਾਵਾਂ। ਦੁਨੀਆ 'ਚ ਹੋਰ ਏਸ ਤੋਂ ਵੱਧ ਖੁਸ਼ੀ ਕਿਥੇ ਮਿਲਣੀ ਏ? ... ਤੂੰ ਹੈਰਾਨ ਹੋਵੇਂਗਾ ਕਿ ਸਾਰੀ ਉਮਰ ਮੈਂ ਪਤਾ ਨਹੀਂ ਕਿਹੜੀ-ਕਿਹੜੀ ਗੰਦੀ ਮੰਦੀ ਜ਼ਨਾਨੀ ਦੇ ਤਰਲੇ ਲੈਂਦਾ ਰਿਹਾ ਹਾਂ। ਇਹ... ਇਹ ਜੇ ਮੈਂ ਇਕ ਦਿਨ ਪਿਆਰ ਨਾ ਕਰਾਂ ਤਾਂ ਮੇਰੇ ਤਰਲੇ ਕਰਨ ਲੱਗ ਪੈਂਦੀ ਏ। ਖਬਰੇ ਕੀ ਬਣਾਇਆ ਈ ਇਹਨੂੰ ਰੱਬ ਨੇ। ਮੈਂ ਇਹਨੂੰ ਮਿਲ ਕੇ ਹੁਣ ਰੱਬ ਨੂੰ ਮੰਨਣ ਲੱਗ ਪਿਆ ਹਾਂ।

ਕੁਝ ਦਿਨਾਂ ਬਾਅਦ ਗੁਰਦੀਪ ਮੇਰੇ ਘਰ ਜਲੰਧਰ ਆਇਆ। ਉਹਨੇ ਨਵੇਂ ਕੱਪੜੇ ਤੇ ਨਵੇਂ ਬੂਟ ਪਾਏ ਹੋਏ ਸਨ। ਉਹਨੇ ਦੱਸਿਆ ਕਿ ਇਹ ਬਿਰਧ ਘਰ ਵਾਲਿਆਂ ਦਿੱਤੇ ਨੇ। ਉਹ ਮੈਨੂੰ ਤਾਂ ਮਿਲਣ ਰਸਮੀ ਤੌਰ 'ਤੇ ਆਇਆ ਸੀ, ਪਰ ਬਹੁਤਾ ਮਿਲਣ ਤਾਂ ਉਹ ਆਪਣੇ ਪੁੱਤਰ ਨੂੰ ਆਇਆ ਸੀ। ਉਹਦੇ ਕੋਲ ਹੋ ਆਇਆ ਸੀ। ਪੈਸੇ ਦੇ ਆਇਆ ਸੀ। ਫੇਰ ਉਹਨੇ ਦੱਸਿਆ ਕਿ ਮੁੰਡਾ ਬਿਰਧ ਘਰ 'ਚ ਜਾਣ ਲੱਗ ਪਿਆ ਏ। ਮੋਟੀ ਮਾਇਆ ਮੰਗਦਾ ਏ। ਮੈਂ ਕਿੱਥੋਂ ਦਿਆਂ? ਕਾਦੀਆਂ ਵੀ ਜਾ ਆਉਂਦਾ ਏ। ਮੈਂ ਕਿਹਾ, ਚੰਗਾ ਹੁਣ ਉਹਨੂੰ ਜਿਊਣ ਦਾ ਢੰਗ ਆ ਗਿਆ ਏ।... ਜਦੋ ਮੈਂ ਪੁੱਛਿਆ ਕਿ ਮੁੰਡਾ ਆਪਣੀ ਮਾਂ ਨੂੰ ਨਹੀਂ ਮਿਲਣ ਗਿਆ? ਉਹਨੇ ਵੀ ਪੈਸੇ ਜੋੜ ਕੇ ਰੱਖੇ ਹੋਣਗੇ? ਤਾਂ ਗੁਰਦੀਪ ਨੇ ਮੈਨੂੰ ਆਪਣੀ ਧੀ ਦੇ ਆਪਣੀ ਮਾਂ ਨੂੰ ਮਿਲਣ ਜਾਣ ਦੀ ਗੱਲ ਸੁਣਾ ਦਿੱਤੀ। ਕਹਿੰਦਾ, "ਕੁੜੀ ਗਈ ਸੀ ਆਪਣੀ ਮਾਂ ਨੂੰ ਮਿਲਣ। ਮਾਂ ਨੇ ਰੌਲ਼ਾ ਪਾ ਕੇ ਕਿਹਾ ਸੀ ਕਿ ਇਹ ਕੋਈ ਠੱਗੀ ਲਾਓਣ ਆਈ ਏ। ਮੇਰੇ ਤਾਂ ਦੋਵੇਂ ਬੱਚੇ ਤੇ ਮਰਦ ਦਿੱਲੀ ਦੇ ਚੁਰਾਸੀ ਦੇ ਸਿੱਖ ਵਿਰੋਧੀ ਦੰਗਿਆਂ 'ਚ ਮਾਰੇ ਗਏ ਸਨ।"... ਧੀ ਪੁਲਸ ਤੋਂ ਡਰਦੀ ਮੁੜ ਆਈ ਸੀ।

ਦੂਜੇ ਤੀਜੇ ਦਿਨ ਗੁਰਦੀਪ ਦਾ ਫੋਨ ਆ ਕਹਿੰਦਾ, "ਮੇਰਾ ਦਿਲ ਕਰਦਾ ਏ, ਮੈਂ ਹੁਣ ਮਰ ਜਾਵਾਂ।"... ਮੈਂ ਪੁੱਛਿਆ ਕਿ ਕੀ ਹੋ ਗਿਆ ਤਾਂ ਕਹਿੰਦਾ, "ਜਿਹੋ ਜਿਹਾ ਜ਼ਿੰਦਗੀ ਦਾ ਸੁਆਦ ਹੁਣ ਆਇਆ ਏ, ਏਸ ਤੋਂ ਵੱਧ ਨਹੀਂ ਕੁਝ ਹੋ ਸਕਦਾ।... "

ਇਕ ਦਿਨ ਮੇਰਾ ਵੀ ਦਿਲ ਕਰ ਆਇਆ। ਮੈਂ ਉਹਨੂੰ ਫੋਨ ਕਰ ਕੇ ਫੇਰ ਆਪਣੇ ਮੁੰਡੇ ਦੇ ਦੋਸਤ ਪੁਲਸ ਅਫਸਰ ਦੀ ਕਾਰ 'ਚ ਗੱਲਾਂ ਕਰਦਾ ਬਿਰਧ ਘਰ ਪਹੁੰਚ ਗਿਆ। ਉਹਨੇ ਪਹਿਲਾਂ ਈ ਸਭ ਨੂੰ ਦੱਸਿਆ ਹੋਇਆ ਸੀ। ਮੇਰੇ ਰਹਿਣ ਵਾਸਤੇ ਵਧੀਆ ਕਮਰੇ ਦਾ ਪ੍ਰਬੰਧ ਸੀ।... ਦਫਤਰ 'ਚ ਕੰਮ ਕਰਦੀ ਇਕ ਸੋਹਣੀ ਜ਼ਨਾਨੀ ਮੈਨੂੰ ਗੁਰਦੀਪ ਦੇ ਕਮਰੇ ਤਕ ਲੈ ਗਈ। ਇਕ ਸੇਵਾਦਾਰਨੀ ਚਾਹ ਲੈਣ ਚਲੀ ਗਈ। ਦੂਜੀ ਖਾਖੀ ਵਰਦੀ ਵਾਲੀ ਨੇ ਮੇਰੇ ਲਈ ਵੱਡਾ ਤੇ ਸਾਫ ਸੁਥਰਾ ਕਮਰਾ ਖੋਲ੍ਹ ਦਿੱਤਾ। ਜਿੱਥੇ ਮੇਜ਼ਾਂ ਕੁਰਸੀਆਂ ਸਨ ਤੇ ਟੀ. ਵੀ. ਲੱਗਾ ਹੋਇਆ ਸੀ। .... ਮੇਰੀ ਸੈਨਤ ਦੇ ਜਵਾਬ 'ਚ ਗੁਰਦੀਪ ਨੇ ਦੱਸਿਆ ਕਿ ਨਹੀਂ, ਇਹ ਉਹ ਨਹੀਂ। ਉਹਨੇ ਅੱਜ ਠਹਿਰ ਕੇ ਆਓਣਾ ਏ।

ਵਿਹੜੇ 'ਚ ਲੱਗੇ ਸ਼ਾਨਦਾਰ ਫੁੱਲ ਬੂਟਿਆਂ ਵਿਚਕਾਰ ਚਾਹ ਪੀਂਦਿਆਂ ਮੈਂ ਵੇਖਿਆ ਕਿ ਦੋਵੇਂ ਪਾਸੀਂ ਵਰਾਂਡਿਆਂ 'ਚ ਆਪਣੇ ਕਮਰਿਆਂ ਅੱਗੇ ਮੰਜੇ ਡਾਹ ਕੇ ਬੁੱਢੇ ਤੇ ਬੁੱਢੀਆਂ ਬੈਠੇ ਨੇ।

ਇਕ ਖੂੰਜੇ ਵਾਲੇ ਕਮਰੇ ਦੀ ਬੁੱਢੀ ਮੰਜੇ ਜਾਂ ਕੁਰਸੀ ਨੂੰ ਠਾਹ ਮਾਰ ਕੇ ਖੜਾਕ ਕਰ ਦੇਂਦੀ ਸੀ। ਗੁਰਦੀਪ ਨੇ ਮੈਨੂੰ ਦੱਸਿਆ ਕਿ ਇਹ ਇਕ ਦਿਨ ਮੇਰੇ ਕਮਰੇ 'ਚ ਦੁੱਧ ਗਰਮ ਕਰਨ ਆ ਗਈ। ਮੈਂ ਅੰਦਰੇ ਇਹਦੇ ਹੱਥ ਫੇਰ ਲਿਆ। ਇਹ ਚੁੱਪ ਰਹੀ। ਮੈਂ ਫੇਰ ਚੁੰਮ ਲਈ। ...ਇਹ ਦੁੱਧ ਗਰਮ ਕਰ ਕੇ ਬਾਹਰ ਨਿੱਕਲ ਕੇ ਗਾਹਲਾਂ ਕੱਢਣ ਲੱਗ ਪਈ ਕਿ ਵੀਹ ਸਾਲ ਦਾ ਮੇਰਾ ਤਪ ਭੰਗ ਕਰ ਦਿੱਤਾ ਏ ਬੁਢੜੇ ਨੇ। ...

ਗੁਰਦੀਪ ਦਾ ਕਮਰਾ ਗੰਦਾ ਸੀ। ਬੱਤੀ ਜਗਣ 'ਤੇ ਵੀ ਹਨ੍ਹੇਰਾ ਸੀ। ਚੀਜ਼ਾਂ ਖਿੱਲਰੀਆਂ ਪਈਆਂ ਸਨ। ਮੇਰਾ ਕਿਸੇ ਚੀਜ਼ ਨੂੰ ਹੱਥ ਲਾਓਣ ਨੂੰ ਵੀ ਦਿਲ ਨਹੀਂ ਸੀ ਕਰਦਾ। ਮੈਂ ਕਿਆਸ ਕਰਦਾ ਰਿਹਾ ਕਿ ਉਹ ਤੇ ਜੂਲੀ ਕਿਹੜੇ ਖੂੰਜੇ 'ਚ ਬਹਿ ਕੇ ਉਹ ਸਾਰੇ ਕੰਮ ਕਰਦੇ ਸੀ, ਜਿਹੜੇ ਉਹ ਮੈਨੂੰ ਰੋਜ਼ ਟੈਲੀਫੋਨ 'ਤੇ ਦੱਸਦਾ ਰਹਿੰਦਾ ਸੀ। ਮੈਂ ਆਪਣਾ ਬੈਗ ਚੁੱਕ ਕੇ ਨਵੇਂ ਸਾਫ ਕਮਰੇ 'ਚ ਚਲਿਆ ਗਿਆ। ਅਸੀਂ ਸੋਫੇ 'ਤੇ ਬੈਠੇ ਗੱਲਾਂ ਕਰਦੇ ਰਹੇ। ਕੁਝ ਚਿਰ ਬਾਅਦ ਜੂਲੀ ਆ ਗਈ। ਉਹ ਪੈਂਤੀ ਚਾਲੀ ਸਾਲ ਦੀ ਮੂੰਹ ਮੱਥੇ ਲੱਗਦੀ ਚੰਗੀ ਜ਼ਨਾਨੀ ਸੀ। ਉਹਦੇ ਬੋਲਣ ਤੇ ਕੰਮ ਕਰਨ 'ਚ ਸਲੀਕਾ ਸੀ। ਉਹ ਸਾਡੇ ਲਈ ਚਾਹ ਲੈ ਕੇ ਆ ਗਈ।

ਦੂਜੇ ਦਿਨ ਮੈਂ ਸਵੇਰੇ ਈ ਜਲੰਧਰ ਵਾਲੀ ਬਸ ਫੜ ਲਈ। .... ਕੁਝ ਦਿਨਾਂ ਬਾਅਦ ਗੁਰਦੀਪ ਦਾ ਫੋਨ ਆਇਆ। ਉਹ ਕਾਦੀਆਂ ਤੋਂ ਬੋਲ ਰਿਹਾ ਸੀ। ਉਹ ਪੰਦਰਾਂ ਮਿੰਟਾਂ ਤਕ ਇਹ ਦੱਸਦਾ ਰਿਹਾ ਕਿ ਉਹਨੂੰ ਬੁੱਢਿਆਂ ਨਾਲ ਕਾਮੁਕ ਵਿਹਾਰ ਦੇ ਕਿੰਨੇ ਅਜੀਬ-ਅਜੀਬ ਤਜਰਬੇ ਹੋਏ ਨੇ। ਪਤਾ ਨਹੀਂ ਉਹਦੀਆਂ ਗੱਲਾਂ 'ਚ ਕਿੰਨਾ ਕੁ ਸੱਚ ਤੇ ਕਿੰਨੀ ਕੁ ਕਲਪਨਾ ਸੀ।

ਹੁਣ ਗੁਰਦੀਪ ਬਿਰਧ ਘਰ'ਚ ਉੱਕਾ ਕੱਲਾ ਏ। ਉਹਦੀ ਪਤਨੀ ਸ਼ਹਿਰ ਦੇ ਕਿਸੇ ਹਸਪਤਾਲ 'ਚ ਨੌਕਰੀ ਕਰਦੀ ਏ। ਗੁਰਦੀਪ ਉਦਾਸ ਰਹਿੰਦਾ ਏ। ਕੋਈ ਕੁੱਟਣ ਵਾਲਾ ਪੁੱਤ ਉਹਦੇ ਕੋਲ ਨਹੀਂ। ਆਖਰ ਜੀਹਦੇ ਪੁੱਤ ਹੁੰਦਾ ਏ, ਕੁੱਟ ਵੀ ਉਹੀ ਖਾਂਦਾ ਏ।

ਗੁਰਦੀਪ ਏਨਾ ਕਮਜ਼ੋਰ ਨਹੀਂ ਕਿ ਹੌਸਲਾ ਹਾਰ ਜਾਵੇ। ਮੇਰੀ ਕਲਪਨਾ 'ਚ ਉਹਦੀ ਜੀਵਨ ਕਹਾਣੀ ਦਾ ਇਕ ਰੋਮਾਂਟਿਕ ਜਿਹਾ ਅੰਤ ਬਣਿਆ ਪਿਆ ਏ। ... ਇਹ ਭਾਵੇਂ ਕਦੇ ਵੀ ਲਿਖ ਹੋਵੇ ਜਾਂ ਨਾ। ਪਰ ਮੇਰਾ ਮਨ ਕਹਿੰਦਾ ਏ ਕਿ ਇਕ ਦਿਨ ਅਜਿਹਾ ਆਵੇਗਾ ਕਿ ਉਹਦੇ ਓਸ ਪੁਰਾਣੇ ਸ਼ਹਿਰ 'ਚ ਉਹ ਹੋਵੇਗਾ। ਨਾਲ ਉਹਦੀ ਮੁੜ ਕੇ ਘਰ ਆਈ ਪਹਿਲੀ ਜਾਂ ਦੂਜੀ ਪਤਨੀ ਹੋਵੇਗੀ। ਉਹਦੀ ਧੀ ਤੇ ਪੁੱਤਰ ਵੀ ਪਹੁੰਚ ਜਾਣਗੇ। ... ਸਭ ਕੱਠੇ ਹੋਣਗੇ।

ਰੱਬ ਕਰੇ ਅਜਿਹਾ ਨਾ ਹੋਵੇ। ਇਹ ਉਹਦੇ ਲਈ ਤਾਂ ਪਤਾ ਨਹੀਂ ਕਿਹੋ ਜਿਹਾ ਹੋਵੇ, ਪਰ ਮੇਰੇ ਲਈ ਬਹੁਤ ਭਿਆਨਕ ਦ੍ਰਿਸ਼ ਹੋਵੇਗਾ।



## ਮਸਤ/ਹਰਜੀਤ ਅਟਵਾਲ

ਮੈਂ ਬ੍ਰਿਸਟਲ ਡੇਢ ਕੁ ਘੰਟੇ ਵਿੱਚ ਪਾਰ ਕਰ ਲਿਆ। ਅੱਗੇ ਵੈਸਟਨ-ਸੁਪਰ-ਮੇਅਰ ਅੱਧੇ ਘੰਟੇ ਵਿੱਚ, ਉਸ ਤੋਂ ਅੱਗੇ ਲੀਅ-ਸੈਂਡਜ਼ ਤੱਕ ਪੁੱਜਣ ਵਿੱਚ ਪੰਦਰਾਂ ਮਿੰਟ ਲੱਗੇ। ਕੁਲ ਸਫਰ ਸਵਾ ਦੋ ਘੰਟੇ। ਏਨਾ ਕੁ ਹੀ ਨੈਵੀਗੇਟਰ ਦੱਸ ਰਿਹਾ ਸੀ। ਤੇ ਨੈਵੀਗੇਟਰ ਨੇ ਇਕ ਦਮ ਬਲਿਊ ਵੇਲ ਬੈਂਗਲੋ, ਮੇਰਾ ਹੌਲੀਡੇ ਹੋਮ, ਮੂਹਰੇ ਲੈ ਜਾ ਖੜਾ ਕੀਤਾ। ਇਸ ਬੰਗਲੇ ਨੂੰ ਮੈਂ ਤਸਵੀਰ ਤੋਂ ਹੀ ਪੱਛਾਣ ਲਿਆ।

ਇਹ ਟੈਰੀ ਰੋਡ ਸੀ। ਜਿਸ ਦੇ ਖੱਬੇ ਪਾਸੇ ਸਾਰੇ ਹੌਲੀਡੇ ਹੋਮਜ਼ ਸਨ, ਸੱਜੇ ਪਾਸੇ ਕੈਰਾਵੈਨਾਂ ਖੜੀਆਂ ਕਰਨ ਲਈ ਵਿਸ਼ੇਸ਼ ਜਗਾਹ। ਟੈਰੀ ਰੋਡ ਕੁਝ ਹੋਰ ਅੱਗੇ ਐਲੀਫੈਂਟ ਹਿਲਜ਼ 'ਤੇ ਜਾ ਕੇ ਖਤਮ ਹੋ ਜਾਂਦੀ ਸੀ। ਐਲੀਫੈਂਟ ਹਿਲਜ਼ ਨਾਮੀ ਪਹਾੜੀ ਦੀ ਖਿੱਚ ਕਾਰਨ ਹੀ ਮੈਂ ਇਥੇ ਆਇਆ ਸਾਂ। ਦੱਸ ਪਈ ਸੀ ਕਿ ਇਥੇ ਇਸ ਮੌਸਮ ਵਿੱਚ ਪੀਲੀਆਂ ਚਿੜੀਆਂ ਦੇਖਣ ਨੂੰ ਮਿਲਦੀਆਂ ਹਨ ਤੇ ਉਹਨਾਂ ਨੂੰ ਮੈਂ ਕੈਮਰੇ ਵਿੱਚ ਬੰਦ ਕਰਨਾ ਸੀ। ਅਮੈਚੁਅਰ ਫੋਟਗ੍ਰਾਫਰਜ਼ ਕਲੱਬ ਦਾ ਮੈਂ ਮੈਂਬਰ ਸਾਂ, ਉਥੋਂ ਹੀ ਇਹ ਜਾਣਕਾਰੀ ਮਿਲੀ ਸੀ। ਵਾਈਲਡ ਲਾਈਫ ਦੀ ਫੋਟੋਗ੍ਰਾਫੀ ਕਰਨ ਦਾ ਸ਼ੌਂਕ ਮੈਨੂੰ ਸੁਦਾਅ ਦੀ ਹੱਦ ਤੱਕ ਸੀ। ਹੁਣ ਵੀ ਮਹੀਨੇ ਦੀਆਂ ਛੁੱਟੀਆਂ ਕਰ ਕੇ ਇਥੇ ਆ ਗਿਆ ਸਾਂ। ਇਥੇ ਆਲੇ ਦੁਆਲੇ ਕਈ ਰਿਜ਼ੌਰਟ ਹਨ ਜਿਥੇ ਜੰਗਲੀ ਜੀਵ ਮਿਲਦੇ ਹਨ ਖਾਸ ਕਰਕੇ ਪੰਛੀ। ਸ਼ਾਇਦ ਚਿੱਟੀ ਪੂਛ ਵਾਲੇ ਉਸ ਬਾਜ਼ ਦੀ ਤਸਵੀਰ ਵੀ ਲੈ ਸਕਾਂ ਜੋ ਦੋ ਸੌ ਚਾਲੀ ਸਾਲ ਬਾਅਦ ਇੰਗਲੈਂਡ ਮੁੜਿਆ ਹੈ। ਅਖ਼ਬਾਰਾਂ ਦਸ ਰਹੀਆਂ ਸਨ ਕਿ ਜਦ ਇਹ ਪੰਛੀ ਪੂਰੇ ਖੰਭ ਖੋਹਲਦਾ ਹੈ ਤਾਂ ਇਸ ਦਾ ਆਕਾਰ ਢਾਈ ਮੀਟਰ ਦੇ ਕਰੀਬ ਹੋ ਜਾਂਦਾ ਹੈ। ਅਠਾਰਵੀਂ ਸਦੀ ਵਿੱਚ ਅਚਾਨਕ ਬਾਜ਼ ਦੀ ਇਹ ਨਸਲ ਇੰਗਲੈਂਡ ਵਿੱਚੋਂ ਅਲੋਪ ਹੋ ਗਈ ਸੀ, ਹੁਣ ਇਸ ਸਭ ਤੋਂ ਵੱਡੇ ਇਸ ਪੰਛੀ ਨੂੰ ਦੇਖਣ ਲਈ ਮੇਰੇ ਵਰਗੇ ਫੋਟਗ੍ਰਾਫਰ ਕਾਹਲੇ ਪੈ ਰਹੇ ਸਨ।

ਜਿਵੇਂ ਜੈਕ ਨੇ ਕਿਹਾ ਸੀ, ਦੋ ਵਜੇ ਤੋਂ ਬਾਅਦ ਬੰਗਲੇ ਦੀ ਚਾਬੀ ਮੈਟ ਹੇਠਾਂ ਪਈ ਹੋਵੇਗੀ। ਚਾਬੀ ਚੁੱਕੀ, ਬੂਹਾ ਖੋਹਲਿਆ। ਅੰਦਰੋਂ ਵਧੀਆ ਜਿਹੀ ਖੁਸ਼ਬੂ ਆਈ। ਜਾਪਦਾ ਸੀ ਕਿ ਤਾਜ਼ਾ ਹੀ ਸੰਵਾਰਿਆ ਹੈ। ਦੋ ਬੈੱਡ ਰੂਮ, ਇਕ ਬੈਠਕ ਤੇ ਨਾਲ ਰਸੋਈ ਤੇ ਗੁਸਲਖਾਨਾ ਆਦਿ। ਏਨੀ ਜਗਾਹ ਮੇਰੇ ਲਈ ਬਹੁਤ ਸੀ। ਛੋਟਾ ਸੀ, ਕਿਰਾਇਆ ਵੀ ਇਸੇ ਲਈ ਹੀ ਕੁਝ ਘੱਟ ਸੀ।

ਕੌਫੀ-ਟੇਬਲ 'ਤੇ ਵੈਲਕੰਮ ਹੈਂਪਰ ਪਿਆ ਸੀ ਜਿਸ ਵਿੱਚ ਫੁੱਲਾਂ ਦਾ ਗੁਲਦਸਤਾ, ਸ਼ੈਂਪੇਨ ਦੀ ਬੋਤਲ ਤੇ ਚੌਕਲੇਟ ਦਾ ਡੱਬਾ ਸੀ। ਰਸੋਈ ਵਿੱਚ ਖਾਣ-ਪੀਣ ਦਾ ਕੁਝ ਸਮਾਨ ਸੀ ਭਾਵ ਕਿ ਅੱਜ ਲਈ ਮੈਨੂੰ ਕੁਝ ਵੀ ਬਾਹਰੋਂ ਲਿਆਉਣ ਦੀ ਲੋੜ ਨਹੀਂ ਸੀ। ਵੈਸੇ ਮੈਂ ਕਾਫੀ ਸਾਰਾ ਸਮਾਨ ਨਾਲ ਲੈ ਆਇਆ ਸਾਂ। ਗੂਗਲ ਤੋਂ ਦੇਖ ਲਿਆ ਸੀ ਕਿ ਦੋ ਕੁ ਸੌ ਗਜ਼ 'ਤੇ ਇਕ ਲੋਕਲ ਦੁਕਾਨ ਵੀ ਹੈ। ਵੱਡੇ ਸਟੋਰ ਨੇੜਲੇ ਸ਼ਹਿਰ, ਵੈਸਟਨ-ਸੁਪਰ-ਮੇਅਰ ਵਿੱਚ ਸਨ। ਆਪਣੇ ਲਈ ਖਾਣਾ ਬਣਾਉਣ ਦੀ ਮੈਂ ਕਦੇ ਵੀ ਘੋਲ਼ ਨਹੀਂ ਕੀਤੀ।

ਮੈਂ ਕਾਰ ਵਿੱਚੋਂ ਸਮਾਨ ਕੱਢ ਕੇ ਟਿਕਾਇਆ। ਫਰਿੱਜ ਵਾਲਾ ਫਰਿੱਜ ਵਿੱਚ ਰੱਖਿਆ ਤੇ ਸ਼ੈਲਫ ਵਾਲਾ ਸ਼ੈਲਫ 'ਤੇ। ਵਾਈਫਾਈ ਕੁਨੈਕਟ ਕੀਤਾ, ਆਪਣਾ ਲੈਪਟੌਪ ਤੇ ਕੈਮਰੇ-ਲੈਨਜ਼ ਵਾਲਾ ਬੈਗ ਰਾਈਟਿੰਗ ਟੇਬਲ 'ਤੇ ਰੱਖੇ। ਕੈਮਰਾ ਦਾ ਸਟੈਂਟ ਵੀ ਫਿੱਟ ਕਰ ਲਿਆ। ਕੈਮਰਾ ਤੇ ਲੈਪਟੌਪ ਚਾਰਜ 'ਤੇ ਲਾ ਕੇ ਮੈਂ ਬਾਹਰ ਗਾਰਡਨ ਵੱਲ ਨਿਕਲ ਗਿਆ। ਨੀਲਾ ਸਮੁੰਦਰ ਦੂਰ ਤੱਕ

ਫੈਲਿਆ ਹੋਇਆ ਸੀ। ਸਾਹਮਣੇ ਦੂਰ, ਸਮੁੰਦਰੋਂ ਪਾਰ, ਵੇਲਜ਼ ਦੀਆਂ ਪਹਾੜੀਆਂ ਦੇ ਝਾਉਲੇ ਦਿਸ ਰਹੇ ਸਨ। ਸੱਜੇ ਪਾਸੇ ਦੋ ਕੁ ਸੌ ਮੀਟਰ 'ਤੇ ਸਮੁੰਦਰ ਵਿੱਚ ਨੂੰ ਵਧੀ ਹੋਈ ਐਲੀਫੈਂਟ ਹਿੱਲ ਸੀ। ਦੂਰੋਂ ਇਵੇਂ ਜਾਪਦਾ ਸੀ ਜਿਵੇਂ ਹਾਥੀ ਸਮੁੰਦਰ ਵਿੱਚ ਪਾਣੀ ਪੀ ਰਿਹਾ ਹੋਵੇ, ਸ਼ਾਇਦ ਇਸੇ ਕਰਕੇ ਇਸ ਦਾ ਨਾਂ ਐਲੀਫੈਂਟ ਹਿੱਲ ਸੀ। ਦੋਵੇਂ ਮਹਾਂ ਯੁੱਧਾਂ ਵਿੱਚ ਇੱਥੇ ਦੁਸ਼ਮਣਾਂ ਖਿਲਾਫ ਤੋਪਖਾਨੇ ਬੀੜੇ ਰਹੇ ਸਨ ਕਿ ਕਿਤੇ ਦੁਸ਼ਮਣ ਇਸ ਪਾਸਿਓਂ ਹਮਲਾ ਨਾ ਕਰ ਦੇਵੇ। ਖੱਬੇ ਪਾਸੇ ਨੂੰ ਕਈ ਮੀਲ ਤੱਕ ਬੀਚ ਫੈਲਿਆ ਹੋਇਆ ਸੀ। ਜਿਵੇਂ ਵੈਬਸਾਈਟ 'ਤੇ ਲਿਖਿਆ ਹੀ ਸੀ ਕਿ ਇਥੇ ਲੋਕ ਬਹੁਤ ਘੱਟ ਹੁੰਦੇ ਹਨ ਕਿਉਂ ਕਿ ਇਹ ਸਾਰੇ ਹੌਲੀਡੇਅ ਹੋਮਜ਼ ਹੀ ਹਨ, ਇਹਨਾਂ ਤੋਂ ਬਿਨਾਂ ਇਥੇ ਲੋਕ ਬਹੁਤ ਘੱਟ ਆਇਆ ਕਰਦੇ ਹਨ। ਇਹਨਾਂ ਹੌਲੀਡੇ ਹੋਮਜ਼ ਦੇ ਗਾਰਡਨ ਵੀ ਬੀਚ ਵਾਂਗ ਹੀ ਸਨ ਇਸ ਲਈ ਲੋਕ ਬੀਚ ਵੱਲ ਘੱਟ ਨਿਕਲਦੇ ਹੋਣਗੇ। ਇਸ ਵੇਲੇ ਵੀ ਬੀਚ 'ਤੇ ਕੁਝ ਗਿਣਤੀ ਦੇ ਲੋਕ ਹੀ ਸਨ, ਏਨੇ ਵੱਡੇ ਬੀਚ ਤੇ ਮਸਾਂ ਵੀਹ ਕੁ ਲੋਕ ਦਿਖਾਈ ਦੇ ਰਹੇ ਸਨ, ਬਹੁਤੇ ਆਪਣੇ ਕੁੱਤਿਆਂ ਨਾਲ ਸਨ। ਕੁਝ ਕੁ ਗਜ਼ ਬਰੀਕ ਪੱਥਰ ਜਾਂ ਬੱਟੀਆਂ ਸਨ ਤੇ ਅੱਗੇ ਰੇਤਾ ਜਾਂ ਗਾਰਾ ਸੀ ਜੋ ਦੂਰ ਤੱਕ ਜਾਂਦਾ ਸੀ। ਇਹ ਗਿੱਲੀ ਜਗਾਹ ਸਮੁੰਦਰ ਦੇ ਚੜ੍ਹਨ ਦੀ ਆਮ ਹੱਦ ਸੀ।

ਪੰਜ ਵੱਜੇ ਸਨ। ਸੂਰਜ ਹਾਲੇ ਜੋਬਨ 'ਤੇ ਸੀ। ਜ਼ਰਾ ਕੁ ਸੁਸਤਾ ਕੇ ਬੀਚ ਦਾ ਚੱਕਰ ਲਾਵਾਂਗਾ।

ਅਗਲੇ ਦਿਨ ਮੈਂ ਜਲਦੀ ਉਠਿਆ। ਨਾਸ਼ਤਾ ਕਰਕੇ ਸੂਰਜ ਦੇ ਚੜ੍ਹਨ ਦੇ ਨਾਲ ਹੀ ਪਹਾੜੀ ਵੱਲ ਚਲੇ ਗਿਆ। ਕੈਮਰਾ ਤੇ ਸਾਰੇ ਲੈਨਜ਼ ਮੇਰੇ ਕੋਲ ਸਨ। ਕਾਫੀ ਸਾਰੇ ਪੰਛੀ ਦੇਖਣ ਨੂੰ ਮਿਲੇ ਪਰ ਪੀਲੀਆਂ ਚਿੜੀਆਂ ਜਿਸ ਬਾਰੇ ਮੈਨੂੰ ਮੇਰੇ ਇਕ ਫੋਟੋਗ੍ਰਾਫਰ ਦੋਸਤ ਹੈਲਨਾ ਨੇ ਦੱਸਿਆ ਸੀ, ਨਹੀਂ ਦਿਸੀਆਂ। ਕੁਝ ਨਵੇਂ ਪੰਛੀਆਂ ਦੀ ਤਸਵੀਰਾਂ ਨੇ ਮੇਰੀ ਤਸੱਲੀ ਕਰਾ ਦਿੱਤੀ ਸੀ। ਪੰਜ ਘੰਟੇ ਮੈਂ ਘੁੰਮ ਕੇ ਜ਼ਰਾ ਕੁ ਥੱਕ ਗਿਆ ਸਾਂ। ਭੁੱਖ ਵੀ ਲੱਗ ਆਈ ਸੀ। ਮੈਂ ਵਾਪਸੀ ਕਰ ਲਈ।

ਦੁਪਹਿਰ ਦਾ ਖਾਣਾ ਖਾ ਕੇ ਸੋਚਿਆ ਕਿ ਬੀਚ ਦੀ ਸੈਰ ਕੀਤੀ ਜਾਵੇ। ਮੈਂ ਕੈਮਰਾ ਗਲ਼ ਵਿੱਚ ਪਾਇਆ ਤੇ ਗਾਰਡਨ ਦਾ ਦਰਵਾਜ਼ਾ ਖੋਹਲ ਕੇ ਬੀਚ ਵੱਲ ਉਤਰ ਗਿਆ। ਮੈਂ ਪੱਥਰ ਜਿਹੇ ਲੰਘ ਕੇ ਰੇਤੇ ਉਪਰ ਆ ਗਿਆ ਤੇ ਸਮੁੰਦਰ ਦੇ ਨਾਲ ਨਾਲ ਚੱਲਣ ਲੱਗਾ। ਇਸ ਵੇਲੇ ਸਮੁੰਦਰ ਉਤਰ ਰਿਹਾ ਸੀ। ਇਸ ਦੇ ਉਤਰਾਅ-ਚੜ੍ਹਾਅ ਦੇ ਵਕਤ ਦੇ ਵਾਕਫ ਹੋਣ ਨੂੰ ਕੁਝ ਦਿਨ ਲੱਗ ਹੀ ਜਾਣੇ ਸਨ।

ਦੂਰੋਂ ਮੈਨੂੰ ਕੋਈ ਆਪਣੇ ਵੱਲ ਆਉਂਦਾ ਦਿਸਿਆ। ਜਾਪਦਾ ਸੀ ਕਿ ਉਸ ਨੇ ਕਪੜੇ ਨਹੀਂ ਪਹਿਨੇ ਹੋਏ। ਮੈਂ ਤੁਰਦਾ ਹੋਇਆ ਉਸ ਦੇ ਹੋਰ ਨੇੜੇ ਹੋਇਆ ਤਾਂ ਦੇਖਿਆ ਕਿ ਇਹ ਕੋਈ ਔਰਤ ਸੀ, ਅਲਫ ਨੰਗੀ। ਮੈਂ ਇਕ ਦਮ ਸਕਤੇ ਵਿੱਚ ਆ ਗਿਆ। ਕਿਤੇ ਇਹ ਨਿਊਡ-ਬੀਚ ਤਾਂ ਨਹੀਂ। ਜਿਸ ਨੂੰ ਸਭਿਆ ਬਣਾਉਣ ਲਈ ਨੈਚੁਰਿਸਟ-ਬੀਚ ਕਿਹਾ ਜਾਂਦਾ ਹੈ। ਉਹ ਔਰਤ ਹੋਰ ਨੇੜੇ ਆਈ। ਛਾਂਟਵੇਂ ਜਿਸਮ ਵਾਲੀ ਜਵਾਨ ਖ਼ੂਬਸੂਰਤ ਔਰਤ ਸੀ। ਉਸ ਨੇ ਮੇਰੇ ਵੱਲ ਦੇਖਿਆ ਤੇ ਮੁਸਕ੍ਰਾਹਟ ਦਿੱਤੀ। ਮੈਂ ਇਕ ਦਮ 'ਗੁੱਡ ਆਫਟਰਨੂਨ' ਕਹਿ ਦਿੱਤਾ। ਉਸ ਨੇ ਵੀ 'ਗੁੱਡ ਆਫਟਰਨੂਨ' ਕਿਹਾ ਤੇ ਨਾਲ ਹੀ ਮੇਰੇ ਗਲ਼ ਵਿੱਚ ਕੈਮਰਾ ਦੇਖਦੀ, ਹੱਥ ਨਾਂਹ ਵਿੱਚ ਹਿਲਾਉਂਦੀ ਬੋਲੀ, "ਨੋ ਫੋਟੋ ਪਲੀਜ਼!"

"ਡੌਂਟ ਵੱਰੀ!" ਆਖਦਾ ਮੈਂ ਅੱਗੇ ਲੰਘ ਗਿਆ।

ਫੋਟੋ ਖਿੱਚਣ ਦੀ ਮੈਨੂੰ ਕਿਥੋਂ ਸੁੱਧ ਸੀ। ਮੈਂ ਤਾਂ ਉਸ ਨੂੰ ਇਸ ਹਾਲਤ ਵਿੱਚ ਦੇਖ ਕੇ ਹੀ



ਸੁੰਨ ਜਿਹਾ ਹੋਇਆ ਪਿਆ ਸਾਂ।

ਮੇਰਾ ਦਿਲ ਕੀਤਾ ਕਿ ਉਸ ਨੂੰ ਪਿੱਛਿਓਂ ਵੀ ਦੇਖਾਂ। ਬਹੁਤੀਆਂ ਔਰਤਾਂ ਪਿੱਛੋਂ ਹੋਰ ਵੀ ਸੁਹਣੀਆਂ ਦਿਸਦੀਆਂ ਹਨ ਪਰ ਮੈਂ ਮੁੜ ਕੇ ਨਾ ਦੇਖਿਆ। ਮੈਨੂੰ ਜਾਪਿਆ ਕਿ ਇਵੇਂ ਦੇਖਣਾ ਉਸ ਦੇ ਖ਼ੂਬਸੂਰਤ ਜਿਸਮ ਦੀ ਤੌਹੀਨ ਕਰਨਾ ਹੋਵੇਗਾ।

ਮੈਂ ਤੁਰਿਆ ਜਾਂਦਾ ਫੋਨ ਤੋਂ ਗੂਗਲ 'ਤੇ ਚੈੱਕ ਕਰਨ ਲੱਗਾ ਕਿ ਸ਼ਾਇਦ ਇਸ ਬੀਚ 'ਤੇ ਨਿਊਡ ਲੋਕਾਂ ਲਈ ਕੋਈ ਰਿਆਇਤਾਂ ਦਿੱਤੀਆਂ ਹੋਈਆਂ ਹੋਣ। ਗੂਗਲ ਵਿੱਚ ਅਜਿਹਾ ਕੁਝ ਵੀ ਨਾ ਮਿਲਿਆ। ਐਡੇ ਵੱਡੇ ਬੀਚ 'ਤੇ ਇਵੇਂ ਇਕ ਔਰਤ ਦਾ ਨੰਗੇ ਫਿਰਨਾ ਮੇਰੇ ਲਈ ਅਜੀਬ ਗੱਲ ਸੀ। ਜ਼ਰੂਰ ਇਹ ਮਸਤ ਹੋਵੇਗੀ। ਉਸ ਦੀਆਂ ਵੱਡੀਆਂ ਕਾਲੀਆਂ ਅੱਖਾਂ ਸਵੈ-ਵਿਸਵਾਸ਼ ਨਾਲ ਭਰੀਆਂ ਪਈਆਂ ਸਨ। ਉਸ ਨੇ ਜਿਸ ਹਿਸਾਬ ਨਾਲ ਮੈਨੂੰ ਮੁਸਕ੍ਰਾਹਟ ਦਿੱਤੀ, ਸੰਖੇਪ ਜਿਹੇ ਬੋਲ ਬੋਲੇ, ਇਹ ਤਾਂ ਕੋਈ ਪੜ੍ਹੀ-ਲਿਖੀ ਔਰਤ ਹੀ ਕਰ ਸਕਦੀ ਹੈ।

ਉਸ ਨੂੰ ਮਸਤ ਸੋਚਣ ਨਾਲ ਹੀ ਮੈਨੂੰ ਮਸਤਾਂ ਦਾ ਉਹ ਪਿੰਡ ਚੇਤੇ ਆ ਗਿਆ ਜਿਥੇ ਬਹੁਤ ਸਾਲ ਪਹਿਲਾਂ ਮੈਂ ਕੁਝ ਸਮਾਨ ਡਿਲਿਵਰ ਕਰਨ ਗਿਆ ਸਾਂ। ਉਤਰੀ ਲੰਡਨ ਤੋਂ ਬਾਹਰ ਨਿਕਲਦਿਆਂ ਹੀ ਹਾਰਟਫੋਰਟਸ਼ਾਇਰ ਵਿੱਚ ਇਕੱਲਵਾਂਝੇ ਜਿਹੇ ਇਹ ਇਕ ਛੋਟਾ ਜਿਹਾ ਪਿੰਡ ਹੈ। ਇਥੇ ਸਾਰੇ ਲੋਕ ਨੰਗੇ ਰਹਿੰਦੇ ਹਨ। ਟੱਬਰਾਂ ਦੇ ਟੱਬਰ। ਬੱਚੇ, ਜਵਾਨ, ਬੁੱਢੇ, ਔਰਤਾਂ ਮਰਦ। ਸਾਰੇ ਹੀ ਨੰਗੇ। ਇਥੇ ਇਕ ਵੱਡਾ ਸਟੋਰ ਸੀ ਜਿਥੇ ਮੈਂ ਸਮਾਨ ਛੱਡਣਾ ਸੀ। ਉਸ ਸਟੋਰ ਵਿੱਚ ਨੰਗੇ ਲੋਕ ਆਮ ਵਾਂਗ ਸ਼ੌਪਿੰਗ ਕਰਦੇ ਫਿਰ ਰਹੇ ਸਨ। ਇਕ ਪੱਬ ਵੀ ਸੀ, ਬੈਂਕ ਤੇ ਹੋਰ ਸਾਰੀਆ ਸਹੂਲਤਾਂ ਵੀ ਸਨ। ਉਥੇ ਕੰਮ ਕਰਨ ਵਾਲੇ ਲੋਕ ਭਾਵੇਂ ਕਪੜੇ ਪਹਿਨੇ ਹੋਏ ਸਨ ਪਰ ਉਸ ਪਿੰਡ ਦੇ ਬਾਸ਼ਿੰਦੇ ਅਲਫ ਨੰਗੇ ਸਨ। ਮੈਂ ਅੱਧਾ ਕੁ ਘੰਟਾ ਉਥੇ ਘੁੰਮਿਆਂ ਪਰ ਕਿਸੇ ਨੇ ਵੀ ਮੇਰੇ ਵੱਲ ਨਹੀਂ ਦੇਖਿਆ। ਇਸ ਸਾਰੇ ਆਪਣੇ ਆਪ ਵਿੱਚ ਮਸਤ ਸਨ। ਇਹ ਨੈਚੁਰਿਸਟ-ਲੋਕਾਂ ਦਾ ਪਿੰਡ ਸੀ ਜੋ ਕੁਦਰਤ ਦੇ ਨੇੜੇ ਰਹਿਣਾ ਚਾਹੁੰਦਾ ਸਨ। ਆਮ ਲੋਕਾਂ ਵਿੱਚ ਤਾਂ ਨੰਗੇ ਹੋ ਕੇ ਇਹ ਲੋਕ ਆ ਨਹੀਂ ਸਨ ਸਕਦੇ ਇਸ ਲਈ ਅਲੱਗ ਪਿੰਡ ਹੀ ਵਸਾ ਲਿਆ ਸੀ। ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਸਾਧਾਰਨ ਲੋਕ ਨਹੀਂ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਡਾਕਟਰ, ਵਕੀਲ, ਇੰਜਨੀਅਰ ਤੇ ਵੱਡੀਆਂ ਜੌਬਾਂ ਵਾਲੇ ਵੀ ਹਨ।

ਅੱਸੀਵਿਆਂ ਵਿੱਚ ਅਜਿਹੇ ਲੋਕਾਂ ਨੇ ਇਕ ਲਹਿਰ ਚੱਲੀ ਸੀ ਕਿ ਸਾਨੂੰ ਨੰਗੇ ਰਹਿਣ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਲਹਿਰ ਦਾ ਯੌਰਪ ਵਿੱਚ ਬਹੁਤਾ ਜ਼ੋਰ ਸੀ। ਉਥੇ ਨੇਚੁਰਿਸਟਾਂ ਲਈ ਅਲੱਗ ਬੀਚ ਬਣਾ ਦਿੱਤੇ ਗਏ। ਇਹਨਾਂ ਲਈ ਸੈਰ-ਗਾਹਾਂ ਜਾਂ ਪਾਰਕ ਵੀ ਤੈਅ ਕਰ ਦਿੱਤੇ ਗਏ। ਕਲੋਨੀਆਂ-ਪਿੰਡ ਉਸਰ ਗਏ। ਅਜਿਹੇ ਪਿੰਡ ਜਿਹਨਾਂ ਵਿੱਚ ਦੁਕਾਨਾਂ, ਬੈਂਕ, ਰੈਸਟੋਰੈਂਟ ਆਦਿ ਹੁੰਦੇ ਹਨ। ਅੱਜ ਵੀ ਇਹ ਪਿੰਡ ਹੋਂਦ ਵਿੱਚ ਹਨ।

ਇਸ ਲਹਿਰ ਨੇ ਬ੍ਰਤਾਨੀਆਂ ਵਿੱਚ ਵੀ ਜ਼ੋਰ ਫੜਿਆ ਸੀ। ਪਹਿਲਾਂ ਬਰਾਈਟਨ ਬੀਚ ਦੇ ਇਕ ਹਿੱਸੇ ਨੂੰ ਨੇਚੁਰਿਸਟ-ਬੀਚ ਘੋਸ਼ਿਤ ਕਰ ਦਿੱਤਾ ਗਿਆ। ਹੋਰ ਵੀ ਕੁਝ ਬੀਚਾਂ ਉਪਰ ਵੀ ਨੰਗੇ ਰਹਿਣ ਵਾਲੇ ਲੋਕਾਂ ਲਈ ਜਗਾਵਾਂ ਰਾਖਵੀਆਂ ਰੱਖ ਦਿੱਤੀਆਂ ਗਈਆਂ ਸਨ ਤੇ ਪਿੰਡ ਵੀ ਵਸਾ ਦਿੱਤੇ ਗਏ ਸਨ।

ਪੱਚੀ ਸਾਲ ਹੋ ਗਏ ਸਨ ਮੈਨੂੰ ਮਸਤਾਂ ਦੇ ਉਸ ਪਿੰਡ ਵਿੱਚ ਗਿਆਂ, ਮੁੜ ਕੇ ਮੈਂ ਉਧਰ

ਨੂੰ ਮੂੰਹ ਨਹੀਂ ਸੀ ਕੀਤਾ। ਵੈਸੇ ਬਹੁਤ ਸਾਰੇ ਲੋਕ ਇਹਨਾਂ ਨਿਊਡ-ਬੀਚਾਂ ਉਪਰ ਇਹਨਾਂ ਨੇਚੁਰਿਸਟਾਂ ਨੂੰ ਦੇਖਣ ਚਲੇ ਜਾਇਆ ਕਰਦੇ ਹਨ ਪਰ ਮੈਨੂੰ ਚੰਗਾ ਨਹੀਂ ਲੱਗਦਾ। ਉਹਨਾਂ ਦਾ ਇਵੇਂ ਨੰਗੇ ਰਹਿਣ ਦੀ ਸੋਚ ਨਾਲ ਮੈਂ ਸਹਿਮਤ ਨਹੀਂ ਪਰ ਹਰ ਬੰਦੇ ਦੀ ਆਪਣੀ ਸੋਚ ਹੈ, ਆਪਣੀ ਮਰਜ਼ੀ। ਉਹ ਸਮਾਜ ਤੋਂ ਅਲੱਗ ਰਹਿੰਦੇ ਹਨ ਸੋ ਕਿਸੇ 'ਤੇ ਅਸਰ-ਅੰਦਾਜ਼ ਨਹੀਂ ਹੁੰਦੇ, ਕਿਸੇ ਦੀ ਰੰਜੀਦਗੀ ਨਹੀਂ ਸਹੇੜਦੇ।

ਆਮ ਪਬਲਿਕ ਵਿੱਚ ਨੰਗੇ ਫਿਰਨਾ ਗੈਰ-ਸਮਾਜਕ ਤਾਂ ਹੈ ਪਰ ਇੰਗਲੈਂਡ ਦਾ ਕਾਨੂੰਨ ਇਸ ਬਾਰੇ ਬਹੁਤਾ ਸਖਤ ਨਹੀਂ ਹੈ। ਪੁਲੀਸ ਤੁਹਾਨੂੰ ਉਦੋਂ ਤੱਕ ਨਹੀਂ ਫੜਦੀ ਜਾਂ ਰੋਕਦੀ ਜਦ ਤੱਕ ਕੋਈ ਤੁਹਾਡੀ ਸ਼ਿਕਾਇਤ ਨਾ ਕਰੇ। ਜਦ ਤੱਕ ਤੁਸੀਂ ਕਿਸੇ ਦੇ ਜਜ਼ਬਿਆਂ ਨੂੰ ਭੜਕਾਓਂ ਨਾ, ਜਦ ਤੱਕ ਆਪਣੇ ਨੰਗੇਜ਼ ਨਾਲ ਤੁਸੀਂ ਕਿਸੇ ਦਾ ਅਪਮਾਨ ਨਾ ਕਰੋਂ। ਜੇ ਕੋਈ ਸ਼ਿਕਾਇਤ ਕਰ ਦੇਵੇ ਤਾਂ ਪੁਲੀਸ ਤੁਹਾਨੂੰ ਰੋਕ ਦਿੰਦੀ ਹੈ।

ਅੱਜਕੱਲ ਦੇ ਸਮੇਂ ਵਿੱਚ ਨੰਗੇ ਹੋਣਾ ਕਈ ਹੋਰ ਅਰਥ ਵੀ ਰੱਖਦਾ ਹੈ। ਬਹੁਤ ਸਾਰੇ ਲੋਕ ਸਰਕਾਰ ਦੀ ਪਾਲਸੀਆਂ ਵਿਰੁਧ ਜਾਂ ਆਪਣੇ ਵਿਚਾਰਾਂ ਦਾ ਇਜਹਾਰ ਕਰਨ ਲਈ ਨੰਗੇ ਹੋ ਕੇ ਰੈਲੀਆਂ ਕਰਦੇ ਹਨ। ਲੰਡਨ ਵਿੱਚ ਇਕ 'ਵ੍ਲਡ ਨੇਕਡ ਬਾਈਕ ਰਾਈਡ' ਨਾਮੀ ਸੰਸਥਾ ਬਣੀ ਹੋਈ ਹੈ ਜਿਸ ਦੇ ਹਜ਼ਾਰਾਂ ਮੈਂਬਰ ਹਨ ਤੇ ਇਹ ਮੈਂਬਰ ਹਰ ਸਾਲ ਗਰਮੀਆਂ ਨੂੰ ਅਲਫ ਨੰਗੇ ਹੋ ਕੇ, ਸਾਈਕਲ ਚਲਾਉਂਦੇ ਹੋਏ ਲੰਡਨ ਵਿੱਚ ਰੈਲੀ ਕਰਦੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਇਹਨਾਂ ਦੀ ਇਕ ਰੈਲੀ ਹੋਈ ਸੀ ਜਿਸ ਵਿੱਚ ਇਕ ਭਾਰਤੀ ਕੁੜੀ, ਜੋ ਡਾਕਟਰ ਹੈ, ਇਸ ਰੈਲੀ ਦੀ ਅਗਵਾਈ ਕਰ ਰਹੀ ਸੀ। ਅਖ਼ਬਾਰਾਂ ਵਿੱਚ ਉਸ ਦੀ ਵਾਹਵਾ ਚਰਚਾ ਰਹੀ। ਉਸ ਦੀ ਨੰਗੀ ਦੀਆਂ ਬਹੁਤ ਸਾਰੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਛਪੀਆਂ ਸਨ। ਟਵਿੱਟਰ ਤੇ ਹੋਰ ਸੋਸ਼ਲ ਮੀਡੀਆ 'ਤੇ ਗਾਲੀ-ਗਲੋਚ ਵੀ ਹੋਇਆ।

ਕਈ ਵਾਰ ਕਿਸੇ ਚਲਦੇ ਮੈਚ ਵਿੱਚ ਕੋਈ ਮਨਚਲਾ ਜਾਂ ਮਨਚਲੀ ਨੰਗੇ ਹੋ ਕੇ ਗਰਾਊਂਡ ਵਿੱਚ ਜਾ ਵੜਦੇ ਹਨ ਤੇ ਫਿਰ ਪੁਲੀਸ ਉਹਨਾਂ ਨੂੰ ਫੜ ਕੇ ਕਪੜੇ ਪੁਆ ਕੇ ਉਥੋਂ ਲੈ ਜਾਂਦੇ ਹਨ, ਜੇਲ੍ਹ ਕਦੇ ਨਹੀਂ ਭੇਜਿਆ ਜਾਂਦਾ।

ਮੈਂ ਆਪਣਾ ਚੱਕਰ ਪੂਰਾ ਕਰਕੇ ਵਾਪਸ ਮੁੜਿਆ ਤਾਂ ਉਹ ਔਰਤ ਫਿਰ ਦਿਸ ਪਈ। ਉਹ ਵੀ ਗੇੜਾ ਲਾ ਕੇ ਵਾਪਸ ਆ ਰਹੀ ਸੀ। ਮੈਂ ਫਿਰ ਉਸ ਦੇ ਬਰਾਬਰ ਆਇਆ। ਉਸ ਨੇ ਅੰਗੂਠਾ ਦਿਖਾਉਂਦਿਆਂ ਭਰਵੀਂ ਮੁਸਕ੍ਰਾਹਟ ਦਿੱਤੀ ਤੇ ਅੱਗੇ ਲੰਘ ਗਈ।

ਉਹ ਅੰਗਰੇਜ਼ ਨਹੀਂ ਸੀ ਜਾਪਦੀ। ਉਸ ਦੇ ਗੋਰੇ ਰੰਗ ਵਿੱਚ ਰਲ਼ਾਅ ਸੀ। ਰਲ਼ਵੀ ਨਸਲ ਦੀ ਜਾਪਦੀ ਸੀ। ਜਿਵੇਂ ਮੈਕਸੀਕਨ ਜਾਂ ਪੁਰਤਗਾਲੀ ਹੋਵੇ। ਅੱਖਾਂ ਕਾਲੀਆਂ ਸਨ। ਜਿਵੇਂ-ਜਿਵੇਂ ਤੁਸੀਂ ਯੌਰਪ ਤੋਂ ਅਰਬ ਵੱਲ ਨੂੰ ਤੁਰਦੇ ਜਾਂਦੇ ਹੋ ਤਾਂ ਰੰਗ ਵਿੱਚ ਗਦਮੀਪਨ ਆਉਂਦਾ ਜਾਂਦਾ ਹੈ। ਹੋ ਸਕਦਾ ਹੈ ਉਹਨਾਂ ਕਿਸੇ ਮੁਲਕਾਂ ਵਿੱਚੋਂ ਹੋਵੇ ਪਰ ਜਿੰਨੇ ਕੁ ਬੋਲ ਉਸ ਨੇ ਮੇਰੇ ਨਾਲ ਸਾਂਝੇ ਕੀਤੇ ਉਸ ਤੋਂ ਤਾਂ ਜਾਪਦਾ ਸੀ ਕਿ ਉਹ ਲੰਡਨ ਜਾਂ ਆਲੇ-ਦੁਆਲੇ ਦੀ ਰਹਿਣ ਵਾਲੀ ਹੋਵੇਗੀ।

ਮੈਂ ਵਾਪਸ ਆਪਣੇ ਬੰਗਲੇ ਵਿੱਚ ਆਇਆ। ਯੁਟਿਊਬ ਤੇ ਗੂਗਲ 'ਤੇ ਇਹਨਾਂ ਨੰਗੇ ਰਹਿਣ ਦੀ ਪ੍ਰਵਿ੍ਤੀ ਬਾਰੇ ਖੋਜਣ ਲੱਗਾ। ਇਕ ਕਾਰਨ ਨੇਚੁਰਿਸਟ ਹੋਣਾ ਤਾਂ ਹੈ ਹੀ ਸੀ, ਹੋਰ ਜਿਹੜੇ ਕਾਰਨ ਹੱਥ ਲੱਗ ਰਹੇ ਸਨ ਉਹ ਕੋਈ ਖਾਸ ਨਹੀਂ ਸਨ, ਕਿਸੇ ਨੂੰ ਕਪੜਿਆਂ ਤੋਂ ਅਲਰਜੀ



ਹੋ ਸਕਦੀ ਹੈ, ਕਿਸੇ ਨੂੰ ਆਪਣੇ ਸਰੀਰ ਨਾਲ ਏਨਾ ਮੋਹ ਹੋ ਸਕਦਾ ਹੈ, ਇਵੇਂ ਪਾਚਨ ਸ਼ਕਤੀ ਵਧਦੀ ਹੈ, ਇਵੇਂ ਤੁਹਾਨੂੰ ਡਰ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਪਰ ਇਸ ਵਿੱਚ ਪਾਗਲਪਨ ਵਰਗਾ ਕੋਈ ਕਾਰਨ ਨਹੀਂ ਸੀ। ਹੋਰ ਕੁਝ ਹੋਵੇ ਜਾਂ ਨਾ ਪਰ ਉਸ ਨੇ ਮੇਰਾ ਬਾਕੀ ਦਾ ਦਿਨ ਖਰਾਬ ਕਰ ਕੇ ਰੱਖ ਦਿੱਤਾ ਸੀ। ਮੁੜ ਕੇ ਕੁਝ ਵੀ ਕਰਨ ਨੂੰ ਮਨ ਨਾ ਹੋਇਆ।

ਅਗਲੀ ਸਵੇਰ। ਅੱਜ ਮੈਂ ਇਥੋਂ ਵੀਹ ਕੁ ਮੀਲ 'ਤੇ ਪੈਂਦੇ ਪੰਛੀਆਂ ਲਈ ਰਾਖਵੇਂ ਰਿਜ਼ੌਰਟ ਵਿੱਚ ਜਾਣਾ ਹੈ ਪਰ ਉਠਣ ਨੂੰ ਮਨ ਨਹੀਂ ਕਰ ਰਿਹਾ। ਸਵੇਰੇ ਉਠਦਿਆਂ ਹੀ ਉਹ ਔਰਤ ਮੇਰੇ ਮਨ 'ਤੇ ਫਿਰ ਹਾਵੀ ਹੋ ਗਈ। ਮੇਰਾ ਦਿਲ ਕੀਤਾ ਕਿ ਜੈਕ ਨੂੰ, ਜੋ ਇਸ ਬੈਂਗਲੋ ਦੀ ਦੇਖ-ਰੇਖ ਕਰ ਰਿਹਾ ਸੀ, ਈਮੇਲ ਕਰਾਂ ਕਿ ਬੀਚ 'ਤੇ ਇਕ ਨੰਗੀ ਔਰਤ ਘੁੰਮਦੀ ਮਿਲੀ ਹੈ। ਫਿਰ ਸੋਚਿਆ ਕਿ ਮੈਨੂੰ ਇਸ ਨਾਲ ਕੀ ਨੁਕਸਾਨ ਹੈ।

ਦੁਪਹਿਰ ਨੂੰ ਮੈਂ ਕੈਮਰਾ ਲੈ ਕੇ ਗਾਰਡਨ ਵਿੱਚ ਆ ਗਿਆ। ਕੈਮਰੇ ਨੂੰ ਮੈਂ ਵੱਡਾ ਲੈਂਨਜ਼ ਚਾੜ੍ਹਿਆ ਹੋਇਆ ਸੀ ਜਿਸ ਰਾਹੀਂ ਤੁਸੀਂ ਬਹੁਤ ਦੂਰ ਤੱਕ ਦੀ ਚੀਜ਼ ਨੂੰ ਇਕ ਦਮ ਨੇੜੇ ਦੇਖ ਸਕਦੇ ਹੋ। ਫਿਰ ਮੈਨੂੰ ਲੱਗਿਆ ਕਿ ਇਹ ਗਲਤ ਗੱਲ ਹੈ। ਮੈਨੂੰ ਕੈਮਰੇ ਰਾਹੀਂ ਕਿਸੇ ਦੀ ਨਿੱਜਤਾ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਮੈਂ ਕਿਹੜਾ ਕੋਈ ਰਿਪੋਟਰ ਹਾਂ ਕਿ ਸਨਸਨੀ ਖ਼ਬਰ ਦੇਣੀ ਹੈ।

ਮੈਂ ਦੁਪਹਿਰ ਨੂੰ ਬੀਚ ਦੇ ਕੰਢੇ-ਕੰਢੇ ਚੱਕਰ ਲਾਇਆ ਪਰ ਉਹ ਨਜ਼ਰ ਨਾ ਆਈ।

ਉਸ ਤੋਂ ਅਗਲੀ ਦੁਪਹਿਰ ਮੀਂਹ ਪੈ ਗਿਆ। ਅੱਜ ਤਾਂ ਉਸ ਨੇ ਆਉਣਾ ਹੀ ਕੀ ਸੀ। ਇਹ ਨੈਚੁਰਿਸਟਸ ਵੀ ਠੰਡ ਹੋਈ 'ਤੇ ਕਪੜੇ ਪਹਿਨ ਲੈਂਦੇ ਹੋਣਗੇ। ਮੈਂ ਅੱਜ ਵੀ ਬਹੁਤਾ ਕੰਮ ਨਾ ਕਰ ਸਕਿਆ। ਕੈਮਰੇ ਦੇ ਮੈਮਰੀ ਕਾਰਡ ਤੋਂ ਸਾਰੀਆਂ ਫੋਟੋ ਲੈਪਟੌਪ 'ਤੇ ਡਾਊਨਲੋਡ ਕੀਤੀਆਂ। ਕੁਝ ਫੋਟੋਆਂ ਦੀਆਂ ਸਲਾਈਡਜ਼ ਵੀ ਬਣਾਈਆਂ। ਅਮੈਚੁਇਅਰ ਫੋਟਗ੍ਰਾਫੀ ਦੀ ਵੈਬਸਾਈਟ 'ਤੇ ਕਾਫੀ ਸਮਾਂ ਲੰਘਾਇਆ।

ਰਾਤ ਭਰ ਮੀਂਹ ਪੈਂਦਾ ਰਿਹਾ ਪਰ ਸਵੇਰੇ ਦਿਨ ਸਾਫ ਹੋ ਗਿਆ। ਸਵੇਰੇ ਹੀ ਧੁੱਪ ਚਮਕ ਉਠੀ। ਮੈਂ ਕੈਮਰਾ ਚਾਰਜ ਕੀਤਾ ਹੋਇਆ ਸੀ। ਸਾਰਾ ਸਮਾਨ ਬੈਗ ਵਿੱਚ ਪਾਇਆ ਕਿ ਕਿਸੇ ਪਾਸੇ ਜਾ ਕੇ ਆਵਾਂ ਪਰ ਸੱਚ ਇਹ ਸੀ ਕਿ ਆਪਣੇ ਆਪ ਨੂੰ ਕਈ ਕਿਸਮ ਦੇ ਝੂਠ ਬੋਲਦਾ ਦੁਪਹਿਰ ਦੀ ਉਡੀਕ ਕਰ ਰਿਹਾ ਸਾਂ।

ਮੈਂ ਸਮੁੰਦਰ ਦੇ ਨਾਲ ਨਾਲ ਤੁਰਨ ਲੱਗਾ। ਅੱਜ ਮੈਂ ਕੈਮਰਾ ਨਹੀਂ ਸੀ ਚੁੱਕਿਆ ਕਿ ਉਸ ਨੂੰ ਕੋਈ ਇਤਰਾਜ਼ ਨਾ ਹੋਵੇ। ਮੈਨੂੰ ਲੱਗਦਾ ਸੀ ਕਿ ਉਹ ਸਾਹਮਣਿਓਂ ਆਉਂਦੀ ਦਿਸ ਪਵੇਗੀ ਪਰ ਨਾ ਦਿਸੀ। ਮੇਰਾ ਚੱਕਰ ਪੂਰਾ ਹੋ ਗਿਆ। ਵਾਪਸ ਮੁੜਿਆ ਤਾਂ ਉਹ ਮੈਨੂੰ ਇਕ ਬੰਗਲੇ ਦੇ ਪਿਛਲੇ ਗੇਟ ਵਿੱਚੋਂ ਨਿਕਲਦੀ ਦਿਸੀ। ਉਵੇਂ ਹੀ। ਅਲਫ ਨੰਗੀ। ਉਹ ਮੇਰੇ ਤੋਂ ਫਰਕ 'ਤੇ ਸੀ ਪਰ ਉਸ ਨੇ ਹੱਥ ਹਿਲਾ ਕੇ ਦੂਰੋਂ ਹੀ ਮੈਨੂੰ ਹੈਲੋ ਕਿਹਾ। ਮੈਂ ਵੀ ਉਸ ਦਾ ਜਵਾਬ ਦਿੱਤਾ ਤੇ ਬਿਨਾਂ ਰੁਕੇ ਅੱਗੇ ਲੰਘ ਗਿਆ। ਅੰਦਰੋਂ ਮੇਰਾ ਮਨ ਕਰ ਰਿਹਾ ਸੀ ਕਿ ਉਸ ਨਾਲ ਆਮੋ-ਸਾਹਮਣਾ ਹੋਵੇ ਤੇ ਕੋਈ ਗੱਲ ਵੀ ਕਰਾਂ। ਸ਼ਾਇਦ ਕਿਸੇ ਤਰ੍ਹਾਂ ਉਸ ਦੇ ਇਵੇਂ ਨੰਗੀ ਫਿਰਨ ਦੇ ਕਾਰਨ ਦਾ ਪਤਾ ਚੱਲ ਸਕੇ।

ਉਸ ਸ਼ਾਮ ਮੈਂ ਬਹਿ ਕੇ ਆਪਣੇ ਆਪ ਬਾਰੇ ਸੋਚਿਆ ਕਿ ਮੇਰੀਆਂ ਇਹ ਛੁੱਟੀਆਂ ਫਜ਼ੂਲ ਹੀ ਨਾ ਜਾਣ। ਮੈਂ ਹੈਲਨਾ ਨਾਲ ਰਲ਼ ਕੇ ਅਗਲੇ ਮਹੀਨਿਆਂ ਵਿੱਚ ਤਸਵੀਰਾਂ ਦੀ ਪ੍ਰਦਸ਼ਨੀ ਲਾਉਣ ਦਾ ਪਰੋਜੈਕਟ ਬਣਾਇਆ ਹੋਇਆ ਸੀ।

ਅਗਲੇ ਦਿਨ ਮੈਂ ਮੈਨਡਿੱਪ ਹਿੱਲਜ਼ ਵਿੱਚ ਪੂਰਾ ਦਿਨ ਲਾਇਆ ਤੇ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ। ਤੇ ਉਸ ਤੋਂ ਅਗਲੇ ਦਿਨ ਮੈਂ ਕੁਆਨਟੌਪ ਹਿਲਜ਼ ਚਲੇ ਗਿਆ। ਇਥੇ ਈਗਲ ਫਾਰਮ ਸੀ। ਬਾਜ਼, ਉਲੂ ਤੇ ਕੁਝ ਹੋਰ ਜਾਨਵਰ ਜੋ ਇੰਗਲੈਂਡ ਵਿੱਚੋਂ ਖਤਮ ਹੋ ਰਹੇ ਹਨ, ਉਹਨਾਂ ਨੂੰ ਪਾਲਣ ਲਈ ਸਰਕਾਰ ਨੇ ਵਿਸ਼ੇਸ਼ ਫਾਰਮ ਬਣਾਏ ਹੋਏ ਹਨ ਤਾਂ ਜੋ ਉਹਨਾਂ ਦੀ ਨਸਲ ਖਤਮ ਨਾ ਹੋਵੇ। ਈਗਲ ਫਾਰਮ ਵਿੱਚ ਕਈ ਕਿਸਮ ਦੇ ਬਾਜ਼ ਸਨ ਪਰ ਚਿੱਟੀ ਪੂਛ ਵਾਲਾ ਬਾਜ਼ ਨਾ ਦਿਸਿਆ। ਉਥੇ ਹੋਰ ਵੀ ਬਹੁਤ ਸਾਰੇ ਫੋਟੋਗ੍ਰਾਫਰ ਗਏ ਹੋਏ ਸਨ। ਹਰ ਕੋਈ ਚਿੱਟੀ ਪੂਛ ਵਾਲੇ ਬਾਜ਼ ਦੀਆਂ ਗੱਲਾਂ ਕਰ ਰਿਹਾ ਸੀ ਪਰ ਉਸ ਦੀ ਫੋਟੋ ਕੋਈ ਨਹੀਂ ਸੀ ਖਿੱਚ ਸਕਿਆ।

ਪੰਜ ਕੁ ਵਜੇ ਮੈਂ ਵਾਪਸ ਆ ਗਿਆ।

ਵਾਪਸ ਆਉਂਦਿਆਂ ਮੈਂ ਵੈਸਟਨ-ਸੁਪਰ-ਮੇਅਰ ਦੇ ਮੌਰੀਸਨ ਵਿੱਚ ਸ਼ੌਪਿੰਗ ਕਰਨ ਚਲੇ ਗਿਆ। ਮੈਂ ਟਰਾਲੀ ਧਕਦਾ ਸ਼ੌਪਿੰਗ ਕਰ ਰਿਹਾ ਸਾਂ। ਇਕ ਔਰਤ ਸਾਹਮਣਿਓਂ ਆਉਂਦੀ ਦਿਸੀ। ਲੱਗਿਆ ਕਿ ਕਿਤੇ ਦੇਖੀ ਹੋਈ ਹੈ। ਉਹ ਮੇਰੇ ਵੱਲ ਦੇਖ ਕੇ ਮੁਸਕ੍ਰਾਈ। ਉਹ! ਇਹ ਤਾਂ ਉਹੀ ਔਰਤ ਹੈ ਜੋ ਬੀਚ 'ਤੇ ਨੰਗੀ ਫਿਰਦੀ ਮਿਲੀ ਸੀ। ਹੁਣ ਪੂਰੇ ਕਪੜਿਆਂ ਵਿੱਚ ਸੀ। ਕਪੜਿਆਂ ਵਿੱਚ ਤਾਂ ਹੋਰ ਵੀ ਸੋਹਣੀ ਲੱਗ ਰਹੀ ਸੀ। ਮੈਂ 'ਹੈਲੋ' ਕਿਹਾ। ਜਵਾਬ ਦਿੰਦੀ ਬੋਲੀ, "ਲੀਅ ਵਿਲੇਜ ਵਾਲੀ ਦੁਕਾਨ ਵਿੱਚ ਤਾਂ ਕੁਝ ਵੀ ਨਹੀਂ ਮਿਲਦਾ, ਇਥੇ ਹੀ ਆਉਣਾ ਪੈਂਦਾ ਏ।"

"ਤੁਸੀਂ ਲੋਕਲ ਹੀ ਰਹਿਣ ਵਾਲੇ ਹੋ ਜਾਂ ਛੁੱਟੀਆਂ 'ਤੇ ਆਏ ਹੋਏ ਹੋ?"

"ਮੈਂ ਛੁੱਟੀਆਂ 'ਤੇ ਹਾਂ, ਪੰਜ ਦਿਨ ਹੋਰ ਰਹਿੰਦੇ ਨੇ, ਜੇ ਜੈਕ ਮੰਨ ਗਿਆ ਤਾਂ ਸ਼ਾਇਦ ਕੁਝ ਦਿਨ ਹੋਰ ਰਹਿ ਲਵਾਂ।"

ਮੈਂ ਸਮਝ ਗਿਆ ਕਿ ਇਸ ਦਾ ਬੰਗਲਾ ਵੀ ਮੇਰੇ ਨੇੜੇ ਹੀ ਹੋਵੇਗਾ ਤੇ ਇਕੋ ਕੰਪਨੀ ਦੇ ਇਹ ਸਾਰੇ ਬੰਗਲੇ ਹੋਣਗੇ। ਮੈਂ ਉਹਦੇ ਵੱਲ ਹੱਥ ਵਧਾਉਂਦਿਆਂ ਕਿਹਾ,

"ਆਏ'ਮ ਜੋਅ, ਫਰੌਮ ਵੈਸਟ ਲੰਡਨ, ਬਲਿਊ ਵੇਲ ਵਿੱਚ ਠਹਿਰਿਆਂ, 96 ਟੈਰੀ ਰੋਡ।"

"ਮੈਂ ਟੀਆ, ਈਸਟ ਲੰਡਨ ਤੋਂ। ਵਿਲੋ ਟਰੀ ਵਿੱਚ ਆਂ, 80 ਟੈਰੀ ਰੋਡ।" ਉਸ ਨੇ ਮੇਰੇ ਨਾਲ ਹੱਥ ਮਿਲਾਉਂਦਿਆਂ ਕਿਹਾ।

"ਫਿਰ ਤਾਂ ਆਪਾਂ ਗਵਾਂਢੀ ਹੋਏ, ਕਿਸੇ ਸਵੇਰ ਮੇਰੀ ਰਿਹਾਇਸ਼ 'ਤੇ ਆਓ, ਚਾਹ ਦੇ ਕੱਪ 'ਤੇ।"

"ਸਵੇਰੇ ਤਾਂ ਮੈਂ ਆਪਣਾ ਕੰਮ ਕਰਨਾ ਹੁੰਦਾ, ਵੈਸੇ ਤਾਂ ਮੈਂ ਛੁੱਟੀਆਂ 'ਤੇ ਆਂ ਪਰ ਆਫਿਸ ਦਾ ਕੰਮ ਵੀ ਕਰਨਾ ਪੈਂਦਾ ਏ।"

"ਫਿਰ ਸ਼ਾਮ ਨੂੰ ਆ ਜਾਵੋ, ਮੇਰੇ ਨਾਲ ਡਿਨਰ ਕਰੋ।"

ਉਸ ਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦਿੱਤਾ, ਸ਼ਾਇਦ ਓਪਰੇ ਬੰਦੇ ਵਲੋਂ ਖਾਣੇ ਦਾ ਸੱਦਾ ਚੰਗਾ ਨਾ ਲੱਗਾ ਹੋਵੇ। ਪਰ ਹਲਕਾ-ਹਲਕਾ ਮੁਸਕ੍ਰਾਉਂਦੀ ਰਹੀ। ਮੈਂ ਫਿਰ ਕਿਹਾ,

"ਕੱਲ ਸ਼ਾਮ ਆ ਜਾਓ, ਚਿਕਨ-ਰੋਸਟ ਬਣਾਵਾਂਗਾਂ, ...ਬੁਰਾ ਕੁੱਕ ਨਹੀਂ ਆਂ।"

"ਸੀ ਯੂ ਲੇਟਰ!" ਆਖਦੀ ਉਹ ਆਪਣੀ ਟਰਾਲੀ ਤੋਰਦੀ ਤੁਰ ਗਈ।

ਮੈਨੂੰ ਪਛਤਾਵਾ ਜਿਹਾ ਹੋ ਰਿਹਾ ਸੀ ਕਿ ਸੱਦਾ ਦੇਣ ਵਿੱਚ ਮੈਂ ਕੁਝ ਜ਼ਿਆਦਾ ਹੀ



ਕਾਹਲੀ ਕਰ ਗਿਆ ਹਾਂ।...

ਮੈਂ ਆਪਣਾ ਖਾਣਾ ਬਣਾਉਣ 'ਤੇ ਬਹੁਤਾ ਵਕਤ ਨਹੀਂ ਖਰਚਿਆ ਕਰਦਾ। ਪਹਿਲਾਂ ਹੀ ਤਿਆਰ ਫ੍ਰੋਜ਼ਨ ਖਾਣੇ ਨੂੰ ਗਰਮ ਕਰ ਲਿਆ ਕਰਦਾ ਹਾਂ। ਚਿਕਨ ਰੋਸਟ ਕਰਨ ਦਾ ਬਹੁਤ ਦੁਕੱਮਣ ਹੁੰਦਾ ਹੈ। ਅੱਜ ਪਤਾ ਨਹੀਂ ਕਿਉਂ ਇਕ ਆਸ ਜਿਹੀ ਸੀ ਕਿ ਕਿਤੇ ਟੀਆ ਆ ਜਾਵੇਗੀ। ਜੇ ਆ ਗਈ ਤਾਂ ਇਕ ਦਮ ਕੀ ਬਣਾਵਾਂਗਾ? ਮੈਂ ਰੋਸਟ-ਚਿਕਨ ਦਾ ਸਾਰਾ ਸਮਾਨ ਤਿਆਰ ਕਰ ਲਿਆ ਕਿ ਜੇ ਆਵੇਗੀ ਤਾਂ ਓਵਨ ਵਿੱਚ ਰੱਖ ਦੇਵਾਂਗਾ। ਦੋ ਘੰਟੇ ਵਿੱਚ ਖਾਣਾ ਤਿਆਰ ਹੋ ਜਾਵੇਗਾ। ਇਸ ਵਕਤ ਵਿੱਚ ਗੱਲਾਂ ਕਰਾਂਗੇ ਤੇ ਜਦ ਤੱਕ ਖਾਣਾ ਵੀ ਤਿਆਰ।

ਸੱਤ ਕੁ ਵਜੇ ਡੋਰ ਬੈੱਲ ਹੋਈ। ਮੈਂ ਦਰਵਾਜ਼ਾ ਖੋਹਲਿਆ। ਟੀਆ ਖੜੀ ਸੀ। ਉਸ ਦੇ ਇਕ ਹੱਥ ਵਿੱਚ ਵਾਈਨ ਦੀ ਬੋਤਲ ਤੇ ਦੂਜੇ ਹੱਥ ਵਿੱਚ ਕੱਟੇ ਹੋਏ ਸਲਾਦ ਦਾ ਡੱਬਾ ਸੀ। ਦੋਵੇਂ ਚੀਜ਼ਾਂ ਉਸ ਨੇ ਮੈਨੂੰ ਫੜਾ ਦਿੱਤੀਆਂ। ਮੈਂ ਵੈਲਕੰਮ ਕਹਿ ਕੇ ਉਸ ਨੂੰ ਅੰਦਰ ਲੰਘਾ ਲਿਆ।

"ਤੁਹਾਡੀ ਇਹ ਜਗਾਹ ਤਾਂ ਬਹੁਤ ਨਿੱਘੀ ਏ!" ਉਸ ਨੇ ਮੇਰੇ ਰਿਹਾਇਸ਼ ਨੂੰ ਅੰਦਰੋਂ ਘੋਖਦਿਆਂ ਕਿਹਾ।

"ਤੁਹਾਡੇ ਵਿਲੋ ਟਰੀ ਮੁਕਾਬਲੇ ਤਾਂ ਇਹ ਬਹੁਤ ਛੋਟੀ ਏ।" ਮੈਂ ਉਸ ਦੇ ਬੰਗਲੇ ਨੂੰ ਬਾਹਰੋਂ ਦੇਖਿਆ ਸੀ ਜੋ ਕਿ ਬਹੁਤ ਵੱਡਾ ਸੀ।

"ਜੈਕ ਨੇ ਮੈਨੂੰ ਇਸ ਬੰਗਲੇ ਬਾਰੇ ਦੱਸਿਆ ਸੀ ਪਰ ਇਹ ਜਦ ਤੱਕ ਜਾ ਚੁੱਕਾ ਸੀ, ਤੁਸੀਂ ਬੁੱਕ ਕਰਾ ਲਿਆ ਹੋਵੇਗਾ।"

"ਮੈਂ ਤਾਂ ਜਨਵਰੀ ਵਿੱਚ ਹੀ ਬੁੱਕ ਕਰਾ ਲਿਆ ਸੀ।"

ਮੈਂ ਗੱਲਾਂ ਕਰਦਿਆਂ ਹੀ ਦੋ ਗਲਾਸਾਂ ਵਿੱਚ ਵਾਈਨ ਪਾ ਕੇ ਮੇਜ਼ ਉਪਰ ਲਿਆ ਰੱਖੇ ਤੇ ਉਸ ਦਾ ਲਿਆਂਦਾ ਸਲਾਦ ਇਕ ਪਲੇਟ ਵਿੱਚ ਪਾ ਲਿਆ ਸੀ।

ਮੈਂ ਉਸ ਤੋਂ ਇਜਾਜ਼ਤ ਲੈ ਕੇ ਚਿਕਨ ਓਵਨ ਵਿੱਚ ਰੱਖ ਦਿੱਤਾ। ਹੁਣ ਆਰਾਮ ਨਾਲ ਬਹਿ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਉਸ ਨੇ ਮੇਰੇ ਖਿਲਰੇ ਪਏ ਕੈਮਰੇ-ਲੈਨਜ਼, ਪ੍ਰੋਜੈਕਟਰ ਆਦਿ ਨੂੰ ਦੇਖਦਿਆਂ ਕਿਹਾ, "ਤੁਸੀਂ ਤਾਂ ਪ੍ਰੋਫੈਸ਼ਨਲ ਫੋਟੋਗ੍ਰਾਫਰ ਜਾਪਦੇ ਹੋ?"

"ਪ੍ਰੋਫੈਸ਼ਨਲ ਨਹੀਂ, ਬਸ ਸ਼ੌਂਕ ਦਾ ਹਿੱਸਾ ਏ। ਇਥੇ ਵੀ ਮੈਂ ਵਾਈਲਡ ਲਾਈਫ ਦੀ ਫੋਟੋਗ੍ਰਾਫੀ ਕਰਨ ਆਇਆ ਹੋਇਆਂ।"

"ਬਹੁਤ ਦਿਲਚਸਪ!"

"ਦਿਲਚਸਪ ਤਾਂ ਹੈ ਏ ਪਰ ਬਹੁਤ ਉਕਾਊ ਏ। ...ਇਨਸਾਨ ਦੀ ਫੋਟੋ ਲੈਣ ਵੇਲੇ ਕਹਿ ਸਕਦੇ ਹਾਂ 'ਸਮਾਈਲ ਪਲੀਜ਼' ਪਰ ਪੰਛੀ ਇਹ ਗੱਲ ਨਹੀਂ ਸਮਝਦੇ।" ਆਖਦਾ ਮੈਂ ਹੱਸਿਆ।

"ਹਾਂ, ਇਹ ਗੱਲ ਤਾਂ ਠੀਕ ਏ।" ਉਹ ਸਹਿਜੇ ਹੀ ਮੇਰੇ ਨਾਲ ਸਹਿਮਤ ਹੋ ਰਹੀ ਸੀ।

"ਤੇ ਤੁਸੀਂ ਸਿਰਫ ਛੁੱਟੀਆਂ 'ਤੇ ਹੀ ਆਏ ਹੋ ਜਾਂ...?"

"ਮੈਂ ਛੁੱਟੀਆਂ 'ਤੇ ਹੀ ਆਂ ਪਰ ਕੁਝ ਦੇਰ ਪਹਿਲਾਂ ਹੀ ਮੇਰੀ ਪ੍ਰੋਮੋਸ਼ਨ ਹੋਣ ਕਰਕੇ ਮੈਂ ਯੂਕੇ ਤੋਂ ਬਾਹਰ ਛੁੱਟੀਆਂ ਲਈ ਨਹੀਂ ਜਾ ਸਕਦੀ ਸੀ। ...ਭਾਵੇਂ ਮੈਂ ਛੁੱਟੀਆਂ 'ਤੇ ਹਾਂ ਪਰ ਸਵੇਰੇ ਚਾਰ ਘੰਟੇ ਕੰਮ ਕਰਨਾ ਪੈਂਦਾ ਏ।"

"ਕੀ ਕੰਮ ਕਰਦੇ ਹੋ?"

"ਮੈਂ ਬਾਰਕਲੇ ਬੈਂਕ ਵਿੱਚ ਰੀਜਨਲ ਮੈਨੇਜਰ ਆਂ।"

"ਕਿਹੜੀ ਬ੍ਰਾਂਚ ਵਿੱਚ? ਮੇਰਾ ਮਤਲਬ ਕਿਹੜੇ ਇਲਾਕੇ ਵਿੱਚ?"

"ਮੈਂ ਬੈਂਕ ਦੀ ਬ੍ਰਾਂਚ ਵਿੱਚ ਨਹੀਂ, ਡੈਟਾ ਸੈਂਟਰਜ਼ ਦੀ ਮੈਨੇਜਰ ਆਂ, ਨੌਰਥੌਲਟ ਤੇ ਸਲੋਹ ਦੇ ਡੈਟਾ ਸੈਂਟਰ ਮੇਰੇ ਅੰਡਰ ਨੇ ਤੇ ਸਾਡਾ ਹੈੱਡ ਆਫਿਸ ਕਨੇਰੀ ਵਾਰਫ ਵਿੱਚ ਏ। ਮੈਨੂੰ ਇਕ ਦਿਨ ਕਿਤੇ ਤੇ ਦੂਜੇ ਦਿਨ ਕਿਤੇ ਜਾਣਾ ਪੈਂਦਾ। ਬਹੁਤਾ ਕੰਮ ਮੈਂ ਘਰੋਂ ਹੀ ਕਰਦੀ ਆਂ। ਛੁੱਟੀਆਂ ਵਿੱਚ ਵੀ ਮੈਂ ਇਕ ਤਰੀਕੇ ਨਾਲ ਕੰਮ 'ਤੇ ਹੀ ਆਂ।"

"ਇਹ ਨੰਗੇ ਘੁੰਮਣਾ ਤੁਹਾਡੀ ਸੋਚ ਦਾ ਹਿੱਸਾ ਏ ਜਾਂ ਸ਼ੌਂਕ ਦਾ?" ਮੈਂ ਗੱਲ ਨੂੰ ਘੁਮਾਉਣ ਦੀ ਥਾਂ ਸਿੱਧਾ ਸਵਾਲ ਕੀਤਾ। ਉਸ ਦੇ ਏਡੀ ਵੱਡੀ ਜੌਬ 'ਤੇ ਹੋਣ ਨੇ ਮੈਨੂੰ ਹੋਰ ਵੀ ਉਲਝਾ ਦਿੱਤਾ ਸੀ।

"ਮੇਰੀ ਸੋਚ ਦਾ ਹਿੱਸਾ ਵੀ ਤੇ ਸ਼ੌਂਕ ਦਾ ਹਿੱਸਾ ਵੀ। ਇਹ ਸੋਚ, ਸ਼ੌਂਕ ਤੇ ਮੇਰੀ ਖ਼ਬਤ ਏ। ਮੈਂ ਸਮਝਦੀ ਹਾਂ ਕਿ ਮਨੁੱਖ ਨੂੰ ਕਪੜਿਆਂ ਦੇ ਬੰਧੇਜ ਵਿੱਚ ਨਹੀਂ ਰਹਿਣਾ ਚਾਹੀਦਾ।"

"ਇਹਦਾ ਮਤਲਬ ਤੁਸੀਂ ਨੇਚੁਰਿਸਟ ਹੋ?"

"ਬਿਲਕੁਲ।"

"ਮੈਨੂੰ ਪਤਾ ਕਿ ਨੇਚੁਰਿਸਟਸ ਆਮ ਸਮਾਜ ਤੋਂ ਅਲੱਗ ਰਹਿੰਦੇ ਨੇ ਪਰ ਤੁਸੀਂ ਇਥੇ ਸ਼ਰੇਆਮ ਲੋਕਾਂ ਵਿੱਚ ਫਿਰ ਰਹੇ ਹੋ, ਤੁਹਾਨੂੰ ਨਹੀਂ ਲੱਗਦਾ ਕਿ ਤੁਸੀਂ ਆਪਣਾ ਨੰਗ ਦਿਖਾ ਕੇ ਲੋਕਾਂ ਨੂੰ ਤਕਲੀਫ ਦੇ ਰਹੇ ਹੋ? ਲੋਕਾਂ ਦੀ ਨਜ਼ਰ ਵਿੱਚ ਚੁੱਭ ਰਹੇ ਹੋ।"

"ਨਹੀਂ, ਮੈਨੂੰ ਨਹੀਂ ਲੱਗਦਾ ਕਿ ਅਸੀਂ ਕਿਸੇ ਦੀਆਂ ਨਜ਼ਰਾਂ ਵਿੱਚ ਚੁੱਭ ਰਹੇ ਹਾਂ। ਅਸੀਂ ਜੰਮੇ ਹੀ ਨੰਗੇ ਹਾਂ ਤਾਂ ਕਪੜਿਆਂ ਦੀ ਕੈਦ ਵਿੱਚ ਕਿਉਂ ਵੜ ਜਾਂਦੇ ਹਾਂ। ਅਸੀਂ ਸਮਾਜ ਤੋਂ ਅਲੱਗ ਤਾਂ ਰਹਿੰਦੇ ਹਾਂ ਕਿ ਸਮਾਜ ਦੇ ਕੁਝ ਲੋਕ ਇਸ ਨੂੰ ਗਲਤ ਮੰਨਦੇ ਨੇ।"

"ਮੈਨੂੰ ਨੇਚੁਰਿਸਟਾਂ ਦੇ ਕਾਰਨਾਂ ਦਾ ਪਤਾ ਕਿ ਉਹ ਕਿਉਂ ਨੰਗੇ ਰਹਿਣਾ ਚਾਹੁੰਦੇ ਨੇ। ...ਠੀਕ ਏ ਤੁਸੀਂ ਆਪਣੇ ਲਈ ਰਾਖਵੀਆਂ ਜਗਾਵਾਂ 'ਤੇ ਜਾਓ ਪਰ ਇਸ ਬੀਚ 'ਤੇ ਆਮ ਲੋਕਾਂ ਵਿੱਚ ਨੰਗੇ ਫਿਰਨਾ ਕਿਥੋਂ ਤੱਕ ਸਹੀ ਏ?"

"ਅਸਲ ਵਿੱਚ ਸਾਲ ਵਿੱਚ ਦੋ ਵਾਰ ਮੈਂ ਯੌਰਪ ਚਲੇ ਜਾਇਆ ਕਰਦੀ ਆਂ ਪਰ ਇਸ ਵਾਰ ਨਵੀਂ ਜੌਬ ਕਰਕੇ ਨਹੀਂ ਜਾ ਸਕੀ ਇਸ ਲਈ ਇਥੇ ਆ ਗਈ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਇਹ ਬਹੁਤ ਖਾਮੋਸ਼ ਜਿਹੀ ਜਗਾਹ ਏ। ਫਿਰ ਮੈਂ ਜੈਕ ਨਾਲ ਵੀ ਸਾਰੀ ਗੱਲ ਕੀਤੀ ਸੀ, ਉਸ ਨੇ ਪੂਰੀ ਸਕਿਓਰਟੀ ਦਾ ਭਰੋਸਾ ਦਵਾਇਆ ਸੀ।"

"ਪਰ ਏਹੋ ਜਿਹਾ ਕੀ ਹੋ ਗਿਆ ਕਿ ਤੁਹਾਡੇ ਕੋਲੋਂ, ...ਨੇਚੁਰਿਸਟ ਹੋਣ ਬਿਨਾਂ ਰਹਿ ਨਹੀਂ ਹੋਇਆ? ਏਨੀ ਸ਼ਿੱਦਤ ਕਿਉਂ?"

"ਇਸ ਦਾ ਜਵਾਬ ਏ ਮੇਰੀ ਖ਼ਬਤ! ...ਮੈਂ ਨੇਚੁਰਿਸਟ ਹਾਂ ਤਾਂ ਸਾਲ ਵਿੱਚ ਕੁਝ ਦੇਰ ਕਪੜਿਆਂ ਤੋਂ ਬਿਨਾਂ ਜਿਉਣਾ ਚਾਹੁੰਦੀ ਹਾਂ, ਨਹੀਂ ਤਾਂ ਬਹੁਤ ਗੜਬੜ ਹੋ ਜਾਵੇਗੀ। ਲਗਾਤਾਰ ਕਪੜੇ ਪਹਿਨਦੇ ਰਹਿਣ ਨਾਲ ਮੈਨੂੰ ਗੁੱਸਾ ਆਉਣ ਲੱਗਦਾ ਏ, ਕੰਮ ਤੋਂ ਮਨ ਉਚਾਟ ਹੋ ਜਾਂਦਾ ਏ।"

"ਤੁਸੀਂ ਨੰਗੇ ਰਹਿਣ ਦੇ ਕਿਸੇ ਫਾਇਦੇ ਬਾਰੇ ਗੱਲ ਕਰੋਂਗੇ?"

"ਤੁਸੀਂ ਹਰ ਕੰਮ ਫਾਇਦੇ ਲਈ ਨਹੀਂ ਕਰਦੇ, ਕੁਝ ਕੰਮ ਰੂਹ ਦੀ ਸੰਤੁਸ਼ਟੀ ਲਈ ਹੁੰਦੇ ਨੇ। ...ਇਹ ਮਨੁੱਖੀ ਸਰੀਰ ਅਸੀਂ ਇਕ ਦੂਜੇ ਲਈ ਬੁਝਾਰਤ ਬਣਾ ਰੱਖਿਆ ਏ। ਮਰਦ ਲਈ



ਔਰਤ ਦਾ ਸਰੀਰ ਤੇ ਔਰਤ ਲਈ ਮਰਦ ਦਾ ਸਰੀਰ ਇਕ ਸਿਰਫ ਗੁਪਤ ਅੰਗ ਤੱਕ ਸਿਮਟ ਆਏ ਨੇ।"

"ਇਹ ਗੱਲ ਤਾਂ ਸ਼ਾਇਦ ਤੁਹਾਡੀ ਠੀਕ ਹੋਵੇ। ...ਮੈਂ ਨੇਚੁਰਿਸਟ ਪਿੰਡ ਵਿੱਚ ਗਿਆਂ, ਲੋਕ ਇਵੇਂ ਤੁਰੇ ਫਿਰਦੇ ਨੇ ਜਿਵੇਂ ਉਹਨਾਂ ਦਾ ਇਸ ਦੁਨੀਆ ਤੋਂ ਤੇ ਕਾਮ ਤੋਂ ਮਨ ਉਠ ਗਿਆ ਹੋਵੇ।"

"ਨਹੀਂ, ਅਸੀਂ ਇਸ ਦੁਨੀਆ ਦਾ ਅਹਿਮ ਹਿੱਸਾ ਹਾਂ ਤੇ ਕਾਮ ਤੋਂ ਵੀ ਇਨਸਾਨ ਦਾ ਮਨ ਕਦੇ ਉਠਦਾ!"

"ਮੈਨੂੰ ਤਾਂ ਇਵੇਂ ਹੀ ਲੱਗਦਾ, ਜਿਵੇਂ ਤੁਸੀਂ ਇਕੱਲੇ ਬੀਚ 'ਤੇ ਕਪੜੇ ਲਾਹ ਕੇ ਤੁਰੇ ਫਿਰਦੇ ਹੋ, ਫਿਰ ਤੁਸੀਂ ਹੋ ਵੀ ਇਕੱਲੇ, ਜਾਪਦਾ ਏ ਕਿ ਤੁਹਾਡੇ ਕੋਲ ਨਾ ਕੋਈ ਬੁਆਏ ਫ੍ਰੈਂਡ ਏ ਨਾ ਹੀ ਗ੍ਰਲ ਫ੍ਰੈਂਡ।"

"ਏਦਾਂ ਦੀ ਗੱਲ ਨਹੀਂ, ਹੁਣੇ ਜਿਹੇ ਹੀ ਮੇਰਾ ਬੁਆਏ ਫ੍ਰੈਂਡ ਛੱਡ ਕੇ ਗਿਆ ਏ।"

"ਓਹ! ਸੌਰੀ ਟੂ ਨੋਅ! ...ਕਿਉਂ ਛੱਡ ਗਿਆ? ਉਹ ਤੁਹਾਡੇ ਵਿਚਾਰਾਂ ਦਾ ਧਾਰਣੀ ਨਹੀਂ ਸੀ?"

"ਏਦਾਂ ਦੀ ਗੱਲ ਨਹੀਂ, ਉਹਦੀ ਸੋਚ ਮੇਰੇ ਵਾਲੀ ਹੀ ਸੀ। ਅਸੀਂ ਡੇੜ ਕੁ ਸਾਲ ਇਕੱਠੇ ਰਹੇ, ਇਕੱਠੇ ਹੀ ਨੇਚੁਰਿਸਟ ਕਲੋਨੀਆਂ ਵਿੱਚ ਛੁੱਟੀਆਂ ਕੱਟਣ ਜਾਇਆ ਕਰਦੇ ਸਾਂ ਪਰ ਉਹ ਸਿਗਰਟਾਂ ਬਹੁਤ ਪੀਂਦਾ ਸੀ। ਮੈਂ ਕਿਹਾ ਜਾਂ ਮੈਨੂੰ ਛੱਡ ਦੇ ਜਾਂ ਫਿਰ ਸਿਗਰਟਾਂ। ਉਹ ਮੈਨੂੰ ਛੱਡ ਕੇ ਚਲੇ ਗਿਆ।" ਗੱਲ ਕਰ ਕੇ ਟੀਆ ਹੱਸਣ ਲੱਗੀ।

"ਲੰਡਨ ਵਿੱਚ ਹੀ ਇਕ ਬਹੁਤ ਪੁਰਾਣਾ ਪਿੰਡ ਏ ਨੇਚੁਰਿਸਟਸ ਲੋਕਾਂ ਦਾ, ਕੁਝ ਬੀਚ ਵੀ ਨੇ, ਉਥੇ ਕਿਉਂ ਨਹੀਂ ਜਾਂਦੇ?"

"ਇੰਗਲੈਂਡ ਵਿੱਚ ਕੁਝ ਅਜਿਹੀਆਂ ਕਲੋਨੀਆਂ ਹੈਨ ਪਰ ਸਾਡਾ ਵਿਚਾਰਧਾਰਕ ਫਰਕ ਏ, ਇਸ ਲਈ ਮੈਂ ਯੌਰਪ, ਖਾਸ ਤੌਰ 'ਤੇ ਸਪੇਨ ਜਾਣਾ ਪਸੰਦ ਕਰਦੀ ਆਂ। ...ਪਰ ਜੋਅ, ਇਕ ਗੱਲ ਦੱਸਾਂ, ਮੈਂ ਨੇਚੁਰਿਸਟ ਕਲੋਨੀ ਤੋਂ ਬਾਹਰ ਨਿਕਲ ਕੇ ਆਮ ਲੋਕਾਂ ਵਿੱਚ ਵੀ ਆਪਣੇ ਕੁਦਰਤ ਦੇ ਦਿੱਤੇ ਰੂਪ ਵਿੱਚ ਵਿਚਰਨਾ ਚਾਹੁੰਦੀ ਹਾਂ।"

"ਤੁਸੀਂ ਮੈਨੂੰ ਬਹੁਤ ਹੀ ਨੌਰਮਲ ਤੇ ਵਧੀਆ ਫੀਮੇਲ ਲੱਗਦੇ ਹੋ, ਬਹੁਤ ਹੀ ਸਮਾਜਕ ਜਿਹੇ ਪਰ ਤੁਹਾਡੀ ਸ਼ਖਸੀਅਤ ਦਾ ਦੂਜਾ ਪੱਖ ਬਿਲਕੁਲ ਵੱਖਰਾ ਏ।"

"ਇਹ ਤੁਹਾਨੂੰ ਹੀ ਲੱਗਦਾ ਏ, ਮੇਰਾ ਦੂਜਾ ਪੱਖ ਵੀ ਓਨਾ ਹੀ ਨੌਰਮਲ ਏ।"

"ਤੁਹਾਨੂੰ ਇਹ ਸ਼ੌਂਕ ਕਿਥੋਂ ਪੈ ਗਿਆ?"

"ਮੈਂ ਕਿਹਾ ਨਾ ਕਿ ਇਹ ਸ਼ੌਂਕ ਨਹੀਂ, ਜਨੂੰਨ ਏ, ਇਹ ਮੇਰੇ ਜੀਨਜ਼ ਵਿੱਚ ਹੀ ਏ। ਮੇਰਾ ਪਿਓ ਨੇਚੁਰਿਸਟ ਸੀ ਤੇ ਮਾਂ ਵੀ, ਮੇਰੇ ਪਿਓ ਨੇ ਸਪੇਨ ਤੇ ਪੁਰਤਗਾਲ ਦੇ ਬਾਰਡਰ 'ਤੇ ਇਕ ਬਹੁਤ ਵੱਡੀ ਨੇਚੁਰਿਸਟ ਕਲੋਨੀ ਵਸਾਈ ਸੀ...।"

"ਤੁਹਾਡਾ ਪਿਓ ਸਪੈਨਿਸ਼ ਸੀ?"

"ਮੇਰੇ ਜੀਨਜ਼ ਦਾ ਸਫਰ ਬਹੁਤ ਲੰਮਾ ਏ। ਪਿਓ ਡੱਚ ਸੀ, ਉਸ ਦਾ ਪਿਓ ਮੈਕਸੀਕਨ ਸੀ ਤੇ ਉਸ ਦਾ ਪਿਓ ਸਾਊਥ ਅਮਰੀਕਾ ਦੀ ਕਿਸੇ ਡੱਚ ਕਲੋਨੀ ਤੋਂ ਸੀ। ਹਾਂ, ਮੇਰੀ ਮਾਂ ਇੰਗਲਿਸ਼ ਏ।"

"ਤੁਹਾਡੇ ਮਾਂ-ਪਿਓ ਨੇਚੁਰਿਸਟ ਕਲੋਨੀ ਵਿੱਚ ਹੀ ਮਿਲੇ?"

"ਬਿਲਕੁਲ, ਉਥੇ ਹੀ ਮੇਰੇ ਮਾਂ-ਪਿਓ ਦਾ ਵਿਆਹ ਹੋਇਆ ਤੇ ਉਥੇ ਹੀ ਮੇਰਾ ਜਨਮ ਹੋਇਆ। ਜਦ ਮੇਰਾ ਸਕੂਲ ਜਾਣ ਦਾ ਵਕਤ ਹੋਇਆ ਤਾਂ ਮੇਰੀ ਮਾਂ ਲੰਡਨ ਮੂਵ ਹੋ ਗਈ, ਉਦੋਂ ਤੱਕ ਮੇਰੇ ਮਾਂ-ਪਿਓ ਵਿੱਚ ਅਣਬਣ ਵੀ ਹੋ ਗਈ ਸੀ। ਇਵੇਂ ਅਸੀਂ ਮਾਂ-ਧੀ ਉਹ ਕਲੋਨੀ ਛੱਡ ਕੇ ਲੰਡਨ ਰਹਿਣ ਲੱਗੀਆਂ।"

"ਵਾਪਸ ਸਪੇਨ ਜਾਂਦੀਆਂ ਰਹੀਆਂ ਹੋਵੋਂਗੀਆਂ, ਇਸੇ ਲਈ ਤਾਂ ਇਹ ਸ਼ੌਂਕ ਵੱਧਦਾ ਗਿਆ।"

"ਮੇਰੇ ਪਿਤਾ ਦਾ ਘਰ ਏ ਉਸ ਕਲੋਨੀ ਵਿੱਚ, ਜਾਂਦੇ ਵਕਤ ਉਹਨੇ ਮੇਰੇ ਨਾਂ ਕਰ ਦਿੱਤਾ ਸੀ, ਮਾਂ ਤੋਂ ਬਾਅਦ ਮੈਂ ਉਥੇ ਹੀ ਚਲੇ ਜਾਣਾਂ। ਕਲੋਨੀ ਦੀ ਕਮੇਟੀ ਵਿੱਚ ਕੰਮ ਕਰਾਂਗੀ।"

ਸਾਡੀਆਂ ਗੱਲਾਂ ਇਹ ਖਾਣੇ ਦੇ ਦੌਰਾਨ ਵੀ ਚਲਦੀਆਂ ਰਹੀਆਂ। ਮੇਰੇ ਹਰ ਸਵਾਲ ਦਾ ਉਸ ਨੇ ਖਿੜੇ ਮੱਥੇ ਜਵਾਬ ਦਿੱਤਾ। ਬ੍ਰਤਾਨਵੀ ਤੇ ਯੌਰਪ ਦੀ ਸਿਆਸਤ ਬਾਰੇ ਵੀ ਸਾਡੀਆਂ ਬਹੁਤ ਸਾਰੀਆਂ ਗੱਲਾਂ ਹੋਈਆ। ਉਹ ਇੰਗਲੈਂਡ ਦੇ ਯੂਰਪੀਅਨ ਯੂਨੀਅਨ ਵਿੱਚੋਂ ਨਿਕਲ ਆਉਣ ਤੋਂ ਬਹੁਤ ਦੁਖੀ ਸੀ।

ਮੈਂ ਆਪਣੀਆਂ ਖਿਚੀਆਂ ਫੋਟੋਆਂ ਦੀਆਂ ਸਲਾਈਡਾਂ ਉਹਨੂੰ ਦਿਖਾ ਰਿਹਾ ਸਾਂ। ਉਹ ਬਹੁਤ ਧਿਆਨ ਨਾਲ ਦੇਖ ਰਹੀ ਸੀ। ਅਚਾਨਕ ਬੋਲੀ, "ਜੋਅ, ਆਹ ਦੇਖ ਸਾਰੇ ਜਾਨਵਰ ਨੰਗੇ ਨੇ, ਇਹਨਾਂ ਦਾ ਨੰਗ ਤਾਂ ਕਿਸੇ ਸਮਾਜ ਉਪਰ ਹਮਲਾ ਨਹੀਂ ਕਰਦਾ? ਕੋਈ ਰੰਜ ਪੈਦਾ ਨਹੀਂ ਹੁੰਦਾ?"

"ਟੀਆ, ਇਕ ਗੱਲ ਧਿਆਨ ਨਾਲ ਦੇਖ, ਕੁਦਰਤ ਨੇ ਇਥੇ ਵੀ ਪੂਛ ਦੇ ਕੇ ਫੀਮੇਲ ਨੂੰ ਆਪਣਾ ਨੰਗ ਢਕਣ ਦਾ ਵਸੀਲਾ ਕੀਤਾ ਹੋਇਆ ਏ! ...ਫਿਰ ਸਾਨੂੰ ਹਜ਼ਾਰਾਂ ਸਾਲ ਲੱਗ ਗਏ ਇਸ ਸਾਮਾਜ ਨੂੰ ਬੰਨ੍ਹਣ ਲਈ, ਮੁੜ ਕੇ ਜੰਗਲ ਵੱਲ ਜਾਣਾ ਕਿਥੋਂ ਤੱਕ ਸਹੀ ਹੋਵੇਗਾ?"

"ਸਮਾਜ ਬੰਨ ਕੇ ਅਸੀਂ ਕੁਦਰਤ ਤੋਂ ਬਹੁਤ ਦੂਰ ਹੋ ਗਏ ਹਾਂ, ਜਿਹੜੇ ਗੁਨਾਹ ਅੱਜ ਸਮਾਜ ਵਿੱਚ ਹੋ ਰਹੇ ਨੇ ਇਹ ਜੰਗਲ ਵਿੱਚ ਕਦੇ ਨਹੀਂ ਹੁੰਦੇ।"

ਇਸ ਵਿਸ਼ੇ ਨੂੰ ਲੈ ਕੇ ਸਾਡੀਆਂ ਬਹੁਤ ਸਾਰੀਆਂ ਗੱਲਾਂ ਹੋਈਆਂ ਪਰ ਅਸੀਂ ਦੋਵੇਂ ਹੀ ਕਿਸੇ ਬਹਿਸ ਵਿੱਚ ਪੈਣੋ ਡਰਦੇ ਵੀ ਸਾਂ। ਸਾਡੀਆਂ ਗੱਲਾਂ ਅੱਧੀ ਰਾਤ ਤੱਕ ਚਲਦੀਆਂ ਰਹੀਆਂ।

ਅਗਲੀ ਸਵੇਰ ਮੈਂ ਲੋਕਲ ਦੁਕਾਨ ਤੋਂ ਦੁੱਧ ਲੈਣ ਗਿਆ ਤਾਂ ਟੀਆ ਉਥੇ ਮਿਲ ਗਈ। ਬੋਲੀ, "ਜੋਅ, ਮੈਂ ਪਰਸੋਂ ਚਲੇ ਜਾਣਾ।"

"ਪਰ ਤੂੰ ਤਾਂ ਕਿਹਾ ਸੀ ਕਿ ਤੇਰੀਆਂ ਛੁੱਟੀਆਂ ਹਾਲੇ ਹੈਗੀਆਂ।"

ਭਾਵੇਂ ਅੰਗਰੇਜ਼ੀ ਵਿੱਚ 'ਤੂੰ' ਤੇ 'ਤੁਸੀਂ' ਲਈ ਇਕੋ ਸ਼ਬਦ 'ਯੂ' ਹੁੰਦਾ ਹੈ ਪਰ ਜਿਵੇਂ ਉਸ ਨੇ ਮੇਰੇ ਨਾਲ ਨੂੰ ਲੱਗ ਕੇ ਗੱਲ ਕੀਤੀ ਤਾਂ ਮੈਨੂੰ ਲੱਗਿਆ ਕਿ ਹੁਣ ਅਸੀਂ 'ਤੁਸੀਂ' ਨਹੀਂ ਰਹੇ, 'ਤੂੰ' ਹੋ ਗਏ ਹਾਂ।

"ਹਾਂ, ਮੈਂ ਜੈਕ ਨੂੰ ਈਮੇਲ ਕੀਤੀ ਸੀ ਕਿ ਮੈਂ ਪੰਜ ਦਿਨ ਹੋਰ ਰਹਿਣਾ ਚਾਹੁੰਦੀ ਹਾਂ ਪਰ ਉਸ ਦਾ ਜਵਾਬ ਆਇਆ ਕਿ ਇਹ ਬੰਗਲਾ ਪਹਿਲਾਂ ਹੀ ਕਿਸੇ ਹੋਰ ਲਈ ਬੁੱਕ ਹੋ ਚੁੱਕਾ ਏ ਤੇ ਏਨੇ ਛੋਟੇ ਨੋਟਿਸ ਵਿੱਚ ਉਸ ਕੋਲ ਹੋਰ ਕੋਈ ਜਗਾਹ ਨਹੀਂ ਏ।"

"ਟੀਆ, ਮੇਰੇ ਕੋਲ ਦੋ ਕਮਰੇ ਨੇ, ਚਾਹੇ ਤਾਂ ਇਕ ਵਿੱਚ ਤੂੰ ਰਹਿ ਸਕਦੀ ਏਂ।"



ਉਹ ਸੋਚਣ ਲੱਗ ਪਈ। ਫਿਰ ਬੋਲੀ, "ਆਪਣੇ ਵਿਚਾਰ ਨਹੀਂ ਰਲ਼ਦੇ, ਤੈਨੂੰ ਮੇਰਾ ਨੇਚੁਰਿਸਟ ਹੋਣਾ ਪਸੰਦ ਨਹੀਂ ਪਰ ਇਹੋ ਮੇਰਾ ਜੀਣ-ਢੰਗ ਏ।"

"ਜੋ ਕੁਝ ਵੀ ਏ ਪਰ ਤੇਰੇ ਜੀਣ-ਢੰਗ ਵਿੱਚ ਅੜਿੱਕਾ ਨਹੀਂ ਬਣਾਂਗਾ, ਤੂੰ ਜਿਵੇਂ ਮਰਜ਼ੀ ਰਹੀਂ।"

"ਦਿਨ ਦੇ ਬਾਰਾਂ ਵਜੇ ਤੱਕ ਮੇਰੀਆਂ ਵੀਡੀਓ ਮੀਟਿੰਗਜ਼ ਚੱਲਦੀਆਂ ਰਹਿੰਦੀਆਂ, ਤੈਨੂੰ ਮੁਸ਼ਕਿਲ ਆਵੇਗੀ।"

"ਮੈਨੂੰ ਕੋਈ ਮੁਸ਼ਕਲ ਨਹੀਂ ਆਵੇਗੀ, ਤੇਰਾ ਅਲੱਗ ਕਮਰਾ ਹੋਵੇਗਾ, ਵੈਸੇ ਵੀ ਮੈਂ ਤਾਂ ਸਵੇਰੇ ਹੀ ਕੈਮਰਾ ਲੈ ਕੇ ਨਿਕਲ ਜਾਇਆ ਕਰਾਂਗਾ।"

ਉਹ ਕੁਝ ਨਾ ਬੋਲੀ ਤੇ ਚਲੇ ਗਈ।...

ਉਹ ਪੰਜ ਦਿਨ ਮੇਰੇ ਨਾਲ ਰਹੀ। ਉਹ ਬਹੁਤ ਹਸਮੁੱਖ ਸੁਭਾਅ ਦੀ ਮਾਲਕਣ ਸੀ। ਦੁਪਹਿਰ ਤੱਕ ਉਹ ਬਹੁਤ ਰੁਝੀ ਰਹਿੰਦੀ। ਦੁਪਹਿਰ ਤੋਂ ਬਾਅਦ ਉਹ ਨੇਚੁਰਿਸਟ ਹੋ ਜਾਂਦੀ। ਘਰ ਦੇ ਅੰਦਰ ਵੀ, ਧੁੱਪ ਹੋਵੇ ਤਾਂ ਬਾਹਰ ਗਾਰਡਨ ਵਿੱਚ ਅਰਾਮ ਕੁਰਸੀ 'ਤੇ ਪਈ ਰਹਿੰਦੀ, ਬੀਚ 'ਤੇ ਘੁੰਮਣ ਚਲੇ ਜਾਂਦੀ। ਉਸ ਦਾ ਨੰਗੇਜ਼ ਹੁਣ ਮੈਨੂੰ ਅਸਹਿਜ ਨਹੀਂ ਸੀ ਕਰਦਾ ਬਲਕਿ ਮੈਂ ਨੋਟਿਸ ਹੀ ਨਹੀਂ ਸਾਂ ਕਰਦਾ ਕਿ ਜੋ ਔਰਤ ਮੇਰੇ ਘਰ ਵਿੱਚ ਤੁਰੀ ਫਿਰਦੀ ਹੈ ਤੇ ਸੋਫੇ 'ਤੇ ਬੈਠੀ ਮੇਰੇ ਨਾਲ ਗੱਲਾਂ ਕਰ ਰਹੀ ਹੈ, ਉਸ ਨੇ ਕਪੜੇ ਨਹੀਂ ਪਹਿਨੇ ਹੋਏ।

ਇਕ ਬਹੁਤ ਅਜੀਬ ਗੱਲ ਸੀ ਕਿ ਉਸ ਨੇ ਕਦੇ ਵੀ ਮੇਰੇ ਬਾਰੇ ਕੋਈ ਸਵਾਲ ਨਹੀਂ ਸੀ ਪੁੱਛਿਆ, ਨਾ ਮੇਰੀ ਨੌਕਰੀ ਬਾਰੇ, ਨਾ ਮੇਰੇ ਪਿਛੋਕੜ ਬਾਰੇ।

ਇਕ ਦਿਨ ਮੈਂ ਸਵਾਲ ਕੀਤਾ, "ਟੀਆ, ਤੇਰੇ ਸਹਿਕਾਮਿਆਂ ਨੂੰ ਪਤਾ ਕਿ ਤੂੰ ਨੇਚੁਰਿਸਟ ਏਂ?"

"ਹਾਂ, ਪਤਾ ਏ, ਮੇਰਾ ਇਕ ਬੁਆਏ ਫ੍ਰੈਂਡ ਸੀ ਪੀਟਰ, ਉਸ ਨੂੰ ਮੈਂ ਇਕ ਵਾਰ ਨਾਲ ਲੈ ਗਈ ਸੀ, ਉਹਨੇ ਸਭ ਨੂੰ ਦੱਸ ਦਿੱਤਾ ਸੀ, ਪਰ ਮੈਂ ਕਦੇ ਉਹਨਾਂ ਦੇ ਸਾਹਮਣੇ ਇਸ ਵਿਸ਼ੇ 'ਤੇ ਗੱਲ ਨਹੀਂ ਕਰਦੀ। ਇਕ ਵਾਰ ਆਪਣੇ ਸੀਨੀਅਰ ਨਾਲ ਇਸ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ, ਜੇ ਕੋਈ ਪਰਾਈਵੇਟ ਫਰਮ ਹੁੰਦੀ ਤਾਂ ਸ਼ਾਇਦ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ...। ਜਿੰਨਾ ਚਿਰ ਮੈਂ ਹੇਠਲੀ ਜੌਬ 'ਤੇ ਰਹੀ ਤਾਂ ਲੋਕ ਮਜ਼ਾਕ ਕਰਦੇ ਸਨ, ਜਦ ਮੈਨੇਜਰ ਬਣ ਗਈ ਤਾਂ ਸਾਰੇ ਚੁੱਪ ਕਰ ਗਏ।"...

ਉਸ ਦਿਨ ਉਸ ਨੇ ਚਲੇ ਜਾਣਾ ਸੀ। ਸਵੇਰੇ ਉਠੀ ਤੇ ਸਮਾਨ ਇਕੱਠਾ ਕਰਨ ਲੱਗੀ। ਕੁਝ ਸਮਾਨ ਉਸ ਨੇ ਕਾਰ ਵਿੱਚ ਰੱਖ ਲਿਆ। ਮੈਂ ਉਸ ਦੇ ਕਮਰੇ ਵਿੱਚ ਕੁਝ ਚੁੱਕਣ ਗਿਆ ਤਾਂ ਦੇਖਿਆ ਕਿ ਉਥੇ ਕੁਝ ਮੂਰਤੀਆਂ ਪਈਆਂ ਸਨ। ਇਕ ਸ਼ਿਵਾ ਦੀ, ਇਕ ਰਾਮ-ਸੀਤਾ ਦੀ ਤੇ ਇੰਦਰਾ ਗਾਂਧੀ ਦੀ ਫੋਟੋ ਵੀ। ਸਾਊਥ ਅਮਰੀਕਾ ਦੇ ਕੁਝ ਮੁਲਕਾਂ ਵਿੱਚ ਦੋ ਕੁ ਸਦੀਆਂ ਬਹੁਤ ਸਾਰੇ ਭਾਰਤੀ ਸੈੱਟਲ ਹੋ ਗਏ ਹਨ। ਉਥੇ ਹੀ ਕਈ ਲੋਕ ਇੰਦਰਾ ਗਾਂਧੀ ਨੂੰ ਵੀ ਦੇਵੀ ਸਮਝਦੇ ਹਨ। ਮੈਂ ਪੁੱਛਿਆ, "ਇਹ ਮੂਰਤੀਆਂ ਕਿਥੋਂ?"

"ਇਹ ਮੇਰੀ ਪਰਿਵਾਰਕ ਨਿਸ਼ਾਨੀ ਏ, ਤੂੰ ਜਾਣਦਾਂ ਇਹਨਾਂ ਬਾਰੇ?"

"ਕਿਉਂ ਨਹੀਂ ਜਾਣਦਾ? ...ਇਹਦਾ ਮਤਲਬ ਤੇਰੀਆਂ ਜੜ੍ਹਾਂ ਮੇਰੇ ਮੁਲਕ ਨਾਲ ਜਾ ਕੇ ਜੁੜਦੀਆਂ।"

"ਮੈਂ ਸੋਚਦੀ ਸੀ ਕਿ ਤੂੰ ਕੋਈ ਗਰੀਕ ਜਾਂ ਅਰਬੀ ਹੋਵੇਂਗਾ!"...

ਉਸ ਨੇ ਕਾਰ ਸਟਾਰਟ ਕੀਤੀ ਤੇ ਚਲੇ ਗਈ। ਹੈਰਾਨੀ ਦੀ ਗੱਲ ਇਹ ਸੀ ਕਿ ਉਸ ਨੇ ਨਾ ਮੇਰਾ ਫੋਨ ਨੰਬਰ ਮੈਨੂੰ ਪੁੱਛਿਆ ਤੇ ਨਾ ਹੀ ਆਪਣਾ ਦਿੱਤਾ।

ਮੈਨੂੰ ਲੱਗਿਆ ਕਿ ਮੈਂ ਕਿਸੇ ਗੱਲੋਂ ਟੀਆ ਨੂੰ ਨਾਰਾਜ਼ ਕਰ ਲਿਆ ਹੈ। ਅਣਜਾਣੇ ਵਿੱਚ ਉਸ ਦਾ ਮੈਂ ਕਿਤੇ ਸਖਤ ਵਿਰੋਧ ਕਰ ਬੈਠਾ ਹੋਵਾਂਗਾ ਨਹੀਂ ਤਾਂ ਏਨੀ ਨੇੜਤਾ ਤੋਂ ਬਾਅਦ ਏਨੀ ਬੇਰੁਖੀ ਨਹੀਂ ਸੀ ਹੋਣੀ। ਏਨੇ ਨੰਗੇ ਸਾਧੂ ਸਮਾਜ ਵਿੱਚ ਤੁਰੇ ਫਿਰਦੇ ਹਨ ਜਾਂ ਜੈਨ ਧਰਮ ਵਰਗੇ ਕੁਝ ਧਰਮਾਂ ਦੇ ਕੁਝ ਮੋਹਰੀ ਵੀ, ਉਹਨਾਂ ਦੇ ਨੰਗੇਜ਼ ਨਾਲ ਤਾਂ ਕਦੇ ਰੰਜੀਦਗੀ ਪੈਦਾ ਨਹੀਂ ਹੋਈ, ਟੀਆ ਦਾ ਜਾਂ ਉਸ ਦੀ ਸੋਚ ਵਾਲੇ ਕੁਝ ਲੋਕਾਂ ਦਾ ਨੰਗ ਸਮਾਜ ਨੂੰ ਕਿਡੀ ਕੁ ਢਾਹ ਲਾ ਦੇਵੇਗਾ?

ਉਹ ਚਲੇ ਤਾਂ ਗਈ ਪਰ ਮੈਨੂੰ ਭੁੱਲੀ ਨਹੀਂ। ਕਦੇ-ਕਦੇ ਮੇਰਾ ਦਿਲ ਕਰਦਾ ਕਿ ਉਸ ਨਾਲ ਗੱਲ ਕਰ ਸਕਾਂ ਪਰ ਉਹ ਸੋਸ਼ਲ ਮੀਡੀਏ 'ਤੇ ਵੀ ਨਹੀਂ ਸੀ। ਤੇ ਉਸ ਦੇ ਪੂਰੇ ਨਾਂ ਦਾ ਵੀ ਮੈਨੂੰ ਨਹੀਂ ਸੀ ਪਤਾ। ਇਹ ਨਾਂ ਟੀਆ ਵੀ ਸ਼ਾਇਦ ਉਸ ਦਾ ਅਸਲੀ ਨਾਂ ਨਾ ਹੋਵੇ।

ਇਕ ਦਿਨ ਮੈਨੂੰ ਸੁਫਨਾ ਆਇਆ ਕਿ ਟੀਆ ਉਵੇਂ ਹੀ ਆਪਣੇ ਨੇਚੁਰਿਸਟ ਅੰਦਾਜ਼ ਵਿੱਚ ਇਕ ਬੱਘੀ ਦੀ ਉਚੀ ਸੀਟ ਤੇ ਬੈਠੀ, ਜਿਸ ਨੂੰ ਦੋ ਘੋੜੇ ਜੁਪੇ ਹੋਏ ਸਨ, ਮੇਰੇ ਕੋਲ ਦੀ ਲੰਘ ਰਹੀ ਹੈ, ਮੈਨੂੰ ਹੱਥ ਹਿਲਾ ਰਹੀ ਹੈ। ਉਸ ਦੀ ਬੱਘੀ ਸੱਜੇ ਪਾਸੇ ਨੂੰ ਮੋੜ ਮੁੜਦੀ ਹੈ ਤੇ ਉਸ ਦੀ ਜਾਣੀ ਪੱਛਾਣੀ ਪਿੱਠ ਮੈਨੂੰ ਦੇਰ ਤੱਕ ਦਿਸਦੀ ਰਹਿੰਦੀ ਹੈ।

ਇਸ ਸੁਫਨੇ ਤੋਂ ਬਾਅਦ ਕੁਝ ਦਿਨਾਂ ਤੱਕ ਟੀਆ ਨੂੰ ਮਿਲਣ ਦੀ ਤਲਬ ਜ਼ੋਰ ਪਾਉਂਦੀ ਰਹੀ ਪਰ ਫਿਰ ਸਭ ਭੁੱਲ ਭੁੱਲਾ ਗਿਆ।

ਸਾਲ ਲੰਘ ਗਿਆ। ਮੁੜ ਕੇ ਗਰਮੀਆਂ ਆ ਗਈਆਂ। ਲੰਡਨ ਵਿੱਚ 'ਵ੍ਲਡ ਨੇਕਡ ਬਾਈਕ ਰਾਈਡ' ਵਾਲਿਆਂ ਦੀ ਰੈਲੀ ਸੀ। ਐਤਵਾਰ ਹੋਣ ਕਰਕੇ ਮੈਂ ਵਿਹਲਾ ਸਾਂ। ਮੈਂ ਸੋਚਿਆ ਕਿ ਚਲੋ ਕੁਝ ਫੋਟੋਗ੍ਰਾਫੀ ਹੀ ਹੋ ਜਾਵੇ। ਮੈਂ ਟ੍ਰਫਾਲਗਰ ਸੁਕੈਅਰ ਪੁੱਜ ਗਿਆ। ਇਥੇ ਹੀ ਲੋਕ ਆਪਣੇ ਸਾਈਕਲ ਫੜੀ ਇਕੱਠੇ ਹੋ ਰਹੇ ਸਨ। ਜਿਸਮ ਹੀ ਜਿਸਮ। ਨੰਗ-ਧੜੰਗੇ ਜਿਸਮ। ਇਕ ਜਿਸਮ ਮੇਰਾ ਧਿਆਨ ਖਿੱਚ ਰਿਹਾ ਸੀ, ਜਿਵੇਂ ਮੈਂ ਪਹਿਲਾਂ ਦੇਖਿਆ ਹੋਇਆ ਹੋਵੇ।

ਉਸ ਨੇ ਮੇਰੇ ਵੱਲ ਦੇਖਿਆ। ਇਕ ਪਲ ਲਈ ਉਸ ਦੀਆਂ ਅੱਖਾਂ ਝੁਕ ਗਈਆ ਪਰ ਫਿਰ ਉਹ ਮੇਰੇ ਵੱਲ ਦੇਖਦੀ ਅੱਗੇ ਵਧੀ ਤੇ ਹੱਥ ਕੱਢਦੀ ਬੋਲੀ, "ਹੈਲੋ ਜੋਅ, ਨਾਈਸ ਟੂ ਸੀ ਯੂ! ਚੱਲ, ਮੇਰੀ ਫੋਟੋ ਲੈ।"

ਆਖਦਿਆਂ ਟੀਆ ਇਕ ਲੱਤ ਅਗਾਂਹ ਕਰਦੀ ਕਿਸੇ ਮਾਡਲ ਵਾਂਗ ਢਾਕ 'ਤੇ ਹੱਥ ਰੱਖ ਕੇ ਖੜ ਗਈ।



## ਬੇਅਦਬੀ/ਬਲਦੇਵ ਢੀਂਡਸਾ

ਗੁੜਗਾਵਾਂ ਵਿਖੇ ਬੈਂਕ ਵਲੋਂ ਲੱਗਾ ਦਸ ਦਿਨਾਂ ਟਰੇਨਿੰਗ ਕੈਂਪ ਅੱਜ ਖ਼ਤਮ ਹੋ ਰਿਹਾ ਹੈ। ਕੁਮਾਰ ਪ੍ਰਭਾਕਰਨ ਬਹੁਤ ਖ਼ੁਸ਼ ਹੈ। ਮੈਂ ਇਸ ਦੀ ਖ਼ੁਸ਼ੀ ਦਾ ਰਾਜ ਸਮਝਦਾ ਹਾਂ। ਇਸਦਾ ਵਿਆਹ ਹੋਏ ਨੂੰ ਮਸੀਂ ਪੰਜ-ਛੇ ਮਹੀਨੇ ਹੀ ਹੋਏ ਹਨ। ਦਸ ਦਿਨ ਇਕ ਹੀ ਕਮਰੇ 'ਚ ਰਹਿਣ ਨਾਲ਼ ਮੈਂ ਇਸ ਦੀਆਂ ਆਦਤਾਂ ਤੋਂ ਕਾਫ਼ੀ ਵਾਕਫ਼ ਹੋ ਗਿਆ ਹਾਂ। ਪਿੱਛਿਓਂ ਇਹ ਝਾਰਖੰਡ ਤੋਂ ਹੈ। ਐਸ.ਬੀ.ਆਈ. 'ਚ ਕੰਮ ਕਰਦੇ ਨੂੰ ਚਾਰ ਕੁ ਸਾਲ ਹੋਏ ਹਨ। ਪਹਿਲਾ ਤਿੰਨ ਕੁ ਸਾਲ ਪਟਿਆਲੇ ਰਿਹਾ ਹੁਣ ਸਾਲ ਕੁ ਤੋਂ ਜਲੰਧਰ ਵਿਚ ਹੈ। ਨਾਲ਼ ਕੰਮ ਕਰਦੀ ਆਪ ਤੋਂ ਜੂਨੀਅਰ ਜੱਟਾਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ ਹੈ। ਰੋਜ਼ ਰਾਤ ਨੂੰ ਘੰਟਿਆ ਬੱਧੀ ਉਸ ਨਾਲ਼ ਵੀਡੀਓ ਕਾਲ ਰਾਹੀਂ ਜੁੜਿਆ ਰਹੂ। ਫਿਰ ਮੈਨੂੰ ਆਖੂ 'ਸਰ ਜੀ ਮੇਰੀ ਪੰਜਾਬਣ ਜੱਟੀ ਉਦਾਸ ਹੈ।' ਪੰਜਾਬੀ ਬੋਲਦਾ ਮੈਨੂੰ ਚੰਗਾ ਲਗਦਾ ਹੈ ਪਰ ਵਾਰ ਵਾਰ ਬੋਲੇ 'ਪੰਜਾਬਣ ਜੱਟੀ' ਸ਼ਬਦ ਮੈਨੂੰ ਤੰਗੀ ਦੇ ਜਾਂਦੇ ਨੇ। 'ਸਾਲ਼ਾ ਭਾਈਆ' ਮੇਰਾ ਮਨ ਕੜਕਦਾ ਹੈ। ਉਸ ਤਰ੍ਹਾਂ ਇਹ ਬਹੁਤ ਬੀਬਾ ਤੇ ਸਮਝਦਾਰ ਮੁੰਡਾ ਹੈ। ਅੱਜ ਸ਼ਾਮ ਨੂੰ ਗੁੜਗਾਵਾਂ ਵਿਚ ਹੀ ਰਹਿੰਦੇ ਇਸ ਦੇ ਚਾਚੇ ਨੇ ਡਿਨਰ ਤੇ ਬੁਲਾਇਆ ਹੈ। ਉਸਦਾ ਮੁੰਡਾ ਅੱਜ ਹੀ ਇੰਗਲੈਂਡ ਤੋਂ ਆਇਆ ਹੈ। ਪਰ ਇਹ ਤਾਂ ਉੱਡ ਕੇ ਜਲੰਧਰ ਪਹੁੰਚਣਾ ਚਾਹੁੰਦਾ ਹੈ। ਲੇਟ ਹੋਣਾ ਔਖਿਆਈ ਦੇ ਰਿਹਾ ਹੈ। ਵਲੈਤੀ ਵਿਸਕੀ ਨਾਲ ਡਿਨਰ ਕਰਕੇ ਜਦੋਂ ਅਸੀਂ ਨਵੀਂ ਦਿੱਲੀ ਸਟੇਸ਼ਨ 'ਤੇ ਪਹੁੰਚੇ ਹਾਂ ਤਾਂ ਔਖਿਆਈ ਸਾਨੂੰ ਦੋਹਾਂ ਨੂੰ ਹੋ ਗਈ ਹੈ। ਸਾਡੀ ਟਰੇਨ ਤਿੰਨ ਘੰਟੇ ਲੇਟ। ਇਹ ਤਾਂ ਤਿਲਮਲਾ ਹੀ ਗਿਆ ਹੈ। ਕਾਹਲ਼ੇ ਕਦਮੀਂ ਪੁੱਛਗਿੱਛ ਖਿੜਕੀ ਵੱਲ ਵਧਿਆ ਹੈ। ਮੈਂ ਇਕ ਬੈਂਚ ਤੇ ਬੈਠ ਗਿਆ ਹਾਂ। ਜਿੰਨੀ ਕਾਹਲ਼ ਨਾਲ਼ ਇਹ ਗਿਆ ਸੀ ਉਸੇ ਕਾਹਲ਼ ਨਾਲ਼ ਮੁੜ ਆਇਆ ਹੈ। ਇੰਝ ਲਗਦਾ ਹੈ ਜਿਵੇਂ ਇਸਦੇ ਪੈਰਾਂ ਹੇਠ ਅੱਗ ਬਲ਼ਦੀ ਹੋਵੇ। ਬੜੀ ਹਿਰਖੀ ਆਵਾਜ਼ 'ਚ ਬੋਲਿਆ ਹੈ, "ਅਬ ਯਹ ਮੁਲਕ ਰਹਿਨੇ ਕੇ ਕਾਬਿਲ ਨਹੀਂ ਰਹਾ। ਸਾਲੇ ਲੋਗ ਆਪਨੀ ਮਾਂਗੇ ਮਨਵਾਨੇ ਕੇ ਲੀਏ ਟਰੈਫਿਕ ਕਿਉਂ ਰੋਕਤੇ ਹੈ?" ਇੰਨੀ ਗੱਲ ਆਖਦੇ ਹੋਏ ਨੇ ਫ਼ੂਨ ਤੇ ਉਂਗਲ਼ਾਂ ਮਾਰੀਆਂ ਹਨ। ਮੇਰੇ ਕੋਲ਼ੋ ਚਾਰ ਕੁ ਕਦਮ ਪਰ੍ਹੇ ਹੋ ਕੇ ਫ਼ੂਨ ਦੀ ਸਕਰੀਨ ਵੱਲ ਗਹੁ ਨਾਲ਼ ਦੇਖਣ ਲੱਗ ਪਿਆ ਹੈ। ਮੈਂ ਸਮਝ ਗਿਆ ਕਿ ਹੁਣ ਇਹ ਆਪਣੀ ਪੰਜਾਬਣ ਜੱਟੀ ਨੂੰ ਫ਼ੂਨ ਕਰੇਗਾ ਤੇ ਉਹ ਵੀ ਵੀਡੀਓ ਕਾਲ। ਨਾਲ਼ ਹੀ ਇਸਦੇ ਬੋਲੇ ਸ਼ਬਦ 'ਆਪਨੀ ਮਾਂਗੇ ਮਨਵਾਨੇ ਕੇ ਲੀਏ' ਤੋਂ ਮੈਨੂੰ ਯਾਦ ਆ ਗਿਆ ਹੈ ਕਿ ਅੱਜ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੇ ਸਾਂਝੇ ਤੌਰ ਤੇ ਆਪਣੀਆਂ ਮੰਗਾਂ ਦੇ ਹੱਕ ਵਿਚ ਸੜਕ ਰੋਕੋ, ਰੇਲ ਰੋਕੋ ਦੀ ਕਾਲ ਦਿੱਤੀ ਹੋਈ ਸੀ। ਜਿਸ ਕਰਕੇ ਰੇਲਵੇ ਨੇ ਲਾਜ਼ਮੀ ਕੁਝ ਗੱਡੀਆਂ ਰੱਦ ਕੀਤੀਆਂ ਹੋਣਗੀਆਂ ਅਤੇ ਕੁਝ ਲੇਟ ਚਲਾਈਆਂ ਹੋਣਗੀਆਂ। ਉਹਨਾਂ ਦਾ ਸਾਰਾ ਟਾਇਮ ਟੇਬਲ ਗੜਬੜਾ ਗਿਆ ਹੋਣਾ।

ਫ਼ੂਨ ਤੋਂ ਵਿਹਲਾ ਹੋ ਕੇ ਇਹ ਮੂੰਹ ਜਿਹਾ ਲਟਕਾ ਕੇ ਮੇਰੇ ਕੋਲ਼ ਆਣ ਬੈਠਾ ਹੈ। ਮੈਂ ਪਿੱਠ ਥਾਪੜੀ ਅਤੇ ਕਿਹਾ ਕਿ "ਉਦਾਸ ਨਾ ਹੋ, ਜਿੱਦਾਂ ਦਸ ਦਿਨ ਬੀਤੇ ਹਨ ਇਹ ਤਿੰਨ ਘੰਟੇ ਵੀ ਬੀਤ ਜਾਣਗੇ।"

"ਠੀਕ ਹੈ ਸਰ।" ਧੀਮੀ ਸੁਰ 'ਚ ਇਸ ਨੇ ਆਖਿਆ ਹੈ।

ਇਹ ਮੈਨੂੰ ਹਰ ਵਾਰ 'ਸਰ' ਕਹਿ ਕੇ ਬੁਲਾਉਂਦਾ ਹੈ। ਜਿੰਨੀ ਇਸਦੀ ਸਰਵਿਸ ਹੋਈ ਹੈ ਮੇਰੀ ਸੇਵਾ ਮੁਕਤੀ 'ਚ ਇੰਨੇ ਕੁ ਸਾਲ ਰਹਿੰਦੇ ਹਨ। ਕਦੇ ਕਦੇ ਪੂਰੀ ਪੰਜਾਬੀ ਬੋਲਦਾ ਹੈ ਅਤੇ ਕਦੇ ਹਿੰਦੀ-ਪੰਜਾਬੀ ਰਲ਼ਵੀ। ਉਸ ਤਰ੍ਹਾਂ ਇਸਦੇ ਵਿਚਾਰ ਮਨੁੱਖਤਾ ਪੱਖੀ ਹਨ।

"ਸਰ ਜੀ ਕਈ ਵਾਰ ਮੈਂ ਸੋਚਤਾ ਹੂੰ ਕਿ ਪੁਆਇੰਟ ਬੇਸ 'ਤੇ ਕੈਨੇਡਾ ਦੀ ਪੀ.ਆਰ. ਲੇਲੂੰ। ਵਹਾਂ ਇਨਸਾਨੋਂ ਕੀ ਕਦਰ ਤੋਂ ਹੈ।"

"ਬਸ ਤਿੰਨ ਘੰਟੇ ਦੀ ਦੇਰੀ ਕਾਰਨ ਦੇਸ਼ ਛੱਡਣ ਦਾ ਫੈਸਲਾ ਕਰ ਲਿਆ?" ਮੈਂ ਪੁੱਛਿਆ ਹੈ।

"ਸਰ ਤੀਨ ਘੰਟੇ ਕੀ ਦੇਰੀ ਕੀ ਬਾਤ ਨਹੀਂ। ਅਸਲ ਮੇਂ ਜਬ ਵੀ ਮੈਂ ਕਿਸੀ ਬਾਤ ਕੋ ਲੇਕਰ ਪਰੇਸਾਨ ਹੋਤਾ ਹੂੰ ਤਾਂ ਮੁਝੇ ਦੇਸ਼ ਮੇ ਖਾਹਮਖਾਹ ਕੀ ਪੈਦਾ ਕੀ ਜਾ ਰਹੀ ਪਰੇਸ਼ਾਨੀਆਂ ਪਰੇਸ਼ਾਨ ਕਰਨੇ ਲਗਤੀ ਹੈ। ਦੇਖ ਅਗਰ ਕਿਸੀ ਕਾ ਬੱਚਾ ਹਸਪਤਾਲ ਮੇਂ ਡਾਕਟਰ ਕੀ ਅਣਗਹਿਲੀ ਕਾਰਨ ਦਮ ਤੋੜ ਜਾਤਾ ਹੈ ਤਾਂ ਰਿਸ਼ਤੇਦਾਰ ਰੋਡ ਪਰ ਰੱਖ ਕੇ ਜਾਮ ਲਗਾ ਦੇਤੇ ਹੈ। ਫਿਰ ਯਹ ਏਕ ਦਿਨ ਕੀ ਬਾਤ ਥੋੜ੍ਹੀ ਹੈ। ਕੋਈ ਨਾ ਕੋਈ ਅੰਦੋਲਨ ਚਲਤਾ ਹੀ ਰਹਿਤਾ ਹੈ। ਕਭੀ ਪਟੇਲ ਅੰਦੋਲਨ ਤੋ ਕਭੀ ਜਾਟ ਅੰਦੋਲਨ। ਅਰੇ ਔਰ ਦੇਖੋ ਮਹਾਂਪੁਰਸ਼ਾਂ ਕੇ ਨਾਮ ਪਰ ਵੀ ਲੋਗੋਂ ਕੋ ਤਕਲੀਫ਼ ਦੀ ਜਾਤੀ ਹੈ। ਉਨਕੇ ਜਨਮ ਦਿਨ ਪਰ ਵੀ ਅਤੇ ਉਨਕੇ ਮਰਨ ਦਿਨ ਪਰ ਵੀ। ਸੜਕੋਂ ਪਰ ਮੀਲ ਲੰਮੇ ਜਾਮ। ਕਿਆ ਬੋਲਤੇ ਹੈਂ ਉਨ ਕੋ, ਹਾਂ ਹਾਂ ਨਗਰ ਕੀਰਤਨ ਜਾਂ ਫਿਰ ਸ਼ੋਭਾ ਯਾਤਰਾਏਂ। ਕਭੀ ਕਭੀ ਝਾਕੀਆਂ। ਇਤਨਾ ਹੀ ਨਹੀਂ ਅਗਰ ਕਿਸੇ ਧਾਰਮਿਕ ਗਰੰਥ ਦੀ ਬੇਦਅਬੀ..."

ਇਸ ਦੇ ਫੋਨ ਦੀ ਘੰਟੀ ਵੱਜੀ ਹੈ। ਲਗਦਾ ਇਸ ਦੀ ਪੰਜਾਬਣ ਜੱਟੀ ਦਾ ਹੋਣਾ। ਇਹ ਆਪਣੀ ਗੱਲ ਅਧੂਰੀ ਛੱਡ ਕੇ ਚਾਰ ਪੰਜ ਕਦਮਾਂ ਪਰ੍ਹੇ ਜਾ ਖਲੋਤਾ ਹੈ। ਪਰ ਕੁਮਾਰ ਦੁਆਰਾ ਛੱਡੀ ਅਧੂਰੀ ਗੱਲ ਮੇਰੇ ਮਨ ਨੇ ਫੜ੍ਹ ਲਈ ਹੈ। ਇਹ ਡੂਢ ਕੁ ਸਾਲ ਪਿੱਛੇ ਚਲੇ ਗਿਆ ਹੈ-

ਸ਼ੇਰਪੁਰ। ਮੇਰਾ ਜੱਦੀ ਪਿੰਡ। ਕਾਫ਼ੀ ਵੱਡਾ। ਵੱਖ-ਵੱਖ ਭਾਈਚਾਰਿਆਂ ਦੇ ਲੋਕ ਬੜੇ ਅਮਨ ਅਮਾਨ ਨਾਲ਼ ਰਹਿ ਰਹੇ ਸਨ। ਅਚਾਨਕ ਕਿਸੇ ਸ਼ਰਾਰਤੀ ਨੇ ਖੜ੍ਹੋਤੇ ਪਾਣੀਆਂ ਵਿਚ ਵਗਾਹ ਵੱਟਾ ਮਾਰਿਆ। ਸਿੱਖਾਂ ਦੀ ਪੱਤੀ ਵਾਲ਼ੇ ਗੁਰਦੁਆਰੇ ਕੋਈ ਗੁਰੂ ਗਰੰਥ ਸਾਹਿਬ ਅੱਗੇ ਬੀੜੀਆਂ ਦੇ ਬੰਡਲ ਚੜ੍ਹਾ ਗਿਆ। ਰਹਿਰਾਸ ਕਰਨ ਆਏ ਗਰੰਥੀ ਸਿੰਘ ਨੇ ਦੇਖਿਆ। ਪਿੰਡ 'ਚ ਹੜਕੰਪ ਮਚ ਗਿਆ। ਵੱਡੀ ਗਿਣਤੀ ਵਿਚ ਲੋਕ ਗੁਰੂ ਘਰ ਪਹੁੰਚ ਗਏ। ਵੱਡੇ ਪੱਧਰ ਤੇ ਕਾਨਾਫੂਸੀ ਜਾਰੀ ਸੀ। ਜਥੇਦਾਰ ਤਰਲੋਚਨ ਸਿੰਘ ਨੇ ਸਾਰਿਆਂ ਨੂੰ ਸ਼ਾਂਤ ਕਰਦਿਆਂ ਕਹਿਣਾ ਸ਼ੁਰੂ ਕੀਤਾ, "ਦੇਖੋ ਜੋ ਵੀ ਹੋਇਆ ਬਹੁਤ ਮਾੜਾ ਹੋਇਆ। ਕਿਸੇ ਦੁਸ਼ਟ ਨੇ ਬੜਾ ਨੀਚ ਕਾਰਾ ਕੀਤਾ। ਪਰ ਕਸੂਰਵਾਰ ਆਪਾਂ ਵੀ ਹਾਂ ਕਿਉਂਕਿ ਅਣਗਹਿਲੀ ਆਪਣੀ ਵੀ ਹੈ। ਇਹ ਠੀਕ ਹੈ ਕਿ ਗ੍ਰੰਥੀ ਸਿੰਘ ਸਾਰਾ ਦਿਨ ਗੁਰੂ ਘਰ ਬੈਠਾ ਨਹੀਂ ਰਹਿ ਸਕਦਾ। ਗੁਰੂ ਘਰ ਨੂੰ ਜੰਦਰਾ ਵੀ ਨੀ ਮਾਰਿਆ ਜਾ ਸਕਦਾ। ਆਪਾਂ ਨੂੰ ਘੱਟੋ ਘੱਟ ਇਕ ਸੇਵਾਦਾਰ ਹੋਰ ਰੱਖ ਲੈਣਾ ਚਾਹੀਦਾ ਹੈ। ਨਾਲ਼ੇ ਆਪਾਂ ਨੂੰ ਗੁਰੂਘਰ 'ਚ ਕੈਮਰੇ ਲਗਵਾ ਲੈਣੇ ਚਾਹੀਦੇ ਨੇ ਤਾਂ ਕਿ ਅੱਗੇ ਤੋਂ ਅਜਿਹੀ ਘਟਨਾ ਨਾ ਵਾਪਰੇ। ਹੁਣ ਆਪਾਂ ਬਿਨਾਂ ਸਮਾਂ ਗਵਾਏ ਇਸ ਭੈੜੀ ਵਸਤ ਨੂੰ ਇਥੋਂ ਹਟਾਈਏ ਅਤੇ ਸਾਰੀ ਸੰਗਤ ਹਾਲ ਵਿਚ ਹੀ ਬੈਠ ਜਾਈਏ। ਆਪਣੇ ਵਲੋਂ ਹੋਈ ਅਣਗਹਿਲੀ ਨੂੰ ਭੁੱਲ ਮੰਨਦੇ ਹੋਏ ਪਸ਼ਚਾਤਾਪ ਕਰੀਏ। ਰਹਿਰਾਸ ਦਾ ਪਾਠ ਇਕਾਗਰ ਮਨਾਂ ਨਾਲ਼ ਸੁਣੀਏ। ਫਿਰ ਬਖਸ਼ਣਹਾਰ ਗੁਰੂ ਅੱਗੇ ਅਰਦਾਸ ਕਰੀਏ। ਜੇ ਕਿਸੇ ਕੋਲ਼ ਕੋਈ ਹੋਰ ਰਾਇ ਹੈ ਤਾਂ ਉਹ ਵੀ ਸੰਗਤ ਨਾਲ਼ ਸਾਂਝੀ ਕਰੇ।"

ਸਾਰਿਆਂ ਨੇ ਸਹਿਮਤੀ ਦੇ ਦਿੱਤੀ ਸੀ। ਜਥੇਦਾਰ ਨੇ ਬੰਤੂ ਅਮਲੀ ਨੂੰ ਬੀੜੀਆਂ ਦੇ ਬੰਡਲ ਚੁੱਕ ਕੇ ਬਾਹਰ ਨਾਲ਼ੀ ਵਿਚ ਸੁੱਟਣ ਲਈ ਕਿਹਾ। ਅਮਲੀ ਸਿਰ ਦਾ ਪਰਨਾ ਠੀਕ ਕਰਦਾ ਅੱਗੇ



ਵਧਿਆ। ਉਸ ਮਹਾਰਾਜ ਅੱਗੇ ਗੋਡੇ ਟੇਕ ਕੇ ਮੱਥਾ ਟੇਕਿਆ। ਬੰਡਲ ਚੁੱਕ ਕੇ ਹਾਲ ਦੀ ਸਰਦਲ ਤੱਕ ਪਿਛਲ ਖੁਰੀ ਹੀ ਤੁਰਦਾ ਗਿਆ। ਬਾਹਰ ਨਿਕਲ਼ ਉਸ ਬੰਡਲ ਜੇਬ 'ਚ ਪਾ ਲਏ ਸਨ।

ਸੰਗਤ ਹਾਲ 'ਚ ਬੈਠ ਗਈ ਸੀ। ਗਰੰਥੀ ਸਿੰਘ ਰਹਿਰਾਸ ਸ਼ੁਰੂ ਕਰਨ ਹਿੱਤ ਮਹਾਰਾਜ ਅੱਗੇ ਨਤਮਸਤਕ ਹੋ ਕੇ ਤਾਬਿਆ 'ਚ ਜਾ ਬੈਠਾ। ਜਦੋਂ ਉਸ 'ਰੁਮਾਲਾ ਸਾਹਿਬ' ਹਟਾਇਆ ਉਸਦੀ ਤਾਂ ਚੀਕ ਹੀ ਨਿਕਲ਼ ਗਈ। ਗੁਰੂ ਗਰੰਥ ਸਾਹਿਬ ਦੇ ਕਈ ਪੱਤਰੇ ਫਾੜੇ ਹੋਏ ਸਨ। ਸਾਰੀ ਸੰਗਤ ਵਿਚ ਹਾਹਾਕਾਰ ਮੱਚ ਗਈ। ਕਈ ਨੌਜੁਆਨਾਂ ਨੇ ਵੀਡੀਓ ਬਣਾ ਬਣਾ ਸ਼ੋਸ਼ਲ ਮੀਡੀਏ ਤੇ ਚਾੜ੍ਹ ਦਿੱਤੀਆਂ। ਅੰਮ੍ਰਿਤਸਰ ਤੱਕ ਘੰਟੀਆਂ ਖੜਕ ਗਈਆਂ। ਆਸਥਾ ਵਾਲ਼ੇ ਲੋਕ ਸਾਰੀ ਰਾਤ ਸੌਂ ਨਾ ਸਕੇ। ਦਿਨ ਚੜ੍ਹਦੇ ਹੀ ਆਸ ਪਾਸ ਦੇ ਪਿੰਡਾਂ ਤੋਂ ਲੋਕ ਪਹੁੰਚਣੇ ਸ਼ੁਰੂ ਹੋ ਗਏ। ਵੱਖ-ਵੱਖ ਸਿੱਖ ਜਥੇਬੰਦੀਆਂ ਪਹੁੰਚਣ ਲੱਗ ਪਈਆਂ। ਨਿਹੰਗ ਸਿੰਘ ਜਥੇਬੰਦੀਆਂ ਦੀ ਆਮਦ ਸ਼ੁਰੂ ਹੋ ਗਈ। ਸਿੱਖ ਨੌਜੁਆਨਾਂ ਦੇ ਚਿਹਰੇ ਗੁੱਸੇ ਨਾਲ ਲਾਲ ਹੋਣ ਲੱਗ ਪਏ। ਵੱਡੀ ਗਿਣਤੀ ਚ ਪੁਲਿਸ ਫੋਰਸ ਪਹੁੰਚ ਗਈ। ਦੂਸਰੇ ਭਾਈਚਾਰਿਆਂ ਦੇ ਅੰਦਰ ਸਹਿਮ ਛਾ ਗਿਆ। ਐਸ.ਐਸ.ਪੀ. ਨੇ ਬਾਕੀ ਭਾਈਚਾਰਿਆਂ ਨੂੰ ਆਪੋ ਆਪਣੇ ਧਾਰਮਿਕ ਸਥਾਨਾਂ ਵਿਚ ਪਹਿਰੇ ਲਗਾਉਣ ਲਈ ਹੁਕਮ ਚਾੜ੍ਹੇ। ਪੁਲਿਸ ਅਫ਼ਸਰ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਵਿਚਾਰ ਵਟਾਂਦਰਾਂ ਕਰਦੇ ਰਹੇ। ਜਦੋਂ ਲੋਕ ਸ਼ਾਂਤ ਹੋਣ ਲਗਦੇ ਤਾਂ ਕੋਈ ਨਾ ਕੋਈ 'ਪੰਜਾਬ ਸਰਕਾਰ ਮੁਰਦਾਬਾਦ' ਦਾ ਨਾਹਰਾ ਲਾ ਦਿੰਦਾ। ਲੋਕ ਫਿਰ ਭੜਕ ਪੈਂਦੇ। ਭੜਕੇ ਹੋਏ ਲੋਕਾਂ ਨੂੰ ਇਕ ਸਰਕਾਰ ਵਿਰੋਧੀ ਸੋਚ ਰੱਖਣ ਵਾਲਾ ਸਿੱਖ ਦਿੱਖ ਵਾਲ਼ਾ ਨੇਤਾ ਜਲੂਸ ਦੀ ਸ਼ਕਲ ਵਿਚ ਲੈ ਤੁਰਿਆ। ਕਿਲੋ ਕੁ ਮੀਟਰ 'ਤੇ ਪੈਂਦੇ ਹਾਈਵੇਅ ਤੇ ਜਾ ਧਰਨਾ ਲਾਇਆ। ਮੇਰੇ ਡੱਕਣ ਦੇ ਬਾਵਜੂਦ ਮੇਰੇ ਪਿਤਾ ਜੀ ਵੀ ਉਸ ਧਰਨੇ ਵਿਚ ਜਾ ਸ਼ਾਮਿਲ ਹੋਏ ਸੀ। ਚੰਡੀਗੜ੍ਹੋਂ ਇਕ ਸੀਨੀਅਰ ਮੰਤਰੀ ਅਤੇ ਡੀ.ਜੀ.ਪੀ. ਖ਼ੁਦ ਪਹੁੰਚੇ। ਉਹਨੀਂ ਲੋਕਾਂ ਨੂੰ ਸਮਝਾਇਆ ਬੁਝਾਇਆ। ਮੰਤਰੀ ਨੇ ਵਾਅਦਾ ਕੀਤਾ ਕਿ ਉਹ ਸਰਕਾਰ ਨੂੰ ਸਿਰਫ਼ ਦਸ ਦਿਨ ਦੇਣ। ਜੇ ਸਰਕਾਰ ਦਸ ਦਿਨ ਵਿਚ ਦੋਸ਼ੀਆਂ ਨੂੰ ਫੜ੍ਹ ਨਾ ਸਕੀ ਤਾਂ ਉਹ ਧਰਨੇ 'ਤੇ ਖ਼ੁਦ ਬੈਠੇਗਾ। ਲਗਪਗ ਤਿੰਨ ਘੰਟੇ ਬਾਅਦ ਜਾਮ ਖੁੱਲ੍ਹਾ ਸੀ। ਪਰ ਬਾਪ ਮੇਰਾ ਤਿੰਨ ਦਿਨ ਬਾਅਦ ਹੀ ਘਰ ਵੜਿਆ ਸੀ। ਇਤਫ਼ਾਕਨ ਤਿੰਨ ਦਿਨ ਮਗਰੋਂ ਹੀ ਇਸ ਮਾਮਲੇ ਨੂੰ ਲੈ ਕੇ ਬਾਬੇ ਪੋਤੇ ਦੀ ਨੋਕ ਝੋਕ ਹੋ ਗਈ ਸੀ।

ਐਤਵਾਰ ਦਾ ਦਿਨ ਸੀ। ਹਰੇਕ ਐਤਵਾਰ ਦੀ ਤਰ੍ਹਾਂ ਸਾਰੇ ਪਰਿਵਾਰ ਨੇ 'ਕੱਠੇ ਬੈਠ ਕੇ ਨਾਸ਼ਤਾ ਕੀਤਾ ਸੀ। ਨਾਸ਼ਤੇ ਉਪਰੰਤ ਲਵੀ ਬੋਲਿਆ ਸੀ, "ਬਾਬਾ ਜੀ ਧਰਨੇ ਤੇ ਬੈਠੇ ਲੋਕਾਂ ਦੀ ਗਿਣਤੀ ਕਿੰਨੀ ਕੁ ਸੀ?"

"ਪੁੱਤਰਾ, ਕੋਈ ਅੰਤ ਸੀ ਜਿੱਧਰ ਦੇਖੋ ਮਲੱਖੇ ਮਲੱਖ!"

"ਬਾਬਾ ਜੀ, ਹਾਈਵੇਅ ਜਾਮ ਕਰਨ ਦੀ ਕੀ ਲੋੜ ਸੀ?"

"ਕਾਕਾ ਗੁਰੂ ਦੀ ਬੇਅਦਬੀ ਹੋਈ ਸੀ। ਨਿਰਾਦਰ ਹੋਇਆ ਸੀ। ਲੋਕਾਂ ਵਿਚ ਗੁੱਸਾ ਸੀ।"

"ਬਾਬਾ ਜੀ. ਪਲੀਜ਼ ਗੁੱਸਾ ਨਾ ਕਰਿਓ। ਜਾਮ ਲਾ ਕੇ ਨਿਰਾਦਰ ਤੁਸੀਂ ਵੀ ਕੀਤਾ ਹੈ।"

"ਉਹ ਕਿਸ ਤਰ੍ਹਾਂ?" ਪਿਤਾ ਜੀ ਕੁਝ ਤੈਸ਼ 'ਚ ਬੋਲੇ ਸੀ।

"ਬਾਬਾ ਜੀ, ਸਾਡੇ ਗੁਰੂ ਸਾਹਿਬਾਨ ਨੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਆਪਣੇ ਸਿਰ ਲਈਆਂ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੀਆਂ ਤਕਲੀਫ਼ਾਂ ਦੇ ਹੱਲ ਲਈ ਆਪਣਾ ਸੀਸ ਵਾਰ ਦਿੱਤਾ। ਦਸਮ ਪਿਤਾ ਨੇ ਲੋਕਾਂ ਨੂੰ ਜ਼ੁਲਮ ਤੋਂ ਨਿਯਾਤ ਦਿਵਾਉਣ ਹਿੱਤ ਪਰਿਵਾਰ ਵਾਰ ਦਿੱਤਾ। ਜਾਨ ਤੋਂ ਪਿਆਰੇ ਸਿੰਘ ਕੁਰਬਾਨ ਕਰ ਦਿੱਤੇ। ਬਾਬੇ ਨਾਨਕ ਨੇ ਲੋਕਾਂ ਨੂੰ ਸਹੀ ਜੀਵਨ

ਜਾਂਚ ਦਾ ਸੰਦੇਸ਼ ਦੇਣ ਲਈ ਹਜ਼ਾਰਾਂ ਮੀਲਾਂ ਦਾ ਸਫ਼ਰ ਉਸ ਸਮੇਂ ਕੀਤਾ ਜਦੋਂ ਅਵਾਜਾਈ ਦੇ ਸਾਧਨ ਅੱਜ ਵਰਗੇ ਨਹੀਂ ਸਨ। ਮਜ਼ਲੂਮਾਂ ਦੇ ਹੱਕ 'ਚ ਅਵਾਜ਼ ਬੁਲੰਦ ਕਰਨ ਬਦਲੇ ਜੇਲ੍ਹ ਵਿਚ ਚੱਕੀ ਫੇਰੀ। ਸਾਰੇ ਹੀ ਗੁਰੂ ਸਾਹਿਬਾਨ ਦਾ ਜੀਵਨ ਮਨੁੱਖਤਾ ਲਈ ਸੀ। ਕਿਸੇ ਗੁਰੂ ਸਾਹਿਬ ਨੇ ਆਪਣੀ ਗੁਰਬਾਣੀ ਰਾਹੀ ਮਨੁੱਖਤਾ ਦੀ ਸੇਵਾ ਕੀਤੀ। ਕਿਸੇ ਨੇ ਤਲਵਾਰ ਚੁੱਕ ਕੇ ਕੀਤੀ। ਕਿਸੇ ਗੁਰੂ ਸਾਹਿਬਾਨ ਨੇ ਸਰਾਵਾਂ ਬਣਾਈਆਂ, ਬਾਉਲੀਆਂ ਬਣਵਾਈਆਂ ਤੇ ਖੂਹ ਲਗਵਾਏ। ਕਾਸ ਲਈ? ਸਿਰਫ਼ ਤੇ ਸਿਰਫ਼ ਮੁਸਾਫਰਾਂ ਦੀ ਸਹੂਲਤ ਲਈ। ਤੁਸੀਂ ਜਾਮ ਲਾ ਕੇ ਲੋਕਾਂ ਨੂੰ ਕਿਹੜੀ ਸਹੂਲਤ ਦਿੱਤੀ? ਤਿੰਨ ਘੰਟੇ ਬਾਅਦ ਤੁਸੀਂ ਧਰਨਾ ਚੁੱਕਿਆ। ਘੰਟਾ ਦੋ ਘੰਟੇ ਟਰੈਫਿਕ ਨੂੰ ਮੁੜ ਲੀਹ 'ਤੇ ਪਾਉਣ ਲਈ ਪ੍ਰਸ਼ਾਸ਼ਨ ਦੇ ਹੋਰ ਲੱਗ ਗਏ ਹੋਣਗੇ। ਇਸ ਤਰ੍ਹਾਂ ਲੋਕ ਘੱਟੋ ਘੱਟ ਚਾਰ ਘੰਟੇ ਤਾਂ ਲਾਜ਼ਮੀ ਖੱਜਲ ਖੁਆਰ ਹੋਏ ਹੋਣਗੇ। ਕੋਈ ਸਮੇਂ ਸਿਰ ਘਰ ਨਹੀਂ ਪਹੁੰਚ ਸਕਿਆ ਹੋਏਗਾ। ਕਿਸੇ ਦੀ ਫਲਾਈਟ ਵੀ ਮਿਸ ਹੋਈ ਹੋ ਸਕਦੀ ਹੈ। ਕੋਈ ਕਚਹਿਰੀ ਤਰੀਕ ਤੇ ਸਮੇਂ ਸਿਰ ਪਹੁੰਚ ਨਾ ਸਕਿਆ ਹੋਏਗਾ। ਕੋਈ ਬਿਮਾਰ ਸਮੇਂ ਸਿਰ ਹਸਪਤਾਲ ਪਹੁੰਚਣ ਤੋਂ ਖੁੰਝ ਗਿਆ ਹੋਊ। ਤੁਹਾਡੇ ਜਾਮ ਤੋਂ ਅਗਲੇ ਦਿਨ ਇਕ ਵੀਡੀਓ ਵਾਇਰਲ ਹੋਈ ਹੈ। ਇਕ ਜੋੜਾ ਹਸਪਤਾਲ ਦੇ ਬਾਹਰ ਖੜਾ ਵਰਲਾਪ ਕਰ ਰਿਹਾ ਹੈ। ਉਹਨੀਂ ਦੋ-ਢਾਈ ਸਾਲ ਦੇ ਬੱਚੇ ਦੀ ਲਾਸ਼ ਚੁੱਕੀ ਹੋਈ ਹੈ। ਪੱਤਰਕਾਰ ਦੇ ਸੁਆਲ ਦੇ ਜੁਆਬ 'ਚ ਹਟਕੋਰੇ ਲੈ ਕੇ ਮਰਦ ਬੋਲ ਰਿਹਾ ਹੈ, 'ਜਾਮ ਨੇ ਸਾਡੇ ਬੱਚੇ ਦੀ ਜਾਨ ਲੈ ਲਈ। ਡਾਕਟਰ ਕਹਿੰਦੇ ਨੇ ਤੁਸੀਂ ਦੋ ਘੰਟੇ ਪਹਿਲਾ ਪਹੁੰਚ ਜਾਂਦੇ ਤਾਂ ਬੱਚਾ ਬਚ ਸਕਦਾ ਸੀ।' ਬਾਬਾ ਜੀ ਜਨਾਨੀ ਦੇ ਵਰਲਾਪ ਸੁਣੇ ਨੀ ਜਾਂਦੇ। ਉਹ ਚੀਕ ਚੀਕ ਕੇ ਕਹਿ ਰਹੀ ਹੈ ਕਿ ਸ਼ੇਰਪੁਰ ਜਾਮ ਲਗਾਉਣ ਵਾਲ਼ੇ ਮੇਰੇ ਬੱਚੇ ਦੇ ਕਾਤਲ ਹਨ। ਸੋ ਹੁਣ ਬਾਬਾ ਜੀ ਤੁਸੀਂ ਦੱਸੋ ਕਿ ਗੁਰੂ ਸਾਹਿਬ ਦੇ ਸਥਾਪਿਤ ਕੀਤੇ ਸਿੱਖਿਆ ਸਿਧਾਂਤਾਂ ਦੀ ਉਲੰਘਣਾ ਕਰਕੇ ਆਪਾਂ ਗੁਰੂ ਸਾਹਿਬ ਦਾ ਆਦਰ ਕਰ ਰਹੇ ਹਾਂ ਜਾਂ ਨਿਰਾਦਰ? ਲਓ ਬਾਬਾ ਜੀ ਮੈਂ ਤੁਹਾਨੂੰ ਉਹ ਵੀਡੀਓ ਦਿਖਾਉਂਦਾ ਹਾਂ।" ਪਰ ਪਿਤਾ ਜੀ ਨੇ ਹੱਥ ਦੇ ਇਸ਼ਾਰੇ ਨਾਲ਼ ਰੋਕ ਦਿੱਤਾ ਸੀ। ਲਗਦਾ ਸੀ ਲਵੀ ਦੀਆਂ ਦਲੀਲਾਂ ਨੇ ਪਿਤਾ ਜੀ ਦੇ ਅੰਦਰ ਕੁਝ ਹਲਚਲ ਕੀਤੀ ਸੀ ਪਰ ਉਹ ਮੂੰਹੋਂ ਕੁਝ ਨਹੀਂ ਸੀ ਬੋਲੇ।

ਲਵੀ ਨੇ ਫਿਰ ਬੋਲਣਾ ਸ਼ੁਰੂ ਕੀਤਾ ਸੀ, "ਬਾਬਾ ਜੀ, ਸਾਡੇ ਕਾਲਜ ਪ੍ਰਿੰਸੀਪਲ ਸ. ਰਤਏਸ਼ਵਰ ਸਿੰਘ ਸੋਢੀ ਜੀ ਜੋ ਕਿ ਆਪ ਧਾਰਮਿਕ ਮਾਮਲਿਆਂ ਦੇ ਮਾਹਰ ਹਨ ਨੇ ਜਦੋਂ ਇਹ ਵੀਡੀਓ ਦੇਖੀ ਤਾਂ ਉਹਨੀਂ ਪੰਜਾਬੀ ਵਿਭਾਗ ਨੂੰ ਵਿਦਿਆਰਥੀਆਂ ਦੇ ਚਾਰ-ਪੰਜ ਗਰੁੱਪ ਬਣਾਉਣ ਲਈ ਕਿਹਾ। ਨਾਲ਼ ਹੀ ਹਦਾਇਤ ਕੀਤੀ ਕਿ ਹਰ ਗਰੁੱਪ 'ਚ ਹਰ ਕਲਾਸ ਦਾ ਇੱਕ ਇੱਕ ਵਿਦਿਆਰਥੀ ਜ਼ਰੂਰ ਹੋਵੇ। ਵਿਦਿਆਰਥੀ ਵੱਖੋ ਵੱਖ ਵਿਸ਼ਿਆਂ ਅਤੇ ਵੱਖੋ ਵੱਖ ਧਾਰਮਿਕ ਪਿਛੋਕੜ ਵਾਲ਼ੇ ਜ਼ਰੂਰ ਸ਼ਾਮਿਲ ਹੋਣ। ਬਾਬਾ ਜੀ, ਆਪਣੇ ਗਰੁੱਪ ਦਾ ਗਰੁੱਪ ਲੀਡਰ ਮੈਂ ਸੀ। ਸਾਨੂੰ ਟੌਪਿਕ ਦਿੱਤਾ ਗਿਆ ਸੀ 'ਧਾਰਮਿਕਤਾ ਦੇ ਨਾਂ ਤੇ ਲੋਕਾਂ ਦੀ ਖੱਜ਼ਲ ਖੁਆਰੀ, ਕਾਰਨ ਅਤੇ ਹੱਲ।' ਬਾਬਾ ਜੀ ਅਸੀਂ ਤਿੰਨ ਦਿਨ ਤੱਕ ਆਪੋ ਆਪਣੇ ਗਰੁੱਪਾਂ ਵਿਚ ਵਿਚਾਰ ਵਟਾਂਦਰਾ ਕੀਤਾ। ਕੱਲ ਦੁਪਹਿਰੇ ਸੈਮੀਨਾਰ ਹਾਲ ਵਿਚ ਹਰ ਗਰੁੱਪ ਦੇ ਵਿਚਾਰ ਸੁਣੇ। ਹਰ ਗਰੁੱਪ ਦੇ ਗਰੁੱਪ ਲੀਡਰ ਨੇ ਹੀ ਬੋਲਣਾ ਸੀ ਬਾਬਾ ਜੀ ਤੁਹਾਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਕਿ ਤੁਹਾਡੇ ਪੋਤੇ ਲਵਸ਼ਿੰਦਰ ਸਿੰਘ ਉਰਫ਼ ਲਵੀ ਦਾ ਗਰੁੱਪ ਪਹਿਲੇ ਸਥਾਨ ਤੇ ਰਿਹਾ। ਇਦੋਂ ਵੀ ਵੱਡੀ ਖ਼ੁਸ਼ੀ ਦੀ ਗੱਲ ਹੈ ਕਿ ਮੇਰੇ ਪੇਪਰ ਵਿਚ ਨੱਬੇ ਪ੍ਰਤੀਸ਼ਤ ਵਿਚਾਰ ਮੇਰੇ ਨਿੱਜੀ ਸਨ। ਰਾਤ ਨੂੰ ਆਪਾਂ ਵਿਹਲੇ ਹੋ ਕੇ ਪਿੰਨ ਡਰਾਈਵ ਤੋਂ ਪੰਜੇ ਗਰੁੱਪ



ਲੀਡਰਾਂ ਦੇ ਭਾਸ਼ਣ ਵੱਡੀ ਸਕਰੀਨ ਤੇ ਦੇਖਾਂ-ਸੁਣਾਂਗੇ। ਹੁਣ ਮੈਂ ਤੁਹਾਨੂੰ ਉਸ ਭਾਸ਼ਣ ਦਾ ਸਾਰ ਤੱਤ ਥੋੜ੍ਹੇ ਸ਼ਬਦਾਂ 'ਚ ਸੁਣਾ ਦਿੰਦਾ ਹਾਂ।"

ਸਾਡਾ ਸਾਰਿਆ ਦਾ ਧਿਆਨ ਲਵੀ ਵੱਲ ਕੇਂਦਰਿਤ ਹੋ ਗਿਆ ਸੀ।

"ਬਾਬਾ ਜੀ, ਮੈਂ ਧਾਰਮਿਕਤਾ ਦੇ ਨਾਂ ਤੇ ਆਮ ਲੋਕਾਂ ਦੀ ਹੋ ਰਹੀ ਖੱਜਲ ਖ਼ੁਆਰੀ ਨੂੰ ਦੋ-ਹਿੱਸਿਆਂ ਵਿਚ ਵੰਡ ਕੇ ਪੇਸ਼ ਕੀਤਾ ਸੀ। ਪਹਿਲੀ ਉਹ ਜੋ ਮੀਲਾਂ ਬੱਧੀ ਲੰਮੇ ਨਗਰ ਕੀਰਤਨਾਂ, ਸ਼ੋਭਾ ਯਾਤਰਾਵਾਂ ਅਤੇ ਝਾਕੀਆਂ ਆਦਿ ਕਾਰਜਾਂ ਰਾਹੀਂ ਉਤਪੰਨ ਹੁੰਦੀ ਹੈ। ਅਜਿਹੇ ਕਾਰਜਾਂ ਰਾਹੀਂ ਵੀ ਜਾਮ ਲਗਦੇ ਹਨ ਅਤੇ ਕੰਮਕਾਜੀ ਜੰਤਾ ਦੁੱਖ ਭੋਗਦੀ ਹੈ। ਇਹਨਾਂ ਕਾਰਜਾਂ ਦੇ ਆਯੋਜਨ ਪਿੱਛੇ ਜੋ ਮੁੱਖ ਕਾਰਨ ਹੈ ਉਹ ਹੈ ਪੁਜਾਰੀਵਾਦ। ਪੁਜਾਰੀਵਾਦ ਆਦਿਕਾਲ ਤੋਂ ਲੋਕਾਂ ਨੂੰ ਮਗਰ ਲਾਉਣ ਲਈ ਅਜਿਹੇ ਕਾਰਜ ਕਰਕੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਹੜੱਪਦਾ ਆਇਆ ਹੈ। ਅਜਿਹੇ ਕਾਰਜਾਂ ਵਿਚ ਸਿਆਸੀ ਧਿਰਾਂ ਦੀ ਸ਼ਮੂਲੀਅਤ ਆਪਣੇ ਮਨੋਰਥ ਸਿੱਧੀ ਲਈ ਹੁੰਦੀ ਹੈ। ਹੱਲ ਲਈ ਮੈਂ ਇੰਨਾ ਹੀ ਕਿਹਾ ਸੀ ਕਿ ਪੁਜਾਰੀਵਾਦ ਤੋਂ ਕੋਈ ਆਸ ਨਾ ਰੱਖੀ ਜਾਵੇ। ਲੋਕਾਂ ਨੂੰ ਹੀ ਗਿਆਨਵਾਨ ਹੋਣਾ ਪਏਗਾ। ਇਕ ਗੁਣੀ ਗਿਆਨੀ, ਗੁਰਬਾਣੀ ਦੇ ਸਹੀ ਅਰਥਾਂ ਦੀ ਗਿਆਤਾ ਪ੍ਰਚਾਰਕ ਧਿਰ ਜਿਸ ਦਾ ਮੁੱਖ ਮੰਤਵ ਪੈਸਾ ਨਾ ਹੋਵੇ ਲੋਕਾਂ ਨੂੰ ਇਸ ਭੰਵਰ ਤੋਂ ਕੱਢਣ ਲਈ ਸਹਾਇਕ ਹੋ ਸਕਦੀ ਹੈ।

ਦੂਜੇ ਹਿੱਸੇ 'ਚ ਬਾਬਾ ਜੀ, ਮੈਂ ਕਿਹਾ ਸੀ ਕਿ ਪਿੰਡ ਸ਼ੇਰਪੁਰ ਵਾਲ਼ੀ ਘਟਨਾ ਪਹਿਲੀ ਤੇ ਆਖਰੀ ਘਟਨਾ ਨਹੀਂ। ਅਜਿਹੀਆਂ ਘਟਨਾਵਾਂ ਪਿੱਛੇ ਇਕ ਪ੍ਰਤੀਸ਼ਤ ਕਾਰਨ ਤਾਂ ਕੋਈ ਮਨੋਰੋਗੀ ਵੀ ਹੋ ਸਕਦਾ ਹੈ। ਇਕ ਪ੍ਰਤੀਸ਼ਤ ਪ੍ਰਬੰਧਕਾਂ ਦੀ ਅਣਗਹਿਲੀ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਜਿਵੇਂ ਸਰੂਪ ਸੰਭਾਲ਼ ਕਮਰੇ 'ਚ ਹੀਟਰ ਜਾਂ ਏ.ਸੀ. ਲਗਾਤਾਰ ਚਲਦੇ ਰੱਖਣਾ। ਬਾਕੀ ਬਚਦੇ ਕਾਰਨ ਸ਼ਰਾਰਤੀ ਅਨਸਰਾਂ ਦੀ ਗਿਣੀ ਮਿਥੀ ਖੇਡ ਹੁੰਦੀ ਹੈ। ਇਸ ਪਿੱਛੇ ਕਿਸੇ ਨਾ ਕਿਸੇ ਸਿਆਸੀ ਧਿਰ ਦੀ ਸ਼ਹਿ ਹੁੰਦੀ ਹੈ। ਕਈ ਵਾਰ ਤਾਂ ਰਾਜ ਕਰਦੀਆਂ ਪਾਰਟੀਆਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ 'ਤੋਂ ਪਾਸੇ ਕਰਨ ਲਈ ਅਜਿਹੀਆਂ ਸ਼ਰਾਰਤਾਂ ਆਪ ਕਰਵਾਉਂਦੀਆਂ ਹਨ। ਵੋਟਾਂ ਦੇ ਧਰੁਵੀਕਰਨ ਲਈ ਵੀ ਅਜਿਹੀਆਂ ਸ਼ਰਮਨਾਕ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਸਿਆਸੀ ਲੋਕ। ਹੱਲ ਲਈ ਆਪਣੇ ਗਰੁੱਪ ਦਾ ਵਿਚਾਰ ਪੇਸ਼ ਕਰਦਿਆਂ ਮੈਂ ਕਿਹਾ ਸੀ ਕਿ ਜਿਸ ਵੀ ਭਾਈਚਾਰੇ ਦੇ ਧਾਰਮਿਕ ਗਰੰਥ ਜਾਂ ਉਹਨਾਂ ਦੇ ਕਿਸੇ ਵੀ ਮਹਾਂਪੁਰਸ਼ ਦੀ ਬੇਅਦਬੀ ਕੀਤੀ ਜਾਂਦੀ ਹੈ ਤਾਂ ਉਹ ਭਾਈਚਾਰਾ ਪੂਰਨ ਜਬਤ 'ਚ ਰਹੇ। ਸ਼ਰਾਰਤੀ ਅਨਸਰਾਂ ਦੇ ਮਨਸੂਬੇ ਫੇਲ੍ਹ ਕਰਨ ਹਿੱਤ ਬਿਲਕੁਲ ਭੜਕੇ ਨਾ। ਸਗੋਂ ਸਮੂਹ ਭਾਈਚਾਰਾ ਪ੍ਰਮਾਤਮਾ ਅੱਗੇ ਅਰਦਾਸ ਕਰੇ ਕਿ ਉਹ ਸ਼ਰਾਰਤੀ ਅਨਸਰਾਂ ਨੂੰ ਸੁਮੱਤ ਬਖਸ਼ੇ ਕਿ ਉਹ ਅਗਾਂਹ ਤੋਂ ਅਜਿਹੀ ਘਿਨਾਉਣੀ ਕਾਰਵਾਈ ਨਾ ਕਰਨ। ਪ੍ਰਭਾਵਿਤ ਗਰੰਥ ਜਾਂ ਪੋਥੀ ਨੂੰ ਭਾਈਚਾਰੇ ਦੀਆਂ ਰਸਮਾਂ ਮੁਤਾਬਿਕ ਅੰਤਿਮ ਵਿਦਾਇਗੀ ਦੇ ਦਿੱਤੀ ਜਾਵੇ। ਇਹ ਨੀਤੀ ਅਪਨਾਉਣ ਨਾਲ਼ ਸ਼ਰਾਰਤੀ ਅਨਸਰ ਹੋਲ਼ੀ ਹੋਲ਼ੀ ਆਪੇ ਹੀ ਇਹਨਾਂ ਗਤੀਵਿਧੀਆਂ ਤੋਂ ਕਿਨਾਰਾ ਕਰਨ ਲੱਗ ਪੈਣਗੇ। ਦੋਸ਼ੀਆਂ ਨੂੰ ਫੜ੍ਹਨ ਲਈ ਸਰਕਾਰ ਆਪਣਾ ਕੰਮ ਕਰਦੀ ਰਹੇ। ਪਰ ਪ੍ਰਭਾਵਤ ਭਾਈਚਾਰਾ ਸੜਕਾਂ 'ਤੇ ਜਾਮ ਲਾ ਕੇ ਜਾਂ ਬੰਦ ਦਾ ਸੱਦਾ ਦੇ ਕੇ ਤੇ ਫਿਰ ਜਬਰਦਸਤੀ ਬੰਦ ਕਰਵਾ ਕੇ ਜਾਂ ਫਿਰ ਸਾੜ ਫੂਕ ਕਰਕੇ ਆਮ ਬੇਕਸੂਰ ਲੋਕਾਂ ਨੂੰ ਸਜਾ ਨਾ ਦੇਵੇ। ਬਾਬਾ ਜੀ, ਇਸ ਸੁਝਾਅ ਤੇ ਹਾਲ ਤਾੜੀਆਂ ਨਾਲ਼ ਗੂੰਜ ਉਠਿਆ ਸੀ। ਬਾਕੀ ਬਾਬਾ ਜੀ, ਜਦ ਰਾਤ ਨੂੰ ਆਪਾਂ ਸਾਰੇ ਵੱਡੀ ਸਕਰੀਨ 'ਤੇ ਭਾਸ਼ਣ ਦੇਖਾਂ-ਸੁਣਾਗੇ ਤਾਂ ਮੇਰੀ ਪੇਸ਼ਕਾਰੀ ਦੇਖਕੇ ਤੁਸੀਂ ਅਸ਼-ਅਸ਼ ਕਰ ਉੱਠੋਗੇ।"

"ਰਹਿਣ ਦੇ ਰਹਿਣ ਦੇ ਵੱਡੀ ਸਕਰੀਨ ਨੂੰ। ਮੈਂ ਸਮਝਦਾ ਤੁਹਾਡੀਆਂ ਨਾਸਤਿਕ ਪਾੜ੍ਹਿਆਂ ਦੀਆਂ ਗੱਲਾਂ। ਅਖੇ ਦੋਸ਼ੀਆਂ ਲਈ ਅਰਦਾਸ ਕਰੋ। ਪੁਜਾਰੀਵਾਦ ਤੋਂ ਆਸ ਨਾ ਰੱਖੋ। ਪੁੱਤ, ਇਹ ਪੁਜਾਰੀ ਸ਼੍ਰੇਣੀ ਹੀ ਹੈ ਜੋ ਸਦੀਆਂ ਤੋਂ ਜੰਤਾ ਨੂੰ ਰੱਬ ਨਾਲ਼ ਜੋੜਦੀ ਆਈ ਹੈ। ਆਏ ਵੱਡੇ ਪੜ੍ਹਾਕੂ...।" ਪਿਤਾ ਜੀ ਥੋੜੇ ਹਰਖੇ ਪਏ ਸਨ।

"ਬਾਬਾ ਜੀ, ਪੁਜਾਰੀ ਸ਼੍ਰੇਣੀ ਪੁੱਠੀਆਂ ਸਿੱਧੀਆਂ ਕਹਾਣੀਆਂ ਸੁਣਾਕੇ 'ਭੋਲ਼ੇ ਭਾਲ਼ੇ ਲੋਕਾਂ ਦੇ ਮਨਾਂ 'ਚ ਡਰ ਬਿਠਾ ਕੇ ਉਹਨਾਂ ਨੂੰ ਲੁੱਟਦੀ ਆਈ ਹੈ। ਕੋਠਿਆਂ ਉਪਰਲੀਆਂ ਮੌਸੀਆਂ ਅਤੇ ਪੁਜਾਰੀਆਂ ਵਿਚ ਇੰਨਾ ਹੀ ਫ਼ਰਕ ਹੈ ਕਿ ਮੌਸੀਆਂ ਪੈਸਾ ਕਮਾਉਣ ਲਈ ਲੜਕੀਆਂ ਤੋਂ ਪੇਸ਼ਾ ਕਰਵਾਉਂਦੀਆਂ ਹਨ ਤੇ ਬਹੁਤੇ ਪੁਜਾਰੀ ਪੈਸਾ ਕਮਾਉਣ ਲਈ ਰੱਬ ਤੋਂ ਇਕ ਕਿਸਮ ਨਾਲ਼ ਪੇਸ਼ਾ ਹੀ ਕਰਵਾਉਂਦੇ ਹਨ।" ਇੰਨੀ ਗੱਲ ਆਖ ਲਵੀ ਉੱਠਕੇ ਆਪਣੇ ਕਮਰੇ 'ਚ ਚਲੇ ਗਿਆ ਸੀ।

ਇੰਝ ਲੱਗਾ ਜਿਵੇਂ ਪਿਤਾ ਜੀ ਦਾ ਮੂੰਹ ਕੁਸੈਲ਼ਾ ਹੋ ਗਿਆ ਹੋਵੇ। 'ਬਖਸ਼ੀਂ ਵਾਹਿਗੁਰੂ' ਆਖਦੇ ਉਹ ਵੀ ਉੱਠਕੇ ਚਲੇ ਗਏ ਸਨ। ਮੈਨੂੰ ਲਵੀ 'ਤੇ ਮਾਣ ਮਹਿਸੂਸ ਹੋ ਰਿਹਾ ਸੀ। ਉਸ ਤਰ੍ਹਾਂ ਅੱਜ ਵੀ ਮਾਣ ਹੈ। ਲਵੀ ਛੋਟੀ ਉਮਰ ਤੋਂ ਹੀ ਤੇਜ਼-ਤਰਾਰ ਹੈ। ਹਾਜ਼ਰ ਜੁਆਬ। ਆਪਣੀ ਉਮਰ ਨਾਲ਼ੋਂ ਹਮੇਸ਼ਾ ਸਿਆਣੀਆਂ ਗੱਲਾਂ ਕਰਦਾ ਹੈ। ਚਾਰ ਕੁ ਮਹੀਨੇ ਪਹਿਲਾਂ ਇਕ ਛੁੱਟੀ ਵਾਲ਼ੇ ਦਿਨ ਕਹਿਣ ਲਗਾ ਕਿ ਡੈਡੀ, ਮੈਂ ਇਕ ਖੋਜ ਕੀਤੀ ਹੈ। ਮੈਂ ਪੁੱਛਿਆ ਕਿਹੜੀ ਤਾਂ ਕਹਿਣਾ ਲੱਗਾ, "ਮੈਂ ਮਹੀਨੇ ਕੁ ਤੋਂ ਕੁਝ ਅੰਕੜੇ ਇਕੱਠੇ ਕਰ ਰਿਹਾ ਸੀ ਕਿ ਪੰਜਾਬ ਵਿਚ ਕਿਹੜਾ ਕਿਹੜਾ ਸਿਆਸੀ ਲੀਡਰ ਮੁੱਖ ਮੰਤਰੀ ਬਣਦਾ ਬਣਦਾ ਰਹਿ ਗਿਆ ਜਾਂ ਕਿਹੜਾ ਕਿਹੜਾ ਇਹ ਹਸਰਤ ਦਿਲ ਵਿਚ ਲੈ ਕੇ ਇਸ ਸੰਸਾਰ ਵਿਚੋਂ ਤੁਰ ਗਿਆ। ਫਿਰ ਇਹੀ ਛਾਣਬੀਣ ਮੈਂ ਪ੍ਰਧਾਨ ਮੰਤਰੀਆਂ ਬਾਰੇ ਕੀਤੀ। ਜਦੋਂ ਸੋਨੀਆ ਗਾਂਧੀ ਬਾਰੇ ਕਰ ਰਿਹਾ ਸੀ ਤਾਂ ਭਾਰਤੀ ਸੰਸਕ੍ਰਿਤੀ ਬਾਰੇ ਅਜੀਬ ਸਥਿਤੀ ਸਾਹਮਣੇ ਆਈ।"

"ਉਹ ਕਿਹੜੀ?" ਮੈਂ ਤੀਬਰਤਾ ਨਾਲ਼ ਪੁੱਛਿਆ ਸੀ।

"ਦੇਖੋ ਡੈਡੀ ਜੀ, ਭਾਰਤੀ ਪਰੰਪਰਾ ਅਨੁਸਾਰ ਜਦੋਂ ਲੜਕੀ ਵਿਆਹ ਕੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸਦਾ ਅਸਲੀ ਘਰ ਸਹੁਰਾ ਘਰ ਹੀ ਬਣਦਾ ਹੈ। ਮਾਪੇ ਤਾਂ ਪਹਿਲਾਂ ਹੀ ਉਸਨੂੰ ਬੇਗਾਨਾ ਧੰਨ ਸਮਝਦੇ ਹੁੰਦੇ ਹਨ। ਹੁਣ ਦੇਖੋ ਸੋਨੀਆ ਗਾਂਧੀ ਭਾਰਤ ਵਿਚ ਵਿਆਹਕੇ ਲਿਆਂਦੀ ਗਈ। ਉਹ ਆਪ ਦੌੜ ਕੇ ਤਾਂ ਆਈ ਨਹੀਂ। ਪਰ ਜਦੋਂ ਉਸਦੀ ਪ੍ਰਧਾਨ ਮੰਤਰੀ ਬਣਨ ਦੀ ਕਨਸੋਅ ਲੱਗੀ ਤਾਂ ਵਿਰੋਧੀਆਂ ਨੇ ਵਿਦੇਸ਼ੀ ਵਿਦੇਸ਼ੀ ਆਖ ਅਸਮਾਨ ਸਿਰ 'ਤੇ ਚੁੱਕ ਲਿਆ। ਇੱਥੇ ਹੀ ਬਸ ਨਹੀਂ ਕਈ ਉਸਦੀ ਆਪਣੀ ਪਾਰਟੀ ਦੇ ਵੀ ਧੀਮੀ ਸੁਰ 'ਚ ਇਹੀ ਰਾਗ ਅਲਾਪਣ ਲੱਗ ਪਏ ਸਨ। ਪਰ ਦੂਜਾ ਪੱਖ ਦੇਖੋ ਵਿਦੇਸ਼ੀ ਗਾਵਾਂ ਨੂੰ ਮਾਵਾਂ ਦਾ ਸਥਾਨ ਦਿੱਤਾ ਜਾ ਰਿਹਾ ਹੈ। ਹੈ ਨਾ ਕਮਾਲ ਦੀ ਗੱਲ। ਹੋਰ ਕਮਾਲ ਦੇਖੋ ਇਹ ਮਾਵਾਂ ਗੰਦਗੀ...।"

"ਚੁੱਪ ਲਵੀ, ਚੁੱਪ! ਸੰਵੇਦਨਸ਼ੀਲ ਮੁੱਦਿਆਂ ਬਾਰੇ ਇੰਝ ਨਹੀਂ ਸੋਚੀਦਾ ਬੋਲੀਦਾ। ਤੂੰ ਆਪਣੇ ਕੈਰੀਅਰ ਬਾਰੇ ਸੋਚ। ਆਪਣੀ ਪੜ੍ਹਾਈ ਬਾਰੇ ਸੋਚ।" ਮੈਂ ਜਰ੍ਹਾਂ ਉੱਚੀ ਪਰ ਰੁੱਖੀ ਅਵਾਜ਼ 'ਚ ਆਖਿਆ ਸੀ।

"ਹਾਂ ਡੈਡੀ, ਹਾਂ। ਇਹ ਵੀ ਭਾਰਤ ਦੇਸ਼ ਦਾ ਹੀ ਕਮਾਲ ਹੈ ਕਿ ਭਖਦੇ ਮਾਮਲਿਆਂ ਬਾਰੇ ਬੋਲਣ ਤਾਂ ਇਕ ਪਾਸੇ ਸਗੋਂ ਸੋਚਣ ਦੀ ਵੀ ਮਨਾਹੀ ਹੈ। ਅਜਿਹਾ ਕਰਨਾ ਦੇਸ਼ ਧ੍ਰੋਹ ਹੈ। ਰਹੀ ਗੱਲ ਮੇਰੀ ਪੜ੍ਹਾਈ ਦੀ। ਉਸ ਬਾਰੇ ਤੁਸੀਂ ਬੇਫ਼ਿਕਰ ਰਹੋ। ਕਾਲਜ 'ਚੋਂ ਹੀ ਨਹੀਂ ਸਗੋਂ ਯੂਨੀਵਰਸਿਟੀ 'ਚੋਂ



ਵੀ ਕੋਈ ਨਾ ਕੋਈ ਪੁਜੀਸ਼ਨ ਜ਼ਰੂਰ ਆਏਗੀ। ਹਾਂ, ਕੈਰੀਅਰ ਬਾਰੇ ਵੀ ਮੈਂ ਸੋਚ ਲਿਆ ਹੈ। ਅਸਲ ਵਿਚ ਇਹ ਫੈਸਲਾ ਮੈਨੂੰ ਪਲੱਸ ਟੂ ਕਰਨ ਤੋਂ ਬਾਅਦ ਹੀ ਲੈ ਲੈਣਾ ਚਾਹੀਦਾ ਸੀ। ਚਲੋ ਹੁਣ ਸਹੀ। ਹੋਰ ਛੇ ਕੁ ਮਹੀਨੇ ਤਾਂਈ ਮੇਰੀ ਗਰੈਜੂਏਸ਼ਨ ਹੋ ਜਾਣੀ ਹੈ। ਬਸ ਫਿਰ ਆਈਲੈੱਟ ਕਰਕੇ ਵਿਦੇਸ਼ ਉਡਾਰੀ।"

ਮੈਂ ਤਾਂ ਉਸ ਦਾ ਫੈਸਲਾ ਸੁਣਕੇ ਹੱਕਾ ਬੱਕਾ ਰਹਿ ਗਿਆ ਸੀ। ਮੈਂ ਕਦੇ ਉਸਨੂੰ ਵਿਦੇਸ਼ ਭੇਜਣ ਬਾਰੇ ਸੋਚਿਆ ਵੀ ਨਹੀਂ ਸੀ। ਵਿਆਹ ਤੋਂ ਦਸ ਸਾਲ ਬਾਅਦ ਹੱਡੀਆਂ ਗੋਡੇ ਰਗੜ ਕੇ ਮਿਲ਼ਿਆ ਸੀ। ਕਦੇ ਅੱਖਾਂ ਤੋਂ ਓਹਲੇ ਨਹੀਂ ਸੀ ਕੀਤਾ। ਉਸਦੀ ਪੜ੍ਹਾਈ ਦੀ ਖ਼ਾਤਿਰ ਮੈਂ ਪਿੰਡ ਛੱਡਕੇ ਫਗਵਾੜੇ ਅਰਬਨ ਅਸਟੇਟ ਆਣ ਡੇਰੇ ਲਾਏ ਸਨ। ਉਸਦੀ ਮਾਂ ਤਾਂ ਹੁਣ ਵੀ ਰਾਤ ਨੂੰ ਸੁੱਤੇ ਪਏ ਨੂੰ ਉੱਠ ਉੱਠ ਦੇਖਦੀ ਰਹਿੰਦੀ ਹੈ।

"ਲਵੀ, ਤੂੰ ਬਾਹਰ ਜਾਣ ਦੀ ਕਿਉਂ ਸੋਚ ਰਿਹਾ ਏ? ਐਥੇ ਆਪਣੇ ਕੋਲ਼ ਕੀ ਨਹੀਂ। ਦੇਖ ਅਜੇ ਮੇਰੀ ਜਾਬ ਚਾਰ ਪੰਜ ਸਾਲ ਹੈਗੀ। ਤੇਰੀ ਮਾਂ ਦੀ ਦਸ ਸਾਲ ਦੇ ਕਰੀਬ ਹੈ। ਬਥੇਰੀ ਤਨਖਾਹ ਹੈ ਦੋਹਾਂ ਦੀ। ਫਿਰ ਇੱਥੇ ਅਰਬਨ ਅਸਟੇਟ ਵਿਚ ਇਹ ਇੱਡੀ ਵੱਡੀ ਕੋਠੀ। ਪਿੱਛੇ ਪਿੰਡ ਚਾਰ ਸਿਆੜ ਵੀ ਹੈਗੇ। ਬੈਂਕ ਬੈਲੇਂਸ ਹੈ। ਰਿਟਾਇਰਮੈਂਟ ਤੇ ਫੰਡਜ਼ ਕਾਫ਼ੀ ਮਿਲ਼ ਜਾਣੇ ਨੇ। ਪੈਨਸ਼ਨਾਂ ਬਥੇਰੀਆਂ ਲੱਗ ਜਾਣੀਆਂ। ਪੜ੍ਹ ਲਿਖ ਕੇ ਤੂੰ ਵੀ ਕੋਈ ਜਾਬ ਲੈ ਹੀ ਲਵੇਂਗਾ। ਕੋਈ ਨੌਕਰੀ ਪੇਸ਼ਾ ਲੜਕੀ ਵੀ ਮਿਲ਼ ਜਾਵੇਗੀ। ਫਿਰ ਕੀ ਕਰਨਾ ਬੇਗਾਨੀ ਧਰਤੀ ਤੇ ਜਾ ਕੇ। ਇਹ ਆਪਣੀ ਜੰਮਣ ਭੌਂ ਹੈ। ਆਪਣੀ ਆਪਣੀ ਹੁੰਦੀ ਹੈ, ਬੇਗਾਨੀ ਬੇਗਾਨੀ ਹੀ।" ਮੈਂ ਦਲੀਲਾਂ ਦਿੱਤੀਆਂ ਸਨ।

ਲਵੀ ਨੇ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਲਿਆਉਂਦਿਆਂ ਸਿਰ ਉਪਰ ਥੱਲੇ ਹਿਲਾਉਂਦਿਆਂ ਕਹਿਣਾ ਸ਼ੁਰੂ ਕੀਤਾ ਸੀ, "ਡੈਡੀ, ਮਨੁੱਖੀ ਇਤਿਹਾਸ ਗਵਾਹ ਹੈ ਕਿ ਮਨੁੱਖ ਆਦਿਕਾਲ ਤੋਂ ਘੁਮੰਤਰੂ ਸੁਭਾਅ ਦਾ ਹੈ। ਕਬੀਲੇ ਯੁੱਗ ਨੂੰ ਛੱਡੋ ਤੁਸੀਂ ਆਪਣੇ ਵੱਲ ਦੇਖੋ। ਅਰਬਨ ਅਸਟੇਟ ਵਿਚ ਤੁਹਾਨੂੰ ਵੱਧ ਸਹੂਲਤਾਂ ਲੱਗੀਆਂ ਤਾਂ ਤੁਸੀਂ ਆਪਣੀ ਜੰਮਣ ਭੌਂ ਜਾਣੀ ਜੱਦੀ ਪਿੰਡ ਛੱਡ ਦਿੱਤਾ। ਮੈਂ ਇਸ ਵਿਚ ਹਰਜ਼ ਵੀ ਕੋਈ ਨੀ ਸਮਝਦਾ। ਰਹੀ ਗੱਲ ਆਪਣੀ ਤੇ ਬੇਗਾਨੀ ਧਰਤੀ ਦੀ। ਲਓ ਜੇ ਤੁਸੀਂ ਭਾਰਤ ਦੇਸ਼ ਨੂੰ ਆਪਣੀ ਧਰਤੀ ਆਪਣੀ ਜੰਮਣ ਭੌਂ ਸਮਝਦੇ ਹੋ ਅਤੇ ਹੋਰ ਮੁਲਕਾਂ ਨੂੰ ਬੇਗਾਨੇ ਤਾਂ ਓਪਰੀ ਨਜ਼ਰੇ ਇਹ ਠੀਕ ਜਾਪਦਾ ਹੈ ਪਰ ਵਾਸਤਵਿਕਤਾ ਵਿਚ ਨਹੀਂ। ਛੋਟੀ ਜਿਹੀ ਮਿਸਾਲ ਵਜੋਂ ਦੇਖੋ ਗੁਜਰਾਤ ਵਿਚ ਦਹਾਕਿਆਂ ਤੋਂ ਵਸੇ ਪੰਜਾਬੀ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ। ਕਿਉਂ? ਉਤਰਾਖੰਡ ਵਿਚ ਵੀ ਅੰਗਰੇਜ਼ਾਂ ਵੇਲੇ ਦੇ ਵਸੇ ਪੰਜਾਬੀ ਕਿਸਾਨਾਂ ਨੂੰ ਉਜਾੜਨ ਦੇ ਮਨਸੂਬੇ ਘੜੇ ਜਾ ਰਹੇ ਹਨ। ਸੁਪਰੀਮ ਕੋਰਟ ਵਲੋਂ ਸਟੇਅ ਹੋਣ ਦੇ ਬਾਵਜੂਦ ਉਹਨਾਂ ਦੀਆਂ ਪੱਕੀਆਂ ਕਣਕਾਂ ਸਰਕਾਰ ਨੇ ਧੱਕੇ ਨਾਲ਼ ਵੱਢ ਲਈਆਂ ਹਨ। ਯੂ.ਪੀ. ਵਿੱਚ ਇਹੋ ਕੁਝ ਹੋ ਰਿਹਾ ਹੈ। ਕਨੂੰਨ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਬੜਾ ਕੁਝ ਇਸ ਦੇਸ਼ ਵਿਚ ਘੱਟ ਗਿਣਤੀਆਂ ਨਾਲ਼ ਹੋ ਰਿਹਾ ਹੈ। ਜੇ ਫਿਰ ਤੁਸੀਂ ਆਪਣੀ ਜੰਮਣ ਭੌਂ ਪੰਜਾਬ ਤਾਂਈ ਸੀਮਿਤ ਕਰ ਲਵੋਗੇ ਤਾਂ ਵੀ ਫਿਊਚਰ ਵਧੀਆ ਨਹੀਂ ਦਿਸ ਰਿਹਾ। ਅੱਧੀ ਨਹੀਂ ਤਾਂ ਪੌਣੀ ਸਦੀ ਤੱਕ ਜ਼ਰੂਰ ਪੰਜਾਬ ਵਿਚ ਦੂਜੇ ਸੂਬਿਆਂ ਦੇ ਲੋਕਾਂ ਦੀ ਗਿਣਤੀ ਵਧ ਜਾਵੇਗੀ। ਖਾਸ ਕਰਕੇ ਆਪਣਾ ਭਾਈਚਾਰਾ ਤਾਂ ਖ਼ਤਮ ਹੋਇਆਂ ਵਰਗਾ ਹੋ ਜਾਵੇਗਾ। ਉੱਤੋਂ ਦੇਸ਼ ਭਾਈਚਾਰਕ ਸਾਂਝਾ ਪੱਖੋਂ ਬੈਕ ਗੇਅਰ 'ਚ ਚਲ ਪਿਆ ਹੈ। ਰਹੀ ਗੱਲ ਜੋ ਤੁਸੀਂ ਮੇਰੀ ਨੌਕਰੀ ਦੀ ਕੀਤੀ ਹੈ। ਇਸ ਲਈ ਮੈਂ ਇਕ ਹਿੰਟ ਹੀ ਦਿਆਂਗਾ। ਮੇਰਾ ਜਮਾਤੀ ਹੈ ਨਾ ਖਿਲਵਾੜੇ ਪਿੰਡ ਵਾਲ਼ਾ ਅਮਰਜੀਤ, ਉਸਦੇ ਚਾਚੇ ਨੇ ਤਿੰਨ ਸਾਲ ਪਹਿਲੇ

ਐਮ.ਬੀ.ਬੀ.ਐਸ. ਕੀਤੀ ਸੀ। ਹੁਣ ਉਸਨੂੰ ਨੌਕਰੀ ਮਿਲੀ ਹੈ। ਪੰਦਰਾਂ ਹਜ਼ਾਰ ਪ੍ਰਤੀ ਮਹੀਨਾ ਤਨਖਾਹ ਹੈ। ਬਾਕੀ ਹਿਸਾਬ ਕਿਤਾਬ ਤੁਸੀਂ ਲਾ ਲਵੋ। ਡੈਡੀ ਜੀ ਮੈਂ ਤਾਂ ਕਹਿੰਦਾ ਹਾਂ ਕਿ ਇਸ ਧਰਤੀ ਦੇ ਜਿਸ ਟੁਕੜੇ 'ਤੇ ਵੱਧ ਸਹੂਲਤਾਂ ਅਤੇ ਸ਼ਾਂਤੀ ਹੋਵੇ ਜੇ ਉੱਥੇ ਵਸੇਬਾ ਹੋ ਜਾਵੇ ਤਾਂ ਮਾੜੀ ਗੱਲ ਨਹੀਂ।"

ਲਵੀ ਸ਼ਾਇਦ ਹੋਰ ਬੋਲਦਾ ਰਹਿੰਦਾ ਪਰ ਉਸਦੇ ਫ਼ੂਨ ਦੀ ਰਿੰਗ ਹੋ ਗਈ ਸੀ। "ਸੌਰੀ ਡੈਡੀ, ਪ੍ਰੋਫ਼ੈਸਰ ਸਾਹਿਬ ਦਾ ਫ਼ੂਨ ਹੈ।" ਆਖ ਉਹ ਉੱਠ ਖੜ੍ਹਿਆ ਸੀ।

ਉੱਠ ਤਾਂ ਮੈਂ ਵੀ ਖੜ੍ਹਿਆ ਹਾਂ। ਘੜੀ ਦੇਖੀ ਹੈ। ਗੱਡੀ ਆਉਣ ਵਿੱਚ ਦਸ ਕੁ ਮਿੰਟ ਬਾਕੀ ਹਨ। ਮੈਂ ਚਾਰੇ ਪਾਸੇ ਦੇਖਿਆ ਹੈ। ਕੁਮਾਰ ਕਿਧਰੇ ਨਜ਼ਰ ਨਹੀਂ ਆ ਰਿਹਾ। ਉਡੀਕ ਘਰ 'ਚ ਝਾਤੀ ਮਾਰੀ ਹੈ। ਉਹ ਇਕ ਨੁੱਕਰੇ ਫ਼ੂਨ ਚਾਰਜ ਤੇ ਲਾਈ ਬੈਠਾ ਹੈ ਅਤੇ ਨਾਲ਼ ਦੀ ਨਾਲ਼ ਫ਼ੂਨ 'ਤੇ ਗੱਲ ਵੀ ਕਰੀ ਜਾ ਰਿਹਾ ਹੈ। ਉਸ ਨੇ ਮੇਰੇ ਵੱਲ ਦੇਖਿਆ ਹੈ। ਮੈਂ ਘੜੀ ਦਿਖਾ ਕੇ ਟਾਇਮ ਦਾ ਇਸ਼ਾਰਾ ਕੀਤਾ ਹੈ। ਉਹ ਛੇਤੀ ਦੇਣੀ ਚਾਰਜਰ ਸੰਭਾਲ਼ ਮੇਰੇ ਵੱਲ ਤੁਰ ਪਿਆ ਹੈ।

"ਸਰ ਜੀ, ਹੋ ਗਿਆ ਫੈਸਲਾ। ਪੰਜਾਬਣ ਜੱਟੀ ਨੇ ਸਹਿਮਤੀ ਦੇ ਦੀ। ਪੁਆਇੰਟ ਬੇਸ ਤੇ ਕੈਨੇਡਾ ਐਪਲੀਕੇਸ਼ਨ ਕਰਨੇ ਕੀ।" ਇਹ ਖ਼ੁਸ਼ੀ ਨਾਲ ਬੋਲਿਆ ਹੈ।

"ਅੱਛਾ ਫਿਰ ਜਨਮ ਭੂਮੀ ਛੱਡਣ ਦਾ ਫੈਸਲਾ ਕਰ ਹੀ ਲਿਆ।" ਆਖਿਆ ਮੈਂ ਕੁਮਾਰ ਨੂੰ ਹੈ ਪਰ ਸਾਹਮਣੇ ਲਵੀ ਖੜਾ ਪ੍ਰਤੀਤ ਹੋਇਆ ਹੈ।

"ਓ ਸਰ ਜੀ, ਜਨਮ ਭੂਮੀ ਉਤਰਾਖੰਡ ਤਾਂ ਪਹਿਲੇ ਹੀ ਛੂਟ ਗੀ ਥੀ। ਪੰਜਾਬਣ ਜੱਟੀ ਨੇ ਵਿਆਹ ਹੀ ਇਸ ਸ਼ਰਤ ਪਰ ਕੀਆ ਥਾ ਕਿ ਜਲੰਧਰ ਮੇ ਹੀ ਰਹੇਂਗੇ। ਨਾਲ਼ੇ ਸਰ ਜੀ ਸਾਰੀ ਦੁਨੀਆਂ ਏਕ ਮਾਤਰ ਗਾਂਓ ਤੋਂ ਹੈ। ਸੁਬਹ ਦੁਨੀਆਂ ਕੇ ਏਕ ਕੋਨੇ ਸ਼ਾਮ ਕੋ ਦੂਸਰੇ ਕੋਨੇ ਪਰ। ਛੋੜੇਂ ਯਹ ਜਨਮ ਭੂਮੀ ਕੀ ਬਾਤੇਂ।"

ਗੱਡੀ 'ਚ ਬੈਠਦਿਆਂ ਮੈਂ ਸੌਣ ਦੀ ਇੱਛਾ ਪ੍ਰਗਟ ਕੀਤੀ। ਕੁਮਾਰ ਨੇ ਮੈਨੂੰ ਥੱਲੇ ਵਾਲ਼ਾ ਸਲੀਪਰ ਦੇ ਦਿੱਤਾ ਅਤੇ ਆਪ ਉਪਰ ਵਾਲ਼ੇ 'ਤੇ ਚੜ੍ਹ ਗਿਆ। ਮਾੜੀ ਜਿਹੀ ਊਂਘ ਆਈ ਹੀ ਸੀ ਕਿ ਫ਼ੂਨ ਨੇ ਘੁਰਰ ਘੁਰਰ ਕਰਨੀ ਸ਼ੁਰੂ ਕਰ ਦਿੱਤੀ। ਦੇਖਿਆ ਤਾਂ ਘਰ ਵਾਲ਼ੀ ਦਾ ਫ਼ੂਨ ਹੈ। ਝਟ ਦੇਣੀ ਆਨ ਕਰਕੇ ਹੈਲੋ ਆਖਿਆ ਹੈ।

"ਹੈਲੋ ਸਰਦਾਰ ਜੀ, ਕਿੱਥੇ ਕੁ ਪਹੁੰਚ ਗਏ ਹੋ?"

"ਪਹੁੰਚੇ ਤਾਂ ਪਤਾ ਨੀ ਕਿੱਥੇ ਕੁ ਹਾਂ ਪਰ ਗੱਡੀ ਚੱਲੀ ਨੂੰ ਮਸੀਂ ਅੱਧਾ ਕੁ ਘੰਟਾ ਹੀ ਹੋਇਆ। ਤਿੰਨ ਘੰਟੇ ਲੇਟ ਸੀ। ਤੂੰ ਅਜੇ ਸੁੱਤੀ ਨੀ? ਸੁੱਖ ਤਾਂ ਹੈ।"

"ਯਾਰ, ਮੈਂ ਤਾਂ ਸੁੱਤੀ ਪਈ ਸੀ। ਮੁਹਾਲੀ ਤੋਂ ਸਹੇਲੀ ਰਜਵੰਤ ਦਾ ਫ਼ੂਨ ਆਗਿਆ। ਉਹ ਦੱਸਦੀ ਸੀ ਕਿ ਸਿੱਖਿਆ ਸਕੱਤਰ ਨੇ ਵੀਹ ਟੀਮਾਂ ਦਾ ਗਠਨ ਕੀਤਾ ਹੈ। ਸਵੇਰੇ ਪੰਜਾਬ ਦੇ ਵੱਖ-ਵੱਖ ਸਕੂਲਾਂ ਦੀ ਅਚਨਚੇਤੀ ਚੈਕਿੰਗ ਹੋਵੇਗੀ। ਕਹਿੰਦੀ ਪਤਾ ਨੀ ਪੰਜਾਬ 'ਚ ਕਿਹੜੇ ਪਾਸੇ ਨੂੰ ਨਿਕਲ਼ ਪੈਣ। ਉਤੋਂ ਜਿਹੜੀ ਨਵੀਂ ਸਾਇੰਸ ਟੀਚਰ ਮਹੀਨਾ ਕੁ ਪਹਿਲੇ ਆਈ ਸੀ। ਉਹ ਡੈਪੂਟੇਸ਼ਨ ਕਰਾ ਕੇ ਆਪਣੇ ਘਰੇਲੂ ਜ਼ਿਲ੍ਹਾ ਮਾਨਸਾ ਵਿਚ ਚਲੇ ਗਈ ਹੈ। ਮੁੜ ਕੇ ਮੈਂ ਫਿਰ ਇਕੱਲੀ ਰਹਿ ਗਈ ਹਾਂ ਜਾਂ ਫਿਰ ਉਹ ਲੜਕੀ ਜਿਸ ਨੂੰ ਮੈਥ ਕਰਾਉਣ ਲਈ ਮੈਂ ਪੱਲਿਓਂ ਹਰ ਮਹੀਨੇ ਚਾਰ ਹਜ਼ਾਰ ਦੇ ਰਹੀ ਹਾਂ। ਇਹ ਤਾਂ ਸ਼ੁਕਰ ਹੈ ਮੈਂ ਉਸ ਨੂੰ ਅਜੇ ਜੁਆਬ ਨਹੀਂ ਸੀ ਦਿੱਤਾ। ਚਲੋਂ ਛੱਡੋ ਇਸ ਰੰਡੀ ਰੋਣੇ ਨੂੰ। ਮੈਂ ਤਾਂ ਚਾਹਿਆ ਸੀ ਕਿ ਕੰਪਲੈਕਸ ਸਕੂਲ ਸਵੇਰੇ ਫੋਨ ਕਰ ਦਿਆਂਗੀ ਕਿ ਮੇਰੀ ਸਿਹਤ ਠੀਕ ਨਹੀਂ। ਉਹ ਕੋਈ ਟੀਚਰ ਭੇਜ ਦਿੰਦੇ। ਤੁਸੀਂ ਦਸ ਦਿਨ ਬਾਅਦ ਆਉਣਾ ਸੀ ਸੋਚਿਆ ਸੀ ਘਰ ਹੀ ਰਹਿ



ਲੈਂਦੀ। ਪਰ ਹੁਣ ਤਾਂ ਦੋ ਘੰਟੇ ਪਹਿਲਾਂ ਸਕੂਲ ਜਾਵਾਂਗੀ। ਮਿੱਡ ਡੇ ਮੀਲ ਦਾ ਹਿਸਾਬ ਕਿਤਾਬ ਟੈਲੀ ਕਰੂੰਗੀ। ਕੈਸ਼ ਬੁੱਕਾਂ ਪੂਰੀਆਂ ਕਰੂੰ। ਜਾਣੀ ਸਾਰਾ ਕੁਝ ਇਕ ਵਾਰ ਚੈਕ ਕਰੂੰ। ਹਾਂ ਸੱਚ ਲਵੀ ਵੀ ਤੁਹਾਡੇ ਆਉਣ ਤੋਂ ਪਹਿਲਾ ਕਾਲਜ ਜਾ ਚੁੱਕਾ ਹੋਵੇਗਾ। ਥਰਮਸ ਵਿਚ ਚਾਹ ਹੋਵੇਗੀ। ਤੁਹਾਡੀ ਪਸੰਦ ਆਲੂਆਂ ਵਾਲੇ ਪਰੌਠੇ ਪੱਕੇ ਪਏ ਹੋਣਗੇ। ਆਪ ਖਾਇਓ ਅਤੇ ਪਿਤਾ ਜੀ ਨੂੰ ਵੀ ਛਕਾ ਦਿਓ। ਉਹਨੀਂ ਰਾਤੀਂ ਕੁਝ ਨੀ ਖਾਧਾ। ਉਹ ਕਹਿੰਦੇ ਹਨ ਕਿ ਮੈਂ ਖਾਣਾ ਪੀਣਾ ਛੱਡ ਦਿੱਤਾ। ਪਤਾ ਕਿਉਂ? ਕਿਉਂਕਿ ਤੁਹਾਡਾ ਫਰਜ਼ੰਦ ਲਵੀ ਅੱਜ ਕੇਸ ਕਟਵਾ ਆਇਆ ਹੈ। ਮੈਂ ਪੁੱਛਿਆ ਸੀ। ਕਹਿੰਦਾ ਮੈਂ ਪਾਸਪੋਰਟ ਬਣਾਉਣਾ ਹੈ ਮੈਂ ਸੋਚਿਆ ਫੋਟੋ ਕਟਿੰਗ ਵਾਲ਼ੀ ਹੀ ਲਗਵਾ ਲਵਾਂ। ਬਾਕੀ ਤੁਸੀਂ ਵਰੀ ਨਾ ਕਰਿਓ। ਓ.ਕੇ.।" ਆਖਦਿਆਂ ਉਸ ਫ਼ੂਨ ਕੱਟ ਦਿੱਤਾ ਹੈ।

ਪਰ ਮੇਰੇ ਮਨ ਦਾ ਘੋੜਾ ਇਧਰ ਉਧਰ ਦੌੜਨ ਲੱਗਾ ਹੈ।

ਵਰੀ! ਵਰੀ ਤਾਂ ਮੈਨੂੰ ਪਿਤਾ ਜੀ ਦਾ ਧਰਮ ਆਧਿਰਤ ਜਜ਼ਬਾਤੀ ਸੁਭਾਅ ਵੀ ਕਰ ਰਿਹਾ ਹੈ। ਕੋਈ ਵੀ ਮੌਕਾ ਜੋ ਉਹਨਾਂ ਦੇ ਧਾਰਮਿਕ ਖਿਆਲਾਂ ਦੇ ਉਲਟ ਬਣਦਾ ਹੈ ਉਹ ਜਜ਼ਬਾਤੀ ਹੋਕੇ ਖਾਣਾ ਪੀਣਾ ਛੱਡ ਦਿੰਦੇ ਹਨ। ਫਿਰ ਮੈਨੂੰ ਹੀ ਮਿਹਨਤ ਕਰਨੀ ਪੈਂਦੀ ਹੈ। ਮਨ ਜਾਣਗੇ ਐਂਤਕੀ ਵੀ ਪਰ ਮਾਮਲਾ ਲਵੀ ਦਾ ਹੋਣ ਕਾਰਨ ਕੁਝ ਤੱਤੀਆਂ ਠੰਡੀਆਂ ਮੈਨੂੰ ਵੀ ਸੁਣਨੀਆਂ ਪੈਣਗੀਆਂ। ਵਰੀ ਤਾਂ ਮੈਨੂੰ ਲਵੀ ਦਾ ਵਿਦੇਸ਼ ਜਾਣ ਦਾ ਫੈਸਲਾ ਵੀ ਕਰ ਰਿਹਾ ਹੈ। ਹੁਣ ਉਸਨੇ ਟਲਣਾ ਨਹੀਂ। ਚਲੋ ਮੁੰਡਾ ਵਾਹਵਾ ਤੇਜ਼ ਅਤੇ ਸਿਆਣਾ ਹੈ ਕੋਈ ਫਿਕਰ ਵਾਲ਼ੀ ਗੱਲ ਨਹੀਂ। ਐਵੇਂ ਅੱਖਾਂ ਤੋਂ ਦੂਰ ਹੋਣ ਦੀ ਗੱਲ ਹੀ ਦੁੱਖ ਦੇ ਰਹੀ ਹੈ। ਉਸ ਤਰ੍ਹਾਂ ਉਹ ਆਪਣੇ ਭਵਿੱਖ ਬਾਰੇ ਪੋਜ਼ਟਿਵ ਸੋਚ ਰੱਖਦਾ ਹੈ। ਇਹ ਗੱਲ ਸਕੂਨ ਵਾਲ਼ੀ ਵੀ ਹੈ। ਵਰੀ ਤਾਂ ਸਰਦਾਰਨੀਏ ਮੈਨੂੰ ਤੇਰੇ ਸਕੂਲ ਦੇ ਝਮੇਲੇ ਵੀ ਕਰਦੇ ਹਨ। ਮਿਡਲ ਸਕੂਲ, ਤਿੰਨ ਕਲਾਸਾਂ ਤੇ ਸਿਰਫ਼ ਬਾਈ ਬੱਚੇ। ਤੂੰ ਇੰਚਾਰਜ਼ ਵੀ। ਪੀਅਨ ਵੀ। ਕਲਰਕ ਵੀ। ਵਿਸ਼ਾ ਤੇਰਾ ਇੰਗਲਿਸ਼ ਅਤੇ ਸਮਾਜਿਕ ਸਿੱਖਿਆ। ਪਰ ਲੋੜ ਪੈਣ ਤੇ ਤੂੰ ਹਿੰਦੀ ਟੀਚਰ ਵੀ। ਪੰਜਾਬੀ ਵੀ। ਡਰਾਇੰਗ ਵੀ। ਸਾਇੰਸ ਮੈਥ ਵੀ। ਗੱਲ ਕੀ ਆਲ ਇਨ ਵਨ। ਉਪਰੋਂ ਸਰਪੰਚ ਦੀ ਪਰੇਸ਼ਾਨੀ ਕਿ ਅਗਰ ਬੱਚਿਆਂ ਦੀ ਗਿਣਤੀ ਵੀਹ ਤੋਂ ਥੱਲੇ ਆ ਗਈ ਤਾਂ ਸਰਕਾਰ ਸਕੂਲ ਨਾ ਤੋੜ ਦੇਵੇ। ਉਸ ਦੀ ਟਰਮ 'ਚ ਸਕੂਲ ਬੰਦ ਹੋਇਆ ਤਾਂ ਬਦਨਾਮੀ ਉਹਦੇ ਧੜੇ ਦੀ ਹੋਵੇਗੀ। ਦਰਮਿਆਨਾ ਜਿਹਾ ਪਿੰਡ। ਲੋਕਾਂ ਦੇ ਇੱਕ ਇੱਕ ਦੋ ਦੋ ਬੱਚੇ। ਉਤੋਂ ਆਲ਼ੇ ਦੁਆਲ਼ੇ ਖੁੱਲ੍ਹੀਆਂ ਛੋਟੀਆਂ ਵੱਡੀਆਂ ਇੰਗਲਿਸ਼ ਦੀਆਂ ਦੁਕਾਨਾਂ (ਸਕੂਲ) ਅਤੇ ਉਹਨਾਂ ਦੀਆਂ ਸਵੇਰੇ ਹੀ ਪਿੰਡ 'ਚ ਵੜਦੀਆਂ ਨਿੱਕੀਆਂ ਵੱਡੀਆਂ ਗੱਡੀਆਂ। ਹਿੰਡ ਦਾ ਮਾਰਿਆ ਸਰਪੰਚ ਗੁਆਂਢੀ ਪਿੰਡ ਤੋਂ ਦਸ-ਪੰਦਰਾਂ ਬੱਚੇ ਲਿਆਉਂਦਾ ਹੈ। ਐਨ.ਆਰ.ਆਈਜ਼. ਦੀ ਮਦਦ ਨਾਲ ਹਰ ਵਿਦਿਆਰਥੀ ਨੂੰ ਦੋ ਸੌ ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਦਿੰਦਾ ਹੈ। ਬੱਚੇ ਲਿਆਉਣ ਛੱਡਣ ਲਈ ਇਕ ਛੋਟੀ ਗੱਡੀ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ। ਨੱਠ ਭੱਜ ਕਰਕੇ ਪਿਛਲੇ ਮਹੀਨੇ ਇਕ ਸਾਇੰਸ ਟੀਚਰ ਦੇ ਆਰਡਰ ਕਰਵਾ ਲਿਆਇਆ ਸੀ। ਪਰ ਉਹ ਵੀ ਡੈਪੂਟੇਸ਼ਨ ਕਰਵਾ ਕੇ ਘਰ ਦੇ ਨੇੜੇ ਚਲੇ ਗਈ ਹੈ। ਸਰਦਾਰਨੀ ਫਿਰ ਕੱਲੀ ਦੀ ਕੱਲੀ। ਸਾਲ਼ਾ ਮਹਿਕਮਾ ਵੀ ਪੁੱਠਾ। ਅਖੇ ਬੱਚੇ ਥੋੜੇ ਹਨ। ਬਹੁਤੇ ਟੀਚਰ ਕੀ ਕਰਨੇ ਹਨ। ਧਗੜਿਓ ਸਬਜੈਕਟ ਤਾਂ ਪੂਰੇ ਹੀ ਹਨ। ਸਾਡੇ ਵੇਲਿਆਂ 'ਚ ਜੇ ਕੋਈ ਟੀਚਰ ਦੋ ਮਹੀਨੇ ਦੀ ਛੁੱਟੇ ਚਲੇ ਜਾਂਦਾ ਸੀ ਤਾਂ ਵੀ ਸਰਕਾਰ ਟੀਚਰ ਭੇਜ ਦਿੰਦੀ ਤਾਂ ਕਿ ਬੱਚਿਆ ਦਾ ਨੁਕਸਾਨ ਨਾ ਹੋਵੇ। ਹੁਣ ਤਾਂ ਹਰ ਸਕੂਲ ਵਿਚ ਅੱਧੋਂ ਵੱਧ ਪੋਸਟਾਂ ਖਾਲੀ ਪਈਆਂ। ਦੇਸ਼ ਦੇ ਭਵਿੱਖ ਨਾਲ਼ ਖਿਲਵਾੜ। ਮੈਨੂੰ ਲਵੀ ਤੇ ਕੁਮਾਰ ਸੱਚੇ ਜਾਪਣ ਲੱਗ ਪਏ ਨੇ। ਮੈਂ ਝੁੰਝਲਾ ਕੇ ਉੱਠ ਬੈਠਾ ਹਾਂ।

"ਕੀ ਗੱਲ ਹੋਈ ਸਰ?" ਕੁਮਾਰ ਵੀ ਉੱਠ ਬੈਠਾ ਹੈ।

"ਕੁਮਾਰ, ਨੀਂਦ ਦਾ ਸ਼ਡਿਊਲਡ ਗੜਬੜਾ ਗਿਆ ਹੈ। ਉੱਤੋਂ ਕੋਲ਼ ਕੋਈ ਗੋਲ਼ੀ ਵੀ ਨਹੀਂ।"

"ਸਰ, ਕੋਈ ਨੀ ਮੈਂ ਪ੍ਰਬੰਧ ਕਰਤਾ ਹੂੰ।" ਆਖਦਿਆਂ ਉਸਨੇ ਆਪਣਾ ਬੈਗ ਖੋਲ੍ਹਿਆ ਹੈ। ਕਜ਼ਨ ਵਲੋਂ ਗਿਫ਼ਟ 'ਚ ਮਿਲ਼ੀ ਬਲੈਕ ਲੇਬਲ ਦੀ ਬੋਤਲ ਕੱਢੀ ਹੈ। ਨਾਲ ਹੀ ਕੱਢਿਆ ਹੈ ਸਟੀਲ ਦਾ ਗਲਾਸ। ਮੇਰੇ ਨਾਂਹ ਨਾਂਹ ਕਰਦਿਆ ਉਸ ਮੋਟਾ ਜਿਹਾ ਹਾੜਾ ਪਾ ਦਿੱਤਾ ਹੈ। ਪਾਣੀ ਪਾ ਕੇ ਫੜਾਉਂਦਿਆਂ ਆਖਿਆ ਹੈ, "ਚੱਕ ਦੋ ਪੰਜਾਬੀ ਜੱਟ ਬਣਕੇ।" ਮੈਂ ਇਕੋ ਸਾਹੇ ਪੀ ਗਿਆ ਹਾਂ। ਸ਼ਰਾਬ ਦੀ ਕੁੜੱਤਣ ਨੇ ਦੱਸਿਆ ਕਿ ਪੈੱਗ ਜ਼ਬਰਦਸਤ ਸੀ। ਚਾਰ-ਪੰਜ ਘੰਟੇ ਪਹਿਲਾ ਖਾਣਾ ਖਾਧਾ ਪਚਿਆ ਹੋਣ ਕਾਰਨ ਅੰਦਰ ਖਾਲੀ ਵਰਗਾ ਸੀ। ਅੰਦਰ ਤਾਰ ਜਿਹੀ ਫਿਰ ਗਈ ਹੈ। ਕੁਮਾਰ ਨੂੰ ਥੈਂਕ ਯੂ ਆਖਦਿਆਂ ਮੈਂ ਫਿਰ ਲੇਟ ਗਿਆ ਹਾਂ। ਨਸ਼ਾ ਨਾੜਾਂ 'ਚ ਦੌੜਨ ਲੱਗਾ ਹੈ। ਮਨ ਇੱਧਰ ਉੱਧਰ। ਭੁੱਖਾ ਬੈਠਾ ਬਾਪੂ ਦਿਸਣ ਲੱਗ ਪਿਆ ਹੈ। ਰੋਡਾ ਭੋਡਾ ਲਵੀ ਵੀ। ਸਰਦਾਰਨੀ ਦੇ ਸਕੂਲੇ ਖੜ੍ਹੀ ਚੈਕਿੰਗ ਟੀਮ ਦਿਸ ਰਹੀ ਹੈ। ਇਕ ਸਾਲ਼ਾ ਸਰਦਾਰਨੀ ਨੂੰ ਦਬਕੇ ਮਾਰ ਰਿਹਾ ਹੈ। 'ਖੜ ਜਾ ਤੇਰੀ ਭੈ...।' ਮੇਰੇ ਮੂੰਹੋਂ ਉੱਚੀ ਦੇਣੀ ਨਿਕਲ਼ ਗਿਆ ਹੈ। ਕੁਮਾਰ ਤੇ ਉਸ ਦੀ ਪੰਜਾਬਣ ਜੱਟੀ ਜਹਾਜ਼ੇ ਚੜ੍ਹਦੇ ਦਿਸ ਰਹੇ ਹਨ। ਮਗਰੇ ਲਵੀ ਵੀ। ਸਰਦਾਰਨੀ ਦਾ ਰੋ ਰੋ ਬੁਰਾ ਹਾਲ ਹੋ ਰਿਹਾ ਹੈ। ਮੈਂ...।

ਗੱਡੀ ਰੁਕੀ ਤਾਂ ਮੈਂ ਆਪਣੇ ਆਪ ਨੂੰ ਫਗਵਾੜੇ ਰੇਲਵੇ ਸਟੇਸ਼ਨ ਤੇ ਪਾਇਆ। ਕੁਮਾਰ ਨੂੰ ਮੈਂ ਘਰ ਚੱਲਣ ਲਈ ਜੋਰ ਪਾਉਂਦਾ ਹਾਂ। 'ਸਰ, ਫਿਰ ਕਭੀ ਫਿਰ ਕਭੀ' ਆਖਦੇ ਨੇ ਮੇਰੇ ਕੋਲ਼ੋਂ ਵਿਦਾਇਗੀ ਲਈ ਹੈ। ਮੈਂ ਆਟੋ ਫੜ ਘਰ ਪਹੁੰਚ ਗਿਆ ਹਾਂ। ਪਿਤਾ ਜੀ ਦੇ ਚਰਨ ਛੂਹੇ ਹਨ। ਕਾਹਲ਼ੀ ਕਾਹਲ਼ੀ ਇਸ਼ਨਾਨ ਕਰਕੇ ਕੱਪੜੇ ਬਦਲੇ ਹਨ। ਨਾਸ਼ਤਾ ਡਾਈਨਿੰਗ ਟੇਬਲ ਤੇ ਟਿਕਾਇਆ ਹੈ। ਪਿਤਾ ਜੀ ਨੂੰ ਲੈਣ ਉਹਨਾਂ ਦੇ ਕਮਰੇ 'ਚ ਗਿਆ ਹਾਂ। ਬੇਨਤੀ ਕੀਤੀ ਹੈ। ਇਹ ਨਾਂਹ ਨੁੱਕਰ ਕਰੀ ਜਾਂਦੇ ਹਨ।

"ਚੰਗਾ ਪਿਤਾ ਜੀ, ਜੇ ਤੁਸੀਂ ਨਹੀਂ ਖਾਣਾ ਖਾਣਾ ਤਾਂ ਮੈਂ ਵੀ ਨਹੀਂ ਖਾਂਦਾ। ਸਕੂਲੋਂ ਆਈ ਮਹਿੰਦਰ ਜੀਤ ਨੂੰ ਕਹੂੰ ਕਿ ਉਹ ਵੀ ਨਾ ਖਾਵੇ ਨਾ ਪਕਾਵੇ। ਜਿਸ ਲਵੀ ਦੀ ਕਰਤੂਤ ਕਰਕੇ ਤੁਹਾਡਾ ਮਨ ਦੁਖੀ ਹੈ ਉਸ ਦਾ ਵੀ ਬੰਦ।

ਪਿਤਾ ਜੀ ਜਰ੍ਹਾਂ ਗੰਭੀਰ ਹੋ ਗਏ ਹਨ। ਮਿੰਟ ਕੁ ਦੀ ਚੁੱਪੀ ਮਗਰੋਂ ਮੇਰੇ ਨਾਲ਼ ਤੁਰ ਪਏ ਹਨ। ਸਿੰਕ ਤੇ ਹੱਥ ਧੋ ਕੇ ਕੁਰਸੀ ਤੇ ਬਿਰਾਜ ਗਏ ਹਨ। ਮੈਂ ਉਹਨਾਂ ਦੀ ਪਲੇਟ ਉਹਨਾਂ ਅੱਗੇ ਕਰਕੇ ਕਿਹਾ, "ਪਿਤਾ ਜੀ ਮੈਨੂੰ ਪਤਾ ਹੈ ਕਿ ਤੁਸੀਂ ਰਾਤ ਦਾ ਵੀ ਕੁਝ ਨਹੀਂ ਖਾਧਾ। ਪਹਿਲਾਂ ਤੁਸੀਂ ਖਾਣਾ ਖਾਵੋ। ਫਿਰ ਮਸਲੇ ਦੀ ਗੰਭੀਰਤਾ ਨੂੰ ਵਿਚਾਰਦੇ ਹਾਂ। ਤੁਸੀਂ ਬੁਰਕੀ ਮੂੰਹ 'ਚ ਪਾਵੋਗੇ ਤਾਂ ਮੈਂ ਸ਼ੁਰੂ ਹੋਵਾਂਗਾ।"

ਪਿਤਾ ਜੀ ਨੇ ਹੱਥ ਜੋੜ ਅੱਖਾਂ ਮੀਟ ਮੂੰਹ 'ਚ ਛੋਟੀ ਅਰਦਾਸ ਕੀਤੀ ਹੈ। ਫਿਰ ਇਕ ਪਰੌਂਠੇ ਦਾ ਇਕ ਚੌਥਾਈ ਭਾਗ ਤੋੜ ਕੇ ਨੈਪਕਿਨ ਤੇ ਰੱਖ ਦਿੱਤਾ ਹੈ ਅਤੇ ਖਾਣਾ ਮੁੱਕਣ ਤੇ ਮੈਂ ਭਾਂਡੇ ਕਿਚਨ ਵਿਚ ਰੱਖ ਆਇਆ ਹਾਂ। ਦੋ ਕੱਪ ਚਾਹ ਦੇ ਲਿਆਕੇ ਟੇਬਲ ਤੇ ਰੱਖ ਲਏ ਹਨ। ਮੈਂ ਹੀ ਚੁੱਪ ਤੋੜੀ ਹੈ-

"ਪਿਤਾ ਜੀ ਮੈਨੂੰ ਪਤਾ ਹੈ ਕਿ ਲਵੀ ਵਲੋਂ ਕੇਸ ਕਵਟਾਉਣ ਦੀ ਘਟਨਾ ਨੇ ਤੁਹਾਨੂੰ ਦੁਖੀ ਕੀਤਾ ਹੈ। ਪਰ ਆਪਾਂ ਨੂੰ ਇਹ ਵੀ ਪਤਾ ਹੈ ਕਿ ਲਵੀ ਉਮਰ ਮੁਤਾਬਕ ਬਹੁਤ ਹੀ ਸਮਝਦਾਰ ਤੇ



ਹੁਸ਼ਿਆਰ ਬੱਚਾ ਹੈ। ਉਹ ਜ਼ਿੰਦਗੀ ਵਿਚ ਬਹੁਤ ਉੱਚੀਆਂ ਉਡਾਣਾਂ ਭਰਨੀਆਂ ਚਾਹੁੰਦਾ ਹੈ। ਭਾਰਤ ਦਾ ਅਸਮਾਨ ਉਸਨੂੰ ਸੌੜਾ ਜਾਪਦਾ ਹੈ। ਉਹ ਕਨੇਡਾ ਸੈੱਟ ਹੋਣਾ ਚਾਹੁੰਦਾ ਹੈ। ਮੈਂ ਤੇ ਮਹਿੰਦਰਜੀਤ ਨੇ ਕਦੇ ਉਸਨੂੰ ਅੱਖਾਂ ਤੋਂ ਦੂਰ ਨਹੀਂ ਕੀਤਾ ਅੱਜ ਤਾਈਂ। ਪਰ ਹੁਣ ਉਹ ਹਜ਼ਾਰਾਂ ਮੀਲ ਦੂਰ ਜਾਣਾ ਚਾਹੁੰਦਾ ਹੈ। ਉਸ ਦਾ ਇੰਨੀ ਦੂਰ ਜਾਣਾ ਸਾਡੇ ਲਈ ਇਕ ਉਦਾਸ ਕਰਨ ਵਾਲ਼ੀ ਘਟਨਾ ਹੋਵੇਗੀ। ਪਰ ਸਕੂਨ ਵਾਲ਼ੀ ਗੱਲ ਇਹ ਹੈ ਕਿ ਉਹ ਜ਼ਿੰਦਗੀ 'ਚ ਪੋਜ਼ਟਿਵ ਪਹੁੰਚ ਅਪਣਾ ਰਿਹਾ ਹੈ। ਨਹੀਂ ਤਾਂ ਆਪਣੇ ਆਲ਼ੇ ਦੁਆਲੇ ਦੇਖ ਲਵੋ ਕਿ ਕਿੰਨੇ ਨਿਆਣੇ ਨਸ਼ਿਆ ਦੀ ਪੂਰਤੀ ਲਈ ਮਾਂ ਪਿਓ ਦੀ ਧੋਣ 'ਤੇ ਗੋਡਾ ਰੱਖਦੇ ਹਨ।"

"ਪੁੱਤਰ ਕਰਨਬੀਰ ਜੀ, ਮੈਂ ਲਫ਼ਜ਼ਾਂ ਦੇ ਬਹੁਤੇ ਹੇਰ ਫੇਰ ਨਹੀਂ ਜਾਣਦਾ। ਸਿੱਧੀ ਗੱਲ ਏ ਕਿ ਕਸੂਰ ਤੁਹਾਡਾ ਵੀ ਹੈ। ਦੇਖ, ਮਾਂ ਤੁਹਾਡੀ ਮਰਦੇ ਦਮ ਤੱਕ ਅੰਮ੍ਰਿਤਧਾਰੀ ਰਹੀ। ਮੈਂ ਵੀ ਨਿਭੀ ਜਾਂਦਾ ਹਾਂ। ਪਰ ਤੂੰ ਲੀਹ ਭੰਨੀ। ਦਾੜ੍ਹੀ ਤੇ ਕੈਂਚੀ ਲਾਉਂਦਾ ਰਿਹਾ। ਮਹਿੰਦਰਜੀਤ ਭਰਵੱਟੇ ਬਣਾਉਂਦੀ ਰਹੀ ਤੇ ਪੋਤੇ ਨੇ ਹੁਣ ਘੜੇ ਤੋਂ ਕੌਲਾ ਹੀ ਚੱਕ ਦਿੱਤਾ। ਅੰਮ੍ਰਿਤਧਾਰਨ ਕਰਨ ਨਾਲ਼ ਜਿੱਥੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਉੱਥੇ ਗੁਰੂ ਸਫ਼ਲਤਾਵਾਂ ਵੀ ਬਖ਼ਸ਼ਦਾ ਹੈ। ਲੈ ਮੈਂ ਤੈਨੂੰ ਇਕ ਘਟਨਾ ਸਣਾਉਂਦਾ ਹਾਂ। ਬੀਰਪੁਰ ਪਿੰਡ ਦੀ ਹੈ। ਗੱਲ ਉੱਨੀ ਸੌ ਪਝੱਤਰ ਛਿਅੱਤਰ ਦੀ ਹੈ। ਪਿੰਡ ਦੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੇ ਦੋ ਕੁ ਸਾਲ ਤਾਈਂ ਸੇਵਾ ਮੁਕਤ ਹੋਣਾ ਸੀ। ਉਸ ਬਾਅਦ ਵਾਰੀ ਜੋਗਿੰਦਰ ਸਿੰਘ ਦੀ ਸੀ। ਜੋਗਿੰਦਰ ਸਿੰਘ ਐਮ.ਏ. ਇੰਗਲਿਸ਼ ਤੇ ਐਮ.ਏ. ਪੁਲੀਟਿਕਲ ਸਾਇੰਸ ਸੀ। ਬਾਕੀ ਸਟਾਫ਼ ਨਾਲੋਂ ਸੀ ਵੀ ਸੀਨੀਅਰ। ਉਸ ਵਕਤ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ ਜਥੇਦਾਰ ਸੰਤੋਖ ਸਿੰਘ। ਜਥੇਦਾਰ ਦਾ ਇਕ ਰਿਸ਼ਤੇਦਾਰ ਕਾਮਰੇਡ ਦਰਸ਼ਨ ਸਿੰਘ ਵੀ ਪੜ੍ਹਾਉਂਦਾ ਸੀ ਸਕੂਲ ਵਿਚ। ਦਰਸ਼ਨ ਸਿੰਘ ਹਿਸਟਰੀ ਦੀ ਐਮ.ਏ. ਸੀ। ਜਥੇਦਾਰ ਨੇ ਆਪਣੇ ਰਿਸ਼ਤੇਦਾਰ ਦੇ ਕੰਨ ਚ ਫੂਕ ਮਾਰ ਦਿੱਤੀ। ਦਰਸ਼ਨ ਸਿੰਘ ਨੇ ਇਕ ਹੋਰ ਐਮ.ਏ. ਪੰਜਾਬੀ ਕਰ ਲਈ ਅਤੇ ਨਾਲ਼ ਦੀ ਨਾਲ਼ ਅੰਮ੍ਰਿਤਪਾਨ ਕਰਕੇ ਗੁਰੂ ਵਾਲ਼ਾ ਬਣ ਗਿਆ। ਪ੍ਰਿੰਸੀਪਲ ਰਿਟਾਇਰਡ ਹੋਇਆ। ਦਰਸ਼ਨ ਸਿੰਘ ਅਤੇ ਜੋਗਿੰਦਰ ਸਿੰਘ 'ਚ ਮੁਕਾਬਲਾ ਹੋਇਆ। ਖਾਲਸਾ ਸਕੂਲ ਕਰਕੇ ਅੰਮ੍ਰਿਤਧਾਰੀ ਦਰਸ਼ਨ ਸਿੰਘ ਜੂਨੀਅਰ ਹੋਣ ਤੇ ਬਾਵਜੂਦ ਪ੍ਰਿੰਸੀਪਲ ਬਣ ਗਿਆ। ਕਿਉਂ? ਕਿਉਂਕਿ ਗੁਰੂ ਉਸ ਦੇ ਅੰਗ ਸੰਗ ਸੀ।

ਹੁਣ ਦੇਖ ਪਿਛਲੀਆਂ ਸ਼ਿਰੋਮਣੀ ਕਮੇਟੀ ਚੋਣਾਂ ਵਿਚ ਮੇਰੀ ਟਿਕਟ ਕਾਹਤੋਂ ਕੱਟੀ ਗਈ ਤੇ ਯਗੇਸ਼ਰ ਸਿੰਘ ਨੂੰ ਮਿਲ਼ ਗਈ। ਕਿਉਂਕਿ ਉਸਦਾ ਪਰਿਵਾਰ ਅੰਮ੍ਰਿਤਧਾਰੀ ਸੀ ਮੇਰਾ ਪਰਿਵਾਰ ਪਤਿਤ। ਉਸ ਤਰ੍ਹਾਂ ਮੈਂ ਹਰ ਤਰ੍ਹਾਂ ਉਸ ਨਾਲੋਂ ਅੱਗੇ ਸੀ। ਕਾਸ਼ ਤੁਸੀਂ ਅੰਮ੍ਰਿਤਪਾਨ ਦੀ ਰਸਮ ਕੀਤੀ ਹੁੰਦੀ ਤਾਂ ਅੱਜ ਮੈਂ ਸ਼ਿਰੋਮਣੀ ਕਮੇਟੀ ਦੇ ਕਿਸੇ ਉੱਚ ਅਹੁਦੇ 'ਤੇ ਹੁੰਦਾ।"

"ਰਸਮ! ਅੰਮ੍ਰਿਤ ਦੀ ਦਾਤ ਇੱਕ ਰਸਮ!" ਮੇਰਾ ਮਨ ਵਿਲਕਿਆ ਹੈ।

ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤ ਵਟੁ॥<br>
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਬਾਬੇ ਦੇ ਬੋਲ ਮੇਰੇ ਕੰਨੀਂ ਗੂੰਜੇ ਹਨ।

98151-57815

# ਮੂਨ ਲਾਈਟ/ਗੋਵਰਧਨ ਗੱਬੀ

"ਹੈਲੋ ਗੋਗੀ ਹੈਲੋ ਹੈਲੋ ਹੈਲੋ...ਗੋਗੀ...ਮੈਂ ਬੋਲਦਾਂ...ਮੂਨ ਲਾਈਟ...।"

"ਮੂਨ ਲਾਈਟ..!..ਕੌਣ ਮੂਨ ਲਾਈਟ...?"

"ਓਹ ਯਾਰ ਹੁਣ ਤੈਨੂੰ ਦੱਸਣਾ ਪਊਗਾ ਕਿ ਮੂਨ ਲਾਈਟ ਕੌਣ ਹੈ..'ਵਾਜ਼ ਨ੍ਹੀਂ ਪਛਾਣੀ...?"

"ਅੱਛਾ ਅੱਛਾ...ਚੰਦਰ ਪ੍ਰਕਾਸ਼...ਬਾਬਿਓ...ਇਹ ਕਿਹੜਾ ਨੰਬਰ ਹੈ...?"

"ਗੋਗੀ...ਇਹ ਮੇਰਾ ਨਵਾਂ ਨੰਬਰ ਹੈ ਜੀਓ ਦਾ...।"

"ਪਹਿਲੇ ਵਾਲਾ ਕਿੱਥੇ ਗਿਐ ?"

"ਪਹਿਲੇ ਵਾਲਾ ਮਰ ਗਿਐ ਯਾਰ...ਉਹ ਸਾਲ਼ੇ ਬਿੱਲ ਬੜਾ ਹੈਵੀ ਭੇਜਦੇ ਸੀ...ਮੈਂ ਕਿਹਾ ਦਫਾ ਕਰੋ...ਮੈਂ ਰਿਟਾਇਰਡ ਬੰਦਾ...ਕਿੱਥੋਂ ਭਰ ਲਊਂਗਾ ਤੁਹਾਡੇ ਏਡੇ ਵੱਡੇ ਵੱਡੇ ਬਿੱਲ.. ਮੈਂ ਤਾਂ ਹੁਣ ਜੀਓ ਵਰਤੂੰਗਾ...ਇੱਕ ਤਾਂ ਜੀਓ ਮਹਿੰਗਾ ਨਹੀਂ... ਉਪਰੋਂ ਪਹਿਲੇ ਚਾਰ ਪੰਜ ਮਹੀਨੇ ਮੁਫ਼ਤ...ਮੈਂ ਕਿਹਾ ਜਦੋਂ ਤਕ ਜੀਓ ਮੁਫ਼ਤ ਵਿੱਚ ਮਿਲ ਰਿਹਾ ਹੈ ਤਦ ਤਕ ਜੀਅ ਭਰ ਕੇ ਜੀਓ... ਹਾਹਾਹਾਹਾ...ਸੇਵ ਕਰ ਲਈਂ ਗੋਗੀ...ਨਹੀਂ ਤਾਂ ਅਗਲੀ ਵਾਰ ਫਿਰ ਕਹੇਂਗਾ...ਕੌਣ ਮੂਨ ਲਾਈਟ...? ਹਾਹਾਹਾਹਾ ।"

"ਓ.ਕੇ...ਓ.ਕੇ...ਬਾਬਿਓ... ਹੋਰ ਸੁਣਾਓ ਕੀ ਹਾਲ ਹੈ..?"

" ਇਸ ਉਮਰ ਵਿੱਚ ਸਾਡਾ ਹਾਲ ਕੀ ਹੋਣੈ ਤੈਨੂੰ ਪਤਾ ਹੀ ਐ...ਇਹੀ ਕਹਿ ਸਕਦਾਂ ਬਈ ਉਠਿਆ ਆਪ ਨਾ ਜਾਵੇ ਤੇ ਦੂਰ ਫਿੱਟੇ ਮੂੰਹ ਗੋਡਿਆਂ ਦਾ...ਸਾਡੇ ਵਰਗੇ ਬੁੜ੍ਹਿਆਂ ਦਾ ਹਾਲ ਹੁਣ ਇੰਜ ਦਾ ਹੀ ਰਹਿਣੈ... ਤੂੰ ਆਪਣਾ ਸੁਣਾ...ਤੂੰ ਤਾਂ ਕੈਮ ਹੈਂ ਨਾ..?"

"ਬਾਬਿਓ ਐਨੀ ਵੀ ਉਮਰ ਕਿੱਥੇ ਹੋ ਗਈ ਹੈ ਤੁਹਾਡੀ...?"

"ਪੌਣੀ ਸਦੀ ਤੋਂ ਚਾਰ ਸਾਲ ਵੱਧ ਉਮਰ ਥੋੜ੍ਹੀ ਹੁੰਦੀ ਐ...! ਚੱਲ ਛੱਡ ਯਾਰ...ਉਮਰਾਂ ਵਿੱਚ ਕੀ ਰੱਖਿਐ...ਬਸ ਗੋਡੇ ਹੋਣੇ ਚਾਹੀਦੇ ਨੇ ਕੈਮ...ਤੂੰ ਇਹ ਦੱਸ ਗੋਗੀ ਤੇਰੇ ਸ਼ਹਿਰ ਦਾ ਕੀ ਹਾਲ ਹੈ...ਜਿਊਂਦਾ ਕਿ ਮਰ ਗਿਐ..?

" ਬਾਬਿਓ...ਪੂਰਾ ਤਾਂ ਨ੍ਹੀਂ ਮਰਿਆ ਹਜੇ...ਹੈਗੇ ਨੇ ਕੁਝ ਸਾਹ ਬਾਕੀ...।"

"ਪਰ ਗੋਗੀ...ਸਾਡਾ ਸ਼ਹਿਰ ਤਾਂ ਜਵਾਂ ਹੀ ਮਰ ਗਿਐ... ਹਾਂ, ਅਜੇ ਸ਼ਹਿਰ ਵਿੱਚਲੇ ਕੁਝ ਸਾਨ੍ਹ ਹੈਗੇ ਨੇ...ਜਿਹਨਾਂ ਦਾ ਸਾਹ ਚਲਦੈ...ਗੋਗੀ ਤੈਨੂੰ ਪਤੈ ਕਈ ਸਾਨ੍ਹ ਕਾਲੇ ਰੰਗ ਦੇ ਹੁੰਦੇ ਨੇ ਪਰ ਲੋਕਾਂ ਨੇ ਉਹਨਾਂ ਦਾ ਨਾਮ ਗੋਰਾ ਰੱਖਿਆ ਹੁੰਦੈ...ਕੁਝ ਬੱਗੇ ਹੁੰਦੇ ਨੇ ਤੇ ਉਹਨਾਂ ਦਾ ਨਾਂ ਹੁੰਦਾ ਹੈ ਕਾਲੂ...ਇਹ ਸਾਲੇ ਕਾਲੇ ਗੋਰੇ ਸਾਨ੍ਹ ਸਾਰਾ ਦਿਨ ਰੰਗ ਬਿਰੰਗੀਆਂ ਗੁਆਚੀਆਂ ਕੱਟੀਆਂ-ਵੱਛੀਆਂ ਪਿੱਛੇ ਭਜਦੇ ਰਹਿੰਦੇ ਨੇ...ਉਹ ਜੋ ਆਪ ਵੀ ਲਫੰਡਰਾਂ ਹੁੰਦੀਆਂ ਨੇ...ਹਾਂ, ਗੋਗੀ ਇੱਕ ਗੱਲ ਦੱਸਾਂ..! ਸਾਡੇ ਸ਼ਹਿਰ ਵਿੱਚ ਸਾਨ੍ਹਣੀ ਕੋਈ ਨ੍ਹੀਂ ਬਚੀ ਹੁਣ... ਤੈਨੂੰ ਤਾਂ ਪਤਾ ਹੈ ਕਿ ਜੋ ਆਪ ਗੁਆਚੇ ਹੁੰਦੇ ਨੇ ਉਹ ਦੂਸਰਿਆਂ ਨੂੰ ਕਦੋਂ ਠਿਕਾਣੇ ਉੱਪਰ ਪਹੁੰਚਣ ਦਿੰਦੇ ਨੇ ਭਲਾ...ਮੈਂ ਤਾਂ ਉਹਨਾਂ ਨੂੰ ਕਹਿਨਾਂ ਹੁੰਨਾਂ ਬਈ ਲੱਗੇ ਰਹੋ ਮੁੰਨਾ ਭਾਈਓ, ਕੀ ਪਤਾ ਕਿਸੇ ਦਿਨ ਊਠ ਦਾ ਬੁੱਲ੍ਹ ਡਿੱਗ ਹੀ ਜਾਏ... ਹਾਹਾਹਾਹਾ... ਗੋਗੀ...ਤੂੰ ਆਪਣੇ ਸ਼ਹਿਰ ਦਿਆਂ ਬਾਰੇ ਦੱਸ ਯਾਰ...?"

"ਕੀ ਸੁਣਾਵਾਂ ਮੈਂ ਹਾਲ ਮੇਰੇ ਸ਼ਹਿਰ ਦਾ...ਹਰ ਵਾਸ਼ਿੰਦਾ ਵਿਖਾਈ ਦਿੰਦਾ ਹੈ ਬਿਮਾਰ



ਮੇਰੇ ਸ਼ਹਿਰ ਦਾ...ਬਾਬਿਓ ਸਾਡੇ ਇੱਥੇ ਵੀ ਜ਼ਿਆਦਾਤਰ ਸਾਨ੍ਹ ਬੁੱਢੇ ਹੋ ਗਏ ਨੇ...ਨਾਲ ਹੀ ਸਾਨ੍ਹਣੀਆਂ ਵੀ...ਕਈਆਂ ਨੇ ਤਾਂ ਕਬਰਾਂ ਵਿੱਚ ਡੇਰੇ ਜਮਾ ਲਏ ਨੇ ਤੇ ਕਈ ਤਿਆਰੀਆਂ ਕੱਸੀ ਬੈਠੇ ਨੇ... ਜੇ ਕੋਈ ਮੇਰੇ ਵਰਗਾ ਜੁਆਨ ਸਾਨ੍ਹ ਹੈਗਾ ਵੀ ਹੈ ਤਾਂ ਉਦ੍ਹੀ ਕੋਈ ਬਹੁਤੀ ਪੁੱਛ ਮੰਗ ਨ੍ਹੀਂ ਹੁੰਦੀ...ਉਹ ਐਵੇਂ ਕਮਲਿਆਂ ਵਾਂਗ ਇਧਰ ਉਧਰ ਮੂੰਹ ਤੇ ਪੂਛਲ ਚੁੱਕੀ ਦੌੜਦਾ ਰਹਿੰਦੈ...ਲੋਕੀ ਤੋਏ ਤੋਏ ...ਹੋਏ ਹੋਏ ...ਗੱਲਾਂ ਗੋਰੀਆਂ ਵਿੱਚ ਟੋਏ...ਕਰਦੇ ਰਹਿੰਦੇ ਨੇ ...ਪਰ ਹਟਦਾ ਉਹ ਫਿਰ ਵੀ ਨਹੀਂ...ਢੀਠਾਂ ਵਾਂਗ ਸੁਣਦਾ ਕਿਸੇ ਦੀ ਨ੍ਹੀਂ... ਲੱਗਾ ਹੋਇਐ ਆਪਣੀ ਧੁਨ ਵਿੱਚ...।"

"ਓਏ ਗੋਗੀ...? ਤੂੰ ਕਿੰਨੇ ਸਾਲਾਂ ਦਾ ਹੋਇਐਂ...? ਕੁਝ ਦਿਨ ਪਹਿਲਾਂ ਤੂੰ ਫੋਟੂ ਪਾਈ ਸੀ ਫੇਸ ਬੁੱਕ ਉੱਪਰ ਹੈਪੀ ਬਰਥ ਡੇਅ ਵਾਲੇ ਦਿਨ...?"

" ਬਾਬਿਓ ਪੰਜ ਸਾਲ ਪਹਿਲਾਂ ਮੈਂ ਮਸੀਂ ਪੰਜਾਹ ਟੱਪਿਆ ਸੀ...।"

" ਬਸ ਪਚਵੂੰਜਾ..! ਪਰ ਤੇਰੀ ਫੇਸ ਬੁੱਕ ਵਾਲੀ ਫੋਟੂ ਦੇਖ ਮੈਂ ਸੋਚਦਾ ਸੀ ਬਈ ਤੂੰ ਚਾਲੀਆਂ ਦੈਂ...।"

" ਬਾਬਿਓ...ਮੇਰੀ ਉਮਰ ਤਾਂ ਦਿਨੋ ਦਿਨ ਵੱਧਦੀ ਜਾ ਰਹੀ ਹੈ ਪਰ ਫੋਟੂ ਚਾਲੀਆਂ 'ਤੇ ਰੁੱਕੀ ਪਈ ਹੈ...ਇੱਕ ਦਮ ਜਵਾਨ...ਮੈਂ ਸੋਚਿਆ ਕਿ ਬਈ ਜਿਵੇਂ ਮੈਂ ਆਪਣੇ ਆਪ ਨੂੰ ਭਰਮ ਵਿੱਚ ਪਾਇਆ ਹੋਇਐ ਕਿਉਂ ਨਾ ਦੂਸਰਿਆਂ ਦੀ ਨੀਂਦ ਵੀ ਖਰਾਬ ਕੀਤੀ ਜਾਵੇ...ਨਾਲੇ ਕੀ ਪਤਾ ਕਿਸੇ ਦਿਨ ਕਿਸੇ ਲਫੰਡਰ ਸਾਨ੍ਹਣੀ ਦੇ ਦਿਲ ਵਿੱਚ ਸਾਡੇ ਵਾਸਤੇ ਰਹਿਮ ਪੈਜੇ..... ਹਾਹਾਹਾਹ..।"

" ਗੋਗੀ...ਤੇਰੀ ਗੱਲ ਸੁਣ ਕੇ ਮੈਨੂੰ ਇੱਕ ਚੁਟਕਲਾ ਯਾਦ ਆ ਗਿਐ...ਕੀ ਹੁੰਦੈ ਕਿ ਇੱਕ ਦਿਨ ਤੇਰੇ ਵਰਗਾ ਬੰਦਾ ਆਪਣੀ ਨੌਜਾਵਨ ਤੇ ਖ਼ੂਬਸੂਰਤ ਧੀ ਨਾਲ ਬਾਜ਼ਾਰ ਵਿੱਚ ਕਿਤੇ ਜਾ ਰਿਹਾ ਸੀ...ਰਸਤੇ ਵਿੱਚ ਇੱਕ ਪੁਰਾਣਾ ਪਰ ਲਫੰਡਰ ਕਿਸਮ ਦਾ ਉਸਦਾ ਦੋਸਤ ਮਿਲ ਜਾਂਦੈ... ਸੋਹਣੀ ਕੁੜੀ ਦੇਖ ਕੇ ਉਸਦੇ ਦੋਸਤ ਦਾ ਅੰਦਰਲਾ ਸਾਨ੍ਹ ਬੱੜਕਾਂ ਮਾਰਨ ਲੱਗ ਪੈਂਦੈ... ਉਹ, ਉਸ ਨੂੰ ਇੱਕ ਪਾਸੇ ਲਿਜਾ ਕੇ ਪੁੱਛਦੈ ਕਿ ਉਸ ਨਾਲ ਉਹ ਸੋਹਣੀ ਕੁੜੀ ਕੌਣ ਹੈ...ਤਾਂ ਅੱਗੋਂ ਉਹ ਹੌਲੀ ਜਿਹੇ ਕਹਿੰਦੈ ਕਿ ਉਸਦੀ ਨਵੀਂ ਪ੍ਰੇਮਿਕਾ ਹੈ...ਇਹ ਸੁਣਦੇ ਸਾਰ ਹੀ ਦੋਸਤ ਬੇਚੈਨ ਹੋ ਕੇ ਚਲਾ ਜਾਂਦੈ ਪਰ ਇਹ ਬੋਲ ਉਸਦੀ ਧੀ ਵੀ ਸੁਣ ਲੈਂਦੀ ਹੈ...ਧੀ ਆਪਣੇ ਪਿਤਾ ਨਾਲ ਨਰਾਜ਼ਗੀ ਜ਼ਾਹਿਰ ਕਰਦੀ ਹੈ ਕਿ ਉਸਨੇ ਉਸਨੂੰ ਆਪਣੀ ਪ੍ਰੇਮਿਕਾ ਕਿਉਂ ਦੱਸਿਆ ਤਾਂ ਅੱਗੋਂ ਪਿਉ ਕਹਿੰਦੈ-ਧੀਏ ਤੈਨੂੰ ਪਤਾ ਹੈ ਮੈਂ ਤੇਰਾ ਪਿਉ ਤੇ ਤੂੰ ਮੇਰੀ ਧੀ ਐਂ ਪਰ ਇਸ ਸਾਲੇ ਦੀ ਇਹ ਸੁਣ ਕੇ ਤਾਂ ਦੋ ਚਾਰ ਦਿਨ ਨੀਂਦ ਖਰਾਬ ਹੋਵੇਗੀ ਨਾ...ਆਪੇ ਸਾਲਾ ਬੁੜਕ ਬੁੜਕ ਕੇ ਉਠਿਆ ਕਰੇਗਾ...ਹਾਹਾਹਾਹਾਹਾ..।"

"ਕਮਾਲ ਦਾ ਚੁਟਕਲਾ ਹੈ ਬਾਬਿਓ...ਵੈਸੇ ਇਹ ਸੱਚ ਹੈ ਕਿ ਦੂਸਰਿਆਂ ਦੀ ਨੀਂਦ ਖਰਾਬ ਕਰਨ ਵਿੱਚ ਆਪਣਾ ਹੀ ਮਜ਼ਾ ਹੈ।"

" ਓਏ ਗੋਗੀ...ਤੈਨੂੰ ਮੌਤ ਕੋਲੋਂ ਡਰ ਤਾਂ ਨਹੀਂ ਲੱਗਣਾ ਸ਼ੁਰੂ ਹੋਇਆ ਅਜੇ...?"

" ਬਾਬਿਓ ਮੈਨੂੰ ਹੁਣੇ ਹੀ ਕਿਉਂ ਡਰ ਲੱਗੇਗਾ ਭਲਾ...ਪਚਵੂੰਜਾ ਸਾਲ ਕੋਈ ਉਮਰ ਹੁੰਦੀ ਹੈ...ਮੈਂ ਤਾਂ ਪਿੱਛੇ ਜਿਹੇ ਇੱਕ ਅਖ਼ਬਾਰ ਵਿੱਚ ਇੱਕ ਇਸ਼ਤਿਹਾਰ ਪੜ੍ਹਿਆ ਸੀ ਕਿ ਬਈ ਇੱਕ ਪਚਵੂੰਜਾ ਸਾਲ ਦੇ ਬੰਦੇ ਨੂੰ ਜੀਵਨ ਸਾਥਣ ਦੀ ਲੋੜ ਹੈ...ਲਿਖਿਆ ਸੀ ਕਿ ਵਿਧਵਾ..ਤਲਾਕਸ਼ੁਦਾ...ਬੱਚੇ ਵਾਲੀ...ਜ਼ਾਤਪਾਤ ਤੇ ਧਰਮ ਦਾ ਕੋਈ ਰੇੜਕਾ ਨਹੀਂ... ਕੋਈ

ਵੀ ਚਲੇਗੀ ...ਤੁਸੀਂ ਪੁਛ ਰਹੇ ਕਿ ਮਰਨ ਤੋਂ ਡਰ ਤਾਂ ਨਹੀਂ ਲਗਦਾ...?"

"ਪਰ ਗੋਗੀ ਇੱਕ ਗੱਲ ਦੱਸਾਂ...ਜਦੋਂ ਮੈਂ ਪਚਵੂੰਜਾ ਸਾਲਾਂ ਦਾ ਹੋਇਆ ਸੀ ਨਾ ਤਾਂ ਮੈਨੂੰ ਮਰਨ ਤੋਂ ਡਰ ਬਹੁਤ ਲੱਗਣ ਲੱਗ ਪਿਆ ਸੀ...ਮੈਨੂੰ ਗੱਲ ਗੱਲ ਤੇ ਐਵੇਂ ਹੀ ਘਬਰਾਹਟ ਹੋਣ ਲੱਗ ਪੈਂਦੀ ਸੀ...।"

"ਕਿਉਂ ਡਰ ਲੱਗਦੈ ਤੁਹਾਨੂੰ ਮੌਤ ਤੋਂ..?"

ਏਸ ਡਰ ਨੂੰ ਸੁਣ ਕੇ ਇੱਕ ਦਿਨ ਮੇਰੇ ਪਰਿਵਾਰਿਕ ਡਾਕਟਰ ਨੇ ਹੱਸਦਿਆਂ ਮੇਰੇ ਤੋਂ ਪੁੱਛਿਆ ਸੀ

"ਨਹੀਂ, ਏਨਾ ਤਾਂ ਨਹੀਂ ਲਗਦਾ...ਪਰ ਮੈਂ ਜਦੋਂ ਵੀ ਸਫ਼ਰ 'ਤੇ ਨਿਕਲਣਾ ਹੁੰਦੈ ਨਾ...ਤਾਂ ਮੈਂ ਗੋਲੀ ਖਾ ਲੈਨਾਂ ਡਿਪਰੈਸ਼ਨ ਦੂਰ ਕਰਨ ਵਾਲੀ...ਸੱਚੀ ਗੱਲ ਦੱਸ ਦਿੰਨਾਂ ਕਿ ਜਦ ਮੈਂ 'ਕੱਲਾ ਹੁੰਨਾਂ ਤਾਂ ਮੈਨੂੰ ਡਰ ਲੱਗਣ ਲੱਗ ਪੈਂਦਾ ਏ ਕਿ ਮੇਰਾ ਰਾਹ 'ਚ ਕੋਈ ਐਕਸੀਡੈਂਟ ਨਾ ਹੋ ਜਾਵੇ...ਮੈਨੂੰ ਕਿਤੇ ਕੋਈ ਬਿਮਾਰੀ ਨਾ ਲੱਗ ਜਾਵੇ...ਜੇ ਕੁਝ ਹੋ ਗਿਆ ਤਾਂ ਫੇਰ ਮੈਨੂੰ ਕੌਣ ਸਾਂਭੇਗਾ..? ਪਰ ਜੇ ਮੇਰੇ ਨਾਲ ਕੋਈ ਬੰਦਾ ਹੋਵੇ ਤਾਂ ਮੇਰਾ ਧਿਆਨ ਆਪਣੇ ਡਰ ਵੱਲ ਨਹੀਂ ਜਾਂਦਾ...ਬੰਦੇ ਨਾਲ ਗੱਲਾਂ ਬਾਤਾਂ ਵਿੱਚ ਲੱਗਿਆ ਰਹਿੰਦਾ ਏ...ਤੇ ਜੇ ਕਿਤੇ ਕੋਈ ਬੁੜ੍ਹੀ ਹੋਵੇ ਮੇਰੇ ਨਾਲ ਫਿਰ ਤਾਂ ਮੈਂ ਹੋਰ ਵੀ ਡਰਮੁਕਤ ਹੋ ਜਾਨਾਂ...ਖਾਸ ਕਰਕੇ ਜਦੋਂ ਬੁੜ੍ਹੀ ਬੇਗਾਨੀ, ਬੇਬਾਕ ਤੇ ਸੁੰਦਰ ਹੋਵੇ ...ਹੀ..ਹੀ...ਹੀ...।"

ਅੱਗੋਂ ਮੈਂ ਐਵੇਂ ਕਹਿ ਕੇ ਟਾਲ ਦਿੱਤਾ

"ਮੂਨ ਲਾਈਟ ਸਿਹਾਂ...ਇਹ ਇੱਕ ਕਿਸਮ ਦੀ ਮਾਨਸਿਕ ਬਿਮਾਰੀ ਹੁੰਦੀ ਐ ਜਿਸ ਵਿੱਚ ਬੰਦੇ ਦੇ ਮਨ 'ਚ ਵੇਲੇ ਕੁਵੇਲੇ ਬਿਮਾਰੀਆਂ ਤੇ ਮੌਤ ਦੇ ਝੂਠੇ ਡਰ ਬਣੇ ਰਹਿੰਦੇ ਨੇ...ਉਸਨੂੰ ਸੁਪਨੇ ਆਉਂਦੇ ਨੇ...ਉਹ ਦੇਖੀਆਂ ਸੁਣੀਆਂ ਬਿਮਾਰੀਆਂ ਨੂੰ ਆਪਣੇ ਨਾਲ ਜੋੜਦਾ ਰਹਿੰਦਾ ਏ ਅੱਖੀਂ ਦੇਖੀਆਂ ਦੁਰਘਟਨਾਵਾਂ ਨੂੰ ਯਾਦ ਕਰਦਾ ਰਹਿੰਦੈ...ਅੱਛਾ..! ਹੁਣ ਮੈਨੂੰ ਸਮਝ ਆਇਐ ਕਿ ਤੁਸੀਂ ਏਨੀਆਂ ਕਾਲੀਆਂ ਪੀਲੀਆਂ ਗੋਲੀਆਂ ਦੇ ਫ਼ੱਕੇ ਕਿਉਂ ਮਾਰਦੇ ਰਹਿੰਦੇ ਹੋ...ਗੋਲੀ ਮਾਰੋ ਇਨ੍ਹਾਂ ਗੋਲੀਆਂ ਨੂੰ...ਰਾਤ ਨੂੰ ਦੋ ਪੈੱਗ ਦੇਸੀ ਦਾਰੂ ਲਾਇਆ ਕਰੋ... ਫੇਰ ਮੌਜ ਨਾਲ ਸੌਂ ਜਾਇਆ ਕਰੋ...ਦੇਖੋ ਕਿੱਦਾਂ ਨੀਂਦ ਆਉਂਦੀ ਹੈ...ਸਵੇਰੇ ਕੋਈ ਕਬਜ਼ ਵੀ ਨਹੀਂ ਰਹਿੰਦੀ...ਢਿੱਡ ਵੀ ਸਾਫ਼...।"

ਡਾਕਟਰ ਨੇ ਮੈਨੂੰ ਸਮਝਾਇਆ ਸੀ

" ਓਹੋ...ਬਾਬਿਓ ਤੁਸੀਂ ਤਾਂ ਮੈਨੂੰ ਡਰਾ ਈ ਦਿੱਤਾ...ਚਲੋ ਛੋੜੋਂ ਕੱਲ੍ਹ ਕੀ ਬਾਤੇਂ...ਕੱਲ੍ਹ ਕੀ ਰਾਤੇਂ...ਅੱਜ ਦੇ ਦਿਨ ਦੀ ਗੱਲ ਕਰੋ...ਅੱਜ ਕੱਲ੍ਹ ਤਾਂ ਨਹੀਂ ਲੱਗਦਾ ਨਾ ਡਰ ਮੌਤ ਤੋਂ ...?"

" ਨਹੀਂ ਹੁਣ ਨਹੀਂ ਲੱਗਦਾ...ਗੋਗੀ ਇੱਕ ਗੱਲ ਦੱਸਾਂ...! ਇਹ ਮੌਤ ਵਾਲੀ ਗੱਲ ਪੰਝਤਰੋਂ ਟੱਪੇ ਬੰਦੇ ਲਈ ਇੰਨੀ ਅਹਿਮ ਤੇ ਖ਼ਤਰਨਾਕ ਨਹੀਂ ਰਹਿੰਦੀ... ਜਿਹੜੀ ਪੰਜਾਹ ਦੇ ਗੇੜ ਵਿੱਚ ਪੁੱਜੇ ਬੰਦੇ ਵਾਸਤੇ ਬਹੁਤ ਖਾਸ ਹੁੰਦੀ ਹੈ...ਫੇਰ ਜਿਉਂ ਜਿਉਂ ਉਮਰ ਵੱਧਦੀ ਜਾਂਦੀ ਏ, ਬੰਦਾ ਏਸ ਨੂੰ ਵੱਧ ਗੰਭੀਰਤਾ ਨਾਲ ਸੋਚਣ, ਸਮਝਣ ਤੇ ਘੋਖਣ ਲੱਗ ਪੈਂਦਾ ਏ...ਬੱਸ ਇਹੀ ਕੁਝ ਅੱਜ ਕੱਲ੍ਹ ਮੈਂ ਕਰੀ ਜਾਨਾਂ... ਆਪ ਲੱਸੀ ਵਿੱਚ ਮਧਾਣੀ ਪਾਉਨਾਂ...ਫਿਰ ਲਗਾਤਾਰ ਰਿੜਕੀ ਜਾਨਾਂ ਕਿ ਕੀ ਪਤਾ ਕਿਸੇ ਦਿਨ ਲੱਸੀ ਵਿੱਚੋਂ ਮੱਖਣ ਨਿਕਲ ਹੀ ਆਵੇ...ਪਰ ਸਾਲਾ ਅੱਜ ਕੱਲ੍ਹ



ਨਿਕਲਦਾ ਕੁਝ ਨਹੀਂ ਨਾ ਲੱਸੀ ਵਿੱਚੋਂ ਤੇ ਨਾ ਹੀਂ ਦਹੀਂ ਵਿੱਚੋਂ...ਸਭ ਵਹਿਮ ਨੇ...ਭਰਮ ਨੇ...ਵੈਸੇ ਗੋਗੀ ਵਹਿਮਾਂ ਭਰਮਾਂ ਵਿੱਚ ਹੀ ਜਿਊਣਾ ਚਾਹੀਦੈ ਕਿਉਂਕਿ ਜਦੋਂ ਇਹ ਟੁਟਦੇ ਨੇ ਤਾਂ ਤਕਲੀਫ਼ ਬਹੁਤ ਜ਼ਿਆਦਾ ਦਿੰਦੇ ਨੇ...।"

" ਬਾਬਿਓ ਕੀ ਮਾਰੀ ਜਾਨਿਓਂ...ਮੌਤ ਦੀਆਂ ਗੱਲਾਂ ਛੱਡੋ ਆਓ ਜਿਊਣ ਦੀਆਂ ਗੱਲਾਂ ਕਰੀਏ..।"

"ਹਾਂ ਗੋਗੀ ਤੂੰ ਠੀਕ ਕਹਿਨਾਂ ਯਾਰ...ਢੇਕੇ ਮਾਰ ਸਾਲੀ ਮੌਤ ਦੇ...ਚੱਲ ਜਿਊਣ ਦੀਆਂ ਗੱਲਾਂ ਕਰਦੇ ਆਂ ਉਹ ਵੀ ਮੁਫ਼ਤ ਦੇ ਜੀਓ ਦੇ ਫੋਨ ਉਪਰ...ਅੱਛਾ ਗੋਗੀ...ਯਾਰ ਉਹ ਮੇਰੇ ਸਮਕਾਲੀ ਸੋਹਨ ਸਿੰਘ ਭੰਬਰੇ ਦਾ ਕੀ ਹਾਲ ਹੈ...ਮਿਲਿਆਂ ਤੂੰ ਕਦੇ ਉਸਨੂੰ...?"

" ਨਹੀਂ ਬਾਬਿਓ...ਬਹੁਤ ਦਿਨ ਹੋ ਗਏ...ਦਰਸ਼ਨ ਨਹੀਂ ਹੋਏ...ਭੰਬਰਾ ਸਾਹਬ ਹੁਣ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿੱਚ ਤਾਂ ਆਉਂਦੇ ਜਾਂਦੇ ਵੀ ਨਹੀਂ...ਘਰ ਵਾਲੇ ਬਾਹਰ ਨਿਕਲਣ ਨਹੀਂ ਦਿੰਦੇ...ਕੁਝ ਬਿਮਾਰ ਹੀ ਰਹਿੰਦੇ ਨੇ...ਨਾਲ ਹੁਣ ਉਹ ਲਿਖਣਾ ਵੀ ਛੱਡ ਗਏ ਨੇ...।"

"ਦੋ ਕੁ ਮਹੀਨੇ ਪਹਿਲਾਂ ਮੇਰੀ ਗੱਲ ਹੋਈ ਸੀ ਉਸ ਨਾਲ... ਮੈਂ ਆਇਆ ਸੀ ਤੇਰੇ ਸ਼ਹਿਰ...ਗੋਗੀ, ਇੱਕ ਗੱਲ ਦੱਸਾਂ...! ਭੰਬਰਾ ਸ਼ਰੀਰਕ ਪੱਖੋਂ ਘੱਟ ਬਿਮਾਰ ਰਹਿੰਦੈ ਪਰ ਦਿਮਾਗ ਪੱਖੋਂ ਬਹੁਤ ਜ਼ਿਆਦਾ...ਉਸਨੂੰ ਹੁਣ ਨਾ ਕੋਈ ਗੱਲ ਸੁਝਦੀ ਐ ਤੇ ਨਾ ਹੀ ਕੋਈ ਗਪੌੜ...ਬਸ ਥੋੜੀ ਬਹੁਤ ਗੱਲ ਕਰ ਲੈਂਦੈ...ਕਈ ਵਾਰੀ ਉਂਝ ਹੀ ਮਾਰੀ ਜਾਂਦੈ...ਵੈਸੇ ਗੋਗੀ ਯਾਰ...ਦੇਖੋ ਕੀ ਹਾਲ ਹੋ ਜਾਂਦੈ ਇਸ ਉਮਰ ਵਿੱਚ ਆ ਕੇ ਬੰਦੇ ਦਾ...ਜੇ ਸ਼ੁਰੂ 'ਚ ਹੀ ਕੁਝ ਤਗੜਾ ਰਹਿੰਦਾ ਨਾ...ਮਾੜੀਆਂ ਮੋਟੀਆਂ ਗੱਲਾਂ ਕਰਦਾ ਰਹਿੰਦਾ...ਥੋੜਾ ਚੱਲਦਾ ਫਿਰਦਾ ਰਹਿੰਦਾ...ਉਸਦੀ ਸੇਹਤ ਠੀਕ ਰਹਿਣੀ ਸੀ...ਇੱਕ ਤਾਂ ਗੋਗੀ, ਉਸਨੇ ਦਾਰੂ ਬਹੁਤ ਪੀਤੀ ਹੈ...ਹਰ ਮਹਿਫਿਲ ਤੋਂ ਬਾਅਦ ਹਰ ਵਾਰ ਚੁੱਕ ਕੇ ਹੀ ਘਰ ਸੁੱਟਣਾ ਪੈਂਦਾ ਸੀ...ਅਸਲ ਵਿੱਚ ਉਸਦਾ ਆਪਣੇ ਉੱਪਰ ਕਾਬੂ ਨਹੀਂ ਰਹਿੰਦਾ ਸੀ...ਗੋਗੀ ਇੱਕ ਗੱਲ ਦੱਸਾਂ...! ਭੰਬਰਾ ਆਪਣੇ ਵੇਲਿਆਂ ਵਿੱਚ ਦਾਰੂ ਦਾ ਬਹੁਤ ਲੋਭੀ ਸੀ...ਜਿਹੜਾ ਬੰਦਾ ਦਾਰੂ ਦਾ ਲੋਭੀ ਹੁੰਦੈ ਨਾ ਉਹ ਅਖੀਰ ਦਾਰੂ ਨਾਲ ਹੀ ਮਰ ਜਾਂਦੈ...ਭੰਬਰੇ ਨੂੰ ਤਾਂ ਕੁਝ ਜ਼ਿਆਦਾ ਈ ਸੀ ਲਾਲਚ ਦਾਰੂ ਦਾ...ਮੇਰਾ ਇੱਕ ਦੋਸਤ ਕਹਿੰਦਾ ਹੁੰਦਾ ਸੀ ਬਈ ਠੇਕੇ ਤੋਂ ਇੱਕ ਦਾਰੂ ਦੀ ਬੋਤਲ ਲੈ ਲਉ..ਭੰਬਰੇ ਨੂੰ ਵਿਖਾ ਦਿਉ...ਤੁਸੀਂ ਫਿਰ ਤੁਰ ਪਵੋ..ਉਹ ਮੁਸ਼ਕੀ ਕੁੱਤੇ ਵਾਂਗ ਤੁਹਾਡੇ ਮਗਰ ਮਗਰ ਮੀਲਾਂ ਭਰ ਤੁਰੀ ਆਊਗਾ...ਭੰਬਰੇ ਨੂੰ ਤਾਂ ਜਿੱਥੇ ਕਿਤੇ ਦਾਰੂ ਲੱਭ ਜਾਂਦੀ ਸੀ ਬਸ ਓਥੇ ਲੱਤ ਚੁੱਕ ਕੇ ਕਿਸੇ ਖੰਭੇ ਉਪਰ ਮੂਤ ਕਰਨ ਦੇ ਬਹਾਨੇ ਬਹਿ ਜਾਂਦਾ ਸੀ...ਗੋਗੀ ਤੈਨੂੰ ਇੱਕ ਗੱਲ ਦੱਸਾਂ....ਉਂਝ ਭੰਬਰੇ ਨੂੰ ਕੋਈ ਵੱਡੀ ਬਿਮਾਰੀ ਨਹੀਂ ਹੈ ਬਸ ਗੋਡੇ ਜਵਾਬ ਦੇ ਗਏ ਨੇ...ਜਵਾਬ ਕੀ ਦੇ ਗਏ ਸਗੋਂ ਗੋਡਿਆਂ ਨੇ ਹੀ ਦੱਬ ਲਿਆ ਉਸਨੂੰ... ਵੈਸੇ ਤਾਂ ਗੋਡੇ ਅਕਸਰ ਜਵਾਬ ਦੇ ਦਿੰਦੇ ਨੇ ਏਸ ਉਮਰ ਵਿੱਚ ਪਰ ਹਰ ਕਿਸੇ ਦੇ ਨਹੀਂ ਦਿੰਦੇ ਹੁੰਦੇ ਜੁਆਬ... ਗੋਗੀ, ਇੱਕ ਗੱਲ ਦੱਸਾਂ...! ਮੇਰੇ ਗੋਡੇ ਠੀਕ ਨੇ...ਰੋਬੋਟ ਵਾਂਗ ਦੌੜੀ ਫਿਰਨਾਂ ਚਾਰੇ ਪਾਸੇ...ਵੈਸੇ ਵੀ ਇਸ ਉਮਰ ਵਿੱਚ ਹਰ ਕੋਈ ਹਿੱਲ ਜਾਂਦੈ... ਭਾਵੇਂ ਭੰਬਰਾ ਇਸ ਸੱਚ ਨੂੰ ਕਬੂਲਦਾ ਨਹੀਂ ਹੈ...ਗੋਗੀ, ਇੱਕ ਗੱਲ ਦੱਸਾਂ...! ਨਾਲੇ ਹੁਣ ਕੀ ਲਿਖਣਾ ਓਸਨੇ...ਕਾਹਦੇ ਵਾਸਤੇ ਲਿਖਣੈ... ਸਾਹਿਤ ਅਕਾਦਮੀ ਵਾਲਾ 'ਨਾਮ 'ਟੇਰ ਲਿਆ ਸੀ ਉਸਨੇ ਬਹੁਤ ਦੇਰ ਪਹਿਲਾਂ...ਗੱਡੀ ਥੋੜੀ ਭਜਾਈ ਸੀ ਉਸਨੇ ਉਹਨਾਂ ਦਿਨਾਂ 'ਨਾਮ ਲੈਣ ਵਾਸਤੇ...ਵੱਡੀ ਪੋਸਟ ਉੱਪਰ ਬਿਰਾਜਮਾਨ ਸੀ... ਤੂਤੀ ਬੋਲਦੀ ਸੀ...ਉਪਰੋਂ ਮਹਿਕਮਾ ਵੀ ਰੋਹਬ ਵਾਲਾ ਸੀ...ਜਿੱਧਰ

ਜਾਂਦਾ ਉੱਧਰ ਸਲਾਮਾਂ ਵੱਜਦੀਆਂ ਸਨ...ਫਿਰ ਐਹੋ ਜਿਹੇ ਸ਼ਕਤੀਸ਼ਾਲੀ ਸਾਹਿਤਕਾਰ ਵੱਲ ਇਨਾਮ ਸਨਮਾਨ ਤਾਂ ਆਪ ਹੀ ਦੌੜੇ ਆਉਂਦੇ ਨੇ....ਵੈਸੇ ਗੋਗੀ, ਇੱਕ ਗੱਲ ਦੱਸਾਂ....ਮੈਂ ਹੋਰ ਵੀ ਕਈ ਮਹਾਨ ਸਾਹਿਤਕਾਰ ਦੇਖੇ ਨੇ...ਜਿਹੜੇ ਗੱਲ ਗੱਲ ਉੱਪਰ ਸਮੇਂ ਦੀਆਂ ਸਰਕਾਰਾਂ ਦਾ ਵਿਰੋਧ ਕਰਦੇ ਨੇ...ਪਰ ਜਿਵੇਂ ਹੀ ਭਾਸ਼ਾ ਵਿਭਾਗ ਵਾਲੇ ਜਾਂ ਹੋਰ ਸਰਕਾਰੀ ਇਨਾਮ ਸਨਮਾਨ ਮਿਲਣ ਦੀ ਕੰਨਸੋਅ ਮਿਲਦੀ ਹੈ ਤਾਂ ਉਹਨਾਂ ਦਾ ਅੰਦਰ ਬਿਰਾਜਮਾਨ ਮੂਲ ਰੂਪ ਵਾਲਾ ਸਾਹਿਤਕਾਰ ਚਮਕਣ ਲੱਗ ਪੈਂਦੈ...ਉਹਨਾਂ ਦੇ ਸ਼ੈਤਾਨ ਤੇ ਲੂੰਬੜ ਮਨ ਵਿੱਚ ਖੁਸ਼ੀ ਦੇ ਫੁਹਾਰੇ ਫੁੱਟਣ ਲੱਗ ਪੈਂਦੇ ਨੇ...ਜਿਹਨਾਂ 'ਨਾਮਾਂ ਸਨਮਾਨਾਂ ਵਿੱਚ ਚਾਰ ਪੈਸੇ ਵੱਧ ਮਿਲਦੇ ਨੇ...ਉਹਨਾਂ ਨੂੰ ਹਥਿਆਣ ਵਾਸਤੇ ਉਹ ਜਣੇ ਖਣੇ ਦੇ ਤਲਬੇ ਤਾਂ ਕੀ ਉਹਨਾਂ ਦਾ ਥੁੱਕਿਆ ਚੱਟਣ ਤੋਂ ਵੀ ਸ਼ਰਮ ਮਹਿਸੂਸ ਨਹੀਂ ਕਰਦੇ...ਇੱਕ ਵਾਰ ਪਤਾ ਨਹੀਂ ਕੀ ਹੋਇਆ ਗੋਗੀ...? ਸਾਡੇ ਕਈ ਸਾਰੇ ਨਿੱਕੇ ਵੱਡੇ ਸਾਹਿਤਕਾਰਾਂ ਨੇ ਆਪਣੇ ਕਿਸੇ ਨਾ ਕਿਸੇ ਜੁਗਾੜ ਰਾਹੀਂ ਹਥਿਆਏ ਇਨਾਮ ਸਨਮਾਨ ਵਾਪਿਸ ਕਰਨਾ ਸ਼ੁਰੂ ਕਰ ਦਿੱਤੇ...ਬਸ ਫਿਰ ਭੇਡ ਚਾਲ ਸ਼ੁਰੂ ਹੋ ਗਈ...ਬੜੇ ਸਮਾਗਮ ਹੋਣਾ ਸ਼ੁਰੂ ਹੋ ਗਏ...ਅਖੇ–ਹਮ ਥੂਕਤੇ ਹੈਂ ਐਸੇ ਇਨਾਮੋਂ 'ਪਰ...ਗੰਦੇ ਨਾਲੇ ਮੇਂ ਫੇਂਕ ਦੇਂਗੇ...ਪਤਾ ਨ੍ਹੀਂ ਕੀ ਕੀ ਸ਼ੁਰਲੀਆਂ ਛੱਡੀਆਂ..ਉਹਨੀਂ ਦਿਨੀਂ ਇੱਕ ਇਸੇ ਤਰ੍ਹਾਂ ਦੇ ਸਨਮਾਨ ਵਾਪਸੀ ਦੇ ਸਿਲਸਿਲੇ ਵਿੱਚ ਰੱਖੇ ਸਮਾਗਮ ਵਿੱਚ ਸਾਹਿਤ ਦੇ ਤਿੰਨ ਚਾਰ ਚੌਧਰੀ ਉੱਛਲ ਉੱਛਲ ਸਰਕਾਰ ਦੇ ਵਿਰੁਧ ਬੋਲੀ ਜਾਣ...ਅਖੇ– ਅਸਹਿਨਸ਼ੀਲਤਾ ਵੱਧ ਗਈ ਹੈ...ਦੇਸ਼ ਅਸ਼ਾਂਤ ਤੇ ਗੁਸੈਲਾ ਹੋ ਗਿਆ ਹੈ....ਦੇਸ਼ ਗ਼ੁਲਾਮ ਹੋ ਜਾਏਗਾ...ਅਊਂ ਹੈ..ਜਊਂ ਹੈ...ਹਮ ਯੇ ਹੈਂ...ਹਮ ਵੋਹ ਹੈਂ..ਹਮ ਧਰਨੇ ਦੇਂਗੇ...ਮਰੇਂਗੇ ਜਾਂ ਮਾਰ ਦੇਂਗੇ...ਪਰ ਗੋਗੀ, ਅਗਲੇ ਦਿਨ ਉਹੀ ਵੱਡੇ ਸਾਹਿਤਕਾਰ ਸਰਕਾਰ ਕੋਲੋਂ ਇਨਾਮ ਲੈਣ ਵਾਲੀ ਲਾਈਨ ਵਿੱਚ ਸਭ ਤੋਂ ਮੂਹਰੀ ਖੜੇ ਸਨ...ਹੱਥ ਵਿੱਚ ਪੰਜ ਪੰਜ ਲੱਖ ਦੇ ਚੈੱਕ ਫੜੀ ਦੰਦ ਕੱਢੀ ਫੋਟੂਆਂ ਪਾਈ ਜਾਣ ਫੇਸਬੁੱਕ ਉੱਪਰ...ਗੋਗੀ, ਇੱਕ ਗੱਲ ਦੱਸਾਂ...ਅਸਲ ਵਿੱਚ ਇਹ ਸਭ ਸਾਲ਼ੇ ਸਾਹਿਤ ਦੇ ਗਿਰਗਿੱਟ ਹੁੰਦੇ ਨੇ...ਨਿੱਕੇ ਨਿੱਕੇ ਸਾਹਿਤਕ ਠੱਗ...ਸਾਹਿਤਕ ਇਲਾਕਾਈ ਗੁੰਡੇ ਤੇ ਕਮਾਂਡਰ... ਗੈਂਗਸਟਰ...ਮਤਲਬ ਕਿ ਜਿਸਦਾ ਜੋ ਦਾਅ ਲੱਗਦਾ ਹੈ ਉਹ ਲਾਈ ਜਾਂਦੈ...ਗੋਗੀ, ਇੱਕ ਗੱਲ ਦੱਸਾਂ...! ਜਦੋਂ ਲੇਖਕ ਆਪਣੇ ਆਪ ਨੂੰ ਰਿਪੀਟ ਕਰਨਾ ਸ਼ੁਰੂ ਕਰ ਦੇਵੇ ਤਾਂ ਉਸਨੂੰ ਲਿਖਣਾ ਤਿਆਗ ਦੇਣਾ ਚਾਹੀਦੈ...ਨਹੀਂ ਤਾਂ ਫਿਰ ਉਹ ਡੰਗਰਾਂ ਵਾਂਗ ਇੱਕੋਂ ਥਾਏਂ ਬੈਠਾ ਜੁਗਾਲ਼ੀ ਕਰਦਾ ਰਹਿੰਦੈ ਜਾਂ ਫਿਰ ਪਰਧਾਨਗੀਆਂ ਕਰਨ ਲੱਗ ਪੈਂਦੈ.....ਪਰ ਕਈ ਬਹੁਤ ਢੀਠ ਹੁੰਦੇ ਨੇ... ਹਟਦੇ ਹੀ ਨਹੀਂ...ਉਹ ਸਿਵਿਆਂ ਵਿੱਚ ਲੇਟੇ ਪਏ ਵੀ ਲਿਖੀ ਜਾਂਦੇ ਨੇ...ਉਹਨਾਂ ਵਿੱਚੋਂ ਹੀ ਇੱਕ ਇਹ ਭੰਬਰਾ ਹੈ...ਜਾਅਲੀ ਸਾਲ਼ਾ...।"

"ਹਾਂ ਬਾਬਿਓ, ਭੰਬਰੇ ਹੁਰਾਂ ਬਾਰੇ ਮੇਰੇ ਵਿਚਾਰ ਵੀ ਤੁਹਾਡੇ ਨਾਲ ਮਿਲਦੇ ਜੁਲਦੇ ਨੇ...ਵੈਸੇ ਵੀ ਕਹਿੰਦੇ ਨੇ ਭੰਬਰੇ ਦਾ ਮਨ ਬੜਾ ਚੰਚਲ ਹੁੰਦਾ ਹੈ...ਉਹ ਕਦੇ ਵੀ ਇੱਕ ਜਗ੍ਹਾ ਟਿਕ ਕੇ ਨਹੀਂ ਬੈਠਦਾ...ਪਰ ਮਰਨ ਵੇਲੇ ਗਲੀ ਵਿੱਚ ਲੱਗੀ ਟਿਊਬ ਲਾਈਟ ਨੂੰ ਟੱਕਰਾਂ ਮਾਰਨ ਲੱਗ ਪੈਂਦਾ ਐ...ਚਲੋ ਛੱਡੋ ਪਰ੍ਹਾਂ ਬਾਬਿਓ, ਦਫਾ ਕਰੋ ਭੰਬਰੇ ਨੂੰ....ਅੱਛਾ ਬਾਬਿਓ, ਇਹ ਦੱਸੋ, ਉਹ ਤੁਹਾਡੇ ਦੋਸਤ ਸੰਤੋਖ ਸਿੰਘ ਬਰਾੜ ਹੁਰਾਂ ਦਾ ਕੀ ਹਾਲ ਹੈ...ਉਮਰ ਵਿੱਚ ਉਹ ਤਾਂ ਤੁਹਾਡੇ ਤੋਂ ਵੀ ਵੱਡੇ ਨੇ ਸ਼ਾਇਦ... ਕਦੇ ਹੋਈ ਗੱਲ...ਹੈਗੇ ਨੇ ਅਜੇ ਕਿ ਕਰ ਗਏ ਨੇ ਚੜ੍ਹਾਈਆਂ...?"

"ਨਾ ਇੰਨੀ ਜਲਦੀ ਨਹੀਂ ਮਰਦਾ ਉਹ ਬੁੜ੍ਹਾ...ਪੁਰਾਣੀਆਂ ਖੁਰਾਕਾਂ ਖਾਧੀਆਂ ਨੇ ਅਗਲੇ ਨੇ...ਹਾਂ ਗੱਲ ਰੋਜ਼ ਹੀ ਹੁੰਦੀ ਹੈ...ਬਹੁਤਾ ਵੱਡਾ ਨਹੀਂ ਹੈ ਮੇਰੇ ਤੋਂ ਉਹ...ਮੁਸ਼ਕਿਲ ਨਾਲ



ਚਾਰ ਸਾਲ...ਉਸਦਾ ਫੋਨ ਕਰਨ ਦਾ ਟਾਇਮ ਫਿਕਸ ਹੈ...ਉਹ ਲੱਗਪੱਗ ਰੋਜ਼ ਫੋਨ ਕਰ ਲੈਂਦੈ...ਮੈਂ ਸੁਣ ਲੈਨਾਂ..

ਉਹ ਕਹਿੰਦੈ–ਹੈਲੋ ਪ੍ਰਕਾਸ਼

ਮੈਂ ਵੀ ਅੱਗੋਂ ਬੋਲ ਦਿਨਾਂ–ਹਾਂਜੀ ਬਰਾੜ ਸਾਹਿਬ...

ਉਸਨੂੰ ਲੱਗਦਾ ਹੈ ਕਿ ਮੈਂ ਇਹੀ ਬੋਲਿਆ ਹੋਣੈ...

ਫਿਰ ਉਹ ਪੁੱਛਦੈ–ਤੁਹਾਡੇ ਉਧਰ ਬੱਦਲ ਚੜ੍ਹੇ ਨੇ...?

ਮੈਂ ਕਹਿ ਦਿੰਨਾਂ–ਹਾਂ ਚੜ੍ਹੇ ਨੇ...

ਉਹ ਪੁੱਛਦੈ–ਚਿੱਟੇ ਨੇ ਕਿ ਕਾਲੇ...?

ਮੈਂ ਕਹਿ ਦਿੰਨਾਂ–ਚਿੱਟੇ...

ਕੋਈ ਨਾ...ਘਬਰਾਵੀਂ ਨਾ ਆਪੇ ਕਾਲੇ ਵੀ ਹੋ ਜਾਣਗੇ...ਮੀਂਹ ਵੀ ਪੈਜੂਗਾ...

ਉਹ ਅੱਗੋਂ ਕਹਿ ਦਿੰਦੈ

ਅਸਲ ਵਿੱਚ ਉਹ ਮੇਰੀ ਗੱਲ ਸੁਣ ਹੀ ਨਹੀਂ ਪਾਉਂਦਾ...ਉਹ ਗੈੱਸ ਹੀ ਲਾਉਂਦੈ ਬਈ ਮੈਂ ਇਹੀ ਕੁਝ ਕਿਹਾ ਹੋਣੈ...ਬਸ ਆਪਣੀਆਂ ਸੁਣਾਈ ਜਾਂਦੈ...ਉਸਦਾ ਰੋਜ਼ ਫੋਨ ਕਰਨ ਦਾ ਮਤਲਬ ਇਹ ਦੱਸਣਾ ਹੁੰਦੈ ਕਿ ਉਹ ਵੀ ਠੀਕ ਹੈਂ ਤੇ ਮੈਂ ਵੀ ਠੀਕ ਹੋਵਾਂਗਾ..ਹੁਣ ਉਹ ਵੀ ਹਰ ਸਮੇਂ ਬੌਂਦਲਿਆ ਜਿਹਾ ਰਹਿੰਦੈ...ਆਪਣੇ ਕੋਲ ਕਿਸੇ ਨੂੰ ਆਉਣ ਨਹੀਂ ਦਿੰਦਾ...ਆਪ ਕਿਸੇ ਕੋਲ ਜਾਂਦਾ ਨਹੀਂ...ਪਰ ਗੋਗੀ, ਇੱਕ ਗੱਲ ਦੱਸਾਂ... ਯਾਰ, ਮੈਂ ਤਾਂ ਉਡੀਕਦਾ ਰਹਿੰਦਾਂ ਕਿ ਬਈ ਕੋਈ ਤਾਂ ਆਵੇ...ਕੋਈ ਗੱਲਾਂ ਕਰਨ ਵਾਲਾ ਤਾਂ ਹੋਵੇ...ਤੁਸੀਂ ਕਦੋਂ ਤੱਕ ਮੂੰਹ ਨਹੀਂ ਖੋਲ੍ਹੋਗੇ...ਕਿਸੇ ਨਾਲ ਤਾਂ ਗੱਲ ਕਰ ਲਉ...ਉਹ ਭਾਵੇਂ ਚੰਗੀ ਕਰੇ ਜਾਂ ਮਾੜੀ ਪਰ ਅਗਲਾ ਗੱਲ ਤਾਂ ਕਰੂਗਾ...ਮੈਂ ਤਾਂ ਕਹਿੰਨਾ ਗੋਗੀ, ਗੱਲ ਕਰਨ ਨਾਲ ਆਪਾਂ ਆਪਣੀ ਜੀਭ ਦੀ ਮੈਲ਼ ਹੀ ਲਾਉਂਦੇ ਹਾਂ...ਜੇ ਜ਼ਿਆਦਾ ਦੇਰ ਤਕ ਮੂੰਹ ਨਹੀਂ ਖੋਲ੍ਹਾਂਗੇ ਤਾਂ ਜੀਭ ਉਪਰ ਘਾਹ ਫੂਸ ਉੱਗ ਆਏਗਾ...ਪਿੱਛੇ ਕੁਝ ਦਿਨ ਪਹਿਲਾਂ ਉਹ ਕੁਝ ਔਖਾ ਵੀ ਹੋ ਗਿਆ ਸੀ...ਪਲਸ ਰੇਟ ਇੱਕ ਦਮ ਸ਼ੂਟ ਅੱਪ ਕਰ ਗਿਆ ਸੀ...ਉਹਨੂੰ ਹਸਪਤਾਲ ਲੈ ਗਏ... ਹਸਪਤਾਲੋਂ ਉਹ ਦੂਜੇ ਦਿਨ ਘਰ ਆ ਗਿਆ ਸੀ...ਬਸ ਫਿਰ ਉਹ ਇੱਕ ਦਮ ਠੀਕ ਹੋ ਗਿਆ...ਸਗੋਂ ਕਹਿੰਦਾ–ਹੁਣ ਮੇਰੀ ਸਿਹਤ ਪਹਿਲਾਂ ਕੋਲੋਂ ਵੀ ਠੀਕ ਹੋ ਗਈ ਐ...ਵੈਸੇ ਗੋਗੀ, ਇੱਕ ਗੱਲ ਦੱਸਾਂ...! ਫਾਇਦਾ ਵੀ ਬਹੁਤ ਹੁੰਦਾ ਹੈ ਹਸਪਤਾਲ ਜਾਣ ਦਾ...ਤੁਹਾਡੇ ਸਾਰੇ ਚੈੱਕਅਪ ਹੋ ਜਾਂਦੇ ਨੇ...ਜਿਹੜੀਆਂ ਬਿਮਾਰੀਆਂ ਲੁਕੀਆਂ ਪਈਆਂ ਹੁੰਦੀਆਂ ਨੇ...ਉਹਨਾਂ ਦਾ ਪਤਾ ਲੱਗ ਜਾਂਦੈ ਤੇ ਡਾਕਟਰ ਦਵਾਈਆਂ ਵੀ ਦੇ ਦਿੰਦੇ ਨੇ...।"

" ਹੁਣ ਤਾਂ ਠੀਕ ਠਾਕ ਨੇ ਨਾ...?"

" ਹਾਂ, ਹੁਣ ਤਾਂ ਘੋੜੇ ਵਾਂਗ ਹੋਇਆ ਪਿਐ...।"

" ਤੁਸੀਂ ਵੀ ਠੀਕ ਠਾਕ ਹੋ ਨਾ...?"

" ਤੈਨੂੰ ਮੇਰੀ 'ਵਾਜ਼ ਦੀ ਖਣਕ ਤੋਂ ਨਹੀਂ ਪਤਾ ਲੱਗਦਾ ਗੋਗੀ...?"

" ਬਾਬਿਓ, ਆਵਾਜ਼ ਵਿੱਚ ਤਾਂ ਦੱਮ ਹੈ ...ਅੱਛਾ...ਇਹ ਦੱਸੋ ਬਈ ਹੁਣ ਵੀ ਉਹ ਨੀਲੀਆਂ ਪੀਲੀਆਂ ਫਿਲਮਾਂ ਦੇਖਦੇ ਹੋ ਜਿਸਦੀਆਂ ਸੀਡੀਆਂ ਭੇਜਦਾ ਹੁੰਦਾ ਸੀ ਕਾਮਰੇਡ ਨੱਥਾ ਸਿੰਘ...ਜਿਸ ਉਪਰ ਲਿਖਿਆ ਹੁੰਦਾ ਸੀ ਪਾਰਟੀ ਲਿਟਰੇਚਰ...?"

" ਗੋਗੀ, ਇੱਕ ਗੱਲ ਦੱਸਾਂ...ਹੁਣ ਨਹੀਂ ਦਿਲ ਕਰਦਾ ਦੇਖਣ ਨੂੰ ਕੁਝ ਵੀ

ਯਾਰ...ਐਵੇਂ ਹੀ ਲੱਗਦੀਆਂ ਨੇ ਸਾਰੀਆਂ ਸੀਡੀਆਂ... ਦੇਖਦੇ ਦੇਖਦੇ ਹੁੰਦਾ ਜਾਂਦਾ ਕੁਝ ਨਹੀਂ ਬਸ ਅੱਖਾਂ ਸਮੇਤ ਸ਼ਰੀਰ ਦੇ ਹਰ ਹਿੱਸੇ ਵਿਚੋਂ ਧੂੰਆਂ ਜ਼ਰੂਰ ਨਿਕਲਣ ਲੱਗ ਪੈਂਦੈ... ਹੁਣ ਤਾਂ ਉਹ ਫਿਲਮਾਂ ਸਾਡੇ ਵਾਸਤੇ  ਇਤਿਹਾਸ ਬਣ ਗਈਆਂ ਨੇ...ਗੋਗੀ...ਇਤਿਹਾਸ ਤੋਂ ਇੱਕ ਚੁਟਕਲਾ ਯਾਦ ਆ ਗਿਆ ਈ...ਸੁਣਾਵਾਂ...?"

" ਹਾਂ ਬਾਬਿਓ ਜ਼ਰੂਰ....ਨੇਕੀ ਔਰ ਪੂਛ ਪੂਛ...।"

"ਇੱਕ ਵਾਰ ਨਾ ਇੱਕ ਮੇਰੇ ਵਰਗਾ ਦਾਦਾ ਨੁਮਾਂ ਬੰਦਾ ਆਪਣੇ ਸੱਤ ਅੱਠ ਸਾਲ ਦੇ ਪੋਤੇ ਨੂੰ ਕਿਸੇ ਪਾਰਕ ਵਿੱਚ ਖਿਡਾ ਰਿਹਾ ਸੀ... ਦਾਦਾ ਕੁਰਸੀ ਉੱਪਰ ਬੈਠਾ ਇੱਕ ਨੰਗ ਧੜੰਗ ਔਰਤਾਂ ਦੀਆਂ ਤਸਵੀਰਾਂ ਵਾਲਾ ਮੈਗਜ਼ੀਨ ਦੇਖ ਰਿਹਾ ਸੀ...ਪੋਤਾ ਆਪਣੀ ਕਿਸੇ ਖੇਡ ਵਿਚ ਮਸਤ ਸੀ...ਉਸਨੇ ਦੇਖਿਆ ਕਿ ਦਾਦਾ ਉਸਦੇ ਖੇਡ ਵਿੱਚ ਬਹੁਤੀ ਦਿਲਚਸਪੀ ਨਹੀਂ ਵਿਖਾ ਰਿਹਾ...ਸੋ ਖੇਡਦੇ ਖੇਡਦੇ  ਉਸਨੇ ਪੁੱਛਿਆ-ਦਾਦਾ ਜੀ ਕੌਣ ਸੀ ਕਿਤਾਬ ਪੜ੍ਹ ਰਹੇ ਹੋ...?

ਦਾਦਾ ਬੋਲਿਐ- ਬੇਟਾ, ਹਿਸਟਰੀ ਕੀ ਕਿਤਾਬ...

ਕੁਝ ਦੇਰ ਬਾਅਦ ਪੋਤੇ ਨੂੰ ਮਹਿਸੂਸ ਹੋਇਆ ਕਿ ਦਾਦਾ ਉਸ ਵੱਲ ਧਿਆਨ ਨਹੀਂ ਦੇ ਰਿਹਾ...ਉਸਨੇ ਜੰਪ ਮਾਰਿਆ ਤੇ ਤਸਵੀਰਾਂ ਵਿੱਚ ਗੁਆਚੇ ਦਾਦੇ ਦੇ ਪਿੱਛੇ ਜਾ ਕੇ ਬੋਲਿਆ-ਦਾਦਾ ਜੀ ਦਾਦਾ ਜੀ ਆਪ ਤੋ ਝੂਠ ਬੋਲਤੇ ਹੋ...ਆਪ ਤੋ ਕਹਿ ਰਹੇ ਥੇ ਕਿ ਹਿਸਟਰੀ ਦੀ ਕਿਤਾਬ ਪੜ੍ਹ ਰਹੇ ਹੋ ਪਰ ਆਪ ਤੋ ਗੰਦੀ ਗੰਦੀ ਤਸਵੀਰੇਂ ਦੇਖ ਰਹੇ ਹੋ..

ਨਿਮੋਝੂਣ ਹੋਇਆ ਦਾਦਾ ਬੋਲਿਆ-ਬੇਟਾ ਝੂਠ ਕਦੋਂ ਬੋਲਿਐ ਮੈਂ...ਇਹ ਤਸਵੀਰਾਂ ਹੁਣ ਸਾਡੇ ਵਾਸਤੇ ਇਤਿਹਾਸ ਹੀ ਤਾਂ ਹਨ...ਹਾਹਾਹਹਾ...।"

"ਵਾਹ ਕਯਾ ਸੁਮੇਲ ਹੈ ਹਿਸਟਰੀ ਤੇ ਤਸਵੀਰਾਂ ਦਾ...ਕਮਾਲ ਦਾ ਚੁਟਕਲਾ ਹੈ ਬਾਬਿਓ...ਫਿਰ ਅੱਜ ਕੱਲ੍ਹ ਸਮਾਂ ਕਿੱਦਾਂ ਬਤੀਤ ਕਰਦੇ ਹੋ...?"

" ਗੋਗੀ, ਇੱਕ ਗੱਲ ਦੱਸਾਂ..! ਮੇਰੀ  ਇੱਕ ਦਿੱਕਤ ਤਾਂ ਇਹ  ਵੀ ਹੈ ਕਿ ਮੈਨੂੰ ਆਦਤ ਪੈ ਗਈ ਘਰ ਰਹਿਣ ਦੀ...ਪਹਿਲਾਂ ਵੀ ਬਹੁਤਾ ਨਹੀਂ ਜਾਂਦਾ ਸੀ ਗੋਸ਼ਟੀਆਂ ਵਿੱਚ...ਬਹਿਸਾਂ ਕਰਨ..ਹੁਣ ਤਾਂ ਮੈਂ ਬਿਲਕੁਲ ਨਹੀਂ ਜਾਂਦਾ...ਇੱਕ ਦਮ ਸਭ ਬੇਕਾਰ ਹੋ ਗਿਐ... ਫਿਰ ਸੋਚਦਾਂ ਛੱਡੋ ਪਰ੍ਹਾਂ...ਕੁਝ ਨਹੀਂ ਹੈਗਾ ਇਹਨਾਂ ਵਿੱਚ...ਪਰ ਕਈ ਵਾਰ ਫਿਰ ਦਿਲ ਕਰ ਆਉਂਦੈ ਕਿ ਗੇੜਾ ਮਾਰ ਆਈਏ...ਮੈਂ ਬਸ ਦੇਖਣਾ ਚਾਹੁੰਦਾ ਕਿ ਅੱਜ ਕੱਲ੍ਹ ਕੀ ਵਾਪਰ ਰਿਹੈ...ਪਨਪ ਰਿਹੈ...ਜੰਮ ਰਿਹੈ...ਮਰ ਰਿਹੈ...ਕੀ ਗੁੱਲ ਖਿਲਾਏ ਜਾ ਰਹੇ ਨੇ...ਖਿਲ ਰਹੇ ਨੇ...ਸਮਾਜ ਵਿੱਚ ਤੇ ਸਾਹਿਤ ਵਿੱਚ ਵੀ...ਪਰ ਸਾਡੇ ਸ਼ਹਿਰ ਤਾਂ ਬਹੁਤ ਘੱਟ ਹੁੰਦੀਆਂ ਨੇ ਗੋਸ਼ਟੀਆਂ  ...ਬਲਕਿ ਹੁੰਦੀਆਂ ਹੀ ਨਹੀਂ...ਅੱਛਾ... ਗੋਗੀ, ਤੇਰੇ ਸ਼ਹਿਰ ਤਾਂ ਜ਼ਰੂਰ ਹੁੰਦੀਆਂ ਹੋਣੀਆਂ ਨੇ ਗੋਸ਼ਟੀਆਂ... ਬਹਿਸਾਂ...ਘੁੰਡ ਚੁੱਕਾਈਆਂ..ਆਖਿਰ ਤੇਰਾ ਸ਼ਹਿਰ ਸੂਬੇ ਦੀ ਰਾਜਧਾਨੀ ਹੈ ਯਾਰ...ਸਾਰੀ ਸਿਆਸਤ ਤੇ ਸਾਹਿਤਿਕ ਵਿਚਾਰਧਾਰਾ ਦਾ ਧੁਰਾ ਹੈ ਇਹ...ਸਾਰੇ ਇਨਾਮ, ਸਨਮਾਨ, ਜ਼ੁਰਮਾਂ, ਕਾਨੂੰਨਾਂ ਤੇ ਨਿਆਏਂ ਦੀ ਜਨਮਦਾਤੀ ਹੈ ਤੇਰਾ ਸ਼ਹਿਰ ਯਾਰ...ਵੈਸੇ ਗੋਗੀ, ਇੱਕ ਗੱਲ ਦੱਸਾਂ..! ਅੱਜ ਕੱਲ੍ਹ ਜੇਕਰ ਕਿਸੇ ਦਾ ਬਹੁਤ ਮਾੜਾ ਹਾਲ ਹੈ ਤਾਂ ਉਹ ਹਨ ਵਿਚਾਰੀਆਂ ਕਿਤਾਬਾਂ...ਤੇ ਦੂਸਰਾ ਕਿਤਾਬਾਂ ਲਿਖਣ ਵਾਲਿਆਂ ਦਾ...ਪਰ ਹਾਂ, ਕਿਤਾਬਾਂ ਛਾਪਣ ਵਾਲਿਆਂ ਦੀ ਚਾਂਦੀ ਐ...ਉਹ ਲੇਖਕਾਂ ਕੋਲੋਂ ਉਹਨਾਂ ਦੀਆਂ ਕਿਤਾਬਾਂ ਛਾਪਣ ਵਾਸਤੇ ਵੀ ਪੈਸੇ ਲੈਂਦੇ ਨੇ ਤੇ ਫਿਰ ਉਹ ਕਿਤਾਬਾਂ ਸਰਕਾਰੀ ਤੇ ਅਰਧ ਸਰਕਾਰੀ ਲਾਇਬਰੇਰੀਆਂ ਨੂੰ ਵੇਚ ਕੇ ਪੈਸੇ ਵੀ ਕਮਾਉਂਦੇ ਨੇ...ਜਿਹੜੀਆਂ ਬਚ ਜਾਂਦੀਆਂ ਨੇ



ਉਹਨੂੰ ਰੱਦੀ ਦੇ ਭਾਅ ਵੇਚ ਦਿੰਦੇ ਨੇ...ਮਤਲਬ ਉਹਨਾਂ ਨੂੰ ਹਰ ਪਾਸੇ ਤੋਂ ਮੁਨਾਫਾ ਹੀ ਮੁਨਾਫਾ...ਪਾਠਕ ਤਾਂ ਹੁਣ ਕਿਤਾਬਾਂ ਖਰੀਦਦੇ ਨਹੀਂ...ਖਾਸ ਕਰਕੇ ਸਾਹਿਤ ਵਾਲੀਆਂ ਤਾਂ ਬਿਲਕੁਲ ਨਹੀਂ...ਗੋਗੀ... ਤੂੰ ਜਾਦਾਂ ਹੁੰਨੈਂ ਸਮਾਗਮਾਂ ਵਿੱਚ...ਗੋਸ਼ਟੀਆਂ ਵਿੱਚ...?"

"ਹਾਂ ਬਾਬਿਓ...ਸਾਡੇ ਸ਼ਹਿਰ ਤਾਂ ਬਹੁਤ ਹੁੰਦੀਆਂ ਨੇ ਗੋਸ਼ਟੀਆਂ...ਇੱਕ ਦੂਸਰੇ ਉੱਪਰ ਚੜੀਆਂ ਰਹਿੰਦੀਆਂ ਨੇ ਗੋਸ਼ਟੀਆਂ...ਹੋਰ ਵੀ ਬੜਾ ਕੁਝ ਹੁੰਦੈ ਸਾਡੇ ਸ਼ਹਿਰ ਵਿੱਚ...ਕਈ ਡਰਾਮੇ...ਕਈ ਨਾਟਕ...ਨਾਟ ਮੇਲੇ...ਸਾਹਿਤ ਉਤਸਵ...ਸਾਹਿਤ ਦੀ ਚਿੰਤਾ ਤੇ ਚਿੰਤਨ...ਸਾਹਿਤ ਕੀਰਤਨ...ਪ੍ਰਭਾਤ ਫੇਰੀਆਂ... ਘੁੰਮਣਘੇਰੀਆਂ... ਛਬੀਲਾਂ...ਦਲੀਲਾਂ...ਮਦਾਰੀ ਦੇ ਖੇਲ੍ਹ...ਸੰਗੀਤ ਮੇਲਾ...ਨਾਚ ਪ੍ਰਤੀਯੋਗਿਤਾ...ਕਲਾ ਪਰਦਰਸ਼ਨੀਆਂ...ਰੋਸ ਮੁਜ਼ਾਹਰੇ...ਕਈ  ਤਰ੍ਹਾਂ ਦੇ ਨਜ਼ਾਰੇ...ਕਈ ਆਰੇ, ਕਈ ਪਾਰੇ...ਕਈ ਵਾਅਦੇ ਕਈ ਲਾਰੇ...ਕਈ ਹੁੱਲੇ-ਹੂਲਾਰੇ...ਪਰ ਬਾਬਿਓ, ਸੱਚ ਪੁੱਛੋ ਤਾਂ ਮੈਂ ਵੀ ਬੜੇ ਚਿਰਾਂ ਤੋਂ ਨਹੀਂ ਜਾਂਦਾ ਇਹਨਾਂ ਵਿੱਚ , ਮੇਰਾ ਮਨ ਹੀ ਨਹੀਂ ਕਰਦਾ...ਮੈਨੂੰ ਲੱਗਦੈ ਉੱਥੇ ਕੁਝ ਨਹੀਂ ਹੁੰਦਾ...ਸਭ ਨਾਟਕ ਨੇ...ਰੰਗ ਮੰਚੀ ਨੇ ਸਾਰੇ ਦੇ ਸਾਰੇ...ਪਰਦਾ ਡਿੱਗਦੇ ਹੀ ਆਪਣੇ ਅਸਲੀ ਰੂਪ ਵਿੱਚ ਪਰਗਟ ਹੋ ਜਾਂਦੇ ਨੇ...ਹਰ ਜਗ੍ਹਾ ਰਾਲ਼ਾਂ ਵਗਾਈ ਜਾਂਦੇ ਨੇ...।"

" ਗੋਗੀ, ਇੱਕ ਗੱਲ ਦੱਸਾਂ...ਮੈਂ ਵੀ ਤਾਹੀਓਂ ਛੱਡਿਆ ਇਹਨਾਂ ਸਭਾਵਾਂ ਦੀਆਂ ਗੋਸ਼ਟੀਆਂ ਵਿੱਚ ਜਾਣਾ...ਉੱਥੇ ਕੁਝ ਨਹੀਂ ਹੁੰਦਾ ਸਿਵਾਏ ਕੋਰੀ ਬਕਵਾਸ ਦੇ...ਕੁਝ ਨਿੱਜੀ ਸਭਾਵਾਂ ਨੇ...ਕੁਝ ਅਰਧ ਸਰਕਾਰੀ ਤੇ ਕੁਝ ਸਰਕਾਰੀ ਨੇ...ਨਿੱਜੀ ਵਾਲੇ ਆਪਣੇ ਨੇੜੇ ਤੇੜੇ ਵਾਲਿਆਂ ਦਿਆਂ ਪਿੱਠਾਂ ਤੇ ਟਿੰਡਾਂ ਖੁਰਕਦੇ ਨੇ...ਅਖੇ-ਤੂੰ ਮੇਰਾ ਭਾਈ ਮੈਂ ਤੇਰਾ ਭਾਈ...ਅਰਧ ਸਰਕਾਰੀ ਵਾਲੇ ਐਵੇਂ ਹੀ ਝੱਲ ਮਾਰੀ ਜਾਂਦੇ ਨੇ...ਉਹ ਔਂਦ੍ਹੇ ਦਾਰੀਆਂ ਦੇ ਚੱਕਰਾਂ ਵਿੱਚ ਘਣਚੱਕਰ ਹੋਏ ਰਹਿੰਦੇ ਨੇ...ਸਰਕਾਰੀ ਵਾਲੇ ਉਂਝ ਹੀ ਊਟ ਪਟਾਂਗ ਪ੍ਰੋਗਰਾਮ ਕਰੀ ਜਾਂਦੇ ਨੇ...ਇਹ ਬਰਸਾਤਾਂ ਵਾਲਾ ਪ੍ਰੋਗਰਾਮ ਹੈ...ਇਹ ਸਰਦੀਆਂ ਵਾਲਾ ਹੈ...ਇਹ ਤ੍ਰੈਭਾਸ਼ੀ ਪ੍ਰੋਗਰਾਮ ਹੈ...ਡੈਕੋਰੇਟਿਵ ਹੁੰਦੇ ਨੇ ਇਹਨਾਂ ਦੇ ਸਾਰੇ ਪ੍ਰੋਗਰਾਮ...ਖਾਨਾ ਪੂਰਤੀ ਕਰਨ ਵਾਸਤੇ...ਗੋਗੀ, ਇੱਕ ਗੱਲ ਦੱਸਾਂ...! ਵੈਸੇ ਉਹ ਵੀ ਵਿਚਾਰੇ ਕੀ ਕਰਨ...ਬੱਜਟ ਵੀ ਤਾਂ ਪੂਰਾ ਖਰਚ ਕਰਨਾ ਹੁੰਦੈ...ਇਹ ਸਰਕਾਰੀ ਸਭਾਵਾਂ ਵਾਲੇ ਬਹੁਤੇ ਸਮਾਗਮ ਫਰਵਰੀ ਮਾਰਚ ਵਿੱਚ ਹੀ ਰਚਾਉਂਦੇ ਨੇ...ਬਸ ਕਰਨਾ ਕੀ ਹੈ...ਚਾਹਾਂ ਪਿਆ ਦਿੱਤੀਆਂ...ਖਾਣਾ ਖਿਲਾ ਦਿੱਤਾ... ਫੋਟੂਆਂ ਖਿਚਵਾ ਲਈਆਂ...ਅਗਲੇ ਦਿਨ ਅਖ਼ਬਾਰਾਂ ਵਿੱਚ ਦੇਖ ਲਈਆਂ...ਕਤਰਾਂ ਫੇਸਬੁੱਕ ਤੇ ਪਾ ਦਿੱਤੀਆਂ ਤੇ ਚੱਲ ਮੇਰੇ ਭਾਈ ਕੰਮ ਖ਼ਤਮ...ਹੋਰ ਕੋਈ ਕੰਮ ਨਹੀਂ ਹੈਗਾ ਇਹਨਾਂ ਨੂੰ ਸਿਵਾਏ ਸਰਕਾਰ ਦੇ ਕਸੀਦੇ ਗਾਉਣ ਤੋਂ...ਹਾਂ, ਗੋਗੀ, ਇੱਕ ਗੱਲ ਹੋਰ ਮੈਨੂੰ ਯਾਦ ਆ ਗਈ...ਉਹ ਆਪਣਾ ਕੱਚਾ ਅੱਲਾ ਕਹਾਣੀਕਾਰ ਸਰਦਾਰ ਬਚਿੱਤਰ ਸਿੰਘ ਨਹੀਂ ਹੈਗਾ...ਉਹ ਵੀ ਸਾਲ਼ਾ ਮੇਰੇ ਵਾਂਗ ਕਬਰ ਵਿੱਚ ਲੱਤਾਂ ਲਟਕਾਈ ਬੈਠੈ ਪਰ ਕਿਸੇ ਨਾ ਕਿਸੇ ਸਰਕਾਰੀ ਅਕਾਦਮੀ ਦਾ ਪ੍ਰਧਾਨ ਬਣੇ ਬਿਨਾਂ ਨਹੀਂ ਰਹਿ ਸਕਦਾ...ਪਿੱਛੇ ਜਿਹੇ ਤਾਂ ਉਸਨੇ ਇੱਕ ਅਲੋਕਾਰੀ ਹਰਕਤ ਕਰ ਦਿੱਤੀ...ਚਾਰ ਕੁ ਸਾਲ ਪਹਿਲਾਂ ਇੱਕ ਸਰਕਾਰੀ ਸਭਾ ਦਾ ਪ੍ਰਧਾਨ ਬਣ ਗਿਆ...ਦੋ ਸਾਲ ਬਾਅਦ ਸਰਕਾਰ ਨੇ ਕਿਹਾ ਕਿ ਤੂੰ ਹੁਣ ਬਸ ਕਰ...ਆਰਾਮ ਕਰ...ਤੁਰਿਆ ਤੈਥੋਂ ਨਹੀਂ ਜਾਂਦਾ...ਬੋਲਿਆ ਤੈਥੋਂ ਨਹੀਂ ਜਾਂਦਾ...ਕਿਸੇ ਹੋਰ ਨੂੰ ਪ੍ਰਧਾਨ ਬਣਾ ਦਿੰਦੇ ਆਂ... ਸਰਕਾਰ ਨੇ ਕੀ ਕੀਤਾ...ਬਈ ਜੋ ਉਸਦੇ ਵੇਲੇ ਉਪ ਪ੍ਰਧਾਨ ਸੀ ਉਸਨੂੰ ਪ੍ਰਧਾਨ ਥਾਪ ਦਿੱਤਾ...ਇਹ ਕਾਰਾ ਹੁੰਦੇ ਸਾਰ ਹੀ ਬਚਿੱਤਰ ਜੀ ਨੂੰ ਪਿੱਸੂ ਪੈ ਗਏ..ਅਖੇ-ਮੈਨੂੰ ਤੁਸੀਂ ਸਭਾ ਦਾ ਭਾਵੇਂ ਉਪ

ਪ੍ਰਧਾਨ ਹੀ ਬਣਾ ਦਿਉ ਪਰ ਪ੍ਰਧਾਨ ਬਣਾਉ ਜ਼ਰੂਰ ਨਹੀਂ ਤਾਂ ਮੈਂ ਮਰ ਜਾਉਂਗਾ... ਵਿਚਾਰੀ ਸਰਕਾਰ ਨੇ ਡਰ ਦੇ ਮਾਰੇ ਬਣਾ ਦਿੱਤਾ ਬਈ ਕਿਤੇ ਉਸਨੂੰ ਉਸਦੀ ਹੱਤਿਆ ਦਾ ਪਾਪ ਨਾ ਲੱਗੇ...ਹੁਣ ਸਾਬਕਾ ਪ੍ਰਧਾਨ, ਸਾਬਕਾ ਉਪ ਪ੍ਰਧਾਨ ਦਾ, ਜੋ ਹੁਣ ਪ੍ਰਧਾਨ ਹੈ, ਦਾ ਉਪ ਪ੍ਰਧਾਨ ਹੈ ਤੇ ਚੱਲ ਮੇਰੇ ਭਾਈ, ਬੱਚਿਤਰ ਸਿੰਘ ਖੁਸ਼....ਇਹ ਤਾਂ ਹਾਲ ਹੈ ਸਾਡੇ ਵੱਡੇ ਵਿਦਵਾਨਾਂ ਦਾ...ਇਹੋ ਜਿਹੇ ਲੋਕਾਂ ਕਰਕੇ ਹੀ ਤਾਂ ਲੋਕ ਸਾਹਿਤ ਕੋਲੋਂ ਦੂਰ ਹੋ ਰਹੇ ਨੇ...ਕਿਉਂ ਗੋਗੀ, ਮੈਂ ਕੁਝ ਗ਼ਲਤ ਤਾਂ ਨਹੀਂ ਕਹਿ ਰਿਹਾ ਨਾ...?"

" ਨਾ ਬਾਬਿਓ, ਬਿਲਕੁਲ ਗ਼ਲਤ ਨਹੀਂ...।"

" ਗੋਗੀ, ਦੂਰ ਕਿਉਂ ਜਾਣੈ, ਮੈਂ ਥੋੜੀ ਚਿਰ ਪਹਿਲਾਂ ਦਾ ਕਿੱਸਾ ਸੁਣਾਉਨਾਂ...ਪੰਜਾਬ ਦੇ ਦੂਰ ਦੁਰਾਡੇ ਇਕ ਕਸਬੇ ਵਿੱਚ ਰਹਿੰਦੇ ਨਵੇਂ ਨਵੇਂ ਬਣ ਰਹੇ ਲੇਖਕ ਨੇ ਆਪਣੀ ਦੂਸਰੀ ਛਪੀ ਕਿਤਾਬ ਉਪਰ ਵਿਚਾਰ ਚਰਚਾ ਕਰਵਾਉਣ ਦਾ ਮਨ ਬਣਾਇਆ...ਜਿਸ ਵਾਸਤੇ ਉਸਨੇ ਸਾਡੇ ਸ਼ਹਿਰ ਨੂੰ ਚੁਣਿਆ...ਉਸਨੇ ਇੰਟਰਨੈੱਟ ਉਪਰ ਜਾ ਕੇ ਸਾਡੇ ਸ਼ਹਿਰ ਦੀਆਂ ਸਾਹਿਤ ਦੀ ਸੇਵਾ ਕਰਨ ਵਾਲੀਆ ਸੰਸਥਾਵਾਂ ਤੇ ਸਭਾਵਾਂ ਨੂੰ ਗੂੱਗਲ ਕੀਤਾ...।"

" ਅੱਛਾ ਫੇਰ ...ਕੀ ਹੋਇਆ..?"

" ਹੋਣਾ ਕੀ ਸੀ...ਇੱਕ ਸੰਸਥਾ ਜੋ ਆਪਣੇ ਆਪ ਵਿੱਚ ਸਾਹਿਤ ਦੇ ਵਿਕਾਸ ਵਿੱਚ ਹਿੱਸਾ ਪਾਉਣ ਵਾਲੀਆਂ ਸੰਸਥਾਵਾਂ ਵਿੱਚ ਸਿਰ ਕੱਢਦੀ ਸੀ...ਉਸਨੇ ਉਸਦੇ ਕਾਰਿੰਦਿਆਂ ਨਾਲ ਸੰਪਰਕ ਸਾਧਿਆ...ਉਹਨਾਂ ਕਿਹਾ ਕਿ ਉਹਨਾਂ ਦੀ ਸੰਸਥਾ ਤਾਂ ਜੰਮੀ ਹੀ ਇੱਸੇ ਕੰਮ ਵਾਸਤੇ ਹੈ...ਅਗਰ ਕੋਈ ਸਾਹਿਤ ਦੀ ਸਾਂਭ ਸੰਭਾਲ ਤੇ ਵਿਕਾਸ ਕਰ ਰਿਹਾ ਹੈ ਤਾਂ ਉਹ ਹੈ ਉਹਨਾਂ ਦੀ ਸੰਸਥਾ...।"

" ਹਾਂ ਬਾਬਿਓ, ਹੈਗੀਆਂ ਨੇ ਇਸ ਤਰ੍ਹਾਂ ਦੀਆਂ ਕਮਿਟਡ ਸਾਹਿਤ ਸਭਾਵਾਂ...ਲੱਗਪੱਗ ਹਰ ਸ਼ਹਿਰ ਵਿੱਚ ਪਾਈਆਂ ਜਾਂਦੀਆਂ ਨੇ...।"

"ਲੇਖਕ ਵਿਚਾਰਾ ਉਹਨਾਂ ਦੇ ਮੋਹ ਨਾਲ ਲਿਬੜੇ ਸ਼ਬਦਜਾਲ ਵਿੱਚ ਫਸ ਗਿਆ...ਉਸਨੇ ਮਨ ਦੀ ਇੱਛਿਆਂ ਜਾਹਿਰ ਕੀਤੀ ਕਿ ਸਮਾਗਮ ਵਿਚ ਕੁਝ ਰੱਜੇ ਪੁੱਜੇ ਲੇਖਕਾਂ ਤੇ ਅਫਸਰਾਂ ਨੂੰ ਵੀ ਬੁਲਾਇਆ ਜਾਵੇ...ਸੰਸਥਾ ਵੱਲੋਂ ਉਸਦੀਆਂ ਸਾਰਿਆਂ ਮੰਗਾਂ ਬਿਨਾਂ ਸ਼ਰਤ ਦੇ ਮੰਨ ਲਈਆਂ ਗਈਆਂ...ਉਹਨਾਂ ਵਿੱਚ ਸੌਦਾ ਤੈਅ ਹੋ ਗਿਆ...ਸੰਸਥਾ ਨੇ ਉਸਦੇ ਸਮਾਗਮ ਵਾਸਤੇ ਕਾਰਡ ਮਹੀਨਾ ਪਹਿਲਾਂ ਹੀ ਛਪਵਾ ਦਿੱਤੇ...ਲੇਖਕ ਨੇ ਮੈਨੂੰ ਵੀ ਸਮਾਗਮ ਵਿਚ ਆਉਣ ਵਾਸਤੇ ਕਿਹਾ ਹੋਇਆ ਸੀ...

ਅਖੀਰ ਸਮਾਗਮ ਵਾਲਾ ਦਿਨ ਵੀ ਆ ਗਿਆ...ਪਰਧਾਨਗੀ ਕਰਨ ਵਾਲੇ ਤੇ ਕੁਝ ਹੋਰ ਵੱਡੇ ਲੇਖਕ ਜਿਹਨਾਂ ਦੇ ਨਾਂ ਕਾਰਡ ਵਿੱਚ ਛਪੇ ਸਨ ਉਹ ਨਹੀਂ ਆਏ...ਲੇਖਕ ਦਾ ਮੂਡ ਖਰਾਬ ਹੋ ਗਿਆ...।"

" ਉਹ ਤਾਂ ਬਾਬਿਓ, ਹੋਣਾ ਹੀ ਸੀ ਫਿਰ...?"

" ਬਸ ਫਿਰ ਕੀ ਸੀ...ਪਰਧਾਨਗੀ ਮੰਡਲ ਵਿੱਚ ਸੰਸਥਾ ਦਾ ਇਕ ਰਸੂਖ ਰੱਖਣ ਵਾਲਾ ਲੇਖਕ ਨੁਮਾਂ ਬੰਦਾ ਆਪ ਮੁਹਾਰੇ ਹੀ ਬੈਠ ਗਿਆ...ਪਹਿਲਾਂ ਸੰਸਥਾ ਵਾਲਿਆਂ ਆਪਣੇ ਮੈਂਬਰਾਂ ਕੋਲੋਂ ਕਵਿਤਾਵਾਂ ਸੁਣੀਆਂ...ਗੋਗੀ, ਇੱਕ ਗੱਲ ਦੱਸਾਂ..ਅਸਲ ਵਿੱਚ ਉਹ ਮੈਂਬਰ ਆਉਂਦੇ ਹੀ ਇਸੇ ਸ਼ਰਤ ਨਾਲ ਨੇ ਸਮਾਗਮ ਵਿੱਚ ਕਿ ਜੇਕਰ ਉਹਨਾਂ ਨੂੰ ਕਵਿਤਾ ਪੜ੍ਹਨ ਦਾ ਮੌਕਾ ਦਿੱਤਾ



ਜਾਵੇਗਾ ਤਾਂ...ਨਹੀਂ ਤਾਂ ਉਹ ਸਮਾਗਮ ਵੱਲ ਕਦੇ ਮੂੰਹ ਵੀ ਨਹੀਂ ਕਰਦੇ... "

"ਹਾ ਬਾਬਿਓ, ਸਾਡੇ ਇਥੇ ਵੀ ਬਹੁਤ ਨੇ ਇਸ ਤਰ੍ਹਾਂ ਦੇ ਅਜੀਬ ਪ੍ਰਾਣੀ...।"

"ਚਲੋ...ਵਿਚਾਰ ਚਰਚਾ ਸ਼ੁਰੂ ਹੋਈ...ਬਹੁਤੇ ਬੋਲਣ ਵਾਲੇ ਆਪੋ ਆਪਣੀਆਂ ਗੁਗਲੀਆਂ, ਸ਼ੁਗਲੀਆਂ ਤੇ ਮੁਗਲੀਆਂ ਮਾਰ ਕੇ ਲੋਕਾਂ ਦਾ ਮਨ ਪ੍ਰਚਾ ਕੇ ਉ ਗਏ ...ਉ ਗਏ...ਉਹਨਾਂ ਕਿਤਾਬ ਬਾਰੇ ਕੁਝ ਨਹੀਂ ਕਿਹਾ...ਕੁਝ ਐਸੇ ਪਤਵੰਤੇ ਵੀ ਉੱਠੇ ਤੇ ਉਹਨਾਂ ਕਿਤਾਬ ਨੂੰ ਵਲੂੰਧਰ ਕੇ ਰੱਖ ਦਿੱਤਾ...ਲਸੂਣ ਵਾਂਗ ਉਸਦੀ ਕਿਤਾਬ ਦੀਆਂ ਤੁਰੀਆਂ ਉਖਾੜ ਸੁੱਟੀਆਂ...ਉਹ ਕਹਿਣ ਕਿ ਲੇਖਕ ਨੂੰ ਲਿਖਣਾ ਨਹੀਂ ਆਉਂਦਾ...ਉਸਨੇ ਸ਼ਬਦਾਂ ਨਾਲ ਜ਼ਬਰਦਸਤੀ ਕੀਤੀ ਹੈ...ਕੁਝ ਘਟਨਾਵਾਂ ਤੇ ਸ਼ਬਦਾਂ ਨੂੰ ਜ਼ਬਰੀਂ ਘੁਸਾਇਆ ਗਿਆ ਹੈ ਰਚਨਾ ਵਿੱਚ...ਕੁਝ ਲੇਖਕਾਂ ਨੇ ਲੇਖਕ ਦੀ ਕਾਬਲੀਅਤ ਦੀ ਹੌਸਲਾ ਹਫ਼ਜ਼ਾਈ ਵੀ ਕੀਤੀ ਪਰ ਉਹ ਕਿਤੇ ਵੀ ਨੋਟਿਸ ਨਹੀਂ ਹੋਈ...ਲੇਖਕ ਦਾ ਮੂੰਹ ਲਟਕਣਾ ਸ਼ੁਰੂ ਹੋ ਗਿਆ...ਸੰਸਥਾ ਨੇ ਚਾਹ ਪਾਣੀ ਦਾ ਪ੍ਰਬੰਧ ਵੀ ਚਿਪ ਚਿਪਾ ਹੀ ਕੀਤਾ...ਫਿਰ ਸੰਸਥਾ ਨੇ ਆਲੋਚਕਾਂ, ਪਰਧਾਨਗੀ ਮੰਡਲ ਵਾਲਿਆਂ ਨੂੰ ਲੋਈਆਂ ਭੇਂਟ ਕੀਤੀਆਂ...ਅਗਲੇ ਦਿਨ ਅਖ਼ਬਾਰਾਂ ਵਿਚ ਜੋ ਖ਼ਬਰਾਂ ਛਪੀਆਂ ਉਸ ਵਿੱਚ ਖ਼ਬਰਾਂ ਦੇ ਹੈਡਿੰਗ ਸਨ-ਫਲਾਣੀ ਸਾਹਿਤ ਸੰਸਥਾ ਦੀ ਹੋਈ ਮਹੀਨੇਵਾਰ ਮੀਟਿੰਗ... ਸਮਾਗਮ ਵਿੱਚ ਹੋਈ ਕਵਿਤਾਵਾਂ ਦੀ ਵਰਖਾ...ਪੂਰੀ ਖ਼ਬਰ ਦੇ ਕਿਸੇ ਆਖਰੀ ਪੈਰੇ ਵਿੱਚ ਲੇਖਕ ਦੀ ਕਿਤਾਬ ਦੀ ਚਰਚਾ ਬਾਰੇ ਵੀ ਛੋਟਾ ਜਿਹਾ ਜ਼ਿਕਰ ਸੀ...ਜਿਹੜੇ ਲੋਕ ਨਹੀਂ ਆਏ ਸਨ ਉਹਨਾਂ ਦੇ ਵਿਚਾਰ ਛਪੇ ਹੋਏ ਸਨ...ਜਿਹੜੇ ਸਮਾਗਮ ਵਿੱਚ ਬੋਲੇ, ਉਹਨਾਂ ਦਾ ਨਾਮ ਤਕ ਨਹੀਂ ਸੀ...ਜੇ ਕਿਤੇ ਵੱਡੀ ਖ਼ਬਰ ਲੱਗੀ ਤਾਂ ਉਹ ਉਸ ਕਿਤਾਬ ਦੀ ਬਦਖੋਈ ਬਾਰੇ ਸੀ...

"ਓਹ ਬਾਬਿਓ...ਇਹ ਸਮਾਗਮ ਤਾਂ ਵਿਚਾਰੇ ਲੇਖਕ ਨੂੰ ਬਹੁਤ ਭਾਰੀ ਪਿਆ ਹੋਣੈ ਫਿਰ...?"

"ਲੈ ਹੋਰ ਕੀ...ਬਹੁਤ ਭਾਰੀ ਪਿਆ...ਓਹਦਾ ਤਾਂ ਬਹੁਤ ਬੁਰਾ ਹਾਲ ਹੋਇਆ ਵਿਚਾਰੇ ਦਾ...ਗੋਗੀ ਅੱਗੇ ਤਾਂ ਸੁਣ...ਇਹ ਸਾਰਾ ਕੁਝ ਪੜ੍ਹ ਕੇ ਅਗਲੇ ਦਿਨ ਲੇਖਕ ਦਾ ਮੈਨੂੰ ਫੋਨ ਆਇਆ...ਉਹ ਗੁੱਸੇ ਨਾਲ ਭਰਿਆ ਪਿਆ ਸੀ...ਅਖੇ- ਭਾਅ ਜੀ ਸਾਲਿਆਂ ਮੇਰੇ ਹਜ਼ਾਰਾਂ ਰੁਪਏ ਖਰਚ ਕਰਵਾ ਦਿੱਤੇ...ਕੈਸ਼ ਵੱਖਰਾ ਲੈ ਲਿਆ...ਕਿੰਨੀਆਂ ਸਾਰੀਆਂ ਮੇਰੇ ਕੋਲੋਂ ਲੋਈਆਂ ਮੰਗਵਾ ਲਈਆਂ...ਮੈਂ ਗੱਡੀ ਕਰਕੇ ਗਿਆ ਸੀ ਉਸ ਦਾ ਖਰਚਾ ਵੱਖਰਾ...ਮੈਂ ਕਿਹਾ ਸੀ ਕਿ ਪਕੋੜੇ ਪਨੀਰ ਦੇ ਤੇ ਬਾਕੀ ਵਸਤਾਂ ਵੀ ਚੰਗੀਆਂ ਹੋਣੀਆਂ ਚਾਹੀਦੀਆਂ ਨੇ...ਸਾਲ਼ਿਆਂ ਪਕੋੜੇ ਮੁਸ਼ਕ ਮਾਰਦੇ ਖਿਲਾ ਦਿੱਤੇ...ਚਾਹ ਸਾਲੀ ਠੰਡੀ... ਖ਼ਬਰਾਂ ਸਾਲ਼ੀਆਂ ਆਪਣੀਆਂ ਲਗਵਾ ਗਏ...ਜੇ ਕੋਈ ਖ਼ਬਰ ਲੱਗੀ ਵੀ ਤਾਂ ਉਸ ਵਿੱਚ ਮੇਰੀ ਫੱਟੀ ਪੋਚ ਦਿੱਤੀ...ਸਮਾਗਮ ਵਿੱਚ ਆਉਣ ਵਾਸਤੇ ਮੈਂ ਹੀ ਸਾਰਿਆਂ ਨੂੰ ਫੋਨ ਕੀਤੇ...ਇਹਨਾਂ ਸਾਲਿਆਂ ਕਿਸੇ ਨੂੰ ਫੋਨ ਵੀ ਨਹੀਂ ਕੀਤਾ...ਭਾਅ ਜੀ ਮੇਰਾ ਤੁਹਾਡੇ ਸ਼ਹਿਰ ਦਿਆਂ ਲੋਕਾਂ ਤੋਂ ਮੋਹ ਭੰਗ ਹੋ ਗਿਆ..ਖਾਸ ਕਰਕੇ ਇਹ ਸਾਹਿਤ ਸਭਾਵਾਂ ਕੋਲੋਂ...ਤੁਹਾਡੇ ਸ਼ਹਿਰ ਦੇ ਲੇਖਕਾਂ ਕੋਲੋਂ ...ਅੱਗੇ ਤੋਂ ਨਹੀਂ ਕਦੇ ਵੀ ਕਰਵਾਉਂਦਾ ਕੋਈ ਸਮਾਗਮ ਤੁਹਾਡੇ ਸ਼ਹਿਰ ਵਿਚ... ਗੁੱਸੇ ਵਿਚ ਬੋਲਦੇ ਹੋਏ ਵਿਚਾਰੇ ਲੇਖਕ ਨੇ ਫੋਨ ਬੰਦ ਕਰ ਦਿੱਤਾ..।"

" ਇਹ ਤਾਂ ਫਿਰ ਬਹੁਤ ਜ਼ਿਆਦਤੀ ਹੋਈ ਵਿਚਾਰੇ ਲੇਖਕ ਨਾਲ...।"

"ਗੋਗੀ, ਇੱਕ ਗੱਲ ਦੱਸਾਂ...ਉਸ ਲੇਖਕ ਦੀਆਂ ਗੱਲਾਂ ਸੁਣ ਕੇ ਮੈਂ ਬਹੁਤ ਚਿਰ ਤੱਕ

ਸੋਚਦਾ ਰਿਹਾ ਕਿ ਜੇਕਰ ਸਾਹਿਤ ਦਾ ਵਿਕਾਸ ਏਦਾਂ ਹੀ ਹੁੰਦਾ ਰਿਹਾ ਤਾਂ ਨਵੀਂ ਪੀੜੀ ਸਾਹਿਤ ਕੋਲੋਂ ਉਵੇਂ ਹੀ ਦੂਰ ਭੱਜੇਗੀ ਜਿਵੇਂ ਆਡੋਮਾਸ ਕੋਲੋਂ ਮੱਛਰ....ਕੀ ਮੈਂ ਕੋਈ ਝੂਠ ਬੋਲਿਐ ਭਲਾ ਗੋਗੀ...?''

" ਨਾ ਬਾਬਿਓ...ਬਿਲਕੁਲ ਸੱਚ ਬੋਲਿਐ...ਪਰ ਕੀਤਾ ਕੀ ਜਾਵੇ... ਇਸ ਸ਼ਹਿਰ ਵਿੱਚ ਰਹਿੰਦਿਆਂ ਮੈਨੂੰ ਵੀ ਤੀਹ ਸਾਲ ਹੋ ਗਏ ਨੇ...ਪੰਝੀ ਸਾਲ ਹੋ ਜਾਣਗੇ ਅਖੌਤੀ ਸਾਹਿਤ ਸਭਾਵਾਂ ਵਿੱਚ ਵਿਚਰਦੇ...ਕੁਝ ਸਭਾਵਾਂ ਸਰਕਾਰੀ ਵੀ ਨੇ ਤੇ ਕੁਝ ਆਮ ਲੋਕਾਂ ਦੀਆਂ... ਕੋਈ ਫਲਾਣੀ ਸਾਹਿਤ ਸਭਾ...ਕੋਈ ਢਿਮਕਾਣਾ ਸਾਹਿਤ ਦਾ ਮੰਥਨ ਤੇ ਕੋਈ ਫਲਾਣੀ.. ਢੀਂਗੜੀ... ਸਭਾ... ਅਕਾਦਮੀ.. ਸਾਹਿਤ ਕੋਚਿੰਗ ਸੈਂਟਰ...ਇੱਕ ਨਿੱਜੀ ਸੰਸਥਾ ਵਿੱਚ ਅਜੀਬ ਕਿਸਮ ਦੇ ਤੇ ਇਕ ਹੀ ਤਰ੍ਹਾਂ ਦੀ ਰਾਇ ਰੱਖਣ ਵਾਲੇ ਲੋਕ ਆ ਕੇ ਕਿਸੇ ਨਾ ਕਿਸੇ ਕਿਤਾਬ ਉਪਰ ਆਪਣਾ ਮਹੀਨੇ ਭਰ ਦਾ ਸਾਹਿਤਕ ਨਜ਼ਲਾ ਸੁੱਟ ਜਾਂਦੇ ਨੇ...ਉਸਦੇ ਕੁਝ ਮੈਂਬਰ ਤਾਂ ਐਸੇ ਵੀ ਨੇ ਜੋ ਪੰਜਾਬੀ ਲਿਖਣਾ ਪੜ੍ਹਨਾ ਜਾਂ ਸੁਣਨਾ ਨਹੀਂ ਜਾਣਦੇ ਪਰ ਉਹ ਕਿਤਾਬ ਬਾਰੇ ਐਸੇ ਐਸੇ ਵਿਚਾਰ ਦਿੰਦੇ ਨੇ ਕਿ ਲਉ ਰੱਬ ਦਾ ਨਾਂ...ਕਈ ਹਰ ਸਮਾਗਮ ਵਿੱਚ ਬੋਲਣਾ ਆਪਣਾ ਨੈਤਿਕ ਧਰਮ ਤੇ ਜਮਾਂਦਰੂ ਹੱਕ ਸਮਝਦੇ ਨੇ...ਉਸ ਸਭਾ ਦੇ ਆਯੋਜਕ ਵੀ ਉਹਨਾਂ ਦੀ ਤਰ੍ਹਾਂ ਹੀ ਨੇ...ਉਹ ਆਪ ਭਾਵੇਂ ਸਾਹਿਤ ਨਹੀਂ ਰਚਦੇ ਪਰ ਆਪਣੇ ਆਪ ਨੂੰ ਸਾਹਿਤ ਦਾ ਪਾਲਣਹਾਰ ਜ਼ਰੂਰ ਸਮਝਦੇ ਨੇ...ਅਖ਼ਬਾਰ ਵਿੱਚ ਆਪਣਾ ਨਾਮ ਦੇਖਣ ਵਾਸਤੇ ਇਹ ਸਾਰਾ ਕਾਰਜ ਕਰਦੇ ਨੇ...ਉਹ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਐਨੀ ਘਟੀਆ ਕਿਸਮ ਦਾ ਚਾਹ ਪਾਣੀ ਪਿਲਾਉਂਦੇ ਨੇ...ਚਾਹ ਅੰਦਰ ਜਾਣ ਦੀ ਬਜਾਏ ਨੱਕ ਰਸਤੇ ਬਾਹਰ ਨੂੰ ਆਉਣ ਦੀ ਕੋਸ਼ਿਸ਼ ਕਰਦੀ ਐ...ਬਿਸਕੁਟ ਵੀ ਬਦਬੂ ਮਾਰਦੇ ਹੁੰਦੇ ਨੇ...।''

"ਇਹੋ ਜਿਹੇ ਕਈ ਸਾਹਿਤ ਦੇ ਸਾਂਭਣਹਾਰ ਹਰ ਸ਼ਹਿਰ ਵਿੱਚ ਪਾਏ ਜਾਂਦੇ ਨੇ....ਪਰ ਗੋਗੀ, ਇੱਕ ਗੱਲ ਦੱਸਾਂ...! ਇਸ ਤਰ੍ਹਾਂ ਦੇ ਸੱਜਣਾਂ ਦੀ ਬਹੁਤ ਲੋੜ ਹੈ ਇਸ ਵੇਲੇ ਸਾਹਿਤ ਨੂੰ ....।''

" ਬਾਬਿਓ...ਸਾਡੇ ਸ਼ਹਿਰ ਵਿੱਚ ਇਕ ਹੋਰ ਮਾਡਰਨ ਕਿਸਮ ਦੀ ਸਭਾ ਵੀ ਐ...ਉਹ ਭਾਂਤ ਭਾਂਤ ਦੇ ਹਰ ਕਲਾ ਨਾਲ ਸਬੰਧਿਤ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਐ...ਉਸ ਵਿੱਚ ਹਿੱਸਾ ਲੈਣ ਵਾਲੇ ਸਰੋਤੇ ਅਖੌਤੀ ਕਿਸਮ ਦੇ ਇਲੀਟ ਕਿਸਮ ਦੇ ਲੋਕ ਹੁੰਦੇ ਨੇ...ਸੋਹਣੀਆਂ, ਸੁੰਦਰ ਤੇ ਆਕਰਸ਼ਕ ਕਿਸਮ ਦੀਆਂ ਔਰਤਾਂ ਤੇ ਹੋਰ ਲੋਕ ਉਹਨਾਂ ਦੇ ਸਮਾਗਮ ਵਿੱਚ ਹਿੱਸਾ ਲੈਂਦੇ ਨੇ...ਸੰਸਥਾ ਵਾਲੇ ਬਹੁਤ ਹੀ ਉੱਚ ਪਾਏ ਦੇ ਖਾਣ ਪੀਣ ਵਾਸਤੇ ਪਕੌੜੇ, ਸੈਂਡਵਿੱਚ ਤੇ ਚਾਹ ਆਦਿ ਦਾ ਪ੍ਰਬੰਧ ਕਰਦੇ ਹਨ...ਬਾਬਿਓ...ਕਈ ਮੇਰੇ ਵਰਗੇ ਉਸਨੂੰ ਪਕੌੜਾ ਸਭਾ ਵੀ ਕਹਿੰਦੇ ਨੇ...ਉਹ ਉਹਨਾਂ ਦੇ ਸਮਾਗਮ ਦਾ ਇੰਤਜ਼ਾਰ ਬਸੰਤ ਰੁੱਤ ਵਾਂਗ ਕਰਦੇ ਨੇ...।''

" ਗੋਗੀ, ਇੱਕ ਗੱਲ ਦੱਸਾਂ..! ਬਸ ਸਭ ਢਕੋਸਲੇ ਨੇ ਇਹਨਾਂ ਲੋਕਾਂ ਦੇ...ਇਹਨਾਂ ਸਾਹਿਤ ਤੇ ਕਲਾ ਦਾ ਕੁਝ ਨਹੀਂ ਸੰਵਾਰਨਾ ਪਰ ਆਪਣੇ ਢਿੱਡ ਜ਼ਰੂਰ ਵਧਾ ਲੈਣੇ ਨੇ...।''

"ਬਾਬਿਓ...ਇਕ ਹੋਰ ਸਰਕਾਰੀ ਸਭਾ ਐ...ਅੰਦਰੋਂ ...ਬਾਹਰੋਂ..ਦੂਰੋਂ ...ਨੇੜਿਉਂ ਕਈ ਸਾਰੇ ਸਾਹਿਤਕਾਰਾਂ...ਕਲਾਕਾਰਾਂ ਤੇ ਬੁਧੀਜੀਵੀਆਂ ਨੂੰ ਮਹੀਨੇ ਵਿੱਚ ਕਈ ਕਈ ਵਾਰ ਬੁਲਾਉਂਦੇ ਨੇ...ਕਈ ਇਨਾਮ ਦਿੰਦੇ ਨੇ...ਉਸਦੇ ਅਹੁਦੇਦਾਰ ਵੀ ਲੱਗਭੱਗ ਸਰਕਾਰੀ ਸੇਵਾਮੁਕਤ ਅਧਿਕਾਰੀ ਨੇ...ਉਹ ਖਾਣਾ ਤੇ ਚਾਹ ਪਾਣੀ ਦਾ ਪ੍ਰਬੰਧ ਵੀ ਕਿਸੇ ਪੰਜ ਸਿਤਾਰਾ ਹੋਟਲ ਤੋਂ ਘੱਟ ਨਹੀਂ ਕਰਦੇ



ਪਰ ਉਹਨਾਂ ਦੇ ਸਮਾਗਮ ਵਿੱਚ ਹਾਜ਼ਰ ਹੋਣ ਵਾਲੇ ਬਹੁਤੇ ਲੋਕ ਸੱਤਰਵਿਆਂ ਦੇ ਗਧੀਗੇੜ ਵਿੱਚ ਪਹੁੰਚ ਚੁੱਕੇ ਨੇ...ਕੋਈ ਜੁਆਨ ਲੇਖਕ ਕਦੇ ਕਦਾਈਂ ਹੀ ਵਿਖਾਈ ਦਿੰਦਾ ਐ...ਕਈ ਤਾਂ ਉਹਨਾਂ ਦੇ ਸਮਾਗਮ ਨੂੰ ਫੈਸਟੀਵਲ ਵਾਂਗ ਲੈਂਦੇ ਨੇ...ਸਮਾਗਮ ਤੋਂ ਦੋ ਦਿਨ ਪਹਿਲਾਂ ਹੀ ਘਰ ਵਿੱਚ ਖਾਣਾ ਪੀਣਾ ਛੱਡ ਦਿੰਦੇ ਨੇ...ਹੁਣ ਤੁਸੀਂ ਦੱਸੋ ਬਾਬਿਓ.. ਮੇਰੇ ਵਰਗਾ ਨੌਸਿਖੀਆ ਕਿਹੜੀ ਸੰਸਥਾ ਦੇ ਸਮਾਗਮਾਂ ਵਿੱਚ ਹਿੱਸਾ ਲਵੇ...ਤੇ ਕਿਉਂ ਲਵੇ...ਉਹ ਸਾਲ਼ਾ ਏਨਾ ਵਿਹਲਾ ਹੈ ਭਲਾ..?''

"ਓਹ ਗੋਗੀ ਯਾਰ...ਇੱਕ ਗੱਲ ਦੱਸਾਂ...? ਮੇਰੇ ਵੀ ਤਜੁਰਬੇ ਲੱਗਪੱਗ ਤੇਰੇ ਵਰਗੇ ਹੀ ਨੇ...ਮੇਰਾ ਤਾਂ ਇਹ ਅਖੌਤੀ ਵੱਡੇ ਤੇ ਜਾਅਲੀ ਆਲੋਚਕਾਂ ਬਾਰੇ ਵੀ ਵਿਚਾਰ ਕੋਈ ਬਹੁਤੇ ਚੰਗੇ ਨਹੀਂ ਨੇ...ਕੁਝ ਸਾਲ ਪਹਿਲਾਂ ਦੀ ਗੱਲ ਹੈ...ਮੇਰੇ ਇਕ ਮਿੱਤਰ ਨੂੰ ਅੱਠ ਦੱਸ ਸਾਲਾਂ ਤੋਂ ਕਵਿਤਾ ਲਿਖਣ ਦੀ ਚੇਟਕ ਲਗੀ ਹੋਈ ਸੀ.. ਡਰਦੇ ਡਰਦੇ ਉਸਨੇ ਪਹਿਲੀ ਕਿਤਾਬ ਛਪਵਾਈ...ਉਸ ਤੋਂ ਪਹਿਲਾਂ ਉਸਨੇ ਆਪਣੀਆਂ ਕਵਿਤਾਵਾਂ ਕਦੇ ਕਿਸੇ ਸਾਹਿਤਕ ਰਸਾਲੇ ਜਾਂ ਅਖ਼ਬਾਰ ਵਿੱਚ ਨਹੀਂ ਭੇਜੀਆਂ ਸਨ...ਉਹ ਡਰਦਾ ਸੀ ਕਿ ਨਵਾਂ ਕਵੀ ਹੋਣ ਕਰਕੇ ਸੰਪਾਦਕ ਨਹੀਂ ਛਾਪਣਗੇ...ਜਿਸ ਨਾਲ ਉਸਦਾ ਦਿਲ ਟੁਟੇਗਾ...ਹਾਂ, ਪਰ ਗੋਗੀ, ਉਸਨੂੰ ਇਹ ਜ਼ਰੂਰ ਪਤਾ ਸੀ ਕਿ ਜੇਕਰ ਉਹ ਕਵਿੱਤਰੀ ਹੁੰਦਾ ਤਾਂ ਸ਼ਾਇਦ ਹਰ ਰਸਾਲੇ ਵਿੱਚ ਇਹ ਕਵਿਤਾਵਾਂ ਫੋਟੋ ਸਮੇਤ ਛਪ ਜਾਂਦੀਆਂ...ਉਸਨੇ ਕਿਤਾਬ ਦੀ ਘੁੰਡ ਚੁੱਕਾਈ ਵੀ ਕਰਵਾਈ, ਬਹੁਤ ਹੀ ਘੱਟ ਮਾਤਰਾ ਵਿੱਚ ਸਾਹਿਤਕਾਰ ਪਹੁੰਚੇ...ਇਕ ਸੁਹਿਰਦ ਕਵੀ ਨੇ ਉਸ ਨਵੇਂ ਕਵੀ ਦੀ ਸਾਹਿਤਕ ਰਗ ਪਕੜ ਕੇ ਗੱਲ ਕੀਤੀ...ਉਸਦੇ ਕਾਵਿਕ ਮਨ ਦੀ ਤਾਰੀਫ ਕੀਤੀ...ਕੁਝ ਹੋਰ ਸਾਹਿਤਕਾਰਾਂ ਵੀ ਆਪਣੇ ਅਜੇਹੇ ਹੀ ਵਿਚਾਰ ਪੇਸ਼ ਕੀਤੇ ਤੇ ਕੁਲ ਮਿਲਾ ਕੇ ਉਸਨੂੰ ਲਿਖਦੇ ਰਹਿਣ ਲਈ ਪਰੇਰਿਆ...ਕਿਤਾਬ ਛਪਣ ਉਪਰੰਤ ਉਸਦਾ ਸਾਹਿਤ ਸਭਾਵਾਂ ਵਿੱਚ ਉਠਣਾ ਬੈਠਣਾ ਸ਼ੁਰੂ ਹੋ ਗਿਆ...ਫਿਰ ਜਿੱਥੇ ਕਿਤੇ ਵੀ ਉਸਨੂੰ ਕਵਿਤਾ ਲੱਭਦੀ ਉਹ ਉਸਨੂੰ ਆਪਣੀ ਮੁੱਠੀ ਵਿੱਚ ਮੀਚ ਲੈਂਦਾ...ਕਾਗ਼ਜ਼ 'ਤੇ ਉਤਾਰਦਾ...ਹਾਂ, ਇਹ ਗੱਲ ਵੱਖਰੀ ਸੀ ਕਿ ਉਹ ਕਵਿਤਾ ਦਾ ਬਾਹਰੀ ਚੌਖਟਾ ਸੰਵਾਰਨ ਵੱਲ ਬਹੁਤਾ ਉਤੇਜਿੱਤ ਨਹੀਂ ਸੀ...

ਜਿਹੜਾ ਵੀ ਕੋਈ ਉਸਦੀਆਂ ਕਵਿਤਾਵਾਂ ਸੁਣਦਾ,ਉਹ ਜ਼ਰੂਰ ਕਹਿੰਦਾ-ਇਹ ਦਿਲ ਵਿਚੋਂ ਨਿਕਲੀਆਂ ਸਿੱਧੀਆਂ ਆਵਾਜ਼ਾਂ ਨੇ...ਜਿਹਨਾਂ ਵਿੱਚ ਕੋਈ ਵਲ਼ ਫਰੇਬ ਨਹੀਂ, ਬਿਆਨ ਦੀ ਸਰਲਤਾ ਐ...

ਸਾਰੇ ਸਲਾਹਾਂ ਦਿੰਦੇ ਕਿ ਇਹਨਾਂ ਨੂੰ ਸ਼ਿੰਗਾਰਨ ਦੀ ਲੋੜ ਹੈ...ਬਿੰਬਾਂ ਅਤੇ ਪ੍ਰਤੀਬਿੰਬਾਂ ਵਿੱਚ ਢਾਲਣ ਦੀ ਲੋੜ ਹੈ...ਆਪਣੇ ਤਜੁਰਬੇ , ਬੁੱਧੀ ਤੇ ਲਿਆਕਤ ਦੇ ਅਨੁਸਾਰ ਉਹ ਕਵਿਤਾਵਾਂ ਨੂੰ ਘੜਨ, ਸੁਧਾਰਨ ਤੇ ਲਿਸ਼ਕਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ...।''

" ਬਾਬਿਓ, ਮਤਲਬ ਇਹ ਕਿ ਇੱਕ ਹੋਰ ਕਵੀ ਦਾ ਜਨਮ ਹੋ ਗਿਆ ਸੀ...।''

" ਆਹੋ...ਹੋਰ ਕੀ...ਗੋਗੀ, ਹੋਇਆ ਇਹ ਕਿ ਦੋ ਤਿੰਨ ਸਾਲਾਂ ਵਿੱਚ ਉਸ ਕੋਲ ਸੱਠ ਸੱਤਰ ਕਵਿਤਾਵਾਂ ਇਕਠੀਆਂ ਹੋ ਗਈਆਂ...ਜਿਸ ਦਿਨ ਉਸਦੀ ਕਿਤੇ ਵੀ ਕੋਈ ਕਵਿਤਾ ਛਪਦੀ ਉਹ ਉਸ ਦਿਨ ਹਲਕਾ ਹਲਕਾ ਮਹਿਸੂਸ ਕਰਦਾ...ਉਸਨੇ ਇਕ ਹੋਰ ਕਵੀ ਮਿੱਤਰ ਨਾਲ ਆਪਣੀਆਂ ਲਿਖੀਆਂ ਕਵਿਤਾਵਾਂ 'ਤੇ ਗਲਬਾਤ ਕਰਕੇ ਦੂਸਰੀ ਕਿਤਾਬ ਛਾਪਣ ਦਾ ਮਨ ਬਣਾਇਆ...ਉਸ ਕਵੀ ਨੇ ਉਸਦੀਆਂ ਕਵਿਤਾਵਾਂ ਵਿਚ ਲੋੜੀਂਦੀਆਂ ਊਣਤਾਈਆਂ ਨੂੰ ਦੂਰ ਕੀਤਾ ਤੇ ਇਹਨਾਂ ਵਿੱਚੋਂ ਕੇਵਲ ਸੱਠ ਕਵਿਤਾਵਾਂ ਛਪਵਾਉਣ ਦੀ ਸਲਾਹ ਦਿੱਤੀ...ਇਸ ਵਾਰ

ਉਸਦੇ ਇਕ ਆਰਟਿਸਟ ਮਿੱਤਰ ਨੇ ਕਿਤਾਬ ਦੇ ਟਾਇਟਲ ਵਾਸਤੇ ਤਸਵੀਰ ਬਣਾਈ ...ਉਸ ਕਵੀ ਨੇ ਸ਼ਹਿਰ ਦੇ ਇਕ ਪ੍ਰਕਾਸ਼ਕ ਨਾਲ ਗੱਲ ਕੀਤੀ...ਉਸਨੇ ਪੈਸੇ ਲੈ ਕੇ ਕਿਤਾਬ ਛਾਪ ਦਿੱਤੀ...।"

" ਬਾਬਿਓ, ਉਸ ਤੋਂ ਬਾਅਦ ਫਿਰ ਦੋਬਾਰਾ ਸਿਆਪਾ ਖੜ੍ਹਾ ਹੋ ਗਿਆ ਹੋਣੈਂ ਉਸ ਕਿਤਾਬ ਦੀ ਘੁੰਡ ਚੁਕਾਈ ਦਾ...?"

" ਹੋਰ ਕੀ ਗੋਗੀ...ਇਹ ਘੁੰਡ ਚੁੱਕਾਈ ਵਾਲਾ ਸਿਆਪਾ ਕਿਹੜਾ ਕਿਸੇ ਵਿਆਹ ਦੇ ਪ੍ਰੋਗਰਾਮ ਤੋਂ ਘੱਟ ਹੁੰਦਾ ਐ ਭਲਾ...ਅਖੀਰ ਉਸਦੀ ਕਿਤਾਬ ਦੀ ਘੁੰਡ ਚੁੱਕਾਈ ਤੇ ਆਲੋਚਨਾ ਕਰਵਾਉਣ ਦਾ ਵੇਲਾ ਆਇਆ...ਸੋ ਸਮਾਗਮ ਲਈ ਮੁੱਖ ਮਹਿਮਾਨ ਤੇ ਪ੍ਰਧਾਨਗੀ ਲਈ ਉੱਘੇ ਸਾਹਿਤਕਾਰਾਂ ਨੂੰ ਬੇਨਤੀ ਕੀਤੀ ਗਈ...ਜੋ ਉਹਨਾਂ ਕਬੂਲ ਕਰ ਲਈ...।"

" ਅੱਛਾ ਬਾਬਿਓ, ਮੈਂ ਇਹ ਵੀ ਦੇਖਿਆ ਕਿ ਨਵਾਂ ਨਵਾਂ ਬਣਿਆ ਸਾਹਿਤਕਾਰ ਹਮੇਸ਼ਾ ਚਾਹੁੰਦਾ ਐ ਕਿ ਉਸ ਦੇ ਸਮਾਗਮ ਉੱਪਰ ਕੋਈ ਉੱਘਾ ਸਾਹਿਤਕਾਰ ਜ਼ਰੂਰ ਮੁੱਖ ਮਹਿਮਾਨ ਬਣੇ...।"

" ਹਾਂ ਗੋਗੀ, ਇੱਕ ਗੱਲ ਦੱਸਾਂ..! ਨਵੇਂ ਬਣ ਰਹੇ ਸਾਹਿਤਕਾਰ ਵਿੱਚ ਅਜੀਬ ਤੇ ਵਿਲੱਖਣ ਕਿਸਮ ਦਾ ਚਾਅ ਹੁੰਦੈ....ਖ਼ੈਰ, ਤਿੰਨ ਚਾਰ ਕਹਿੰਦੇ ਕਹਾਉਂਦੇ ਅਲੋਚਕਾਂ ਤੇ ਕੁਝ ਹੋਰ ਸੂਝਵਾਨ ਸਾਹਿਤਕਾਰਾਂ ਨੂੰ ਕਿਤਾਬ ਉਤੇ ਬੋਲਣ ਲਈ ਕਿਹਾ ਗਿਆ...ਉਹਨਾਂ ਨੂੰ ਕਿਤਾਬਾਂ ਵੀ ਪਹੁੰਚਾ ਦਿੱਤੀਆਂ ਗਈਆਂ...ਅਖੀਰ ਸਮਾਗਮ ਸ਼ੁਰੂ ਹੋ ਗਿਆ...ਘੁੰਡ ਚੁਕਾਈ ਦੀ ਰਸਮ ਤੋਂ ਬਾਅਦ, ਸੰਚਾਲਕ ਨੇ ਸਭ ਤੋਂ ਪਹਿਲਾਂ ਇਕ ਪ੍ਰੋੜ ਸਾਹਿਤਕਾਰ ਨੂੰ ਕਿਤਾਬ ਬਾਰੇ ਬੋਲਣ ਲਈ ਕਿਹਾ...ਉਸ ਸਾਹਿਤਕਾਰ ਨੇ ਉਠਦੇ ਹੀ ਇਹ ਕਹਿ ਕੇ ਗੱਲ ਮੁਕਾ ਦਿੱਤੀ ਕਿ ਇਹਨਾਂ ਸਾਰੀਆਂ ਕਵਿਤਾਵਾਂ ਬਾਰੇ ਕੁਝ ਵੀ ਕਹਿਣ ਗੋਚਰਾ ਨਹੀਂ ..ਕਵੀ ਨੇ ਕਾਹਲ ਕੀਤੀ ਹੈ...ਜਲਦੀ ਮਸ਼ਹੂਰ ਹੋਣ ਲਈ ਉਤਾਵਲਾਪਣ ਵਿਖਾਇਆ ਹੈ...ਬਸ ਫਿਰ ਕੀ ਸੀ ਕਵੀ ਦੀ ਖਿਚਾਈ ਕਰਨ ਦੀ ਭੇਡ-ਚਾਲ ਪ੍ਰਕ੍ਰਿਆ ਸ਼ੁਰੂ ਹੋ ਗਈ...ਦੂਸਰੇ, ਤੀਸਰੇ ਤੇ ਫਿਰ ਲੱਗਪੱਗ ਸਾਰਿਆਂ ਹੀ ਉਸਦੀ ਕਵਿਤਾ ਨੂੰ ਨਕਾਰ ਦਿੱਤਾ...ਇਕ ਦੋ ਆਲੋਚਕਾਂ ਨੇ ਦਿਲ ਰੱਖਣ ਲਈ ਕਵੀ ਦੀ ਤਾਰੀਫ ਵੀ ਕੀਤੀ...ਸਮਾਗਮ ਨਾਟਕ ਵਿੱਚ ਪਰਦਾ ਡਿਗਣ ਵਾਂਗ ਖਤਮ ਹੋ ਗਿਆ..ਕਵੀ ਵਿਚਾਰਾ ਮਾਯੂਸ ਹੋ ਗਿਆ...।"

" ਮਤਲਬ ਬਾਬਿਓ, ਇਹ ਕਿ ਕਵੀ ਦੀਆਂ ਲੱਤਾਂ ਵਿੱਚ ਪਾਣੀ ਪੈ ਗਿਆ...?"

" ਓਹ ਗੋਗੀ ਸੁਣ ਤਾਂ ਸਹੀ....ਮੈਂ ਵੀ ਉਸ ਸਮਾਗਮ ਦਾ ਮੂਕ ਦਰਸ਼ਕ ਸਾਂ...ਸਮਾਗਮ ਖ਼ਤਮ ਹੋਣ ਤੋਂ ਬਾਅਦ ਵਿੱਚ ਰੱਖੀ ਗਈ ਕੌੜੀ ਪਾਰਟੀ ਵਿੱਚ ਕੁਝ ਆਲੋਚਕਾਂ ਤੇ ਹੋਰ ਬੋਲਣ ਵਾਲੇ ਆਪਸ ਵਿੱਚ ਗੱਲਾਂ ਕਰ ਰਹੇ ਸਨ...ਉਹ ਗੱਲਾਂ ਮੈਂ ਧਿਆਨ ਨਾਲ ਸੁਣੀਆਂ...।"

" ਬਾਬਿਓ ਅਸਲੀ ਗੋਸ਼ਟੀ ਤਾਂ ਹੁੰਦੀ ਹੀ ਕੌੜੀ ਮਹਿਫਿਲ ਵਿੱਚ ਹੈ ਪਹਿਲਾਂ ਤਾਂ ਉਹ ਐਵੇਂ ਹਵਾ ਵਿੱਚ ਮਾਰੀ ਜਾਂਦੇ ਨੇ...ਜਦੋਂ ਅੰਗੂਰ ਦੀ ਬੇਟੀ ਢਿੱਡ ਅੰਦਰ ਪਹੁੰਚਦੀ ਐ ਤਾਂ ਫਿਰ ਸਚਾਈ ਬਾਹਰ ਨੂੰ ਨਿਕਲਦੀ ਐ...ਫਿਰ ਇਹਨਾਂ ਦੀ ਗੱਲਾਂ, ਸਲਾਹਾਂ ਤੇ ਕਰਤੂਤਾਂ ਦੇਖਣ ਤੇ ਸੁਣਨ ਵਾਲੀਆਂ ਹੁੰਦੀਆਂ ਨੇ...।"

" ਹੋਰ ਕੀ ਗੋਗੀ...ਇਹੀ ਕੁਝ ਹੁੰਦੈ ਹਮੇਸ਼ਾ...ਇੱਕ ਕਹੇ- ਜੇ ਮੈਨੂੰ ਸਭ ਤੋਂ ਬਾਅਦ ਵਿੱਚ ਬੋਲਣ ਲਈ ਕਿਹਾ ਹੁੰਦਾ ਤਾਂ ਮੈਂ ਆਲੋਚਨਾ ਕੁਝ ਹੋਰ ਤਰ੍ਹਾਂ ਕਰਨੀ ਸੀ...ਸਭ ਤੋਂ ਪਹਿਲੇ



ਬੋਲਣ ਵਾਲੇ ਲਈ ਬੜਾ ਮੁਸ਼ਕਿਲ ਹੁੰਦਾ ਗੱਲ ਕਰਨਾ...

ਦੂਸਰਾ ਬੋਲਿਆ-ਮੈਂ ਕਵੀ ਦੇ ਹੱਕ ਵਿੱਚ ਭੁਗਤਣਾ ਸੀ ਪਰ ਕਿਉਂਕਿ ਪਹਿਲੇ ਆਲੋਚਕ ਨੇ ਕਵਿਤਾ ਨੂੰ ਨਕਾਰ ਦਿੱਤਾ ਸੀ ਸੋ ਮੈਂ ਸੋਚਿਆ ਕਿ ਕਿਤੇ ਮੈਂ ਗ਼ਲਤ ਹੀ ਨਾ ਹੋਵਾਂ ਸੋ ਮੈਂ ਵੀ ਕਵਿਤਾ ਨੂੰ ਉੱਚ ਦਰਜੇ ਦੀ ਨਹੀਂ ਕਿਹਾ, ਹਾਲਾਂਕਿ ਕੁਝ ਕਵਿਤਾਵਾਂ ਮੈਨੂੰ ਬਹੁਤ ਚੰਗੀਆਂ ਲੱਗੀਆਂ ਸਨ...ਮੈਂ ਤਾਂ ਬੈਠਦੇ ਹੀ ਨਾਲ ਵਾਲੇ ਨੂੰ ਕਹਿ ਦਿੱਤਾ ਸੀ ਬਈ ਮਿੱਤਰਾ, ਮੈਂ ਪੁੱਠੀ ਭੰਬੀਰੀ ਘੁੰਮਾ ਦਿੱਤੀ ਐ ਹੁਣ ਦੇਖੀਂ ਕਿੰਝ ਉਡਦੀਆਂ ਨੇ ਬੂੰਦੀਆਂ ਹਵਾ ਵਿੱਚ ਵਿਚਾਰੇ ਕਵੀ ਦੀਆਂ...ਫਿਰ ਯਾਰੋ ਹੋਇਆ ਵੀ ਉਂਝ ਹੀ...ਤੀਸਰੇ ਸਾਹਿਤਕਾਰ ਦੇ ਕੁਝ ਵੱਖਰੇ ਹੀ ਵਿਚਾਰ ਸਨ...ਅਖੇ-ਮੈਨੂੰ ਤਾਂ ਫਲਾਣੇ ਆਲੋਚਕ ਦੇ ਬੁੱਲ੍ਹ ਹੀ ਚੰਗੇ ਨਹੀਂ ਲੱਗਦੇ...ਸ਼ਕਲ ਹੀ ਚੰਗੀ ਨਹੀਂ ਲੱਗਦੀ...ਉਸਨੂੰ ਦੇਖਦੇ ਹੀ ਮੇਰਾ ਪਾਰਾ ਚੜ੍ਹ ਜਾਂਦੈ...ਸੋ ਮੈਂ ਫੈਸਲਾ ਕਰ ਲਿਆ ਸੀ ਕਿ ਮੈਂ ਇਸ ਆਲੋਚਕ ਦੀ ਆਲੋਚਨਾ ਦੀ ਵੀ ਆਲੋਚਨਾ ਕਰਾਂਗਾ...।"

"ਬਾਬਿਓ ਨਸ਼ੇ ਵਿੱਚ ਹੀ ਇਹ ਸਾਰੇ ਆਪਣੇ ਅਸਲੀ ਰੰਗ ਵਿੱਚ ਆਉਂਦੇ ਨੇ...ਫਿਰ ਇਹਨਾਂ ਦੀਆ ਫੜ੍ਹਾਂ ਤੇ ਗਪੌੜਾਂ ਦੇਖਣ ਵਾਲੀਆਂ ਹੁੰਦੀਆਂ ਨੇ....।"

" ਗੋਗੀ ਇੱਕ ਹੋਰ ਕੀਂਗੜ ਸਾਹਿਤਕਾਰ ਕੁਝ ਹੋਰ ਹੀ ਬਕਵਾਸ ਕਰੀ ਜਾਏ ਅਖੇ-ਜੇ ਆਯੋਜਕ ਮੈਨੂੰ ਪ੍ਰਧਾਨ ਨੂੰ ਗੁਲਦਸਤਾ ਦੇਣ ਲਈ ਨਾ ਕਹਿੰਦੇ ਤਾਂ ਮੈਂ ਕਵੀ ਦੀ ਬੱਲੇ ਬੱਲੇ ਕਰ ਦੇਣੀ ਸੀ, ਮੈਂ ਕੋਈ ਲੱਲੂ ਪੰਜੂ ਲੇਖਕ ਥੋੜ੍ਹਾ ਹਾਂ ਕਿ ਇਹਨਾਂ ਨੂੰ ਗੁਲਦਸਤੇ ਦਿੰਦਾ ਫਿਰਾਂ...ਮੇਰਾ ਮੂਡ ਖਰਾਬ ਹੋ ਗਿਆ ਸੋ ਮੈਂ ਫਿਰ ਚੱਕ ਦਿੱਤੇ ਫੱਟੇ ਕਵੀ ਤੇ ਨਾਲ ਹੀ ਉਸਦੀ ਕਵਿਤਾ ਦੇ ਵੀ...ਇੱਕ ਨੇ ਤਾਂ ਨਵੀਂ ਥਿਓਰੀ ਘੜ ਦਿੱਤੀ...ਉਹ ਕਹਿੰਦਾ-ਮੈਂ ਤਾਂ ਹੋਰ ਆਲੋਚਕਾਂ ਦੀ ਕੁਲ ਗੱਲਬਾਤ ਸੁਣ ਕੇ ਹੀ ਮਨ ਬਣਾਉਂਦਾ ਹਾਂ ਕਿ ਆਲੋਚਨਾ ਕਿਸ ਤਰ੍ਹਾਂ ਦੀ ਕਰਨੀ ਹੈ...ਮੈਂ ਵਿੱਚ ਵਿਚਾਲੇ ਜਿਹੀ ਅਲੋਚਨਾ ਕਰਦਾ ਹਾਂ...ਨਾ ਆਲੋਚਕ ਨਰਾਜ਼ ਤੇ ਨਾ ਹੀ ਕਵੀ...ਇੱਕ ਹੋਰ ਜਿਹੜਾ ਚਾਰ ਪੈੱਗ ਹਲਕ ਵਿੱਚ ਉਤਾਰ ਚੁੱਕਾ ਸੀ...ਉਸਦਾ ਚਿਹਰਾ ਬੀ.ਪੀ. ਵਧਣ ਨਾਲ ਲਾਲ ਹੋਇਆ ਪਿਆ ਸੀ...ਉਸ ਵਿੱਚ ਜੋਸ਼ ਲਬੋਲਬ ਭਰਿਆ ਹੋਇਆ ਸੀ ਉਹ ਆਖੇ-ਮੈਂ ਤਾਂ ਬੜੀ ਦੇਰ ਦਾ ਮੌਕਾ ਲੱਭ ਰਿਹਾ ਸੀ ਕਿ ਇਸ ਕਵੀ ਦੇ ਪਤੜ੍ਹੇ ਉਤਾਰਾਂ...ਜਿਹੜਾ ਆਪਣੇ ਆਪ ਵਿਚ ਸ਼ਿਵ ਬਟਾਲਵੀ ਬਣਿਆ ਫਿਰਦੈ , ਇਸਨੇ ਇਕ ਵਾਰ ਮੇਰੇ ਇਕ ਮਿੱਤਰ ਨੂੰ ਕਿਹਾ ਕਿ ਮੈਂ ਬਹੁਤ ਹੀ ਹਲਕੇ ਸਤਰ ਦੀ ਕਵਿਤਾ ਲਿਖਦਾਂ ਹਾਂ ਸੋ ਮੈਨੂੰ ਤਾਂ ਅੱਜ ਠੰਡ ਪੈ ਗਈ...।"

" ਬਾਬਿਓ, ਮੈਂ ਦੇਖਿਆ ਐ ਕਿ ਇਸ ਤਰ੍ਹਾਂ ਦੀਆਂ ਮੁਫ਼ਤ ਦੀਆਂ ਮਹਿਫਲਾਂ ਵਿੱਚ ਕਈ ਸੱਜਣ ਆਪਣਾ ਮਹੀਨੇ ਭਰ ਦਾ ਦਾਰੂ ਦਾ ਕੋਟਾ ਪੂਰਾ ਕਰ ਲੈਂਦੇ ਨੇ...ਕਈ ਤੰਦੂਰੀ ਚਿੱਕਣ ਨੂੰ ਵੀ ਕਿਤਾਬਾਂ ਦੀਆਂ ਜਿਲਦਾਂ ਵਿੱਚ ਲਪੇਟ ਕੇ ਆਪਣੇ ਘਰਾਂ ਨੂੰ ਲੈ ਜਾਂਦੇ ਨੇ....ਕਈ ਤਾਂ ਚਮਚ, ਨੈਪਕੀਨ ਤੇ ਨਮਕੀਣ ਵੀ ਲੈ ਜਾਂਦੇ ਨੇ ਅੱਖ ਬਚਾ ਕੇ...।"

" ਹਾਂ, ਉਸ ਤਰ੍ਹਾਂ ਦੇ ਮਹਾਪੁਰਸ਼ ਵੀ ਹੁੰਦੇ ਨੇ...ਪਰ ਤੂੰ ਸੁਣ ਤਾਂ ਸਹੀ...ਗੋਗੀ...ਉਸੇ ਮਹਿਫਿਲ ਵਿੱਚ ਇੱਕ ਮਰਦਾਨੀ ਕਵਿਤਰੀ ਵੀ ਬੈਠੀ ਸੀ...?"

" ਮਰਦਾਨੀ ਕਵਿਤਰੀ...! ਬਾਬਿਓ, ਉਹ ਕੀ ਹੁੰਦੀ ਹੈ ..?"

"ਹਾਂ ਗੋਗੀ, ਮਰਦਾਨੀ ਕਵਿਤਰੀ...ਗੋਗੀ ਇੱਕ ਗੱਲ ਦੱਸਾਂ..! ਹੈ ਤੂੰ ਵੀ ਮੂਰਖ ਹੀ..ਤੈਨੂੰ ਮਰਦਾਨੀ ਕਵਿਤਰੀ ਦਾ ਪਤਾ ਨ੍ਹੀਂ...ਮਤਲਬ ਜਿਸ ਵਿੱਚ ਮਰਦਾਂ ਵਾਲੇ ਸਾਰੇ ਗੁਣ ਹੁੰਦੇ ਨੇ...ਅਵਗੁਣ ਵੀ...ਉਸਨੇ ਦਾਰੂ ਤਾਂ ਨਹੀਂ ਪੀਤੀ ਪਰ ਸਟਰੋਂਗ ਬੀਅਰ ਦੀਆਂ ਦੋ ਬੋਤਲਾਂ

ਅੱਧੇ ਘੰਟੇ ਵਿੱਚ ਚੜਾ ਕੇ ਬੋਲੀ-ਮੇਰਾ ਆਲੋਚਨਾ ਕਰਨ ਦਾ ਤਰੀਕਾ ਬੜਾ ਉਲਟ ਹੈਗਾ ਜੀ...ਜੇ ਮੈਨੂੰ ਲਗੇ ਕਿ ਜ਼ਿਆਦਾਤਰ ਆਲੋਚਕ ਲੇਖਕ ਦੀ ਤਾਰੀਫ ਕਰ ਰਹੇ ਹਨ ਤਾਂ ਮੈਂ ਫਿਰ ਲੇਖਕ ਦੀ ਲਾਹ ਪਾਹ ਕਰਦਿਆਂ ਦੇਰ ਨਹੀਂ ਲਗਾਉਂਦੀ ਤੇ ਜਾਂ ਫਿਰ ਇਸਦੇ ਬਿਲਕੁਲ ਉਲਟ ਦਿਸ਼ਾ ਵਿੱਚ ਤੁਰ ਪੈਨੀਆਂ ...।"

" ਬਾਬਿਓ ਆ ਗਈ ਸਮਝ ਮਰਦਾਨੀ ਕਵਿਤਰੀ ਬਾਰੇ...ਹਾਹਾਹਾ?"

" ਇੱਕ ਹੋਰ ਹਲਵਾਈ ਦੀ ਦਿੱਖ ਵਾਲਾ ਸਾਹਿਤਕਾਰ ਕਹੇ- ਮੈਂ ਤਾਂ ਕਿਤਾਬ ਦਾ ਮੁਖਬੰਦ ਦੇਖ ਕੇ ਹੀ ਬੋਲਦਾਂ, ਜੇ ਮੁਖਬੰਦ ਕਿਸੇ ਖਾਸ ਹਸਤੀ ਨੇ ਲਿਖਿਆ ਹੋਵੇ ਤਾਂ ਉਸਦੇ ਨਾਲ ਦੇ ਮਿਲਦੇ ਜੁਲਦੇ ਵਿਚਾਰ ਦੇ ਦਿੰਦਾਂ ਹਾਂ ਤੇ ਜੇ ਕਿਸੇ ਹਲਕੇ ਫੁਲਕੇ ਲੇਖਕ ਨੇ ਲਿਖਿਆ ਹੋਵੇ ਤਾਂ ਉਸਦਾ ਵਿਰੋਧ ਕਰਦਾ ਹਾਂ ਕਿਉਂ ਇੰਝ ਕਰਨ ਵਿੱਚ ਹੀ ਆਲੋਚਨਾ ਖਿੜ ਸਕਦੀ ਐ...ਇੱਕ ਹੋਰ ਸਾਹਿਤ ਦਾ ਚੰਨ ਚਿਰਾਗ ਬੋਲ ਉਠਿਆ ਅਖੇ-ਮੈਂ ਤਾਂ ਕਿਤਾਬ ਪੜ੍ਹੇ ਬਿਨਾਂ ਹੀ ਉਸਦੀ ਘੰਟਿਆਂ ਬੱਧੀ ਆਲੋਚਨਾ ਕਰ ਸਕਦਾ ਹਾਂ...ਵੈਸੇ ਵੀ ਕਿਤਾਬ ਪੜ੍ਹਨੀ ਮੈਂ ਕਵੀ ਦੇ ਤੌਰ 'ਤੇ ਫੇਲ ਹੋ ਜਾਣ ਬਾਅਦ ਹਮੇਸ਼ਾ ਲਈ ਛੱਡ ਦਿੱਤੀ ਐ...

ਇੱਕ ਹੋਰ ਕਹਾਣੀਕਾਰ ਸਾਹਿਬ ਨੇ ਮੁਰਗੇ ਦੀ ਲੱਤ ਨੂੰ ਦੰਦਾਂ ਨਾਲ ਦਰੜਦਿਆਂ ਕਿਹਾ- ਮੈਂ ਹੈਂ ਤਾਂ ਕਹਾਣੀਕਾਰ, ਕਵਿਤਾ ਦੀ ਮੈਨੂੰ ਬਹੁਤੀ ਸਮਝ ਵੀ ਨਹੀਂ ਫਿਰ ਵੀ ਜ਼ਿੰਦਗੀ ਭਰ ਦੇ ਤਜੁਰਬੇ ਦੇ ਸਿਰ 'ਤੇ ਮੈਂ ਕੁਝ ਨਾ ਕੁਝ ਕਵਿਤਾ ਬਾਰੇ ਵੀ ਬੋਲ ਸਕਦਾ ਹਾਂ...।"

" ਹਾਂ ਬਾਬਿਓ...ਹੁੰਦੇ ਨੇ ਕਈ ਨਿਰਾਲੇ ਸਾਹਿਤਕਾਰ...ਉਹ ਕੁਝ ਵੀ ਬੋਲ ਸਕਦੇ ਨੇ...ਹਾਹਾਹਾ..।"

" ਇੱਕ ਹੋਰ ਅਜੀਬ ਕਿਸਮ ਦਾ ਸਾਹਿਤਕਾਰ ਕਹਿੰਦਾ- ਮੇਰੀ ਸਾਰੀ ਉਮਰ ਨਿਕਲ ਗਈ ਲੋਕਾਂ ਦੀਆਂ ਕਿਤਾਬਾਂ ਦੀ ਭੂਮਿਕਾਵਾਂ ਲਿਖਦੇ...ਮੈਂ ਤਾਂ ਠੋਕ ਵਜਾ ਕੇ ਪੈਸੇ ਵੀ ਲੈਂਦਾ ਹਾਂ...ਇਸ ਕਵੀ ਨੇ ਮੈਨੂੰ ਦੱਸਿਆ ਤਕ ਨਹੀਂ ਕਿ ਕਿਤਾਬ ਛਪਵਾ ਰਿਹਾ ਐ...ਮੈਂ ਜਦੋਂ ਇਸਦੀ ਕਿਤਾਬ ਦੇਖੀ ਤਾਂ ਤਦੇ ਹੀ ਫੈਸਲਾ ਕਰ ਲਿਆ ਸੀ ਕਿ ਇਸ ਦੀਆਂ ਅੱਜ ਬੂੰਦੀਆਂ ਉਡਾਵਾਂਗਾ... ਅਖੀਰ ਵਿੱਚ ਇੱਕ ਤਾਂ ਸਾਰੀਆਂ ਹੱਦਾਂ ਬੰਨੇ ਹੀ ਟੱਪ ਗਿਆ ਗੋਗੀ...ਅਖੇ-ਇਸਦਾ ਉਠਣਾ ਬੈਠਣਾ ਤਾਂ ਐਵੇਂ ਹੀ ਟੁੱਚੇ ਜਿਹੇ ਬੰਦਿਆਂ ਨਾਲ ਐ...ਜਿਹਨਾਂ ਨੂੰ ਇਲ ਪੋਪੋ ਨਹੀਂ ਆਉਂਦਾ...ਸ਼ਰਾਬਾਂ ਤੇ ਮੁਰਗੇ ਹੋਰਾਂ ਨੂੰ ਖਿਲਾਉਂਦੈ ਤੇ ਕਿਤਾਬ ਤੇ ਸਾਨੂੰ ਬੋਲਣ ਲਈ ਕਹਿੰਦੈ...ਜਿੰਨੀ ਕੁ ਅੱਜ ਮੈਂ ਇਸਦੀ ਭੰਬੀਰੀ ਘੁਮਾਈ ਐ ਜੇ ਬੰਦੇ ਦਾ ਪੁਤ ਹੋਵੇਗਾ ਤਾਂ ਅੱਗੇ ਤੋਂ ਕਵਿਤਾ ਲਿਖਣਾ ਛੱਡ ਦੇਵੇਗਾ ਜਾਂ ਘੱਟੋ ਘੱਟ ਮੇਰੇ ਵਰਗੇ ਬੁਧੀਜੀਵੀ ਨੂੰ ਕਿਤਾਬ 'ਤੇ ਬੋਲਣ ਲਈ ਨਹੀਂ ਆਖੇਗਾ ...।"

" ਬਾਬਿਓ, ਤੁਸੀਂ ਜਿਸ ਤਰ੍ਹਾਂ ਦੇ ਆਲੋਚਕਾਂ ਦੀ ਗੱਲ ਕੀਤੀ ਐ ਨਾ ਉਹਨਾਂ ਦੀ ਗਿਣਤੀ ਦਿਨੋ ਦਿਨ ਕਾਂਗਰਸ ਘਾਹ ਵਾਂਗ ਫੈਲਦੀ ਜਾ ਰਹੀ ਐ...।"

"ਗੋਗੀ ਭਾਈ...ਇਹ ਸਾਰੇ ਵਿਚਾਰ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ...ਕੁਝ ਦਿਨਾਂ ਬਾਅਦ ਉਹ ਕਵੀ ਮਿੱਤਰ ਮੈਨੂੰ ਮਿਲਿਆ...ਉਹ ਵਿਚਾਰਾ ਮਾਯੂਸ ਹੋ ਗਿਆ ਸੀ....।"

" ਉਹ ਤਾਂ ਵਿਚਾਰਾ ਮੋਇਆਂ ਵਰਗਾ ਹੋ ਗਿਆ ਹੋਣੈ...?"

" ਬਸ ਮਰਿਆ ਨਹੀਂ ਸੀ...ਮੈਂ ਉਸਨੂੰ ਹੌਸਲਾ ਦਿੱਤਾ, ਮੈਖਿਆ-ਮਿੱਤਰਾ! ਤੂੰ ਅੱਜ ਆਪਣੀ ਕਿਤਾਬ ਉਤੇ ਹੋਈ ਆਲੋਚਨਾ ਦਾ ਬਿਲਕੁਲ ਹੀ ਨੋਟਿਸ ਨਾ ਲਵੀਂ , ਜੇ ਕਿਸੇ ਨੇ ਤੇਰੀ



ਕਵਿਤਾ ਦੀ ਤਾਰੀਫ ਕੀਤੀ ਐ ਤਾਂ ਖੁਸ਼ੀ ਨਾਲ ਫੁੱਲ ਕੇ ਕੁੱਪਾ ਨਾ ਬਣ ਜਾਵੀਂ ਤੇ ਜੇ ਕਿਸੇ ਨੇ ਤੇਰੀ ਕਵਿਤਾ ਨੂੰ ਨਕਾਰਿਆ ਐ ਤਾਂ ਮੂੰਹ ਲਟਕਾਉਣ ਦੀ ਲੋੜ ਨਹੀਂ ਕਿਉਂਕਿ ਆਲੋਚਕਾਂ ਨੂੰ ਖੁਦ ਪਤਾ ਨਹੀਂ ਕਿ ਉਹ ਕਿਤਾਬ ਦੀ ਆਲੋਚਨਾ ਕਰ ਰਹੇ ਹੁੰਦੇ ਨੇ ਜਾਂ ਫਿਰ ਇਕ ਦੂਜੇ ਉਪਰ ਆਪਣੇ ਜ਼ਿਹਨੀ ਜ਼ਹਿਰ ਦਾ ਨਜ਼ਲਾ ਸੁੱਟ ਰਹੇ ਹੁੰਦੇ ਨੇ, ਹੰਕਾਰ 'ਚ ਗੱਚ ਹੋ ਕੇ ਬੋਲ ਰਹੇ ਹੁੰਦੇ ਨੇ ...ਨਿਜੀ ਤੌਰ 'ਤੇ ਇਕ ਦੂਸਰੇ ਤੋਂ ਬਦਲੇ ਲੈ ਰਹੇ ਹੁੰਦੇ ਨੇ...ਸੋ ਮਿੱਤਰਾ! ਤੂੰ ਆਪਣੇ ਰਾਹ ਚਲਿਆ ਚੱਲ, ਜੋ ਠੀਕ ਲਗੇ ਉਹਨੂੰ ਝੋਲੀ ਪਾ ਲਈਂ ਤੇ ਜੋ ਗ਼ਲਤ ਲੱਗੇ ਉਸਨੂੰ ਬਾਹਰ ਸੁੱਟ ਦੇਵੀਂ...ਪਰ ਗੋਗੀ, ਦੋਬਾਰਾ ਉਹ ਵਿਚਾਰਾ ਨਾ ਕਦੇ ਮੈਨੂੰ ਮਿਲਿਆ ਤੇ ਨਾ ਹੀ ਮੈਂ ਕਦੇ ਉਸਨੂੰ ਕਿਸੇ ਸਭਾ ਦੇ ਸਮਾਗਮ ਵਿੱਚ ਵੇਖਿਆ...ਮਤਲਬ ਕਿ ਉਹ ਕਵਿਤਾ ਨੂੰ ਹਮੇਸ਼ਾ ਵਾਸਤੇ ਅਲਵਿਦਾ ਕਹਿ ਗਿਆ...।"

" ਬਾਬਿਓ, ਬਿਲਕੁਲ ਸਹੀ ਕਹਿੰਦੇ ਹੋ ਤੁਸੀਂ..ਬਹੁਤ ਬੇੜਾ ਗਰਕ ਕੀਤਾ ਕਈ ਅਖੌਤੀ ਸਾਹਿਤਕਾਰਾਂ ਤੇ ਆਲੋਚਕਾਂ ਨੇ...

ਅੱਜ ਕੱਲ੍ਹ ਇੱਕ ਹੋਰ ਲਹਿਰ ਚੱਲੀ ਹੋਈ ਹੈ ਬਾਬਿਓ..ਅਖੇ-ਇਹ ਦਲਿਤ ਸਾਹਿਤ ਹੈ... ਵਿਦੇਸ਼ੀ... ਪਰਵਾਸੀ... ਫਲਾਣਾ ਇਹ ਟਿਮਕਾਣਾ ਸਾਹਿਤ ਹੈ...ਪਰ ਬਾਬਿਓ, ਇਹਨਾਂ ਨੂੰ ਇਹ ਸਮਝ ਪਤਾ ਨਹੀਂ ਕਦੋਂ ਆਉਣੀ ਐ ਕਿ ਸਾਹਿਤ ਤਾਂ ਅਖੀਰ ਸਾਹਿਤ ਹੀ ਹੁੰਦਾ ਐ...ਇਹਨਾਂ ਅਖੌਤੀ ਬੁੱਧੀਜੀਵੀਆਂ ਨੇ ਸਾਹਿਤ ਨੂੰ ਵੀ ਜਾਤਾਂ, ਧਰਮਾਂ ਤੇ ਖੇਤਰਾਂ ਵਿੱਚ ਵੰਡ ਦਿੱਤਾ ਐ...ਕੀ ਕਰੀਏ ਬਾਬਿਓ...ਕਿਤੇ ਕੋਈ ਚੰਗੀ ਲੋਅ ਦੀ ਕਿਰਨ ਵਿਖਾਈ ਨਹੀਂ ਦਿੰਦੀ...ਕਰੋ ਕੋਈ ਹੀਲਾ...।"

" ਓਹ ਗੋਗੀ...ਮੈਂ ਕਿਹੜਾ ਹੀਲਾ ਕਰਨੈ...? ਲੱਗਦੈ ਪਿੱਛੈ ਕੋਈ ਫੋਨ ਆ ਰਿਹੈ...ਇੱਕ ਮਿੰਟ ਮੈਂ ਦੋਬਾਰਾ ਕਰਦਾਂ...ਲੱਗਦੈ ਮੇਰੇ ਵੱਡੇ ਪੁੱਤਰ ਗੁਰੀ ਦਾ ਫੋਨ ਆ ਰਿਹੈ...।"

"ਓ ਕੇ ਬਾਬਿਓ... ਠੀਕ ਐ...।"

... ... ... ...

" ਕਿਸਦਾ ਫੋਨ ਸੀ...? ਘੰਟਾ ਹੋ ਗਿਐ ਮਗਜ਼ਮਾਰੀ ਕਰਦੀ ਨੂੰ...ਕਿੰਨੀ ਦੇਰ ਦਾ ਫੋਨ ਮਿਲਾ ਰਹੀ ਆਂ..ਜਦੋਂ ਮਿਲਾਉ ਅੱਗੇ ਤੋਂ ਕੋਈ ਕੰਜਰੀ ਬੋਲੀ ਜਾਂਦੀ ਐ, ਤੁਸੀਂ ਜਿਸਨੂੰ ਫੋਨ ਮਿਲਾਇਆ ਐ ਉਹ ਕਿਸੇ ਹੋਰ ਨਾਲ ਬਿਜ਼ੀ ਐ..ਕਿਸੇ ਹੋਰ ਨਾਲ ਬਿਜ਼ੀ ਐ...ਕੌਣ ਸੀ?...ਕਿਸਦੇ ਨਾਲ ਖੀ ਖੀ ਹੀ ਹੀ ਕਰੀ ਜਾ ਰਹੇ ਸੀ...ਹੇਠਾਂ ਆ ਜਾਉ ਖਾਣਾ ਤਿਆਰ ਐ...?"

ਗੋਗੀ ਦੀ ਘਰ ਵਾਲੀ ਦਾ ਫੋਨ ਆ ਜਾਂਦਾ ਹੈ

"ਉਹ ਯਾਰ ਮੂਨ ਲਾਈਟ ਦਾ ਫੋਨ ਸੀ...।"

" ਇਹ ਕਿਹੜਾ ਕੰਜਰ ਹੈ ਮੂਨ ਲਾਈਟ...ਝੂਠ ਤਾਂ ਸੱਚਾ ਤੇ ਦੇਖ ਸੁਣ ਕੇ ਬੋਲਿਆ ਕਰ...?"

" ਉਹ ਯਾਰ ਚੰਦਰ ਪ੍ਰਕਾਸ਼...ਦੂਰਦਰਸ਼ਨ ਵਾਲਾ ਭਾਈ...।"

" ਚਲੋ ਫਿਰ ਤਾਂ ਕੋਈ ਨਹੀਂ, ਮੈਂ ਸੋਚਿਐ ਪਤਾ ਨਹੀਂ ਕਿਸਦੇ ਨਾਲ ਠਰਕ ਭੋਰ ਰਿਹੈ ਸ਼ਾਮ ਦਾ...।"

" ਬੱਬੀ..ਤੂੰ ਵੀ ਯਾਰ, ਅਜੇ ਵੀ ਸ਼ੱਕ ਕਰੀ ਜਾਂਦੀ ਐਂ...ਪਚਵੰਜਾ ਦਾ ਹੋ ਗਿਆਂ ਮੈਂ...ਹੁਣ ਇਸ ਉਮਰ ਵਿੱਚ ਮੈਨੂੰ ਕਿਹੜਾ ਕਿਸੇ ਹੁਸਨ ਪਰੀ ਨੇ ਫੋਨ ਕਰਨੈ !...ਇਹੀ ਇਸ ਵਰਗੇ

ਸੱਤਰੇ-ਬੱਹਤਰਿਆਂ ਨੇ ਹੀ ਕਰਨੈ...ਮੇਰੀ ਕਿਸਮਤ ਵਿੱਚ ਵੀ ਨਾ ਇਹਨਾਂ ਬੁੱਢਿਆਂ ਠੇਰਿਆਂ ਨਾਲ ਹੀ ਬਾਵਾਸਤਾ ਪੈਣਾ ਲਿਖਿਐ...ਵੈਸੇ ਸੱਚ ਦੱਸਾਂ...ਕਮਾਲ ਦਾ ਬੰਦਾ ਐ ਮੂਨ ਲਾਈਟ... ਸਰਕਾਰੀ ਨੌਕਰੀ ਕਰਦਾ ਹੁੰਦਾ ਸੀ...ਉੱਚੀ ਪਦਵੀ ਉੱਪਰ ਬਿਰਾਜਮਾਨ ਸੀ...ਨਾਲ ਨਾਲ ਸਰਕਾਰੀ ਟੀਵੀ ਉੱਪਰ ਪੰਦਰਵਾੜੇ ਵਾਲਾ ਵਿਡੀਓ ਸਾਹਿਤਕ ਪ੍ਰੋਗਰਾਮ ਦਾ ਸੰਚਾਲਣ ਕਰਦਾ ਸੀ...ਨਾਲ ਨਾਲ ਹੀ ਇੱਕ ਸਾਹਿਤਕ ਰਸਾਲੇ ਦਾ ਸੰਪਾਦਨ ਵੀ ਕਰਦਾ ਸੀ...ਉਨ੍ਹੀਂ ਦਿਨੀਂ ਸਾਹਿਤਕ ਹਲਕਿਆਂ ਵਿੱਚ ਇਸਦੀਆਂ ਚੰਮ ਦੀਆਂ ਚਲਦੀਆਂ ਸਨ...ਖਾਸ ਕਰਕੇ ਮਹਿਲਾ ਸਾਹਿਤਕਾਰਾਂ ਵਿੱਚ ਤਾਂ ਇਸ ਨਾਲ ਦੋਸਤੀ ਕਰਨ ਦੀ ਹੋੜ ਲੱਗੀ ਰਹਿੰਦੀ ਸੀ...ਉਹਨਾਂ ਦਾ ਕਿਹਾ ਇਹ ਅਕਸਰ ਮੋੜਦਾ ਨਹੀਂ ਸੀ...ਪੁਰਸ਼ਾਂ ਦੀਆਂ ਕਹਾਣੀਆਂ ਬਿਨਾਂ ਪੜ੍ਹਿਆਂ ਮੋੜ ਦਿੰਦਾ ਸੀ ਤੇ ਔਰਤਾਂ ਦੀਆਂ ਬਿਨਾਂ ਪੜ੍ਹਿਆਂ ਫੋਟੂ ਸਮੇਤ ਛਾਪ ਦਿੰਦਾ ਸੀ... ਔਰਤਾਂ ਜਾਨ ਵਾਰਨ ਨੂੰ ਫਿਰਦੀਆਂ ਸਨ...ਜਿੱਥੇ ਪੁਰਸ਼ ਸਾਹਿਤਕਾਰਾਂ ਵਾਸਤੇ ਆਕੜ ਇਸਦੇ ਜ਼ਿਹਨ ਵਿੱਚ ਲਬੋਲਬ ਭਰੀ ਸੀ...ਐਨ ਕਿਰਲੇ ਵਾਂਗ ਆਕੜਿਆ ਰਹਿੰਦਾ ਸੀ... ਉੱਥੇ ਦੂਸਰੇ ਪਾਸੇ ਔਰਤਾਂ ਵਾਸਤੇ ਓਨਾ ਹੀ ਲਚਕੀਲਾ ਤੇ ਚਮਕੀਲਾ ਸੀ...ਔਰਤਾਂ ਦੇਖਦੇ ਹੀ ਜੇ ਇਸ ਦੀਆਂ ਰਾਲ਼ਾਂ ਲਗਾਤਾਰ ਵਗਦੀਆਂ ਨਹੀਂ ਸਨ ਤਾਂ ਰੁਕਦੀਆਂ ਵੀ ਘੱਟ ਹੀ ਸਨ...ਬਸ ਫਿਰ ਇੱਕ ਦਿਨ ਇਹ ਸੇਵਾ ਮੁਕਤ ਹੋ ਗਿਆ...ਟੀਵੀ ਪ੍ਰੋਗਰਾਮ ਵੀ ਖੁੱਸ ਗਿਆ... ਸਾਹਿਤਕ ਰਸਾਲਾ ਵੀ ਬੰਦ ਹੋ ਗਿਆ...ਨਾ ਕੋਈ ਪੁਰਸ਼ ਤੇ ਨਾ ਕੋਈ ਮਹਿਲਾ ਘਾਹ ਪਾਉਂਦੀ ਐ ਇਸਨੂੰ...ਹੁਣ ਇਹ ਵੈਸੇ ਵੀ ਸੱਤਰਿਆ ਬੱਹਤਰਿਆ ਗਿਐ...ਰੋਜ਼ ਹੀ ਮੇਰੇ ਵਰਗਿਆਂ ਨੂੰ ਫੋਨ ਮਿਲਾ ਲੈਂਦੈ...ਐਵੇਂ ਘੰਟੇਬੱਧੀ ਝੱਲ ਵਲੱਲੀਆਂ ਮਾਰੀ ਜਾਂਦੈ...ਪਰ ਇੱਕ ਗੱਲ ਐ, ਇਸਨੇ ਕੁਝ ਕਮਾਲ ਦੀਆਂ ਕਹਾਣੀਆਂ ਲਿਖੀਆਂ ਨੇ...ਸਾਹਿਤ ਨੂੰ ਇਸਦੀ ਦੇਣ ਨੂੰ ਝੁਠਲਾਇਆ ਨਹੀਂ ਜਾ ਸਕਦਾ...ਪਰ ਹੁਣ ਇਸਦੇ ਪੁੱਤਰਾਂ ਨੇ ਇਸਦੀ ਮੱਤ ਮਾਰੀ ਹੋਈ ਐ...ਨਿੱਕਾ ਪੁੱਤਰ ਸਪਰਿਵਾਰ ਵਿਦੇਸ਼ ਚਲਾ ਗਿਐ ..ਵੱਡਾ ਨੌਕਰੀ ਦੇ ਚੱਕਰਾਂ ਵਿੱਚ ਇਸ ਦੇ ਸ਼ਹਿਰ ਤੋਂ ਤਿੰਨ ਚਾਰ ਸੋ ਮੀਲ ਦੂਰ ਪੈਂਦੇ ਸ਼ਹਿਰ ਵਿੱਚ ਪਰਿਵਾਰ ਸਮੇਤ ਰਹਿੰਦੈ... ਵਿਦੇਸ਼ ਆਪਣੇ ਨਿੱਕੇ ਮੁੰਡੇ ਕੋਲ ਇਹ ਇਸ ਕਰਕੇ ਨਹੀਂ ਜਾਂਦਾ ਕਿਉਂਕਿ ਇਸਨੂੰ ਹਵਾਈ ਸਫਰ ਦਾ ਫੋਬੀਆ ਹੈ...ਇਸਨੂੰ ਲੱਗਦੈ ਬਈ ਜਿਸ ਦਿਨ ਇਹ ਜਹਾਜ਼ ਚੜ੍ਹੇਗਾ ਉਸੇ ਦਿਨ ਇਸਦੀ ਪੱਕੀ ਚੜ੍ਹਾਈ ਹੋ ਜਾਣੀ ਐ...ਪਤਨੀ ਦੇ ਹੁੰਦਿਆਂ ਇਹ ਦੋਵੇਂ ਵੱਡੇ ਮੁੰਡੇ ਕੋਲ ਜਾ ਆਉਂਦੇ ਸਨ ਸਾਲ ਛੇਹੀਂ ਮਹੀਨੀ ਪਰ ਜਦੋਂ ਦੀ ਪਤਨੀ ਗੁਜਰ ਗਈ ਐ ਤਦ ਤੋਂ ਇਸਨੇ ਵੱਡੇ ਕੋਲ ਵੀ ਜਾਣਾ ਛੱਡ ਦਿੱਤੈ...ਬਸ ਹੁਣ ਸਾਰਾ ਦਿਨ ਬੌਂਦਲਿਆ ਜਿਹਾ ਰਹਿੰਦੈ...ਹਰ ਤੀਸਰੇ ਦਿਨ ਮੈਨੂੰ ਫੋਨ ਉੱਪਰ ਘੇਰ ਲੈਂਦੈ... ਬਸ ਇੰਜ ਇਸਦਾ ਸਾਹਿਤਕ ਤੇ ਬੌਧਿਕ ਤੋਰੀ ਫੁਲਕਾ ਚਲੀ ਜਾਂਦੈ...ਅੱਛਾ ਇੱਕ ਮਿੰਟ ਫਿਰ ਉਸਦਾ ਫੋਨ ਆ ਰਿਹੈ... ।"

" ਰੋਟੀ ਖਾਣੀ ਹੋਵੇਗੀ ਤਾਂ ਹੇਠਾਂ ਆ ਜਾਣਾ ਨਹੀਂ ਤਾਂ ਤੁਹਾਡੀ ਮਰਜ਼ੀ...।"

ਗੋਗੀ ਦੀ ਪਤਨੀ ਗੁੱਸੇ ਨਾਲ ਫੋਨ ਕੱਟ ਦਿੰਦੀ ਹੈ

ਗੋਗੀ ਦੇ ਫੋਨ ਦੀ ਘੰਟੀ ਫਿਰ ਵਜਦੀ ਹੈ

" ਤੇਰਾ ਫੋਨ ਨਹੀਂ ਮਿਲ ਰਿਹਾ ਸੀ...ਲਾਈਨੇ ਵਿਅਸਤ ਹੈਂ, ਲਾਈਨੇ ਵਿਅਸਤ ਹੈਂ...ਦੋ ਵਾਰ ਮਿਲਾਇਆ ਪਰ ਵਾਰ ਵਾਰ ਕੱਟ ਹੋਈ ਜਾ ਰਿਹਾ ਸੀ...ਉਹ ਯਾਰ ਮੈਂ ਆਪਣੇ ਇੱਕ ਦੋਸਤ ਨਾਲ ਗੱਲ ਕਰ ਰਿਹਾ ਸੀ...ਕੀ ਕਿਹਾ ਕੋਈ ਗਰਲ ਫਰੈਂਡ...? ਨਹੀਂ ਯਾਰ ਕੋਈ ਗਰਲ ਫਰੈਂਡ ਨਹੀਂ ਐ...ਉਹ ਹੈ ਯਾਰ ਮੇਰਾ ਇੱਕ ਫੁੱਕਰਾ ਜਿਹਾ ਸਾਹਿਤਕ ਦੋਸਤ...ਤੇਰੀ ਕੁ ਉਮਰ ਦਾ ਹੀ ਹੈ...ਚੌਵੀ ਘੰਟੇ..ਸੱਤੇ ਦਿਨ ਫੇਸਬੁੱਕ ਉੱਪਰ ਹੀ ਰਹਿੰਦੈ...ਮਾੜੀ ਮੋਟੀ ਕਹਾਣੀ ਲਿਖ ਲੈਂਦੈ... ਅਖ਼ਬਾਰਾਂ ਵਿੱਚ ਝੱਖ ਮਾਰਦਾ ਰਹਿੰਦੈ...ਉਸਨੂੰ ਬਥੇਰਾ ਕਿਹਾ ਕਿ ਅਖ਼ਬਾਰਾਂ ਵਾਸਤੇ ਨਾ ਲਿਖਿਆ ਕਰ ਪਰ ਨਹੀਂ ਆਪਣੀ ਅਖ਼ਬਾਰ ਵਿੱਚ ਛਪੀ ਫੋਟੂ ਦੇਖਣ ਵਾਸਤੇ ਕੱਚਾ ਅੱਲਾ ਲਿਖੀ ਜਾਂਦੈ...ਉਸਦੀ ਪਹਿਲੀ ਕਹਾਣੀ ਮੈਂ ਹੀ ਛਾਪੀ ਸੀ ਆਪਣੇ ਰਸਾਲੇ ਵਿੱਚ...ਬਸ ਉਸਦੇ ਵੱਟੇ ਅੱਜ ਤੱਕ ਐਂਵੇਂ ਹੀ ਦੂਏ ਤੀਏ ਦਿਨ ਫੋਨ ਮਿਲਾ ਲੈਂਦੈ...ਮਿਲਾ ਕੇ ਫਿਰ ਲੱਗ ਪੈਂਦਾ ਹੈ ਇੱਧਰ ਉਧਰ ਦੀਆਂ ਬਿਨ ਸਿਰ ਪੈਰ ਦੀਆਂ ਮਾਰਨ...ਮੈਂ ਇਹ ਲਿਖਿਆ...ਮੈਂ ਉਹ ਝਰੀਟਿਆ...ਬਥੇਰਾ ਕਿਹਾ ਕਿ ਹੁਣ ਤਾਂ ਕੁਝ ਸਮਝਦਾਰ ਬਣ ਜਾ ਪਰ ਮੰਨਦਾ ਨਹੀਂ ਹੈਗਾ...ਬਥੇਰਾ ਕਿਹਾ ਕਿ ਆ ਫੇਸਬੁੱਕੀ ਸਾਹਿਤਕਾਰ ਨਾ ਬਣ...ਕੁਝ ਸੀਰੀਅਸ ਹੋਜਾ ...ਪਰ ਮੇਰੀ ਮੰਨਦਾ ਹੀ ਨਹੀਂ ਬਸ ਆਪਣੀਆਂ ਮਾਰੀ ਜਾਂਦੈ...ਗੁਰੀ ਮੈਂ ਈ ਬੋਲੀਂ ਜਾ ਰਿਹਾਂ...ਤੂੰ ਬੋਲਦਾ ਨਹੀਂ...ਹੈਲੋ ਗੁਰੀ...ਹੈਂ...ਇਹ ਕੀ ਗੁਰੀ ਤੇਰੇ ਨਾਲ ਹੀ ਗੱਲ ਕਰਦਾਂ ਪਿਆਂ ਤੇ ਪਿੱਛੇ ਤੇਰਾ ਹੀ ਫੋਨ ਆਈ ਜਾਂਦੈ...ਉਹ ਤੇਰੀ ਹੈਂ...ਲਗਦੈ ਗੋਗੀ ਦਾ ਫੋਨ ਮਿਲ ਗਿਆ ਸੀ...ਓਹ ਗੋਗੀ...ਓਹ ਯਾਰ ਬਸ ਐਵੇਂ ....ਅੱਛਾ ਦੋਬਾਰਾ ਕਰਦਾਂ ਫੋਨ...ਇੱਕ ਤਾਂ ਸਾਲਾ ਚਸ਼ਮਾ ਦੋਬਾਰਾ ਬਦਲਾਉਣ ਵਾਲਾ ਹੋਇਆ ਪਿਐ...ਪਤਾ ਨਹੀਂ ਚਲਦਾ ਕਿ ਫੋਨ ਗੁਰੀ ਨੂੰ ਮਿਲਾਇਆ ਕਿ ਗੋਗੀ ਨੂੰ....।"

(ਮੋ.) 94171-73700

---

**ਪੰਨਾ ਨੰ. 75 ਦਾ ਬਾਕੀ**

ਮੈਂ ਹੈਰਾਨ ਸਾਂ ਅੱਜ ਪਹਿਲੇ ਦਿਨ ਮੈਂ ਉਹਦੇ ਮੂੰਹੋਂ ਰਣਜੀਤ ਦਾ ਪੂਰਾ ਨਾਂਅ ਸੁਣ ਰਿਹਾ ਸੀ।

ਦਰਸ਼ਨ ਸਿੰਘ ਰਣਜੀਤ ਦੇ ਮੋਢੇ ਤੇ ਹੱਥ ਰੱਖ ਕੇ ਮੇਰੇ ਤੋਂ ਪਾਸੇ ਲਿਜਾਦਿਆਂ ਬੋਲਿਆ ਹਾਲਾਂਕਿ ਮੈਨੂੰ ਉਹਨਾਂ ਦੀ ਸਾਰੀ ਗੱਲ ਸੁਣ ਰਹੀ ਸੀ "ਤੈਨੂੰ ਜਸਪਾਲ ਬਾਰੇ ਤਾਂ ਪਤਾ ਈ ਹੋਣਾਂ । ਉਹਦੀ ਸਲੈਕਸ਼ਨ ਹੋਗੀ ਸੀ ਅਮ੍ਰਿਤਸਰ ਅਕੈਡਮੀ ਵਿੱਚ । ਤੇਰਾ ਬਹੁਤ ਬਹੁਤ ਧੰਨਵਾਦ ਬੇਟਾ.ਜੇ ਤੂੰ ਚੇਅਰਮੈਨ ਸਾਬ ਨੂੰ ਨਾ ਕਹਿੰਦਾ ਤਾਂ ਸ਼ਾਇਦ ...!"

"ਮਾਸਟਰ ਜੀ ਕੀ ਗੱਲ ਕਰਦੇ 'ਚ ਉਹ ਵੀ ਤਾਂ ਮੇਰਾ ਭਰਾ ਈ ਐ । ਕੀ ਮੈਂ ਉਹਦੇ ਲਈ ਐਨਾ ਵੀ ਨੀ ਕਰ ਸਕਦਾ । ਫਿਕਰ ਨਾ ਕਰੋ.... ਹੁਣ ਉਹਦਾ ਰਾਹ ਬਣ ਗਿਐ, ਬਹੁਤ ਅੱਗੇ ਜਾਵੇਗਾ।"

"ਬੇਟਾ ਧਿਆਨ ਰੱਖੀਂ ਤੇਰੀ ਉਹਨੂੰ ਅੱਗੇ ਵੀ ਲੋੜ ਪੈ ਸਕਦੀ ਐ।" ਮਾਸਟਰ ਦਰਸ਼ਨ ਸਿੰਘ ਲਾਚਾਰਾਂ ਵਾਂਗ ਉਹਦਾ ਹੱਥ ਘੁੱਟੀ ਖੜ੍ਹਾ ਸੀ।

## ਸਾਂਵਲੀ ਕੁੜੀ / ਸਿਮਰਨ ਧਾਲੀਵਾਲ

"ਰਿਸ਼ਮ ਮੇਰੇ ਦਿਮਾਗ਼ ਵਿੱਚ ਨਹੀਂ ਮੇਰੇ ਦਿਲ ਵਿੱਚ ਸੀ।"

ਮੈਨੂੰ ਲੱਗਿਆ ਜਿਵੇਂ ਹੁਣੇ ਕੁੰਵਰ ਬੋਲਿਆ ਹੋਵੇ। ਪਰ ਨਹੀਂ ਇਹ ਤਾਂ ਮੇਰਾ ਭੁਲੇਖਾ ਸੀ। ਉਹਨੂੰ ਤਾਂ ਮੈਂ ਆਖਰੀ ਵਾਰ ਬੋਲਦਿਆਂ ਦੋ ਦਿਨ ਪਹਿਲਾਂ ਸੁਣਿਆਂ ਸੀ। ਹੁਣ ਤਾਂ ਉਹ ਮੇਰੇ ਸਾਹਮਣੇ ਪਿਆ ਹੈ। ਸ਼ਾਂਤ। ਅਡੋਲ। ਨਿਸ਼ਬਦ। ਡਾਕਟਰ ਆਖਦੇ ਨੇ, ਕੁੰਵਰ ਦਾ ਬ੍ਰੇਨ ਕੰਮ ਕਰਨੋਂ ਹਟਦਾ ਜਾ ਰਿਹਾ। ਉਸਨੂੰ ਹਰ ਪਲ ਮਰਦਿਆਂ ਦੇਖ ਰਹੀ ਹਾਂ। ਕਦੀ-ਕਦੀ ਮਨ ਵੱਸੋਂ ਬਾਹਰ ਹੋ ਜਾਂਦਾ। ਅੱਥਰੂ ਬੇਰੋਕ ਵਹਿ ਤੁਰਦੇ ਨੇ। ਪਰ ਫਿਰ ਵੀ ਸੰਭਾਲਦੀ ਹਾਂ ਖ਼ੁਦ ਨੂੰ। ਸਿਰਫ ਇਸ ਲਈ ਕਿ ਜੇਕਰ ਮੈਂ ਵੀ ਡੋਲ ਗਈ ਤਾਂ ...। ਛੋਟੀ ਜਿਹੀ ਸੋਫ਼ੀਆ ਦੇ ਚਿਹਰੇ ਵੱਲ ਦੇਖਕੇ ਜਿਵੇਂ ਜਿਉਣ ਦਾ ਹੌਸਲਾ ਮਿਲਦਾ ਹੈ। ਜਾਣਦੀ ਹਾਂ ਕੁੰਵਰ ਤਾਂ ...। ਪਰ ਸੋਫ਼ੀਆ ਨਿਸ਼ਾਨੀ ਹੈ ਸਾਡੇ ਰਿਸ਼ਤੇ ਦੀ। ਉਹ ਕੁੰਵਰ ਵਰਗੀ ਹੈ। ਸ਼ਕਲੋਂ ਵੀ ਤੇ ਤਬੀਅਤ ਤੋਂ ਵੀ। ਕੁੰਵਰ ਸੋਫ਼ੀਆ ਬਣਕੇ ਜਿਉਂਦਾ ਰਹੇਗਾ ਮੇਰੇ ਕੋਲ।

ਮੇਰੇ ਸਾਹਵੇਂ ਪੰਜ ਸਾਲ ਪਹਿਲਾਂ ਵਾਲਾ ਕੁੰਵਰ ਆਣ ਖੜ੍ਹਦਾ ਹੈ।

ਧੀਰ ਆਂਟੀ ਰਿਸ਼ਤਾ ਲੈ ਕੇ ਆਏ ਸੀ ਮੇਰੇ ਲਈ। ਮੈਂ ਉਦੋਂ ਫਾਈਨਲ ਦੇ ਪੇਪਰ ਦੇ ਰਹੀ ਸਾਂ। ਉਹਨਾਂ ਮੰਮਾ ਕੋਲ ਕੁੰਵਰ ਦੀਆਂ ਤਾਰੀਫ਼ਾਂ ਦੇ ਢੇਰ ਲਗਾ ਦਿੱਤੇ।

"ਭੈਣ ਜੀ! ਮੁੰਡਾ ਜਿੰਨਾ ਸੋਹਣਾ ਉਸਤੋਂ ਕਿਤੇ ਵੱਧ ਸਿਆਣਾ। ਤੁਸੀਂ ਇੱਕ ਵਾਰ ਝਾਤੀ ਤਾਂ ਮਾਰੋ।" ਰਿਸ਼ਤਾ ਤਾਂ ਹੋਣਾ ਹੀ ਸੀ ਪਰ ਇੰਨੀ ਜਲਦੀ ਮੈਨੂੰ ਆਸ ਵੀ ਨਹੀਂ ਸੀ। ਮੈਂ ਇੱਕ ਦਿਨ ਕਾਲਜ ਤੋਂ ਮੁੜੀ ਤਾਂ ਘਰੇ ਧੀਰ ਆਂਟੀ ਨਾਲ ਦੋ ਕੁ ਜਾਣੇ ਹੋਰ ਆਏ ਬੈਠੇ ਸਨ। ਕੁੰਵਰ ਦੀ ਮੈਨੂੰ ਪਿੱਠ ਦਿੱਸੀ ਸੀ। ਮੈਂ ਸੂਟ ਬਦਲਿਆ ਤੇ ਮੰਮਾ ਮੈਨੂੰ ਡਰਾਇੰਗ ਰੂਮ ਵਿੱਚ ਲੈ ਗਏ।

"ਭੈਣ ਜੀ! ਮੈਨੂੰ ਤਾਂ ਦੋਵੇਂ ਘਰ ਇੱਕੋ ਜਿਹੇ ਨੇ। ਪਰਿਵਾਰਾਂ ਦਾ ਮੇਲ ਬੜਾ ਸੋਹਣਾ ਏ। ਬਾਕੀ ਸਾਡੇ ਕੋਲ ਤਾਂ ਧੀ ਹੀ ਧੀ ਆ। ਪਿਉ ਸਿਰ 'ਤੇ ਨਹੀਂ। ਭੈਣ ਜੀ ਨੇ ਪੜ੍ਹਾ-ਲਿਖਾ ਦਿੱਤਾ ਬੱਸ ਮਿਹਨਤ ਕਰਕੇ।" ਧੀਰ ਆਂਟੀ ਨੇ ਕੁੰਵਰ ਦੀ ਮੰਮੀ ਨੂੰ ਆਖਿਆ ਸੀ। ਪਰ ਬੋਲੇ ਉਸਦੇ ਪਾਪਾ ਸਨ।

"ਤੁਸੀਂ ਬੇਫ਼ਿਕਰ ਰਹੋ ਭੈਣ ਜੀ! ਸਾਨੂੰ ਵੀ ਤਾਂ ਬੱਸ ਧੀ ਚਾਹੀਦੀ।"

ਸਭ ਜਦੋਂ ਗੱਲੀਂ ਲੱਗੇ ਹੋਏ ਸੀ, ਮੈਂ ਚੋਰ ਅੱਖ ਨਾਲ ਕੁੰਵਰ ਵੱਲ ਦੇਖਿਆ। ਗੋਰਾ ਰੰਗ। ਮਾਸੂਮ ਜਿਹਾ ਚਿਹਰਾ। ਮੋਟੀਆਂ ਅੱਖਾਂ ਤੇ ਅਦਾਕਾਰਾਂ ਵਰਗੇ ਬਣਾਏ ਹੋਏ ਵਾਲ।

ਜਿਵੇਂ ਦਿਲ ਹਾਰ ਬੈਠੀ।

"ਮੇਰੇ ਖ਼ਿਅਲ 'ਚ ਬੱਚੇ ਆਪਸ ਵਿੱਚ ਗੱਲ-ਬਾਤ ਕਰ ਲੈਣ ਤਾਂ ਬਹਿਤਰ ਹੋਏਗਾ।" ਧੀਰ ਆਂਟੀ ਦੀ ਗੱਲ ਨਾਲ ਮੈਂ ਸ਼ਰਮਾ ਗਈ। ਉਹਨਾਂ ਮੈਨੂੰ ਤੇ ਕੁੰਵਰ ਨੂੰ ਛੱਤ ਉੱਪਰ ਭੇਜ ਦਿੱਤਾ। ਦਿਨ ਢਲ ਰਿਹਾ ਸੀ। ਆਸਮਾਨ ਵਿੱਚ ਬੱਦਲ ਸਨ। ਅਸੀਂ ਇੱਕ ਦੂਜੇ ਸਾਹਮਣੇ ਮੌਨ ਧਾਰੀ ਖਲੋਤੇ ਰਹੇ। ਕੁੰਵਰ ਦੀਆਂ ਨਜ਼ਰਾਂ ਨੀਵੀਆਂ ਸਨ।

"ਕਿੰਨਾ ਸ਼ਰਮਾਕਲ ਹੈ ਇਹ ਤਾਂ।" ਮੈਂ ਮਨ ਵਿੱਚ ਸੋਚ ਕੇ ਮੁਸਕੁਰਾ ਪਈ।

"ਮਾਸਟਰ ਕਾਹਦੇ ਵਿੱਚ ਹੈ ਤੁਹਾਡੀ?" ਗੱਲ ਤੋਰਨ ਦੇ ਬਹਾਨੇ ਮੈਂ ਐਵੇਂ ਹੀ ਪੁੱਛ ਲਿਆ।



"ਜੀ ਇੰਗਲਿਸ਼ ਲਿਟਰੇਚਰ ਵਿੱਚ।" ਕੁੰਵਰ ਬੋਲਿਆ ਤਾਂ ਸਹੀ ਪਰ ਉਹਨੇ ਨਜ਼ਰਾਂ ਨੀਵੀਆਂ ਰੱਖੀਆਂ।

ਥੋੜ੍ਹਾ-ਥੋੜ੍ਹਾ ਮੈਂ ਹੈਰਾਨ ਵੀ ਸਾਂ। ਅੰਗਰੇਜ਼ੀ ਸਾਹਿਤ ਪੜ੍ਹਨ ਵਾਲਾ ਇਹ ਮੁੰਡਾ ਇੰਨਾ ਕਿਉਂ ਸ਼ਰਮਾਈ ਜਾਂਦਾ? ਪਰ ਹੁਣ ਮੈਨੂੰ ਮੋੜਵੇਂ ਸਵਾਲ ਦੀ ਆਸ ਸੀ।

"ਨੀਚੇ ਚੱਲੀਏ ਫੇਰ?" ਕੁੰਵਰ ਨੇ ਨਜ਼ਰਾਂ ਚੁੱਕ ਕੇ ਮੇਰੇ ਵੱਲ ਦੇਖਿਆ ਤੇ ਹਲਕਾ ਜਿਹਾ ਮੁਸਕੁਰਾ ਪਿਆ।

"ਤੁਸੀਂ ਪੁੱਛਣਾ ਨਹੀਂ ਕੁਝ ਮੈਨੂੰ?" ਮੇਰਾ ਦਿਲ ਕਰਦਾ ਸੀ ਉਹ ਹੋਰ ਗੱਲਾਂ ਕਰੇ। ਪਰ ਇਹ ਮੈਂ ਕਹਿ ਨਾ ਪਾਈ। ਅਸੀਂ ਨੀਚੇ ਆ ਗਏ। ਕੁੰਵਰ ਦੀ ਮੁਸਕੁਰਾਹਟ ਮੇਰੇ ਦਿਲ ਵਿੱਚ ਲਹਿ ਗਈ ਸੀ।

***

ਕੁੰਵਰ ਆਖਿਰੀ ਵਾਰ ਕਦ ਹੱਸਿਆ ਸੀ, ਮੈਨੂੰ ਲੱਗਦਾ ਜਿਵੇਂ ਮੈਂ ਇਹ ਭੁੱਲ ਗਈ ਹੋਵਾਂ।

ਮੈਂ ਚਾਰ ਦਿਨ ਲਈ ਆਪਣੇ ਸਟੂਡੈਂਟਸ ਨਾਲ ਧਰਮਸ਼ਾਲਾ ਗਈ ਸਾਂ। ਕੁੰਵਰ ਤੇ ਸੋਫੀਆ ਮੈਨੂੰ ਸਟੱਾਪ ਤੱਕ ਛੱਡ ਕੇ ਆਏ। ਕਾਲਜ ਬੱਸ ਵਿੱਚ ਬੈਠੀ, ਮੈਂ ਬਾਰੀ ਵਿਚਦੀ ਕੁੰਵਰ ਦੀ ਕਾਰ ਨੂੰ ਉਦੋਂ ਤੱਕ ਦੇਖਦੀ ਰਹੀ, ਜਦ ਤੱਕ ਬੱਸ ਦੂਰ ਨਿਕਲ ਕੇ ਕਾਰ ਮੈਨੂੰ ਦਿਖਾਈ ਦੇਣੋਂ ਨਾ ਹਟੀ। ਇਹ ਸਾਡੇ ਵਿਆਹ ਤੋਂ ਬਾਅਦ ਪਹਿਲਾ ਮੌਕਾ ਸੀ , ਜਦੋਂ ਮੈਂ ਕੁੰਵਰ ਤੇ ਘਰ ਤੋਂ ਦੂਰ ਬਾਹਰ ਰਹਿਣਾ ਸੀ। ਇਹ ਪਹਿਲੀ ਵਾਰ ਸੀ ਜਦੋਂ ਸੋਫ਼ੀਆ ਨੇ ਮੇਰੇ ਤੋਂ ਬਗੈਰ ਚਾਰ ਦਿਨ ਇਕੱਲਿਆਂ ਰਹਿਣਾ ਸੀ। ਧਰਮਸ਼ਾਲਾ ਦੀ ਹਰਿਆਲੀ ਵਿੱਚ ਵੀ ਮੈਨੂੰ ਘਰ, ਕੁੰਵਰ ਤੇ ਸੋਫ਼ੀਆ ਯਾਦ ਆਉਂਦੇ ਰਹੇ। ਮੈਂ ਵੀਡੀਓ ਕਾੱਲ 'ਤੇ ਦੋਨਾਂ ਪਿਉ ਧੀ ਨੂੰ ਦੇਖਦੀ।

ਜਿਸ ਦਿਨ ਅਸੀਂ ਵਾਪਸ ਆ ਰਹੇ ਸਾਂ ਉਸ ਦਿਨ ਆਖਿਰੀ ਵਾਰੀ ਮੇਰੀ ਕੁੰਵਰ ਨਾਲ ਗੱਲ ਹੋਈ। ਉਹ ਘਰੋਂ ਬਾਹਰ ਸੀ ਕਿਤੇ, ਪਰ ਮੈਨੂੰ ਮੇਰੇ ਸਟੱਾਪ ਤੋਂ ਲੈਣ ਆਉਣ ਵਾਲਾ ਸੀ। ਨੇੜੇ ਆ ਕੇ ਮੈਂ ਫੋਨ ਕੀਤਾ। ਪਰ ਕੁੰਵਰ ਦਾ ਨੰਬਰ ਬੰਦ ਆ ਰਿਹਾ ਸੀ। ਮੈਂ ਹੈਰਾਨ ਹੋਈ। ਹੁਣੇ ਥੋੜੀ ਦੇਰ ਪਹਿਲਾਂ ਹੀ ਤਾਂ ਮੇਰੀ ਗੱਲ ਹੋਈ ਸੀ। ਮੈਂ ਪਾਪਾ ਨੂੰ ਫੋਨ ਕੀਤਾ। ਉਹਨਾਂ ਆਖਿਆ, ਕੁੰਵਰ ਕਿੱਧਰੇ ਬਿਜ਼ੀ ਹੈ। ਮੈਂ ਲੈਣ ਆ ਰਿਹਾ। ਮੈਂ ਥੋੜ੍ਹਾ ਹੋਰ ਹੈਰਾਨ ਹੋਈ ਪਰ ਆਖਿਆ ਕੁਝ ਨਾ।

ਪਾਪਾ ਘਰ ਜਾਣ ਦੀ ਥਾਂ ਮੈਨੂੰ ਇੱਥੇ ਲੈ ਆਏ। ਕੁੰਵਰ ਦੇ ਕੋਲ।

ਮੈਂ ਦੇਖ ਕੇ ਸੁੰਨ ਹੋ ਗਈ। ਆਈ.ਸੀ.ਯੂ ਦੇ ਸ਼ੀਸ਼ੇ ਵਿੱਚੋਂ ਕੁੰਵਰ ਦਾ ਬੱਸ ਚਿਹਰਾ ਦਿੱਸਿਆ ਸੀ।

"ਜਦੋਂ ਤੇਰਾ ਫੋਨ ਆਇਆ ਉਦੋਂ ਬਾਅਦ ਹੀ ਕਿਤੇ ਘਰ ਨੂੰ ਆਉਂਦਿਆਂ ਰੋਡ ਡੀਵਾਈਡਰ ਨਾਲ ਸਿਰ ਵੱਜਾ...।" ਦੱਸਦੇ ਹੋਏ ਮੰਮੀ ਰੋਣ ਲੱਗੇ। ਮੇਰੀ ਜਿਵੇਂ ਸੁਰਤੀ ਹੀ ਮਾਰੀ ਗਈ। ਮੈਂ ਰੋਂਦੀ-ਰੋਂਦੀ ਬੇਹੋਸ਼ ਹੋ ਗਈ। ਜਦੋਂ ਹੋਸ਼ ਆਈ। ਮੰਮੀ ਮੇਰਾ ਸਿਰ ਆਪਣੀ ਗੋਦ ਵਿੱਚ ਲਈ ਬੈਠੇ ਸਨ।

ਅੱਜ ਸੱਤਵਾਂ ਦਿਨ ਹੈ।

ਮੈਂ ਹਸਪਤਾਲ ਬੈਠੀ ਹਾਂ। ਉਡੀਕ ਰਹੀ ਹਾਂ। ਕਦੋਂ ਕੁੰਵਰ ਨੂੰ ਹੋਸ਼ ਆਵੇ ਤੇ ਕਦੋਂ ਮੈਂ ਉਸਨੂੰ ਹੱਸਦਿਆਂ ਦੇਖਾਂ।

ਪਰਸੋਂ ਉਸਨੂੰ ਹੋਸ਼ ਆਈ ਸੀ। ਡਾਕਟਰ ਨੇ ਮੈਨੂੰ ਅੰਦਰ ਬੁਲਾਇਆ। ਕੁੰਵਰ ਕੁਝ ਬੋਲ ਰਿਹਾ ਸੀ। ਮੈਂ ਨੇੜੇ ਹੋ ਕੇ ਸੁਨਣ ਦੀ ਕੋਸ਼ਿਸ਼ ਕੀਤੀ। ਮੇਰੀਆਂ ਅੱਖਾਂ ਛਲਕ ਆਈਆਂ।

"ਕੁੰਵਰ ਤੂੰ ਜਲਦੀ ਠੀਕ ਹੋ ਫੇਰ ਆਪਾਂ...।" ਮੈਂ ਉਹਦੇ ਮੱਥੇ 'ਤੇ ਫੇਰਿਆ। ਬਾਹਰ ਆਈ ਘਰ ਫੋਨ ਕੀਤਾ। ਸੋਚਿਆ ਪਾਪਾ ਸੋਫ਼ੀਆ ਨੂੰ ਵੀ ਲੈ ਆਉਣਗੇ। ਵਿਚਾਰੀ ਰੋਜ਼ ਜ਼ਿੱਦ ਕਰਦੀ ਹੈ ਕੁੰਵਰ ਨੂੰ ਮਿਲਣ ਦੀ। ਸਮਝਾ ਦਿਆਂਗੀ ਕਿ ਪਾਪਾ ਬੀਮਾਰ ਨੇ। ਅਜੇ ਕੁਝ ਦਿਨ ਹੋਰ ਇੱਥੇ ਰਹਿਣਗੇ। ਫੇਰ ਆਪਾਂ ਘਰ ਜਾਵਾਂਗੇ। ਪਰ ਉਸੇ ਸ਼ਾਮ ਜਿਵੇਂ ਕੁੰਵਰ ਨੂੰ ਕੋਈ ਦੌਰਾ ਜਿਹਾ ਪਿਆ। ਉਹ ਮੁੜ ਬੇਹੋਸ਼ ਹੋ ਗਿਅ।

ਕੁੰਵਰ ਦਾ ਸਾਥ ਹਰ ਪਲ ਰੇਤ ਵਾਂਗ ਕਿਰਦਾ ਮਹਿਸੂਸ ਹੋ ਰਿਹਾ ਹੈ।

***

ਕੁੰਵਰ ਦੇ ਮੰਮੀ ਨੇ ਮੌਲ਼ੀ ਦੀ ਤੰਦ ਮੇਰੇ ਗੁੱਟ ਉੱਤੇ ਬੰਨ੍ਹ ਕੇ ਸਾਡਾ ਸਾਥ ਤਹਿ ਕਰ ਦਿੱਤਾ ਸੀ। ਅਸੀਂ ਨੀਚੇ ਆਏ। ਦੋਨਾਂ ਪਾਸਿਆਂ ਦੀ ਸਹਿਮਤੀ ਹੋਈ 'ਤੇ ਸ਼ਗਨ ਮੇਰੀ ਝੋਲੀ ਪਾ ਕੇ ਉਹਨਾਂ ਮੈਨੂੰ ਨੂੰਹ ਮਨ ਲਿਆ।

ਦੋ ਕੁ ਮਹੀਨਿਆਂ ਬਾਅਦ ਧੀਰ ਆਂਟੀ ਵਿਆਹ ਦੀ ਤਾਰੀਕ ਦੱਸਣ ਲਈ ਆ ਗਏ। ਅਕਤੂਬਰ ਦੇ ਆਖੀਰ ਵਿੱਚ ਸਾਡਾ ਵਿਆਹ ਸੀ। ਵਿਚਕਾਰ ਦੇ ਇਹਨਾਂ ਦੋ ਕੁ ਮਹੀਨਿਆਂ ਵਿੱਚ ਫੋਨ 'ਤੇ ਹੋਈ ਗੱਲ ਬਾਤ ਦੌਰਾਨ ਹੀ ਕੁੰਵਰ ਨੇ ਦੱਸਿਆ ਸੀ ਕਿ ਉਹ ਪੰਜਾਬੀ ਵਿੱਚ ਕਵਿਤਾਵਾਂ ਲਿਖਦਾ ਹੈ। ਮੈਂ ਕੁੰਵਰ ਦੇ ਇਸ ਹੁੱਨਰ 'ਤੇ ਹੋਰ ਹੈਰਾਨ ਹੋਈ।

"ਅੰਗਰੇਜ਼ੀ ਸਾਹਿਤ ਪੜ੍ਹਨ ਵਾਲਾ ਬੰਦਾ ਕਵਿਤਾਵਾਂ ਪੰਜਾਬੀ ਵਿੱਚ ਲਿਖਦੈ। ਇੰਪਰੈਸਿਵ!" ਮੈਨੂੰ ਮਾਣ ਮਹਿਸੂਸ ਹੋਇਆ ਸੀ।

"ਮੈਂ ਆਪਣੀ ਫੇਵਰਿਟ ਕਵਿਤਾ ਸੁਣਾਉਂਨਾਂ!" ਕੁੰਵਰ ਆਪਣੀ ਲਿਖੀ ਆਪਣੀ ਪਸੰਦ ਦੀ ਕਵਿਤਾ ਸੁਣਾਉਣ ਲਗਿਆ।

"ਇਹ ਸਾਂਵਲੀ ਕੁੜੀ ਹੈ ਕੌਣ ਭਲਾ?" ਉਸਦੀ ਕਵਿਤਾ 'ਸਾਂਵਲੀ ਕੁੜੀ' ਸੁਣ ਕੇ ਮੈਂ ਹਾਸੇ ਨਾਲ ਪੁੱਛਿਆ ਸੀ।

"ਕੋਈ ਵੀ ਨਹੀਂ।" ਮੈਂ ਕੁੰਵਰ ਨੂੰ ਦੇਖ ਨਹੀਂ ਸਾਂ ਰਹੀ ਪਰ ਲੱਗਿਆ, ਜਿਵੇਂ ਉਹਨੇ ਸ਼ਰਮਾ ਕੇ ਨਜ਼ਰਾਂ ਨੀਵੀਆਂ ਕਰ ਲਈਆਂ ਹੋਣ।

"ਮੇਰਾ ਭੋਲੂ ਰਾਮ।" ਮਨ ਵਿੱਚ ਸੋਚ ਕੇ ਮੈਨੂੰ ਕੁੰਵਰ ਉੱਪਰ ਅੰਤਾਂ ਦਾ ਮੋਹ ਆਇਆ ਸੀ।

ਕੁੰਵਰ ਦੇ ਸਾਥ ਦੀ ਕਲਪਨਾ ਕਰਦਿਆਂ-ਕਰਦਿਆਂ ਮੈਂ ਕਦ ਉਹਦੇ ਘਰ ਆ ਗਈ ਮੈਨੂੰ ਖ਼ੁਦ ਨੂੰ ਵੀ ਪਤਾ ਨਾ ਲੱਗਾ। ਸਾਰਾ ਕੁਝ ਜਿਵੇਂ ਮਹਿਕ ਰਿਹਾ ਸੀ। ਕੁੰਵਰ ਮੈਨੂੰ ਪਹਿਲਾਂ ਨਾਲੋਂ ਵੀ ਵੱਧ ਪਿਆਰਾ ਤੇ ਸੋਹਣਾ ਲੱਗਾ।

"ਆਪਾਂ ਸਿਰਫ਼ ਗੱਲਾਂ ਕਰਾਂਗੇ। ਪੂਰੀ ਜ਼ਿੰਦਗੀ ਸਾਡੇ ਮੂਹਰੇ ਬਾਕੀ ਪਈ ਹੈ।" ਪਹਿਲੀ ਰਾਤ ਬੈਡਰੂਮ ਵਿੱਚ ਆਉਂਦਿਆਂ, ਉਸ ਨੇ ਹੋਰ ਵੀ ਸੋਹਣੀ ਗੱਲ ਕੀਤੀ ਸੀ। ਸਾਰੀ



ਰਾਤ ਜਿਵੇਂ ਗੱਲਾਂ ਕਰਦਿਆਂ ਬੀਤ ਗਈ। ਅਸੀਂ ਹਜ਼ਾਰਾਂ ਗੱਲਾਂ ਕੀਤੀਆਂ। ਉਸ ਰਾਤ ਹੀ ਕੁੰਵਰ ਨੇ ਰਿਸ਼ਮ ਦਾ ਜ਼ਿਕਰ ਕੀਤਾ ਸੀ।

"ਅਸੀਂ ਯੂਨੀਵਰਸਿਟੀ ਮਿਲੇ ਸਾਂ। ਪਰ ਹਮੇਸ਼ਾ ਲਈ ਨਹੀਂ ਮਿਲ ਸਕੇ।"

ਮੇਰੇ ਚਿਹਰੇ ਵੱਲ ਝਾਕਿਆ ਸੀ ਕੁੰਵਰ।

"ਮੈਂ ਅਸੀਮ ਮੁਹੱਬਤ ਕੀਤੀ ਸੀ ਉਸਨੂੰ। ਪਰ ਹੁਣ ਉਹ ਮੇਰਾ ਪਾਸਟ ਹੈ। ਸ਼ਾਇਦ ਤੈਨੂੰ ਬੁਰਾ ਵੀ ਲੱਗੇ, ਪਰ...।" ਉਸਨੇ ਝਕਦਿਆਂ ਆਖਿਆ ਸੀ।

ਪਰ ਮੈਨੂੰ ਚੰਗਾ ਲੱਗਿਆ ਸੀ।

ਕੁੰਵਰ ਦਾ ਇਉਂ ਸੱਚ ਬੋਲਣਾ। ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰਨਾ। ਮੈਂ ਕੁੰਵਰ ਦੇ ਹਰ ਰੰਗ ਨੂੰ ਅਪਣਾ ਲਿਆ। ਉਹ ਵੀ ਅੰਤਾਂ ਦਾ ਮੋਹ ਕਰਦਾ। ਮੈਂ ਕਿਸੇ ਵੀ ਪਲ ਉਸਤੋਂ ਦੂਰ ਨਾ ਹੁੰਦੀ। ਮੈਂ ਕੁੰਵਰ ਦੀ ਹਰ ਪਸੰਦ ਦਾ ਖ਼ਿਆਲ ਰੱਖਦੀ। ਕਦੋਂ ਕਰੇਲੇ ਮੇਰੇ ਫੇਵਰਿਟ ਬਣ ਗਏ ਮੈਨੂੰ ਪਤਾ ਹੀ ਲੱਗਾ। ਮੈਂ ਭੁੱਲ ਗਈ ਸਾਂ ਕਿ ਪੀਲਾ ਰੰਗ ਮੇਰੀ ਨਹੀਂ ਕੁੰਵਰ ਦੇ ਪਸੰਦ ਹੈ। ਪਤਾ ਨਹੀਂ ਕਿਵੇ ਮੇਰੀ ਅਲਮਾਰੀ ਵਿੱਚ ਪੀਲੇ ਰੰਗ ਦੇ ਸੂਟ ਵਧਣ ਲੱਗੇ। ਸ਼ੋਰੀਲਾ ਸੰਗੀਤ ਹਰ ਵੇਲੇ ਮੇਰੇ ਆਸ-ਪਾਸ ਵੱਜਣ ਲੱਗਾ। ਕਿਤਾਬਾਂ ਮੇਰੇ ਸਿਰਹਾਣੇ ਥੱਲੇ ਟਿਕਣ ਲੱਗੀਆਂ।

ਇਹ ਰੰਗ ਕੁੰਵਰ ਦੇ ਸਨ। ਜਿਹਨਾਂ ਰੰਗਾਂ ਵਿੱਚ ਮੈਂ ਖ਼ੁਦ ਨੂੰ ਰੰਗ ਲਿਆ ਸੀ।

ਮੈਂ ਕੁੰਵਰ ਦੀ ਉਦਾਸੀ ਮਿਟਾਉਣਾ ਚਹੁੰਦੀ ਸਾਂ। ਰਿਸ਼ਮ ਦੇ ਖ਼ਿਆਲਾਂ ਦੀ ਉਦਾਸੀ ਵਿੱਚੋਂ ਉਸਨੂੰ ਬਾਹਰ ਕੱਢਣਾ ਚਾਹੁੰਦੀ ਸਾਂ। ਅਸੀਂ ਘੁੰਮਣ ਲਈ ਗਏ।

ਦੂਰ ਪਹਾੜੀ ਦੇ ਆਖਿਰ 'ਚ ਸਭ ਤੋਂ ਪੁਰਾਣੇ ਹੋਟਲ ਵਿੱਚ ਕਮਰਾ ਬੁੱਕ ਕਰਵਾਇਆ ਸੀ ਕੁੰਵਰ ਨੇ।

"ਕੁੰਵਰ! ਕਿੰਨੇ ਤਾਂ ਹੋਟਲ ਨੇ ਆਪਾਂ ਇੱਥੇ ਕਿਉਂ ਆ ਗਏ?" ਹੋਟਲ ਦੀ ਹਾਲਤ ਦੇਖ ਕੇ ਮੈਂ ਹੈਰਾਨ ਹੋਈ।

"ਮੈਂ ਆਪਣੀ ਕਲਾਸ ਨਾਲ ਇੱਥੇ ਰੁੱਕਿਆ ਸੀ। ਇੱਥੇ ਹੀ ਮੈਂ ਰਿਸ਼ਮ ਨੂੰ ਆਪਣੇ ਦਿਲ ਦੀ ਗੱਲ ਦੱਸੀ ਸੀ। ਕੱਲ੍ਹ ਤੈਨੂੰ ਉਹ ਰੁੱਖ ਦਿਖਾਊਂ ਜਿਸ ਹੇਠ ਅਸੀਂ ਖੜ੍ਹੇ ਸਾਂ ਉਸ ਪਲ।"

ਮੈਂ ਕੁੰਵਰ ਦੀ ਇਸ ਗੱਲ 'ਤੇ ਹੱਸ ਪਈ। ਉਸਦਾ ਚਿਹਰਾ ਮੈਨੂੰ ਹੋਰ ਵੀ ਮਾਸੂਮ ਜਿਹਾ ਲੱਗਿਆ। ਮੈਂ ਉਹਨੂੰ ਬਾਹਾਂ ਵਿੱਚ ਘੁੱਟ ਲਿਆ।

ਅਗਲੇ ਦਿਨ ਅਸੀਂ ਤੜਕਸਾਰ ਉਸ ਰੁੱਖ ਹੇਠਾਂ ਖੜ੍ਹੇ ਸਾਂ ਜਿੱਥੇ ਕੁੰਵਰ ਨੇ ਆਪਣੀ ਮੁਹੱਬਤ ਦਾ ਇਜ਼ਹਾਰ ਕੀਤਾ ਸੀ।

"ਹੂੰਅਅਅ! ਤਾਂ ਇਹ ਹੈ ਰੁੱਖ ਜਿੱਥੇ ਮੇਰੇ ਬੁੱਧ ਜੀ ਨੂੰ ਮੁਹੱਬਤ ਦਾ ਚਾਨਣ ਮਿਲਿਆ ਸੀ।" ਅਸੀਂ ਦੋਵੇਂ ਹੱਸ ਪਏ੍ਹਨ ਦਿਨ ਅਸੀਂ ਰਹੇ ਸਾਂ ਉੱਥੇ। ਕੁੰਵਰ ਨੇ ਆਪਣੀਆਂ ਤੇ ਰਿਸ਼ਮ ਦੀਆਂ ਕਈ ਗੱਲਾਂ ਸੁਣਾਈਆਂ। ਮੈਂ ਸੁਣਦੀ। ਕਦੇ ਹੱਸਦੀ। ਕਦੇ ਗੰਭੀਰ ਹੋ ਜਾਂਦੀ।

ਮੈਨੂੰ ਕੁੰਵਰ ਦੇ ਮੋਹ ਭਰੇ ਅਹਿਸਾਸ ਚੰਗੇ-ਚੰਗੇ ਲੱਗਦੇ।

ਮੈਂ ਖ਼ੁਦ ਨਾਲ ਵਾਅਦਾ ਕੀਤਾ। ਹਰ ਉਸ ਖਲਾਅ ਨੂੰ ਭਰਨ ਦਾ, ਜੋ ਰਿਸ਼ਮ ਪੈਦਾ ਕਰਕੇ ਗਈ ਸੀ। ਮੈਂ ਕੁੰਵਰ ਨੂੰ ਸਾਹਾਂ ਵਿੱਚ ਵਸਾ ਲਿਆ। ਰੱਜ ਕੇ ਪਿਆਰ ਕੀਤਾ। ਬਦਲੇ

ਵਿੱਚ ਉਹ ਮੈਨੂੰ ਦੂਣਾ ਪਿਆਰ ਦਿੰਦਾ। ਉਸਦੀਆਂ ਮਾਸੂਮ ਜਿਹੀਆਂ ਗੱਲਾਂ ਮੇਰਾ ਮਨ ਮੋਹ ਲੈਂਦੀਆਂ। ਕੁੰਵਰ ਦੀ ਕਜ਼ਨ ਦੀ ਮੈਰਿਜ ਸੀ। ਅਸੀਂ ਸ਼ਾਪਿੰਗ ਲਈ ਉਹਨਾਂ ਦੇ ਨਾਲ ਗਏ। ਜਿਊਲਰਜ਼ ਕੋਲੋਂ ਉਸ ਲਈ ਚੂੜੀਆਂ ਦੇਖੀਆਂ। ਮੈਨੂੰ ਡੀਜ਼ਾਇਨ ਬੜਾ ਚੰਗਾ ਲੱਗਾ। ਦੂਜੇ ਦਿਨ ਉਸੇ ਡੀਜ਼ਾਇਨ ਦੀ ਚੂੜੀਆਂ ਮੇਰੇ ਸਾਹਮਣੇ ਸਨ।

"ਕੁੰਵਰ..., ਮੈਂ ਕਦ ਮੰਗੀਆਂ ਸੀ?" ਖੁਸ਼ੀ ਤੇ ਹੈਰਾਨੀ ਦੇ ਰਲੇ ਮਿਲੇ ਭਾਵਾਂ ਨਾਲ ਮੈਂ ਉਸਨੂੰ ਪੁੱਛਿਆ।

"ਤੂੰ ਮੰਗੀਆਂ ਨਹੀਂ ਪਰ ਮੈਂ ਤੇਰੀਆਂ ਅੱਖਾਂ ਵਿੱਚ ਪੜ੍ਹ ਲਿਆ ਸੀ।" ਨਜ਼ਰਾਂ ਪੜ੍ਹ ਲੈਣ ਵਾਲੇ ਕੁੰਵਰ ਦਾ ਮੈਂ ਮੱਥਾ ਚੁੰਮ ਲਿਆ ਸੀ।

***

ਮੇਰੀਆਂ ਅੱਖਾਂ ਸਾਹਵੇਂ ਕੁੰਵਰ ਹਰ ਪਲ ਮੌਤ ਵੱਲ ਵੱਧ ਰਿਹਾ ਹੈ।

"ਤੁਸੀਂ ਚਾਹੋ ਤਾਂ ਇਹਨਾਂ ਨੂੰ ਘਰ ਲੈ ਕੇ ਜਾ ਸਕਦੇ ਹੋ। ਰੀਕਵਰੀ ਦੇ ਚਾਂਸ ਤਾਂ ਬਹੁਤ ਥੋੜ੍ਹੇ ਨੇ...।" ਡਾਕਟਰ ਨੇ ਸਭ ਸਾਫ਼-ਸਾਫ਼ ਕਹਿ ਦਿੱਤਾ ਸੀ। ਪਰ ਮੈਂ ਜ਼ੀਰੋ ਚਾਂਸ ਤੱਕ ਵੀ ਚਾਂਸ ਲੈਣ ਨੂੰ ਤਿਆਰ ਹਾਂ।

"ਮੈਂ ਹਰ ਥਾਂ ਤੇਰੇ ਨਾਲ ਹੋਵਾਂਗੀ ਕੁੰਵਰ।" ਮੈਨੂੰ ਮੇਰੇ ਕਹੇ ਬੋਲ ਯਾਦ ਆਉਂਦੇ। ਪਿਛਲੇ ਸੱਤ ਦਿਨਾਂ ਤੋਂ ਮੈਂ ਹਰ ਪਲ ਉਸਦੇ ਨਾਲ ਹਾਂ। ਜਿਊਂਦੇ ਰਹਿਣ ਲਈ ਘਰੋਂ ਆਇਆ ਖਾਣਾ ਖਾ ਲੈਂਦੀ ਹਾਂ। ਅੱਖਾਂ ਵਿੱਚ ਕੁੰਵਰ ਦੀਆਂ ਯਾਦਾਂ ਘੁੰਮਦੀਆਂ ਨੇ। ਇਸ ਲਈ ਹੁਣ ਇਹਨਾਂ ਵਿੱਚ ਨੀਂਦ ਨਹੀਂ ਉਤਰਦੀ। ਹਸਪਤਾਲ ਤੋਂ ਬਾਹਰ ਵੀ ਕੋਈ ਦੁਨੀਆ ਹੈ, ਮੈਂ ਜਿਵੇਂ ਭੁੱਲ ਗਈ ਹਾਂ। ਪਾਪਾ ਦੋ ਕੁ ਵਾਰ ਸੋਫ਼ੀਆ ਨੂੰ ਲੈ ਕੇ ਆਏ ਸਨ। ਮੈਂ ਪਿਆਰ ਨਾਲ ਸਮਝਾਇਆ, "ਗੁਗੂ, ਪਾਪਾ ਠੀਕ ਨਹੀਂ ਨੇ। ਤੂੰ ਦਾਦੀ ਮੰਮਾ ਕੋਲ ਖੇਡ। ਮੰਮਾ ਪਾਪਾ ਨੂੰ ਲੈ ਕੇ ਆਉਣਗੇ।" ਆਦਤ ਅਨੁਸਾਰ ਇਹੀ ਸ਼ਬਦ ਉਹਨੇ ਕਈ ਵਾਰ ਦੁਹਰਾਇਆ ਤੇ ਆਪਣੇ ਦਾਦੂ ਪਾਪਾ ਨਾਲ ਘਰ ਮੁੜ ਗਈ।

ਮੈਂ ਧਰਮਸ਼ਾਲਾ ਤੋਂ ਇੱਕ ਲੱਕੜ ਦਾ ਬਣਿਆ ਐਂਟੀਕ ਜਿਹਾ ਪੈੱਨ ਸਟੈਂਡ ਖ਼ਰੀਦਿਆ ਸੀ ਕੁੰਵਰ ਲਈ।

"ਲੇਖਕ ਸਾਹਬ !ਆਪਣੇ ਪੈੱਨ ਇਸ ਵਿੱਚ ਰੱਖਿਓ ਤੇ ਕਵਿਤਾਵਾਂ ਲਿਖਿਓ।" ਵੀਡੀਓ ਕਾਲ 'ਤੇ ਪੈੱਨ ਸਟੈਂਡ ਦਿਖਾਉਂਦਿਆਂ ਮੈਂ ਆਖਿਆ ਸੀ।

ਕੁੰਵਰ ਬਹੁਤ ਖੁਸ਼ ਹੋਇਆ।

ਬੈਗ ਉਸ ਦਿਨ ਦਾ ਉਸੇ ਹੀ ਤਰ੍ਹਾਂ ਹੀ ਮੇਰੇ ਰੂਮ ਵਿੱਚ ਪਿਆ ਹੈ। ਇੱਕ ਪਲ ਲਈ ਮਨ ਕੀਤਾ, ਮੰਮੀ ਨੂੰ ਕਹਾਂ ਕਿ ਮੇਰੇ ਬੈਗ ਵਿੱਚੋਂ ਕੱਢ ਕੇ ਉਹ ਪੈੱਨ ਸਟੈਂਡ ਕੁੰਵਰ ਦੇ ਸਟੱਡੀ ਟੇਬਲ 'ਤੇ ਧਰ ਦਿਓ। ਪਰ ਫੇਰ ਖ਼ਿਆਲ ਬਦਲ ਲਿਆ। ਸੋਚਿਆ, ਜਿਸ ਦਿਨ ਕੁੰਵਰ ਠੀਕ ਹੋ ਕੇ ਘਰ ਜਾਏਗਾ ਉਸ ਦਿਨ ਉਸਦੇ ਸਾਹਮਣੇ ਉਸਨੂੰ ਆਪਣੇ ਹੱਥੀਂ ਬੈਗ ਵਿੱਚ ਕੱਢ ਕੇ ਦਿਆਂਗੀ। ਉਸ ਦਾ ਟੇਬਲ ਸੈੱਟ ਕਰਕੇ ਕਹਾਂਗੀ, ਕੁੰਵਰ ਹੁਣ ਇੱਕ ਖ਼ੂਬਸੂਰਤ ਜਿਹੀ ਕਵਿਤਾ ਬਾਰੇ ਲਈ ਵੀ ਤਾਂ ਲਿਖ ਨਾ।

***



"ਸਾਂਵਲੀ ਕੁੜੀ ਕਵਿਤਾ ਮੈਂ ਰਿਸ਼ਮ ਲਈ ਲਿਖੀ ਸੀ।" ਵਾਪਸ ਆਉਂਦਿਆਂ ਰਸਤੇ ਵਿੱਚ ਕੁੰਵਰ ਨੇ ਉਸ ਕਵਿਤਾ ਦਾ ਰਾਜ਼ ਸਾਂਝਾਂ ਕੀਤਾ।

ਘਰ ਮੁੜ ਕੇ ਅਗਲੇ ਦਿਨ ਮੈਂ ਮੁੜ ਕੁੰਵਰ ਦੀ ਡਾਇਰੀ ਵਿੱਚੋਂ ਉਸ ਕਵਿਤਾ ਨੂੰ ਪੜ੍ਹਿਆ। ਮੇਰੀ ਕਲਪਨਾ ਵਿੱਚ ਰਿਸ਼ਮ ਦੇ ਨਕਸ਼ ਬਣਨ ਲੱਗੇ। ਮੋਟੀਆਂ ਅੱਖਾਂ। ਚੌੜਾ ਮੱਥਾ। ਤਿੱਖਾ ਨੱਕ ਤੇ ਸਾਂਵਲਾ ਰੰਗ।

ਮੈਂ ਉੱਠ ਕੇ ਖ਼ੁਦ ਨੂੰ ਸ਼ੀਸ਼ੇ ਵਿੱਚ ਦੇਖਿਆ।

"ਰਿਸ਼ਮ ਭਲਾ ਮੇਰੇ ਤੋਂ ਵੀ ਸੋਹਣੀ ਸੀ?" ਸ਼ਾਮੀ ਜਦੋਂ ਕੁੰਵਰ ਘਰ ਆਇਆ ਮੈਂ ਪਹਿਲਾ ਸਵਾਲ ਇਹੀ ਕੀਤਾ।

"ਜੇ ਜਵਾਬ ਨਾ ਦਿਆਂ ਤਾਂ ਲੱਗਦਾ ਅੱਜ ਤਾਂ ਪਾਣੀ ਵੀ ਨਹੀਂ ਮਿਲਣਾ।" ਕੁੰਵਰ ਨੇ ਹੱਸ ਕੇ ਆਖਿਆ। ਮੈਨੂੰ ਅਹਿਸਾਸ ਹੋਇਆ। ਮੈਂ ਭੱਜ ਕੇ ਗਈ, ਪਾਣੀ ਲੈਣ ਲਈ।

"ਸੋ ਸੌਰੀ ਕੁੰਵਰ! ਮੈਂ...।" ਮੈਂ ਸ਼ਰਮਿੰਦਾ ਹੋਈ।

"ਲੈ, ਸੌਰੀ ਵਾਲੀ ਕਿਹੜੀ ਗੱਲ ਏ। ਆ ਦੱਸਦਾ ਤੈਨੂੰ?" ਮੇਰਾ ਹੱਥ ਫੜ੍ਹ ਕੇ ਕੁੰਵਰ ਨੇ ਮੈਨੂੰ ਆਪਣੇ ਕੋਲ ਬੈਠਾ ਲਿਆ।

"ਮੈਂ ਆਖਿਆ ਸੀ ਨਾ ਕਿ ਉਹ ਮੇਰਾ ਪਾਸਟ ਹੈ। ਜੇ ਅਸੀਂ ਇਕੱਠੇ ਹੁੰਦੇ ਤਾਂ ਰਿਸ਼ਮ ਮੇਰੇ ਲਈ ਦੁਨੀਆ ਦੀ ਸਭ ਤੋਂ ਸੋਹਣੀ ਔਰਤ ਹੁੰਦੀ। ਪਰ ਜੇ ਆਪਾਂ ਇਕੱਠੇ ਹਾਂ ਤਾਂ ਮੇਰੇ ਲਈ ਤੇਰੇ ਤੋਂ ਵੱਧ ਕੋਈ ਹੋਰ ਸੋਹਣਾ ਨਹੀਂ ਹੈ।"

ਕੁੰਵਰ ਮੇਰੀਆਂ ਅੱਖਾਂ ਵਿੱਚ ਦੇਖਣ ਲੱਗਾ।

ਪਤਾ ਨਹੀਂ ਕਿਉਂ ਉਸ ਪਲ ਕੁੰਵਰ ਦੀਆਂ ਅੱਖਾਂ ਵਿੱਚੋਂ ਮੈਨੂੰ ਰਿਸ਼ਮ ਦਾ ਚਿਹਰਾ ਦਿਸਣ ਲੱਗਾ। ਮੈਂ ਅੱਧੀ ਰਾਤ ਤੀਕ ਨਾ ਜਾਣੇ ਕੀ-ਕੀ ਸੋਚਦੀ ਰਹੀ। ਕਈ ਦਿਨ ਕੁੰਵਰ ਦੀ ਲਿਖੀ ਕਵਿਤਾ ਮੇਰੇ ਦਿਮਾਗ਼ ਵਿੱਚ ਘੁੰਮਦੀ ਰਹੀ।

ਸਾਕ-ਸਕੀਰੀਆਂ ਘੁੰਮਦਿਆਂ, ਮੱਥੇ ਟੇਕਦਿਆਂ ਲਗਪਗ ਸਾਲ ਬੀਤ ਗਿਆ। ਮੈਂ ਸੂਹਾ ਚੂੜਾ ਪਾਈ, ਕੁੰਵਰ ਦੇ ਨਾਲ ਤੁਰਦੀ ਤਾਂ ਲਗਦਾ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਜੋੜੀ ਜਾ ਰਹੀ ਹੋਵੇ। ਕੁੰਵਰ ਨੂੰ ਬੁਖ਼ਾਰ ਹੁੰਦਾ, ਲੱਗਦਾ ਜਿਵੇਂ ਮੇਰਾ ਪਿੰਡਾ ਤਪ ਰਿਹਾ ਹੋਵੇ। ਉਹ ਹੱਸਦਾ ਤਾਂ ਮੇਰਾ ਚਿਹਰਾ ਖਿੜ ਉਠਦਾ।

ਇੱਕ ਸ਼ਾਮ ਕੁੰਵਰ ਘਰ ਆਉਂਦਾ ਹੋਇਆ ਦੋ ਬੂਟੇ ਲੈ ਕੇ ਆਇਆ।

"ਕੁੰਵਰ ਇਹ ਕਿੱਥੇ ਲਾਉਣੇ ਨੇ?" ਮੈਂ ਦੇਖ ਕੇ ਪੁਛਿਆ ਸੀ।

ਕੁੰਵਰ ਮੈਨੂੰ ਕਾਲੋਨੀ ਦੀ ਪਾਰਕ ਵਿੱਚ ਲੈ ਗਿਆ।

"ਅੱਜ ਰਿਸ਼ਮ ਦਾ ਜਨਮ ਦਿਨ ਹੈ।" ਬੂਟੇ ਉਸਨੇ ਮਾਲੀ ਨੂੰ ਫੜਾਉਂਦਿਆਂ ਦੱਸਿਆ। ਮੈਂ ਕੁੰਵਰ ਨੂੰ ਮੁਬਾਰਕਬਾਦ ਨਾ ਦੇ ਸਕੀ। ਮਨ ਬੁਝ ਜਿਹਾ ਗਿਆ। ਘਰ ਆ ਕੇ ਮੈਂ ਖ਼ੁਦ ਨੂੰ ਕੰਮਾਂ ਵਿੱਚ ਉਲਝਾ ਲਿਆ।

"ਕੀ ਗੱਲ ਅੱਜ ਇੰਨੀ ਜਲਦੀ ਸੌਂ ਗਈ?" ਉਸ ਰਾਤ ਮੈਂ ਕੁੰਵਰ ਵੱਲ ਪਿੱਠ ਕਰਕੇ ਪਈ ਸਾਂ।

"ਤਬੀਅਤ ਨਹੀਂ ਠੀਕ।" ਮੈਂ ਮਨ ਦੇ ਭਾਵ ਚਿਹਰੇ ਉੱਤੇ ਨਾ ਆਉਣ ਦਿੱਤੇ। ਅਗਲੇ ਦਿਨ ਕਾਲਜ ਜਾ ਕੇ ਵੀ ਕੁਝ ਖ਼ਲਦਾ ਰਿਹਾ। ਜਾਪਦਾ ਜਿਵੇਂ ਮੈਂ ਦੂਜੇ ਥਾਂ ਹੋਵਾਂ। ਮੈਂ

ਰੱਜ ਕੇ ਪਿਆਰ ਦਿੱਤਾ ਸੀ ਕੁੰਵਰ ਨੂੰ ਫਿਰ ਵੀ ਕਿਉਂ ਉਹ ਰਿਸ਼ਮ ਨੂੰ ਭੁੱਲ ਨਹੀਂ ਸਕਿਆ। ਇਹ ਸਵਾਲ ਮੇਰਾ ਖਹਿੜਾ ਨਾ ਛੱਡਦਾ।

ਪਰ ਕੁੰਵਰ ਨੂੰ ਉਸ ਦਿਨ ਮੇਰਾ ਜਨਮ ਦਿਨ ਨਹੀਂ ਸੀ ਯਾਦ।

ਸਵੇਰ ਹੋਈ। ਮੈਂ ਉਡੀਕਦੀ ਕਾਲਜ ਤੁਰ ਗਈ। ਫਿਰ ਸਾਰੀ ਦੁਪਿਹਰ ਬੀਤ ਗਈ। ਕੁੰਵਰ ਦਾ ਕੋਈ ਫੋਨ ਮੈਸੇਜ ਨਾ ਆਇਆ। ਮੇਰੀਆਂ ਅੱਖਾਂ ਦੇ ਕੋਏ ਨਮ ਹੋ ਗਏ। ਮਨ ਬੁਝ ਗਿਆ। ਕੁਲੀਗਜ਼ ਨਾਲ ਕੇਕ ਕੱਟਦਿਆਂ ਮੈਂ ਝੂਠਾ ਜਿਹਾ ਹੱਸਦੀ ਰਹੀ। ਘਰ ਮੁੜੀ। ਕੁੰਵਰ ਆਉਂਦਿਆਂ ਨੂੰ ਘਰ ਹੀ ਸੀ। ਉਸਨੇ ਫੇਰ ਵੀ ਕੋਈ ਗੱਲ ਨਾ ਕੀਤੀ।

ਮੈਂ ਜਿਵੇਂ ਹੋਰ ਉਦਾਸ ਹੋ ਗਈ।

"ਅੱਜ ਮੇਰਾ ਜਨਮ ਦਿਨ ਸੀ ਕੁੰਵਰ।" ਜਦੋਂ ਦਿਨ ਡੁੱਬ ਗਿਆ। ਮੈਂ ਚੁੱਪ ਤੋੜੀ। ਅੱਥਰੂ ਮੇਰੀਆਂ ਅੱਖਾਂ ਵਿਚੋਂ ਵਹਿ ਤੁਰੇ।

"ਓ ਮਾਈ ਗੌਡ! ਤੂੰ ਸਵੇਰ ਦਾ ਕਿਉਂ ਨਹੀਂ ਦਸਿਆ। ਵਿਆਹ ਤੋਂ ਬਾਅਦ ਪਹਿਲਾ ਜਨਮ ਦਿਨ ਸੀ ਮੈਨੂੰ ਯਾਦ ਕਿਵੇਂ ਹੋਣਾ ਸੀ?"

ਕੁੰਵਰ ਜ਼ਿੱਦ ਕਰਕੇ ਮੈਨੂੰ ਬਾਹਰ ਲੈ ਗਿਆ। ਪੂਰਾ ਸ਼ਹਿਰ ਅਜੇ ਜਾਗਦਾ ਪਿਆ ਸੀ। ਇੱਕ ਦੁਕਾਨ ਤੋਂ ਉਹਨੇ ਛੋਟਾ ਜਿਹਾ ਕੇਕ ਖ੍ਰੀਦਿਆ। ਕੋਕ ਦੀ ਬੋਤਲ ਲਈ। ਮੇਰੇ ਨਾਂਹ-ਨਾਂਹ ਕਰਦਿਆਂ ਤੋਂ ਵੀ ਕਿਸੇ ਸੁਨਿਆਰ ਦੀ ਦੁਕਾਨ ਤੋਂ ਮੈਨੂੰ ਈਅਰ ਰਿੰਗ ਲੈ ਕੇ ਦਿੱਤੇ ਤੇ ਬਾਈਕ ਸ਼ਹਿਰੋਂ ਬਾਹਰ ਕਿਸੇ ਖੁਲ੍ਹੀ ਥਾਂ 'ਤੇ ਜਾ ਕੇ ਰੋਕ ਲਈ। ਕੇਕ ਬਾਈਕ 'ਤੇ ਰੱਖਿਆ। ਮੋਮਬੱਤੀਆਂ ਜਗਾਈਆਂ ਤੇ ਮੇਰੇ ਕੋਲੋਂ ਕੇਕ ਕਟਵਾਇਆ। ਕੇਕ ਮੇਰੇ ਮੂੰਹ ਲਾਉਂਦਿਆਂ, ਉਹਨੇ ਮੇਰਾ ਮੱਥਾ ਚੁੰਮ ਲਿਆ।

"ਸੱਚੀਂ ਜੇ ਮੈਨੂੰ ਪਤਾ ਹੁੰਦਾ ਆਪਾਂ ਬਹੁਤ ਵੱਡੀ ਸੈਲੀਬ੍ਰੇਸ਼ਨ ਕਰਦੇ।" ਕੁੰਵਰ ਬਾਰ-ਬਾਰ ਮਾਫ਼ੀ ਮੰਗਦਾ ਰਿਹਾ। ਉਸ ਰਾਤ ਉਸਦੀਆਂ ਬਾਹਾਂ ਵਿੱਚ ਜਾ ਕੇ ਮੇਰੀ ਹਰ ਨਰਾਜ਼ਗੀ ਦੂਰ ਹੋ ਗਈ। ਖੁਲ੍ਹੇ ਆਸਮਾਨ ਦੇ ਹੇਠਾਂ ਤਾਰਿਆਂ ਦੀ ਲੋਏ ਮਨਾਇਆ ਇਹ ਦਿਨ ਮੈਨੂੰ ਸਭ ਦਿਨਾਂ ਤੋਂ ਵੱਧ ਪਿਆਰਾ ਲੱਗਾ। ਪਰ ਜਦੋਂ ਕਦੇ ਪਾਰਕ ਕੋਲੋਂ ਲੰਘਦੀ, ਉਹਨਾਂ ਬੂਟਿਆਂ ਦੀ ਯਾਦ ਆ ਜਾਂਦੀ। ਬੂਟੇ ਯਾਦ ਆਉਂਦੇ ਤਾਂ ਰਿਸ਼ਮ ਦਾ ਚੇਤਾ ਆ ਜਾਂਦਾ। ਫਿਰ ਸਾਂਵਲੀ ਕੁੜੀ..., ਉਸ ਕਵਿਤਾ ਵਿਚਲੇ ਨਕਸ਼..., ਮੇਰੀ ਕਲਪਨਾ ਵਿੱਚ ਵਸਿਆ ਰਿਸ਼ਮ ਦਾ ਚਿਹਰਾ..., ਮੇਰਾ ਸਿਰ ਘੁੰਮ ਜਾਂਦਾ। ਮਨ ਕਰਦਾ ਕੁੰਵਰ ਨੂੰ ਆਖਾਂ, ਮੈਨੂੰ ਰਿਸ਼ਮ ਦਾ ਜ਼ਿਕਰ ਚੰਗਾ ਨਹੀਂ ਲੱਗਦਾ। ਪਰ ਕੁੰਵਰ ਦੇ ਮੋਹ ਅੱਗੇ ਮੈਂ ਹਾਰ ਜਾਂਦੀ। ਮੈਨੂੰ ਇਹ ਗੱਲ ਛੋਟੀ-ਛੋਟੀ ਲੱਗਣ ਲੱਗ ਜਾਂਦੀ। ਉਹ ਬੜੀਆਂ ਡੂੰਘੀਆਂ ਗੱਲਾਂ ਕਰਦਾ। ਹਰ ਚੀਜ਼ ਨੂੰ ਕਿਸੇ ਹੋਰ ਨਜ਼ਰ ਤੋਂ ਦੇਖਦਾ। ਮੇਰੇ ਮੰਮਾ ਵੱਲ ਜਾਂਦੇ ਤਾਂ ਘਰ ਦੇ ਬੇਟੇ ਵਾਂਗ ਪੇਸ਼ ਆਉਂਦਾ। ਮੰਮਾ ਦੇ ਰੁੱਕੇ ਹੋਏ ਕੰਮ ਪੂਰੇ ਕਰ ਆਉਂਦਾ। ਘਰ ਦੀਆਂ ਖ਼ਰਾਬ ਹੋਈਆਂ ਚੀਜ਼ਾਂ ਠੀਕ ਕਰਵਾਉਂਦਾ।

ਇਹੋ ਜਿਹੇ ਸਾਥ ਨੂੰ ਕੌਣ ਕੁੜੀ ਨਹੀਂ ਚਾਹੇਗੀ?

ਕਿਸੇ ਪਲ ਮੈਨੂੰ ਰਿਸ਼ਮ ਬਦਨਸੀਬ ਲੱਗਦੀ। ਮੈਂ ਸੋਚਦੀ, ਉਹਨੇ ਕੁੰਵਰ ਗਵਾ ਲਿਆ। ਮੈਂ ਪਾ ਲਿਆ। ਕਦੇ ਮਨ ਵਿੱਚ ਆਉਂਦਾ ਕੁੰਵਰ ਨੂੰ ਪੁੱਛਾਂ, ਤੁਸੀਂ ਇੱਕ ਕਿਉਂ ਨਾ ਹੋਏ। ਫਿਰ ਸੋਚਦੀ ਜੋ ਬੀਤ ਗਿਆ, ਉਹਨਾਂ ਗੱਲਾਂ ਨੂੰ ਯਾਦ ਕਰਵਾ ਕੇ ਮਨ ਦੁਖਾਉਣਾ ਉਸਦਾ।



***

ਮਨ ਵਿੱਚ ਦੁਖੀ ਤਾਂ ਮੇਰੇ ਮਦਰ ਵੀ ਬਹੁਤ ਨੇ।

ਉਸ ਦਿਨ ਦੇ ਉਹ ਹਰ ਰੋਜ਼ ਹਸਪਤਾਲ ਆਉਂਦੇ ਨੇ। ਉਦਾਸ ਜਿਹੀਆਂ ਨਜ਼ਰਾਂ ਨਾਲ ਮੇਰੇ ਦੇਖਦੇ ਨੇ। ਕੁਝ ਨਹੀਂ ਕਹਿੰਦੇ। ਪਰ ਜਾਣਦੀ ਹਾਂ। ਸੋਚਦੇ ਹੋਣਗੇ, ਮੇਰੀ ਧੀ ਵੀ ਮੇਰੇ ਵਾਂਗ ਹੋ ਗਈ। ਮੈਂ ਦਸਵੀਂ ਵਿੱਚ ਸਾਂ ਜਦੋਂ ਪਾਪਾ ਸਾਨੂੰ ਛੱਡ ਗਏ ਸੀ। ਮੈਂ ਜ਼ਰਾ ਸਿਆਣੀ ਹੋਈ, ਮੰਮਾ ਮੈਨੂੰ ਪਾਪਾ ਦੀਆਂ ਗੱਲਾਂ ਸੁਣਾਉਂਦੇ। ਆਖਦੇ, "ਤੈਨੂੰ ਅੰਤਾਂ ਦਾ ਪਿਆਰ ਕਰਦੇ ਸੀ ਤੇਰੇ ਪਾਪਾ। ਤੈਨੂੰ ਆਪੇ ਨਹਾਉਂਦੇ। ਤਿਆਰ ਕਰਦੇ। ਤੇਰੇ ਨਿੱਕੇ-ਨਿੱਕੇ ਵਾਲਾਂ ਨੂੰ ਵਾਹ ਕੇ ਲੂੰਡੀਆਂ ਜਿਹੀਆਂ ਕਰ ਦਿੰਦੇ ਤੇ ਫਿਰ ਮੈਨੂੰ ਆਖਦੇ-ਸੁਰਿੰਦਰ ਦੇਖ ਮੇਰੀ ਮਾਣੋ ਬਿੱਲੀ ਨੂੰ। ਤੂੰ ਰੋਟੀ ਉਹਨਾਂ ਨਾਲ ਖਾਂਦੀ। ਸੌਂਦੀ ਉਹਨਾਂ ਨਾਲ।"

ਅੱਜ ਕੱਲ੍ਹ ਮੰਮਾਂ ਦੀਆਂ ਸੁਣਾਈਆਂ ਉਹ ਸਭ ਗੱਲਾਂ ਯਾਦ ਆਉਂਦੀਆਂ ਨੇ। ਮੇਰੀਆਂ ਅੱਖਾਂ ਸਾਹਵੇਂ ਸੋਫ਼ੀਆ ਆ ਜਾਂਦੀ ਹੈ। ਅਗਲੇ ਮਹੀਨੇ ਜਨਮ ਦਿਨ ਹੈ ਸੋਫ਼ੀਆ ਦਾ। ਤਿੰਨ ਸਾਲ ਦੀ ਹੋ ਜਾਣਾ ਉਹਨੇ। ਧਰਮਸ਼ਾਲਾ ਜਾਣ ਤੋਂ ਦੋ ਕੁ ਦਿਨ ਪਹਿਲਾਂ ਹੀ ਮੈਂ ਤੇ ਕੁੰਵਰ ਸੋਫ਼ੀਆ ਦਾ ਜਨਮ ਦਿਨ ਮਨਾਉਣ ਬਾਰੇ ਗੱਲਾਂ ਕਰ ਰਹੇ ਸਾਂ। ਹਰ ਕੰਮ ਕਿੰਨੇ ਚਾਅ ਨਾਲ ਕਰਦਾ ਹੈ ਕੁੰਵਰ। ਧਰਮਸ਼ਾਲਾ ਜਾਣ ਲਈ ਜਦੋਂ ਕਾਲਜ ਵਿੱਚ ਫਾਈਨਲ ਹੋਇਆ। ਮੈਂ ਘਰ ਆ ਕੇ ਕੁੰਵਰ ਨੂੰ ਦੱਸਿਆ।

"ਚੱਲ ਆ ਫਿਰ ਕੁਝ ਨਵੇਂ ਕੱਪੜੇ ਲੈ ਲਈਏ ਤੇਰੇ ਲਈ। ਕਾਲਜ ਟ੍ਰਿੱਪ 'ਤੇ ਜਾਣਾ ਤੂੰ।"

ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਸੀ। ਪਰ ਕੁੰਵਰ ਮੇਰੀ ਇੱਕ ਨਾ ਸੁਣੀ। ਕਿੰਨਾ ਕੁਝ ਮੱਲੋਜ਼ੋਰੀ ਲੈ ਦਿੱਤਾ। ਇੱਕ ਲੈਦਰ ਦੀ ਜੈਕਟ। ਘੜੀ। ਦੋ ਕੁਰਤੇ। ਜੁੱਤੀ।

ਕੈਮਰਾ ਫੋਟੋਆਂ ਨਾਲ ਭਰ ਕੇ ਲੈ ਕੇ ਆਈ ਸਾਂ ਮੈਂ। ਸੋਚਦੀ ਸਾਂ, ਜਾ ਕੇ ਕੁੰਵਰ ਨਾਲ ਹਰ ਫੋਟੋ ਦੀ ਯਾਦ ਸਾਂਝੀ ਕਰਾਂਗੀ। ਚਾਰ ਦਿਨ ਬਾਹਰ ਰਹਿ ਕੇ ਇਉਂ ਲੱਗ ਰਿਹਾ ਸੀ , ਜਿਵੇਂ ਚਾਰ ਸਦੀਆਂ ਹੋ ਗਈਆਂ ਹੋਣ। ਜਿਉਂ-ਜਿਉਂ ਸ਼ਹਿਰ ਨੇੜੇ ਆਉਂਦਾ ਜਾ ਰਿਹਾ ਸੀ। ਕੁੰਵਰ ਤੇ ਸੋਫ਼ੀਆ ਨੂੰ ਮਿਲਣ ਦੀ ਕਾਹਲ ਵੱਧਦੀ ਜਾਂਦੀ। ਮੈਂ ਮੋਬਾਇਲ ਸਕਰੀਨ 'ਤੇ ਲੱਗੀ ਕੁੰਵਰ ਦੀ ਫੋਟੋ ਬਾਰ-ਬਾਰ ਦੇਖ ਲੈਂਦੀ।

***

"ਇਹ ਫੋਟੋ ਕਿਸਦੀ ਹੈ ਕੁੰਵਰ?" ਕੁੰਵਰ ਦੇ ਸਟੱਡੀ ਰੂਮ ਦੀ ਸਫ਼ਾਈ ਕਰਦਿਆਂ ਹੱਥ ਲੱਗੀ ਇੱਕ ਤਸਵੀਰ ਨੂੰ ਦੇਖਦਿਆਂ ਮੈਂ ਕੁੰਵਰ ਨੂੰ ਪੁੱਛਿਆ।

ਤਸਵੀਰ ਵਿਚਲੇ ਨਕਸ਼ ਮੇਰੇ ਲੈ ਬੇਪਹਿਚਾਣੇ ਨਹੀਂ ਸਨ। ਪਰ ਫਿਰ ਵੀ ਜਿਵੇਂ ਅੱਖਾਂ ਦਾ ਦੇਖਿਆ, ਮਨ ਮੰਨਣ ਨੂੰ ਰਾਜ਼ੀ ਨਹੀਂ ਸੀ।

"ਉਹੀ ਸਾਂਵਲੀ ਕੁੜੀ।" ਕੁੰਵਰ ਨੇ ਜ਼ਰਾ ਕੁ ਹੱਸ ਕੇ ਆਖਿਆ।

"ਬੜੀ ਪੁਰਾਣੀ ਏ। ਆਰਟਸ ਕੈਫ਼ੇ ਦੇ ਬਾਹਰ ਦੀ ਹੈ, ਦੇਖ।" ਕੁੰਵਰ ਨੇ ਤਸਵੀਰ ਮੁੜ ਮੇਰੇ ਵੱਲ ਕੀਤੀ। ਪਰ ਮੈਂ ਦੇਖਿਆ ਨਾ। ਕੱਪੜਾ ਫੜ੍ਹ ਕੇ ਕਿਤਾਬਾਂ ਸਾਫ਼ ਕਰਨ ਲੱਗੀ।

"ਇਹਦੇ 'ਚ ਕਈ ਕਿਤਾਬਾਂ ਰਿਸ਼ਮ ਦੀਆਂ ਗਿਫ਼ਟ ਕੀਤੀਆਂ ਹੋਈਆਂ ਨੇ।" ਕੁੰਵਰ ਨੇ ਆਖਿਆ। ਮੇਰੇ ਹੱਥ ਨੂੰ ਜਿਵੇਂ ਕਰੰਟ ਜਿਹਾ ਲੱਗਾ। ਕਿਤਾਬ ਮੇਰੇ ਹੱਥੋਂ ਛੁੱਟ ਗਈ। ਮਨ ਬੇਕਾਬੂ ਹੋ ਗਿਆ। ਜ਼ੁਬਾਨ ਜਿਵੇਂ ਰੁੱਕ ਨਾ ਸਕੀ।

"ਕੁੰਵਰ, ਜੇ ਰਿਸ਼ਮ ਕਿਸੇ ਵੀ ਪਲ ਭੁੱਲਦੀ ਨਹੀਂ ਤਾਂ ਕੀ ਲੋੜ ਸੀ ਮੇਰੇ ਨਾਲ ਵਿਆਹ ਕਰਵਾਉਣ ਦੀ।" ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਮੈਂ ਕੱਪੜਾ ਮੇਜ਼ 'ਤੇ ਸੁੱਟਿਆ ਤੇ ਰੂਮ ਵਿੱਚ ਆ ਕੇ ਬੈਠ ਗਈ। ਦਿਮਾਗ਼ ਵਿੱਚ ਕਈ ਕੁਝ ਚੱਲਦਾ ਰਿਹਾ। ਅੱਖਾਂ ਵਿੱਚੋਂ ਹੰਝੂ ਵਹਿੰਦੇ ਰਹੇ।

ਕੁੰਵਰ ਮੇਰੇ ਪਿੱਛੇ ਆਇਆ। ਮੇਰੇ ਮੱਥੇ 'ਤੇ ਹੱਥ ਫੇਰਿਆ। ਪੁਛਿਆ, "ਕੀ ਹੋਇਆ ਤੈਨੂੰ?"

"ਕੁੰਵਰ ਮੇਰੇ ਕੋਲੋਂ ਨਹੀਂ ਸੁਣ ਹੁੰਦਾ ਬਾਰ-ਬਾਰ ਕਿਸੇ ਹੋਰ ਜ਼ਿਕਰ।" ਹੰਝੂ ਹੋਰ ਤੇਜ਼ ਹੋ ਗਏ। ਮਨ ਦੀ ਗੱਲ ਜ਼ੁਬਾਨ 'ਤੇ ਆ ਗਈ।

"ਪਰ ਉਹ ਮੇਰਾ ਸਿਰਫ਼ ਪਾਸਟ ਹੈ। ਮੇਰੇ ਮਨ ਵਿੱਚ ਉਸ ਤਰ੍ਹਾਂ ਦੀ ਕੋਈ ਗੱਲ ਨਹੀਂ । ਮੇਰੇ ਲਈ ਜੋ ਹੈ ਬੱਸ ਤੂੰ ਹੈ।"

ਕੁੰਵਰ ਉਸ ਦਿਨ ਬਹੁਤ ਪਛਤਾਇਆ। ਉਹ ਤੜਫ਼ ਉਠਿਆ ਇਹ ਜਾਣਕੇ ਕਿ ਰਿਸ਼ਮ ਦਾ ਜ਼ਿਕਰ ਮੈਨੂੰ ਤੜਫ਼ਾਉਂਦਾ ਹੈ। ਅਸੀਂ ਬਹੁਤ ਦੇਰ ਤੀਕ ਇਸ ਗੱਲ ਵਿੱਚ ਉਲਝੇ ਰਹੇ।

"ਮੈਂ ਕਦੇ ਨਾਮ ਵੀ ਨਹੀਂ ਲਵਾਂਗਾ ਉਹਦਾ।" ਕੁੰਵਰ ਨੇ ਵਾਅਦਾ ਕੀਤਾ। ਮੈਂ ਮੁੜ ਰਿਸ਼ਮ ਸ਼ਬਦ ਉਹਦੀ ਜ਼ੁਬਾਨ 'ਤੇ ਕਦੇ ਨਾ ਸੁਣਿਆ। ਮੈਂ ਸੌਖਾ ਸਾਹ ਲਿਆ। ਸੋਚਿਆ ਸ਼ਾਇਦ ਰਿਸ਼ਮ ਉਹਦੇ ਦਿਮਾਗ਼ ਵਿੱਚੋਂ ਨਿਕਲ ਗਈ ਹੈ।

***

ਪੂਰੇ ਹਫ਼ਤੇ ਤੋਂ ਖ਼ਾਮੋਸ਼ ਸੀ ਕੁੰਵਰ।

ਇੱਕ ਵੀ ਲਫ਼ਜ਼ ਨਹੀਂ ਬੋਲਿਆ ਉਹਨੇ। ਮੈਂ ਪੰਜ ਦਿਨ ਆਈ.ਸੀ.ਯੂ ਦੇ ਬਾਹਰ ਬੈਠੀ ਉਡੀਕਦੀ ਰਹੀ ਕਿ ਕਦ ਕੁੰਵਰ ਅੱਖਾਂ ਖੋਲ੍ਹੇ। ਮੈਂ ਦੇਖਾ ਉਸਨੂੰ।

ਕੁੰਵਰ ਨੂੰ ਹੋਸ਼ ਆਈ। ਮੈਂ ਦੌੜੀ ਗਈ। ਉਹ ਕੁਝ ਬੋਲ ਰਿਹਾ ਸੀ। ਬਹੁਤ ਹੌਲੀ। ਮੈਂ ਕੰਨ ਕੋਲ ਨੂੰ ਕਰਕੇ ਸੁਨਣ ਦੀ ਕੋਸ਼ਿਸ਼ ਕੀਤੀ।

"ਰਿਸ਼ਮ!" ਇੱਕ ਹੀ ਬੋਲ ਮੇਰੇ ਕੰਨੀਂ ਪਿਆ।

"ਆਪਾਂ ਦੋਨਾਂ ਮਿਲ ਕੇ ਆਵਾਂਗੇ ਉਹਨੂੰ। ਕੁੰਵਰ ਤੂੰ ਠੀਕ ਹੋ ਕੇ ਘਰ ਤਾਂ ਚੱਲ।"

ਪਰ ਕੁੰਵਰ ਫੇਰ ਦੁਬਾਰਾ...। ਉਸਦੇ ਆਖਿਰੀ ਵਾਰ ਬੋਲੇ ਲਫ਼ਜ਼ ਹਰ ਪਲ ਮੇਰੇ ਜ਼ਹਿਨ ਵਿੱਚ ਘੁੰਮਦੇ ਰਹਿੰਦੇ ਨੇ।

"ਰਿਸ਼ਮ ਮੇਰੇ ਦਿਮਾਗ਼ ਵਿੱਚ ਨਹੀਂ ਮੇਰੇ ਦਿਲ ਵਿੱਚ ਸੀ।"

ਮੈਨੂੰ ਲੱਗਦਾ, ਜਿਵੇਂ ਕੁੰਵਰ ਤਨਜ਼ ਨਾਲ ਮੇਰੇ ਉੱਤੇ ਹੱਸ ਰਿਹਾ ਹੋਵੇ।



## ਜੀਰੋ/ਗੁਰਮੀਤ ਆਰਿਫ

ਸਾਹਮਣੇ ਗਰਾਊਂਡ 'ਚ ਖੜ੍ਹਾ ਰਣਜੀਤ ਸਕੂਲ ਦੇ ਬੱਚਿਆਂ ਨੂੰ ਆਟੋਗ੍ਰਾਫ ਦੇ ਰਿਹੈ। ਕੋਈ ਹਾਕੀ ਅੱਗੇ ਕਰ ਰਿਹੈ ਕੋਈ ਨੋਟ ਬੁੱਕ ਅਤੇ ਕੋਈ ਆਪਣੀ ਬਾਂਹ 'ਤੇ ਉਹਦਾ ਨਾਮ ਲਿਖਵਾਉਣ ਲਈ ਕਾਹਲੀ ਨਾਲ ਅੱਗੇ ਹੋ ਰਿਹੈ।

ਹੈਡਮਾਸਟਰ ਦਰਸ਼ਨ ਸਿੰਘ ਦੋ ਵਾਰੀ ਗੇੜਾ ਮਾਰ ਚੁੱਕੇ ਨੇ ਕਿ ਕਦੋਂ ਉਹ ਵੇਹਲਾ ਹੋਵੇ ਤੇ ਘੜੀ ਦੋ ਘੜੀ ਉਹਨਾਂ ਕੋਲ ਦਫਤਰ 'ਚ ਆ ਕੇ ਬੈਠੇ । ਕਿਸੇ ਮੁੰਡੇ ਦੇ ਮੋਬਾਇਲ ਫੋਨ ਤੋਂ ਸੈਲਫੀ ਲੈ ਕੇ ਹੱਥ ਹਿਲਾਉਂਦਾ ਉਹ ਦਫਤਰ ਵੱਲ ਆ ਰਿਹੈ । ਮੈਂ ਸਟਾਫ ਰੂਮ ਦੇ ਅੰਦਰ ਬੈਠਾ ਖਿੜਕੀ ਰਾਹੀਂ ਦੂਰੋਂ ਉਹਨੂੰ ਵੇਖ ਰਿਹਾਂ । ਜਿਵੇਂ ਜਿਵੇਂ ਉਹ ਮੇਰੇ ਨੇੜੇ ਆ ਰਿਹੈ ਤਾਂ ਕਈ ਸਾਲ ਪਹਿਲਾਂ ਧੁੰਦਲਾ ਹੋ ਚੁੱਕਾ ਰਣਜੀਤ ਦਾ ਅਕਸ ਮੈਨੂੰ ਸਾਫ ਦਿਖਾਈ ਦੇਣ ਲੱਗਾ ਹੈ ।

ਐਥੇ ਹੀ ਬਾਹਰ ਗਰਾਊਂਡ 'ਚ ਕਲਾਸ ਲਗਾ ਕੇ ਮੈਂ ਅੱਠਵੀਂ ਜਾਂ ਸ਼ਾਇਦ ਦਸਵੀਂ ਜਮਾਤ ਨੂੰ ਪੜ੍ਹਾ ਰਿਹਾ ਸਾਂ ਕਿ ਛੇਵੀਂ ਜਮਾਤ ਦਾ ਬੱਚਾ ਰੋਂਦਾ ਹੋਇਆ ਹੋਇਆ ਮੇਰੇ ਕੋਲ ਆ ਖੜ੍ਹਾ । ਉਹਨਾਂ ਦਾ ਕਲਾਸ ਇੰਚਾਰਜ ਦਰਸ਼ਨ ਸਿੰਘ ਸ਼ਾਇਦ ਉਦੋਂ ਕਲਾਸ 'ਚ ਹੈਨੀ ਸੀ ।

"ਮ੍ਹਾਟਰ ਜੀ, ਸਾਰੇ ਮੈਨੂੰ ਜੀਰੋ ਜੀਰੋ ਕਹਿ ਕੇ ਛੇੜਦੇ ਐ ।" ਉਹ ਰੋਂਦਾ ਹੋਇਆ ਬੋਲਿਆ।

"ਕਿਉਂ ਕੀ ਹੋਇਐ.....?"

"ਜੀ ਮੇਰੇ ਕਈ ਪੇਪਰਾਂ ਚੋਂ ਜੀਰੋ ਨੰਬਰ ਆਏ ਆ ਨਾ ਤਾਂ ਕਰਕੇ ।"

"ਏਹ ਕਿਵੇਂ ਹੋਇਆ.....?"

"ਜੀ ਮੇਰਾ ਭਾਪਾ ਠੀਕ ਨੀ ਰਹਿੰਦਾ ਮੇਰੀ ਬੀਬੀ ਉਹਨੂੰ ਦਵਾਈ ਦਵਾਉਣ ਸ਼ਹਿਰ ਜਾਂਦੀ ਆ ਤੇ ਪਿਛੋਂ ਸਾਰਾ ਘਰ ਦਾ ਕੰਮ ਮੈਨੂੰ ਈ ਕਰਨਾ ਪੈਂਦਾ ਤਾਂ ਕਰਕੇ ਐਸ ਵਾਰੀ ਮੈਂ ਪੜ੍ਹ ਨੀ ਸਕਿਆ ਪਰ ਮ੍ਹਾਟਰ ਜੀ ਕੀ ਜੀਰੋ ਦੀ ਕੋਈ ਕੀਮਤ ਨੀ ਹੁੰਦੀ ?"

"ਜੀਰੋ ਦੀ ਕੀਮਤ ਹੁੰਦੀ ਆ..... ਹੁੰਦੀ ਕਿਉਂ ਨੀ । ਤੂੰ ਚੱਲ ਕਲਾਸ 'ਚ ਮੈਂ ਦੱਸਦਾਂ ਆ ਕੇ।"

ਰਣਜੀਤ ਸ਼ਰਟ ਦੇ ਕਫ ਨਾਲ ਅੱਖਾਂ ਪੂੰਝਦਾ ਕਲਾਸ ਵੱਲ ਭੱਜ ਗਿਆ। ਮੈਂ ਕਿਤਾਬ ਕੁਰਸੀ ਤੇ ਮੂਧੀ ਮਾਰ ਕੇ ਛੇਵੀਂ ਕਲਾਸ ਵੱਲ ਹੋ ਤੁਰਿਆ ਕਿਉਕਿ ਉਹਦੇ ਜਾਣ ਤੋਂ ਬਾਦ ਕਲਾਸ ਵਿੱਚ ਰੌਲਾ ਹੋਰ ਜਿਆਦਾ ਉੱਚਾ ਹੋ ਗਿਆ ਸੀ । ਕਲਾਸ ਦੇ ਦਰਵਾਜੇ ਕੋਲ ਪਹੁੰਚਦਿਆਂ ਈ ਮੈਨੂੰ ਵੇਖ ਕੇ ਸਾਰੇ ਛਾਪਲ ਗਏ ਸਨ ।

"ਹਾਂ ਓਏ ਕੇਹੜਾ ਕੇਹੜਾ ਸੀ ਜੇਹੜਾ ਤੈਨੂੰ ਛੇੜਦਾ ਸੀ।" ਰਣਜੀਤ ਨੇ ਡਰਦਿਆਂ ਮੁਨੀਟਰ ਤੇ ਉਹਦੇ ਦੋ ਤਿੰਨ ਜੋੜੀਦਾਰਾਂ ਦੇ ਨਾਂਅ ਲਏ ।

"ਕੀ ਗੱਲ ਉਏ ਤੂੰ ਬਹੁਤ ਪੜ੍ਹਾਕੂ ਐਂ । ਚੱਲ ਉੱਠ ਤਾਂਹ ਤੇ ਜਾ ਕੇ ਬੋਰਡ ਤੇ ਦਸ ਦੀ ਗਿਣਤੀ ਲਿਖ।" ਮੁਨੀਟਰ ਸਹਿਮ ਗਿਆ ।

"ਮੈਂ ਕੀ ਕਿਹੈ.... ?"

ਉਹ ਡਰਦਿਆਂ ਉੱਠ ਖੜ੍ਹਾ ਤੇ ਬੋਰਡ ਤੇ ਜਾ ਕੇ ਦਸ ਲਿਖ ਦਿੱਤੇ ।

"ਦਸੋ ਕਿੰਨੇ ਲਿਖੇ ਆ ਵਈ ।" ਮੈਂ ਸਾਰਿਆਂ ਤੋਂ ਪੁੱਛਿਆ ।

"ਜੀ ਦਸ ।" ਸਾਰਿਆਂ ਦੀ ਰਲੀ ਮਿਲੀ ਅਵਾਜ ਆਈ ਪਰ ਰਣਜੀਤ ਮੇਰੀ ਸ਼ਕਲ ਵੇਖ ਰਿਹਾ ਸੀ।

"ਹੁਣ ਐਂ ਕਰ.....ਜ਼ੀਰੋ ਮਿਟਾ ਦੇ ।" ਮੁਨੀਟਰ ਨੇ ਡਰਦਿਆਂ ਜੀਰੋ ਤੇ ਹੱਥ ਫੇਰ ਦਿੱਤਾ ।

"ਹੁਣ ਕਿੰਨੇ ਆਂ....?"

"ਜੀ ਇੱਕ.....।" ਸਾਰਿਆਂ ਨੇ ਇਕੋ ਸਾਹ ਜਵਾਬ ਦਿੱਤਾ ਪਰ ਰਣਜੀਤ ਅਜੇ ਵੀ ਮੇਰੇ ਵੱਲ ਵੇਖੀ ਜਾ ਰਿਹਾ ਸੀ।

"ਹੁਣ ਦੱਸੋ ਇਕ ਵੱਡਾ ਹੁੰਦਾ ਕਿ ਦਸ ?"

"ਜੀ ਦਸ ਵੱਡੇ ਹੁੰਦੇ ਆ ।" ਰਣਜੀਤ ਝੱਟ ਬੋਲਿਆ।

"ਹਾਂ ਤਾਂ ਬੱਚਿਓ ਜੀਰੋ ਦੀ ਬਦੌਲਤ ਹੀ ਇਕ ਦੀ ਕੀਮਤ ਦਸ ਹੋਈ ਸੀ । ਇਹਦਾ ਮਤਲਬ ਹਰ ਅੰਕ ਦੀ ਕੀਮਤ ਜੀਰੋ ਨਾਲ ਲੱਗਣ ਤੋਂ ਬਾਦ ਹੀ ਵਧਦੀ ਆ । ਬੇਟਾ ਸਫਲਤਾ ਜਿੰਨੀ ਮਰਜੀ ਵੱਡੀ ਹੋਵੇ ਉਹ ਛੋਟੀਆਂ ਛੋਟੀਆਂ ਅਸਫਲਤਾਵਾਂ ਦਾ ਹੀ ਨਤੀਜਾ ਹੁੰਦੀ ਆ। ਸੋ ਆਪਣੇ ਕਿਸੇ ਵੀ ਸਾਥੀ ਦਾ ਮਜਾਕ ਨੀ ਉਡਾਈਦਾ ਹੁੰਦਾ । ਜੇ ਅੱਜ ਰਣਜੀਤ ਦੀ ਪੇਪਰਾਂ ਚੋਂ ਜੀਰੋ ਆਈ ਆ ਤਾਂ ਕੀ ਪਤਾ ਕੱਲ੍ਹ ਨੂੰ ਉਹ ਤੁਹਾਡੇ ਸਾਰਿਆਂ ਚੋਂ ਫਸਟ ਆਜੇ.... ਹੈ ਕਿ ਨਈਂ । ਹੁਣ ਕੋਈ ਵੀ ਏਹਦਾ ਮਜਾਕ ਨੀ ਉਡਾਊਗਾ । ਨਈਂ ਵਜੰਤਰ ਵੇਖ ਲਿਉ ਫਿਰਦਾ।"

ਮੇਰੀ ਝਿੜਕ ਨੇ ਇਕ ਦਿਨ ਤਾਂ ਬੱਚਿਆਂ ਨੂੰ ਚੁੱਪ ਕਰਵਾ ਦਿੱਤਾ ਸੀ ਪਰ ਰਣਜੀਤ ਦੇ ਨਾਂ ਨਾਲੋਂ ਜੀਰੋ ਦੀ ਚੇੜ ਨੀ ਸੀ ਲਾਹ ਸਕੀ । ਜਦੋਂ ਟੀਚਰ ਖੁਦ ਈ ਬੱਚਿਆਂ ਨੂੰ ਅਜੇਹੇ ਨਾਵਾਂ ਨਾਲ ਬੁਲਾਉਣ ਲੱਗ ਜਾਣ ਤਾਂ ਬਾਕੀ ਬੱਚਿਆਂ ਨੂੰ ਰੋਕ ਸਕਣਾਂ ਬਹੁਤ ਮੁਸ਼ਕਿਲ ਹੁੰਦੈ। ਮਾਸਟਰ ਦਰਸ਼ਨ ਸਿੰਘ ਵੀ ਹਾਜਰੀ ਲਾਉਣ ਲੱਗਾ ਈ ਉਹਦਾ ਸਿੱਧਾ ਨਾਮ ਬੋਲਦਾ ਸੀ ਨਈਂ ਬਾਕੀ ਸਾਰਾ ਦਿਨ ਤਾਂ ਜੀਰੋ ਜੀਰੋ ਈ ਹੁੰਦੀ ।

ਇੱਕ ਦਿਨ ਅੱਧੀ ਛੁੱਟੀ ਵੇਲੇ ਅਸੀਂ ਸਾਰੇ ਬਾਹਰ ਗਰਾਊਂਡ 'ਚ ਬੈਠੇ ਧੁੱਪ ਸੇਕ ਰਹੇ ਸਾਂ ਕਿ ਘਰੋਂ ਰੋਟੀ ਖਾ ਕੇ ਆਇਆ ਰਣਜੀਤ ਸਾਡੇ ਕੋਲ ਦੀ ਲੰਘਿਆ। ਮਾਸਟਰ ਦਰਸ਼ਨ ਸਿੰਘ ਨੇ ਉਹਨੂੰ ਅਵਾਜ ਮਾਰੀ "ਓਏ ਜੀਰੋ.... ਐਂ ਕਰ ਔਹ ਸਟਾਫ ਰੂਮ ਚੋਂ ਅਖਬਾਰ ਫੜ੍ਹਾਉਂਦਾ ਜਾਈਂ ।"

ਮੈਂ ਸੁਣ ਕੇ ਹੈਰਾਨ ਰਹਿ ਗਿਆ । ਰਣਜੀਤ ਨੇ ਮੇਰੇ ਵੱਲ ਵੇਖਿਆ ਤੇ ਫਿਰ ਮਾਸਟਰ ਦਰਸ਼ਨ ਸਿੰਘ ਵੱਲ ਤੇ ਫਿਰ ਉਹ ਸਟਾਫ ਰੂਮ ਵੱਲ ਭੱਜ ਗਿਆ । ਅਖਬਾਰ ਲੈ ਕੇ ਆਇਆ ਵੀ ਉਹ ਮੇਰੇ ਵੱਲ ਈ ਵੇਖੀ ਜਾ ਰਿਹਾ ਸੀ ਜਿਵੇਂ ਕਹਿ ਰਿਹਾ ਹੋਵੇ ਮਾਸਟਰ ਜੀ ਤੁਹਾਡਾ ਫਾਰਮੂਲਾ ਇਥੇ ਕਿਸੇ ਨੂੰ ਸਮਝ ਨੀ ਆਇਆ ।

"ਮਾਸਟਰ ਜੀ ਕੀ ਯਾਰ ਤੁਸੀਂ ਤਾਂ ਨਿਆਣਿਆਂ ਤੋਂ ਵੀ ਗਾਂਹ ਲੰਘਗੇ । ਇਸ ਤਰ੍ਹਾਂ ਪੇਸ਼ ਆਈਦੈ ਬੱਚਿਆਂ ਨਾਲ?"

"ਫੇਰ ਕੀ ਹੋ ਗਿਆ । ਮੇਰੇ ਨਾ ਕਹਿਣ ਨਾਲ ਕੇਹੜਾ ਏਹਨੇ ਜੱਜ ਲੱਗ ਜਾਣਾਂ ।"

"ਮਾਸਟਰ ਜੀ ਜਦੋਂ ਅਸੀਂ ਖੁਦ ਬੱਚਿਆਂ ਨੂੰ ਐਸ ਤਰ੍ਹਾਂ ਟਰੀਟ ਕਰਨ ਲੱਗ ਜਾਂਦੇ ਆਂ ਨਾ ਤਾਂ ਉਹ ਵੀ ਅਧਿਆਪਕ ਦੀ ਹਾਰ ਈ ਹੁੰਦੀ ਆ । ਮਾਪਿਆਂ ਤੋਂ ਬਾਦ ਅਧਿਆਪਕ ਦੀ ਜੁੰਮੇਵਾਰੀ ਹੁੰਦੀ ਆ ਬੱਚੇ ਨੂੰ ਸਾਂਭਣ ਦੀ । ਤੇ ਜੇ ਅਸੀਂ ਵੀ ਐਸ ਤਰ੍ਹਾਂ ਕਰਾਂਗੇ ਤਾਂ ਅੱਗੇ ਕੌਣ



ਹੈ ਜੇਹੜਾ ਏਹਨਾਂ ਨੂੰ ਅਕਲ ਦੇਊ ।"

ਮਾਸਟਰ ਦਰਸ਼ਨ ਸਿੰਘ ਛਿੱਥਾ ਜਿਹਾ ਹੋ ਕੇ ਅਖਬਾਰ ਪੜ੍ਹਨ ਲੱਗਾ । ਮੈਨੂੰ ਪਹਿਲਾਂ ਵੀ ਪਤਾ ਲੱਗਾ ਸੀ ਕਿ ਉਹ ਕਲਾਸ 'ਚ ਬੱਚਿਆਂ ਨੂੰ ਪੁੱਠੇ ਸਿੱਧੇ ਨਾਵਾਂ ਨਾਲ ਬੁਲਾਉਂਦਾ ਹੁੰਦੈ । ਪਰ ਉਸ ਦਿਨ ਤਾਂ ਹੱਦ ਈ ਹੋਗੀ ਸੀ ਸਭ ਦੇ ਸਾਹਮਣੇਂ ਈ ਉਹ ਐਂ ਬੋਲ ਰਿਹਾ ਸੀ । ਮਾਸਟਰ ਦਲਜੀਤ ਸਿੰਘ ਤਾਂ ਅਕਸਰ ਈ ਉਹਦੇ ਬਾਰੇ ਕਹਿ ਦਿੰਦੈ ਵਈ ਕਈ ਬੰਦੇ ਪੜ੍ਹ ਲਿਖ ਕੇ ਅੱਗੇ ਤਾਂ ਨਿੱਕਲ ਜਾਂਦੇ ਆ ਪਰ ਜਾਹਲਪੁਣਾਂ ਉਹਨਾਂ ਦੇ ਅੰਦਰੋਂ ਨੀ ਜਾਂਦਾ ਹੁੰਦਾ 'ਤੇ ਇਹ ਵੀ ਉਹਨਾਂ ਚੋਂ ਇਕ ਹੈ।

ਉਦੋਂ ਸਕੂਲ 'ਚ ਅਧਿਆਪਕ ਘੱਟ ਹੋਣ ਕਾਰਨ ਸਾਨੂੰ ਕੱਲੇ ਕੱਲੇ ਨੂੰ ਕਈ ਕਈ ਕਲਾਸਾਂ ਲਾਉਣੀਆਂ ਪੈਂਦੀਆਂ ਸਨ। ਉਤੋਂ ਸਰਕਾਰ ਦਾ ਦਬਾਅ ਵੱਖਰਾ ਕਿ ਬੋਰਡ ਦੇ ਇਮਤਿਹਾਨਾਂ ਵਿਚੋਂ ਸੌ ਫੀਸਦੀ ਨਤੀਜਾ ਚਾਹੀਦੈ । ਜੇਹੜੇ ਸਕੂਲ ਦਾ ਨਤੀਜਾ ਮਾੜਾ ਆਇਆ ਤਾਂ ਉਥੋਂ ਦੇ ਸਟਾਫ ਦੀ ਜਵਾਬ ਤਲਬੀ ਹੋਵੇਗੀ । ਇਸ ਕਰਕੇ ਸਕੂਲ ਛੁੱਟੀ ਹੋਣ ਤੋਂ ਬਾਦ ਵੀ ਅਸੀਂ ਅੱਠਵੀਂ ਤੇ ਦਸਵੀਂ ਦੀ ਗਣਿਤ ਅਤੇ ਅੰਗਰੇਜੀ ਦੀ ਸਪੈਸ਼ਲ ਕਲਾਸ ਲਗਾਉਂਦੇ ਸਾਂ। ਕਿਉਂਕਿ ਏਹਨਾਂ ਸਬਜੈਕਟਾਂ ਵਿਚੋਂ ਹੀ ਜਿਆਦਾਤਰ ਬੱਚੇ ਫੇਲ੍ਹ ਹੁੰਦੇ ਹਨ । ਮੈਂ ਅੱਠਵੀਂ ਕਲਾਸ ਲੈ ਲੈਂਦਾ ਤੇ ਦਲਜੀਤ ਸਿੰਘ ਦਸਵੀਂ ਨੂੰ ਪੜ੍ਹਾਉਣ ਲੱਗ ਜਾਂਦਾ । ਘਰ ਨੇੜੇ ਹੋਣ ਕਰਕੇ ਰਣਜੀਤ ਸਕੂਲ ਵਿੱਚ ਸਾਡੇ ਆਲੇ ਦੁਆਲੇ ਘੁੰਮਦਾ ਰਹਿੰਦਾ। ਕਦੇ ਸਾਨੂੰ ਪਾਣੀ ਪਿਆ ਜਾਂਦਾ ਕਦੇ ਚਾਹ ਦਾ ਪੁੱਛ ਲੈਂਦਾ । ਜਦੋਂ ਕਲਾਸ ਖਤਮ ਹੋਣੀਂ ਤਾਂ ਬਾਕੀ ਬੱਚਿਆਂ ਨਾਲ ਭੱਜ ਭੱਜ ਕੇ ਮੇਜ ਕੁਰਸੀਆਂ ਕਮਰਿਆਂ 'ਚ ਰੱਖਦਾ। ਅਜੇਹੀਆਂ ਗੱਲਾਂ ਕਰਕੇ ਸਾਡੇ ਸਾਰਿਆਂ ਨਾਲ ਇਹਦਾ ਬਹੁਤ ਲਗਾਅ ਸੀ।

ਦੂਜੇ ਪਾਸੇ ਪੀ ਟੀ ਮਾਸਟਰ ਸ਼ਿਗਾਰਾ ਸਿੰਘ ਜੂਨੀਅਰ ਹਾਕੀ ਟੀਮ ਤਿਆਰ ਕਰਨ ਵਿੱਚ ਰੁੱਝਾ ਰਹਿੰਦਾ। ਉਹ ਬੱਚਿਆਂ ਦੇ ਤੁਰਨ ਅਤੇ ਦੌੜਨ ਤੋਂ ਈ ਪਰਖ ਕਰ ਲੈਂਦਾ ਸੀ ਵਈ ਕੇਹੜਾ ਉਹਦੀ ਕਸਵੱਟੀ ਤੇ ਪੂਰਾ ਉਤਰ ਸਕਦੈ, ਕਿਉਂਕਿ ਵਿਦਿਆਰਥੀ ਹੋਣ ਸਮੇਂ ਉਹ ਵੀ ਹਾਕੀ ਦਾ ਬਹੁਤ ਵਧੀਆ ਖਿਡਾਰੀ ਰਹਿ ਚੁੱਕਾ ਸੀ ਅਤੇ ਖਿਡਾਰੀ ਹੋਣ ਕਰਕੇ ਈ ਉਹ ਸਰਵਿਸ ਵਿੱਚ ਆਇਆ ਸੀ।

ਰਣਜੀਤ ਭਾਂਵੇ ਪੜ੍ਹਾਈ ਵਿੱਚ ਚੰਗਾ ਨਈਂ ਸੀ ਪਰ ਹਾਕੀ ਉਹ ਬਹੁਤ ਵਧੀਆ ਖੇਡਦਾ ਸੀ । ਅਕਸਰ ਈ ਕਈ ਵਾਰੀ ਮਾਸਟਰ ਸ਼ਿੰਗਾਰਾ ਸਿੰਘ ਕਹਿ ਦਿੰਦਾ ਵਈ ਹਰ ਬੰਦੇ ਵਿੱਚ ਕੋਈ ਨਾ ਕੋਈ ਅਜੇਹਾ ਗੁਣ ਜਰੂਰ ਹੁੰਦੈ ਜੋ ਦੂਜਿਆਂ ਵਿੱਚ ਨਈਂ ਹੁੰਦਾ । ਹੁਣ ਰਣਜੀਤ ਵੱਲ ਈ ਵੇਖ ਲਉ ਕੱਲ੍ਹ ਦਾ ਨਿਆਣਾ ਐਂ ਤੇ ਹਾਕੀ ਐਂ ਖੇਡਦਾ ਜਿਵੇਂ ਕੋਈ ਹੰਢਿਆ ਹੋਇਆ ਖਿਡਾਰੀ ਹੋਵੇ । ਕਈ ਟਰਿਕ ਤਾਂ ਐਸੇ ਵੀ ਲਾ ਜਾਂਦੈ ਜੇਹੜੇ ਮੈਂ ਅਜੇ ਤਾਂਈ ਏਹਨਾਂ ਨੂੰ ਦੱਸੇ ਈ ਨੀ ।

"ਇਸੇ ਨੂੰ ਤਾਂ ਵੰਨ ਸੁਵੰਨੀ ਪ੍ਰਤਿਭਾ ਕਹਿੰਦੇ ਐ ਮਾਸਟਰ ਜੀ । ਜੇ ਐਂ ਈ ਬੱਚੇ ਦੀ ਰੁਚੀ ਤੋਂ ਉਸਦੇ ਰਾਹ ਦੀ ਪਛਾਣ ਕੀਤੀ ਜਾਵੇ ਤਾਂ ਇਥੇ ਹਰ ਬੱਚਾ ਕਾਮਯਾਬ ਹੋ ਸਕਦੈ। ਬਾਹਰਲੇ ਮੁਲਕਾਂ 'ਚ ਲੋਕ ਹਰ ਫੈਸਲਾ ਬੱਚੇ ਤੇ ਈ ਛੱਡ ਦਿੰਦੇ ਐ ਤੇ ਉਹ ਆਪਣੀ ਰੁਚੀ ਤੇ ਮੁਤਾਬਿਕ ਕਾਮਯਾਬ ਵੀ ਹੋ ਜਾਂਦੇ ਆ । ਸਾਡੇ ਇਥੇ ਬੱਚੇ ਦੇ ਨਾ ਕਾਮਯਾਬ ਹੋਣ ਦਾ ਇਕ ਕਾਰਨ ਏਹ ਵੀ ਹੈ ਕਿ ਅਸੀਂ ਉਸਨੂੰ ਆਪਣੇ ਹਿਸਾਬ ਨਾਲ ਤੋਰਨ ਦੀ ਕੋਸ਼ਿਸ ਕਰਦੇ ਹਾਂ। ਜਦਕਿ ਬੱਚੇ

ਨੂੰ ਖੁਦ ਸਮਰੱਥ ਹੋਣ ਦਾ ਮੌਕਾ ਦੇਣਾਂ ਚਾਹੀਦੈ।" ਕੋਲ ਬੈਠਾ ਦਲਜੀਤ ਸਿੰਘ ਬੋਲਦਾ ।

ਜੋਨ ਦੇ ਟੂਰਨਾਮੈਂਟ ਨੇੜੇ ਹੋਣ ਕਰਕੇ ਮਾਸਟਰ ਸ਼ਿੰਗਾਰਾ ਸਿੰਘ ਨੇ ਦੂਜੇ ਸਕੂਲਾਂ ਨਾਲ ਸੰਪਰਕ ਕਰਕੇ ਅੰਡਰ ਚੌਦਾਂ ਸਾਲ ਦੇ ਫਰੈਂਡਲੀ ਮੈਚ ਕਰਵਾਉਣੇ ਸ਼ੁਰੂ ਕੀਤੇ ਤਾਂ ਵੇਖਿਆ ਕਿ ਰਣਜੀਤ ਜਿਵੇਂ ਗੇਂਦ ਨੂੰ ਹਾਕੀ ਨਾਲ ਈ ਚਿਪਕਾ ਲੈਂਦਾ ਤੇ ਵਿਰੋਧੀ ਟੀਮ ਨੂੰ ਆਪਣੇ ਪਿਛੇ ਪਿਛੇ ਭਜਾਈ ਫਿਰਦਾ । ਚਾਰ ਮਹੀਨੇ ਬਾਦ ਜੋਨ ਦੀਆਂ ਗੇਮਾਂ ਹੋਈਆਂ ਤਾਂ ਰਣਜੀਤ ਦੀ ਬਦੌਲਤ ਹੀ ਸਾਡੇ ਸਕੂਲ ਦੀ ਟੀਮ ਦੂਜੇ ਨੰਬਰ ਤੇ ਆਈ ਅਤੇ ਫਿਰ ਅਗਲੇ ਸਾਲ ਜਿਲ੍ਹੇ ਵਿੱਚੋਂ ਫਸਟ ਆਈ । ਉਸਤੋਂ ਬਾਦ ਜਦੋਂ ਪੰਜਾਬ ਦੀ ਅੰਡਰ ਸਤਾਰਾਂ ਸਾਲ ਦੀ ਟੀਮ ਦਾ ਗਠਨ ਹੋਇਆ ਤਾਂ ਸਾਡੇ ਸਕੂਲ ਲਈ ਇਹ ਬੜੇ ਮਾਣ ਵਾਲੀ ਗੱਲ ਸੀ ਕਿ ਰਣਜੀਤ ਪੰਜਾਬ ਦੀ ਟੀਮ ਲਈ ਸੈਂਟਰ ਫਾਰਵਰਡ ਚੁਣਿਆ ਗਿਆ ਸੀ । ਮਾਸਟਰ ਸ਼ਿੰਗਾਰਾ ਸਿੰਘ ਨੇ ਸਾਰੇ ਸਕੂਲ ਵਿੱਚ ਲੱਡੂ ਵੰਡੇ ਅਤੇ ਸਟਾਫ ਨੂੰ ਪਾਰਟੀ ਦਿੱਤੀ । ਜਦ ਮੈਂ ਉਹਨੂੰ ਜੱਫੀ 'ਚ ਲੈ ਕੇ ਮੁਬਾਰਕਬਾਦ ਦਿੱਤੀ ਤਾਂ ਉਸਦੀਆਂ ਅੱਖਾਂ ਨਮ ਹੋ ਗਈਆਂ ਸਨ।

"ਅੱਜ ਮਿਹਨਤ ਸਫਲ ਹੋਗੀ ਯਾਰ ਬਾਈ । ਸਾਰੀ ਉਮਰ ਮੈਂ ਨੈਸ਼ਨਲ ਟੀਮ ਵਿੱਚ ਖੇਡਣ ਦੇ ਸੁਪਨੇ ਲੈਂਦਾ ਰਿਹਾਂ ਪਰ ਮੈਨੂੰ ਚਾਂਸ ਨੀ ਸੀ ਮਿਲਿਆ ਪਰ ਹੁਣ ਲਗਦੈ ਵਈ ਰਣਜੀਤ ਮੇਰਾ ਸੁਪਨਾ ਜਰੂਰ ਪੂਰਾ ਕਰੂਗਾ।"

"ਸ਼ਿੰਗਾਰਾ ਸਿਹਾਂ ਸੱਚੇ ਦਿਲੋਂ ਕੀਤੀ ਮਿਹਨਤ ਇਕ ਨਾ ਇਕ ਦਿਨ ਫਲ ਜਰੂਰ ਦਿੰਦੀ ਆ ਤੇ ਅਧਿਆਪਕ ਦਾ ਤਾਂ ਕੰਮ ਈ ਕਰਮ ਕਰਨਾ ਹੁੰਦੈ। ਉਹਦੀ ਮੇਹਨਤ ਦਾ ਮੁੱਲ ਤਾਂ ਉਹਦੇ ਵਿਦਿਆਰਥੀ ਪਾਉਂਦੇ ਐ ਜਦੋਂ ਉਹ ਮਿਹਨਤ ਕਰਕੇ ਕਿਸੇ ਮੁਕਾਮ ਤੇ ਪਹੁੰਚਦੇ ਐ।"

ਸਾਡੇ ਕੋਲ ਖੜ੍ਹਾ ਮਾਸਟਰ ਦਰਸ਼ਨ ਸਿੰਘ ਗੁੰਮਸੁੰਮ ਹੋਇਆ ਪਿਆ ਸੀ । ਕਿਉਂਕਿ ਉਹਦਾ ਬੇਟਾ ਜਸਪਾਲ ਵੀ ਸਾਡੇ ਸਕੂਲ ਵਿੱਚ ਈ ਪੜ੍ਹਦਾ ਸੀ ਤੇ ਹਾਕੀ ਦਾ ਚੰਗਾ ਖਿਡਾਰੀ ਵੀ ਸੀ ਪਰ ਉਹਨੂੰ ਰਣਜੀਤ ਵਾਲੀ ਥਾਂ ਨੀ ਸੀ ਮਿਲ ਸਕੀ । ਹਾਲਾਂਕਿ ਮਾਸਟਰ ਦਰਸ਼ਨ ਸਿੰਘ ਉਹਦਾ ਬੜਾ ਖਿਆਲ ਰੱਖਦੇ ਸਨ ਪਰ ਉਹ ਆਮ ਖਿਡਾਰੀਆਂ ਦੀ ਕੈਟਾਗਰੀ ਵਿੱਚ ਈ ਰਿਹਾ ।

ਪ੍ਰੈਕਟਿਸ ਲਈ ਸੁਰਜੀਤ ਹਾਕੀ ਅਕੈਡਮੀ ਜਲੰਧਰ ਜਾਣ ਤੋਂ ਪਹਿਲਾਂ ਰਣਜੀਤ ਸਕੂਲ ਸਟਾਫ ਅਤੇ ਆਪਣੇ ਸਾਥੀਆਂ ਨੂੰ ਮਿਲਣ ਆਇਆ ਤਾਂ ਸੁਭਾਵਿਕ ਈ ਮੇਰੇ ਮੂੰਹੋਂ ਨਿੱਕਲ ਗਿਆ "ਪੁੱਤਰਾ ਜੇ ਜਾ ਰਿਹੈਂ ਨਾ ਤਾਂ ਇਕ ਗੱਲ ਹਮੇਸ਼ਾ ਯਾਦ ਰੱਖੀਂ, ਆਹ ਤੇਰੇ ਲਈ ਗੋਲਡਨ ਚਾਂਸ ਐ ਤੇ ਬੜੇ ਲੋਕਾਂ ਦੀ ਉਮੀਦ ਵੀ ਐਂ ਤੂੰ ਐਸੀ ਹਾਕੀ ਫੇਰੀਂ ਵਈ ਦੁਨੀਆਂ ਅੱਛ ਅੱਛ ਕਰ ਉਠੇ।"

ਰਣਜੀਤ ਮੁਸਕੁਰਾਇਆ ਤੇ ਮੇਰੇ ਪੈਰੀਂ ਹੱਥ ਲਾ ਕੇ ਮੁੜ ਗਿਆ। ਮਾਸਟਰ ਸ਼ਿੰਗਾਰਾ ਸਿੰਘ ਖੁਦ ਇਹਨੂੰ ਅਕੈਡਮੀ ਛੱਡ ਕੇ ਆਇਆ ਸੀ ।

ਥੋੜ੍ਹੀ ਦੇਰ ਬਾਦ ਮਾਸਟਰ ਦਰਸ਼ਨ ਸਿੰਘ ਨੇ ਵਿਭਾਗੀ ਪ੍ਰਮੋਸ਼ਨ ਲੈ ਲਈ ਤੇ ਟਰੇਨਿੰਗ ਦੌਰਾਨ ਬਦਲੀ ਲੁਧਿਆਣੇ ਸ਼ਹਿਰ ਦੀ ਕਰਵਾ ਲਈ । ਸਕੂਲ ਵਿੱਚ ਅਧਿਆਪਕ ਤਾਂ ਪਹਿਲਾਂ ਈ ਘੱਟ ਸਨ ਕਿ ਹੁਣ ਉਹਦਾ ਕੰਮ ਵੀ ਸਾਨੂੰ ਈ ਵੇਖਣਾਂ ਪੈਂਦਾ । ਵੈਸੇ ਵੀ ਉਹ ਆਪਣੀ ਡਿਊਟੀ ਤੋਂ ਵੱਧ ਕਿਸੇ ਕੰਮ ਨੂੰ ਤਵੱਜੋਂ ਨੀ ਸੀ ਦਿੰਦਾ ਤੇ ਨਾ ਈ ਬੋਰਡ ਦੀਆਂ ਕਲਾਸਾਂ ਵੱਲ ਬਹੁਤਾ ਧਿਆਨ ਸੀ ਉਹਦਾ । ਜਦੋਂ ਕਿਤੇ ਅਸੀਂ ਕਹਿ ਦੇਣਾ ਵਈ ਮਾਸਟਰ ਜੀ ਤੁਹਾਡਾ ਸਬਜੈਕਟ ਸਾਇੰਸ ਹੈ ਕਿਸੇ ਖਾਲੀ ਪੀਰੀਅਡ ਵਿੱਚ ਬੋਰਡ ਵਾਲਿਆ ਨੂੰ ਰਿਵੀਜਨ ਈ ਕਰਵਾ ਦਿਆ ਕਰੋ



ਤਾਂ ਐਨਕਾਂ ਉਤੋਂ ਦੀ ਅਵੱਲਾ ਜਿਹਾ ਝਾਕ ਕੇ ਉਹ ਬੋਲਦਾ "ਡਿਊਟੀ ਦੇ ਹਿਸਾਬ ਨਾਲ ਜੋ ਸ਼ਡਿਊਲ ਬਣਿਆ ਹੈ ਉਹਦੇ ਮੁਤਾਬਿਕ ਤਾਂ ਮੈਂ ਕੰਮ ਕਰ ਰਿਹਾਂ । ਬਾਕੀ ਜੇ ਤੁਸੀਂ ਕਹੋਂ ਵਈ ਛੁੱਟੀ ਤੋਂ ਬਾਦ ਵੀ ਮੈਂ ਥੋੜੇ ਆਗੂੰ ਦੋ ਦੋ ਘੰਟੇ ਹੋਰ ਮਗਜ ਮਾਰਾਂ ਤਾਂ ਉਹ ਮੈਂ ਨੀ ਕਰ ਸਕਦਾ । ਘਰੇ ਜਾ ਕੇ ਵੀ ਮੈਂ ਬੱਚੇ ਪੜ੍ਹਾਉਣੇਂ ਹੁੰਦੇ ਆ । ਸੋ ਤੁਸੀਂ ਕਰੋ ਮਿਹਨਤ ਆਪਾਂ ਨਾਲ ਈ ਆਂ ਥੋੜੇ ।"

ਮਾਸਟਰ ਦਲਜੀਤ ਸਿੰਘ ਉਹਦੇ ਐਹੋ ਜੇ ਜਵਾਬ ਤੋਂ ਖਿਝ ਜਾਂਦਾ "ਸਾਲਾ ਸਾਰਾ ਦਿਨ ਸਟਾਫ ਰੂਮ 'ਚ ਪਸਰਿਆ ਰਹਿੰਦਾ । ਹੋਰ ਨਈ ਤਾਂ ਬੰਦਾ ਕਲਾਸ 'ਚ ਜਾ ਕੇ ਬੱਚਿਆਂ ਨੂੰ ਈ ਚੁੱਪ ਕਰਵਾ ਕੇ ਬਿਠਾ ਲੈਂਦਾ ਪਰ ਨਹੀਂ ਜਨਾਬ ਤਾਂ ਜਵਾਈ ਆ ਸਰਕਾਰ ਦਾ । ਸਕੂਲ ਆ ਕੇ ਜਿਵੇਂ ਸਿੱਖਿਆ ਵਿਭਾਗ ਤੇ ਅਹਿਸਾਨ ਕਰ ਰਿਹਾ ਹੋਵੇ ਨੇਸ਼ਤੀ ਕਿਸੇ ਥਾਂ ਦਾ ਕੰਮਚੋਰ ਜਿਹਾ।"

ਉਹਦੇ ਜਾਣ ਨਾਲ ਸਕੂਲ ਵਿੱਚ ਸਟਾਫ ਤਾਂ ਜਰੂਰ ਘੱਟ ਹੋ ਗਿਆ ਸੀ ਪਰ ਸਾਨੂੰ ਕੋਈ ਨੁਕਸਾਨ ਨੀ ਸੀ ਹੋਇਆ । ਕਿਉਂ ਕਿ ਉਹਦਾ ਸਕੂਲ ਹੋਣ ਦਾ ਕੋਈ ਫਾਇਦਾ ਵੀ ਨੀ ਸੀ ਉਹਨੇ ਕੇਹੜਾ ਕੁਸ਼ ਕਰਨਾ ਸੀ ।

ਇਧਰ ਸਕੂਲ ਦੇ ਹੈਡਮਾਸਟਰ ਸ੍ਰੀ ਅਵਤਾਰ ਸਿੰਘ ਜੀ ਨੇ ਸਿਹਤ ਠੀਕ ਨਾ ਹੋਣ ਕਾਰਨ ਅਗਾਊਂ ਰਿਟਾਇਰਮੈਂਟ ਲੈ ਲਈ ਤਾਂ ਲਗਭਗ ਛੇ ਮਹੀਨੇ ਸਾਨੂੰ ਚਾਰ ਪੰਜ ਬੰਦਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਦਫਤਰ ਦਾ ਕੰਮ ਵੀ ਵੇਖਣਾਂ ਪਿਆ ।

ਉਧਰ ਮਾਸਟਰ ਦਰਸ਼ਨ ਸਿੰਘ ਦੀ ਟਰੇਨਿੰਗ ਖਤਮ ਹੋਈ ਤਾਂ ਬਤੌਰ ਹੈਡਮਾਸਟਰ ਉਹ ਫਿਰ ਸਾਡੇ ਸਕੂਲ ਆ ਲੱਗਿਆ । ਦਲਜੀਤ ਸਿੰਘ ਸੁਣ ਕੇ ਖਿਝ ਗਿਆ "ਯਾਰ ਏਹ ਕੰਮ ਚੋਰ ਜਿਆ ਫਿਰ ਆ ਗਿਐ । ਪਤਾ ਨੀ ਸਾਡੀ ਕਿਸਮਤ ਮਾੜੀ ਆ ਜਾਂ ਵਿਚਾਰੇ ਬੱਚਿਆਂ ਦੀ ।"

"ਨਈਂ ਨਈਂ ਇਹ ਤਾਂ ਆਪਣੇ ਮੁੰਡੇ ਕਰਕੇ ਆਇਐ । ਹਾਕੀ ਦਾ ਨੈਸ਼ਨਲ ਪਲੇਅਰ ਜੋ ਬਨਾਉਣਾਂ।" ਮਾਸਟਰ ਸ਼ਿਗਾਰਾ ਸਿੰਘ ਵਲੋਂ ਦੱਸੀ ਹੋਈ ਗੱਲ ਮੇਰੇ ਮੂੰਹੋਂ ਨਿੱਕਲ ਗਈ ।

"ਹੂੰਅ .... ਨੈਸ਼ਨਲ ਪਲੇਅਰ ਬਨਾਉਣਾਂ ਆਹ ਮੂੰਹ ਤੇ ਮਸਰਾਂ ਦੀ ਦਾਲ।" ਮੂੰਹ ਜਿਆ ਵੱਟ ਕੇ ਦਲਜੀਤ ਕਲਾਸ ਵੱਲ ਚਲਾ ਗਿਆ ਸੀ।

ਦਫਤਰੀ ਕੰਮ ਤੋਂ ਵੇਹਲਾ ਹੋ ਕੇ ਦਰਸ਼ਨ ਸਿੰਘ ਮਾਸਟਰ ਸ਼ਿਗਾਰਾ ਸਿੰਘ ਕੋਲ ਜਾ ਕੇ ਬੈਠਾ ਰਹਿੰਦਾ ਤੇ ਹਾਕੀ ਦੇ ਨਵੇਂ ਤੋਂ ਨਵੇਂ ਗੁਰ ਪੁੱਛਦਾ ਰਹਿੰਦਾ ਤੇ ਕਈ ਵਾਰੀ ਗੱਲਾਂ ਗੱਲਾਂ ਵਿੱਚ ਈ ਕਹਿ ਦਿੰਦਾ "ਬਈ ਮਾਸਟਰ ਜੀ ਹੁਣ ਤਾਂ ਆਹ ਪੜ੍ਹਾਈਆਂ ਲਿਖਾਈਆਂ ਵੀ ਫੇਲ੍ਹ ਈ ਹੋਗੀਆ, ਸਮਝ ਨੀ ਆਂਉਦੀ ਅੱਜ ਦੇ ਬੱਚੇ ਰੁਜਗਾਰ ਖੁਣੋਂ ਕਰਨ ਤਾਂ ਕਰਨ ਕੀ ਜਾਂ ਤਾਂ ਬਾਹਰ ਜਾਣ ਜਾਂ ਇਥੇ ਈ ਧੱਕੇ ਖਾਣ ਪਰ ਮੈਂ ਜਸਪਾਲ ਨੂੰ ਬਾਹਰ ਨੀ ਭੇਜਣਾਂ । ਇਕੋ ਇਕ ਮੁੰਡਾ ਐ ਉਹ ਵੀ ਗਵਾ ਕੇ ਬਹਿ ਜੂੰ । ਬਾਹਰ ਜਾ ਕੇ ਤਾਂ ਨਿਆਣੇ ਆਪਣੇ ਆਪ ਨਾਲੋਂ ਈ ਟੁੱਟ ਜਾਂਦੇ ਐ ਮਾਂ ਬਾਪ ਨਾਲ ਕਿਥੋਂ ਜੁੜੇ ਰਹਿ ਸਕਦੇ ਆ । ਊਂ ਖੇਡਾਂ ਵਿੱਚ ਮੌਕੇ ਹੈਗੇ ਆ ਅਜੇ ਜੇ ਇਧਰ ਨੂੰ ਧਿਆਨ ਕਰਿਆ ਜਾਵੇ। ਤਾਂ ਹੀ ਮੈਂ ਜਸਪਾਲ ਨੂੰ ਇਧਰ ਲਾਇਐ ਇਕ ਤਾਂ ਸਿਹਤ ਤੰਦਰੁਸਤ ਦੂਜਾ ਪੈਸਾ ਤੇ ਸ਼ੋਹਰਤ ਵਾਧੂ ਹੈ ਕਿ ਨਈਂ।"

ਜਸਪਾਲ ਨੂੰ ਅਕੈਡਮੀ 'ਚ ਭੇਜਣ ਲਈ ਦਰਸ਼ਨ ਸਿੰਘ ਨੇ ਪੂਰਾ ਜੋਰ ਲਾਇਆ ਹੋਇਆ ਸੀ। ਇਸ ਲਈ ਉਹਨੇ ਮਾਸਟਰ ਸ਼ਿਗਾਰਾ ਸਿੰਘ ਤੋਂ ਇਲਾਵਾ ਵੀ ਕਈ ਹੋਰ ਹਾਕੀ ਕੋਚਾਂ ਨਾਲ ਰਾਬਤਾ ਕਾਇਮ ਕਰਕੇ ਅਕੈਡਮੀਆਂ ਤੱਕ ਪਹੁੰਚ ਬਣਾ ਲਈ ਸੀ । ਮਹਾਰਾਜਾ ਰਣਜੀਤ

ਸਿੰਘ ਹਾਕੀ ਅਕੈਡਮੀ ਅੰਮ੍ਰਿਤਸਰ ਵਿੱਚ ਟਰਾਇਲ ਦੇਣ ਤੋਂ ਬਾਦ ਅਖੀਰ ਜਸਪਾਲ ਦੀ ਸਲੈਕਸ਼ਨ ਹੋ ਗਈ। ਇਧਰ ਉਹਦੀ ਦੀ ਸਲੈਕਸ਼ਨ ਹੋਈ ਦੂਜੇ ਪਾਸੇ ਦਰਸ਼ਨ ਸਿੰਘ ਨੇ ਉਹਦੀਆਂ ਸਿਫਤਾਂ ਦੇ ਗੁੱਡੇ ਬੰਨ੍ਹਣੇ ਚਾਲੂ ਕਰ ਦਿੱਤੇ । "ਬਈ ਟਰਾਇਲ ਦੇਣ ਜਦੋਂ ਜਸਪਾਲ ਮੈਦਾਨ 'ਚ ਉਤਰਿਆ ਨਾ ਤਾਂ ਐਂ ਲਗੇ ਜਿਵੇਂ ਉਹਦੀ ਹਾਕੀ ਨਾਲ ਨ੍ਹੇਰੀ ਘੁੰਮਦੀ ਹੋਵੇ । ਏਹਦੀ ਖੇਡ ਵੇਖ ਕੇ ਤਾਂ ਚੇਅਰਮੈਨ ਸਾਬ ਨੇ ਨਾਲ ਦੀ ਨਾਲ ਈ ਕਹਿਤਾ ਬਈ ਆਹ ਮੁੰਡਾ ਸਾਂਭ ਲਉ ਏਹ ਅਕੈਡਮੀ ਦਾ ਨਾਂ ਰੌਸ਼ਨ ਕਰੂਗਾ।"

ਗੱਲ ਕਾਹਦੀ ਜੇ ਦਿਨ 'ਚ ਦਸ ਵਾਰੀ ਉਹਦੇ ਨਾਲ ਗੱਲ ਹੁੰਦੀ ਤਾਂ ਵਿਚੋਂ ਅੱਠ ਵਾਰੀ ਉਹ ਜਸਪਾਲ ਦੀਆਂ ਸਿਫਤਾਂ ਸੁਣਾਉਂਦਾ । ਸੀਨੀਅਰ ਹੋਣ ਦੇ ਨਾਤੇ ਅਸੀਂ ਵੀ ਉਹਦੀ ਹਾਂ 'ਚ ਹਾਂ ਮਿਲਾਉਂਦੇ ਰਹਿੰਦੇ । ਨਈਂ ਬੰਦਾ ਪੁੱਛੇ ਵਈ ਅਸੀਂ ਏਹਨਾਂ ਗੱਲਾਂ ਚੋਂ ਕੀ ਲੈਣਾਂ ਭਾਈ । ਹੋਰ ਵੀ ਬਥੇਰੇ ਗਏ ਨੇ ਅਕੈਡਮੀਆਂ 'ਚ ਜਸਪਾਲ ਕੇਹੜਾ ਕੋਈ ਅਲੋਕਾਰ ਗਿਐ । ਬਾਕੀ ਉਹ ਅਕੈਡਮੀ 'ਚ ਕਿਵੇਂ ਗਿਐ ਏਹ ਤਾਂ ਸਾਨੂੰ ਵੀ ਪਤੈ ਏਹਦੇ 'ਚ ਫੁਕਰੀ ਮਾਰਨ ਆਲੀ ਕੇਹੜੀ ਗੱਲ ਆ ਭਲਾਂ।

ਕਈ ਵਾਰ ਮੈਂ ਮਾਸਟਰ ਸ਼ਿੰਗਾਰਾ ਸਿੰਘ ਨੂੰ ਇਸ ਬਾਰੇ ਕਹਿਣਾਂ ਤਾਂ ਉਹ ਅੱਗੋਂ ਕਹਿ ਛੱਡਦਾ "ਛੱਡੋ ਯਾਰ ਪਰ੍ਹਾਂ.... ਸੀਨੀਅਰ ਹੈ, ਖ਼ੁਸ਼ ਕਰੀ ਰੱਖਿਆ ਕਰੋ ਆਪਣਾਂ ਕੀ ਜਾਂਦਾ।"

ਦਲਜੀਤ ਸਿੰਘ ਤਾਂ ਵੈਸੇ ਵੀ ਦਫਤਰ 'ਚ ਨੀ ਸੀ ਜਾਂਦਾ । ਹਾਜਰੀ ਰਜਿਸਟਰ ਵੀ ਉਹ ਸਟਾਫ ਰੂਮ ਵਿੱਚ ਈ ਮੰਗਵਾ ਲੈਂਦਾ । ਕਈ ਵਾਰੀ ਮੈਂ ਮਜਾਕ 'ਚ ਉਹਨੂੰ ਕਹਿਣਾਂ "ਜਾਹ ਤੈਨੂੰ ਦਰਸ਼ਨ ਸਿੰਘ ਯਾਦ ਕਰਦੈ ।"

"ਜਾਹ ਯਾਰ ਤੂੰ ਹੀ ਤੁਰਿਆ ਜਾ। ਮੇਰੇ ਕੋਲ ਨੀ ਟਾਈਮ ਹੈਗਾ । ਉਹ ਤਾਂ ਪਤੰਦਰ ਇਕੋ ਸਟੇਸ਼ਨ ਦੀਆਂ ਖਬਰਾਂ ਸੁਣਾਉਂਦਾ ਰਹਿੰਦਾ।" ਸੁਣ ਕੇ ਅਸੀਂ ਹਾਸੜ ਚੱਕ ਦੇਣੀਂ ।

ਦੇਸ਼ ਦੀ ਜੂਨੀਅਰ ਟੀਮ ਵਿੱਚ ਟਰਾਇਲ ਦੇਣ ਤੋਂ ਬਾਦ ਰਣਜੀਤ ਜਦ ਪਿੰਡ ਆਇਆ ਤਾਂ ਲੋਕਾਂ ਨੇ ਜਿਵੇਂ ਉਹਨੂੰ ਮੋਢਿਆਂ ਤੇ ਚੱਕ ਲਿਆ ਹੋਵੇ। ਪਿੰਡ ਦੀ ਹਰ ਨੁੱਕਰ ਗਲੀ ਮੁਹੱਲੇ ਵਿੱਚ ਉਹਦੀਆਂ ਗੱਲਾਂ ਹੋਣ ਲੱਗੀਆਂ। ਹਰ ਛੋਟੇ ਵੱਡੇ ਦੀ ਜੁਬਾਨ ਤੇ ਇਹੀ ਸ਼ਬਦ ਹੁੰਦਾ "ਵਾਹ ਬਈ ਵਾਹ ਪਿੰਡ ਦਾ ਨਾਂਅ ਕੱਢਤਾ ਕੇ ਮੁੰਡੇ ਨੇ।"

ਤੇ ਅੱਜ ਰਣਜੀਤ ਮਹਿਮਾਨ ਬਣਕੇ ਸਾਨੂੰ ਸਭ ਨੂੰ ਸਕੂਲ ਮਿਲਣ ਆਇਆ ਹੈ । ਮੈਂ ਵੇਖ ਰਿਹਾਂ ਕੁਸ਼ ਕੁ ਸਾਲ ਪਹਿਲਾਂ ਵਾਲਾ ਛੋਟਾ ਜਿਹਾ ਰਣਜੀਤ ਅੱਜ ਸਾਡੇ ਤੋਂ ਵੀ ਸਿਰ ਕੱਢ ਆਇਆ ਹੈ । ਉਹਨੂੰ ਨੇੜੇ ਆਉਂਦਿਆਂ ਵੇਖ ਕੇ ਮੈਂ ਕਮਰੇ ਚੋਂ ਬਾਹਰ ਆਇਆ ਹਾਂ ਤੇ ਰਣਜੀਤ ਨੇ ਭੱਜ ਕੇ ਮੇਰੇ ਪੈਰੀਂ ਹੱਥ ਲਾਏ "ਵਾਹ ਓਏ ਮੇਰਿਆ ਬੱਗਿਆ ਸ਼ੇਰਾ, ਜਿਉਂਦਾ ਰਹਿ. ਜੁਆਨੀਆਂ ਮਾਣੇਂ। ਹੋਰ ਸੁਣਾਂ ਕਿਵੇਂ ਆਂ ਤੇਰੀ ਸੇਹਤ 'ਤੇ ਖੇਡ।"

"ਬਹੁਤ ਵਧੀਆ ਮਾਸਟਰ ਜੀ, ਸਭ ਤੁਹਾਡੀ ਹੀ ਦੇਣ ਆ ਜੀ।" ਰਣਜੀਤ ਮੇਰੇ ਗਲ ਨਾਲ ਲੱਗਦਾ ਬੋਲਿਆ।

"ਹੋਰ ਸੁਣਾਂ ਰਣਜੀਤ....ਤੇਰੇ ਟਰਾਇਲ ਕਿਵੇਂ ਰਹੇ।" ਮਾਸਟਰ ਦਰਸ਼ਨ ਸਿੰਘ ਸਾਡੇ ਵਿਚਕਾਰ ਘੁਸਰ ਕੇ ਆ ਖੜ੍ਹਾ ਹੋਇਆ।

"ਟਰਾਇਲ ਵਧੀਆ ਸਨ ਉਮੀਦ ਆ ਸਲੈਕਸ਼ਨ ਹੋਜੂਗੀ ਜੀ।"

"ਸ਼ਾਬਾਸ਼ ਪੁੱਤਰਾ ਵੈਲ ਡਨ।" **ਬਾਕੀ ਪੰਨਾ ਨੰ. 60 'ਤੇ**



**ਕਵਿਤਾਵਾਂ**

## ਦੋ ਕਵਿਤਾਵਾਂ/ਗੁਰਦੇਵ ਚੌਹਾਨ

### 1 ਸਿੰਬਲ

ਸਿੰਬਲ ਦਾ ਦੁੱਖ ਹੈ ਕਿ ਉਹ ਰੁੱਖ ਹੈ
ਮੇਪਲਾਂ ਵਿੱਚ ਖਲੋਤਾ ਹੈ
ਪੱਤੇ ਪੱਤਝੜ ਵਿੱਚ ਫੁੱਲ ਨਹੀਂ ਬਣਦੇ
ਬਸ ਏਧਰ-ਓਧਰ ਬਿਟਰ-ਬਿਟਰ
ਵੇਖਦੇ ਰਹਿੰਦੇ ਹਨ
ਅਪਾਹਜ ਸਕੂਲਾਂ ਵਿੱਚ ਪੜ੍ਹਦੇ
ਮੰਦ-ਬੁਧੀ ਬੱਚਿਆਂ ਵਾਂਗ
ਉਸ ਵੱਲ ਕੋਈ ਮੇਪਲ ਨਹੀਂ ਵੇਖਦਾ
ਸਿੰਬਲ ਦਾ ਇਹੀ ਮੁੱਖ ਦੁੱਖ ਹੈ
ਕਿ ਉਹ ਪੇੜ ਹੈ
ਹਿਰਨ ਦਾ ਬੱਚਾ ਨਹੀਂ ਹੈ
ਹਵਾ ਦਾ ਬੁੱਲ੍ਹਾ ਨਹੀਂ ਹੈ
ਉਸ ਦੀ ਚਮੜੀ ਹੀ
ਉਸ ਦਾ ਦੁੱਖ ਹੈ
ਇਹ ਦੁੱਖ ਉਹ ਆਪਣੇ ਨਾਲ
ਲੈ ਕੇ ਜੰਮਿਆਂ ਸੀ
ਇਸ ਦੇ ਸਾਥ ਵਿੱਚ ਹੀ
ਉਹ ਵੱਡਾ ਹੋਇਆ
ਹੁਣ ਉਸ ਦੇ ਸੁਫਨੇ ਵਿੱਚ
ਠੇਕੇਦਾਰ ਆਉਂਦਾ ਹੈ
ਉਸ ਦੀ ਨਿਰਖ-ਪਰਖ
ਕਰਕੇ ਚਲੇ ਜਾਂਦਾ ਹੈ
ਹੁਣ ਸਿੰਬਲ ਆਪਣੀ ਜੜ੍ਹ 'ਤੇ ਸਿਰ
ਰੱਖ ਕੇ ਸੌਂਦਾ ਹੈ
ਜਦ ਹਵਾ ਵਗਦੀ ਹੈ ਤਾਂ
ਉਸ ਦੀ ਚੀਖ਼ ਸਾਫ ਸੁਣਾਈ ਦੇਂਦੀ ਹੈ
ਹਵਾ ਇਸ ਨੂੰ ਆਪਣੇ ਵਿੱਚ
ਰਲ਼ਾ ਲੈਂਦੀ ਹੈ
ਕਾਸ਼! ਇਹ ਕੁਹਾੜੇ ਵਾਂਗ
ਵੇਖੀ ਵੀ ਜਾ ਸਕਦੀ
ਅਤੇ ਆਰੇ ਦੀ ਅਵਾਜ਼ ਵਾਂਗ ਸੁਣੀ ਵੀ-

### 2 ਚੀਜ਼ਾਂ ਦੇ ਅੰਦਰਵਾਰ

ਹਰ ਚੀਜ਼ ਦੇ ਅੰਦਰਵਾਰ
ਇਕ ਹੋਰ ਚੀਜ਼ ਹੁੰਦੀ ਹੈ
ਉਸੇ ਦੀ ਇਕ ਹੋਰ ਤਹਿ
ਇਕ ਹੋਰ ਧਰਤ
ਇਕ ਹੋਰ ਅਸਮਾਨ
ਇਕ ਹੋਰ ਪਤਾਲ

ਜਿਵੇਂ ਵਸਤ ਦਾ ਅਸਲ ਖ਼ਾਸਾ
ਉਸ ਦੇ ਖੋਲ੍ਹ ਵਿੱਚ ਛੁਪਿਆ ਹੋਵੇ
ਜਿਵੇਂ ਵਸਤ ਦਾ ਅਸਲ ਵਾਸਾ
ਉਸ ਦੇ ਬੀਜ ਵਿੱਚ ਹੋਵੇ

ਬੀਜ ਦਰ ਬੀਜ
ਅੰਦਰ ਦਰ ਅੰਦਰ
ਅਸੀਂ ਪਹੁੰਚ ਜਾਂਦੇ ਹਾਂ ਅਨੇਕ
ਕੁਆਰਕਾਂ ਦੀ ਖਾਕ ਛਾਣਦੇ
ਵਸਤ ਦੇ ਕੁਝ ਵੀ ਨਾ
ਹੋਣ ਦੇ ਵਜੂਦ ਵਿੱਚ
ਸ਼ੂਨਯ ਜਿਸ ਦਾ ਕੁੰਨਾਂ ਹੈ
ਜਿਸ ਦਾ ਪਾਸਾਰ ਹੀ
ਸਭ ਥਾਂ ਹੈ-

## ਦੋ ਗ਼ਜ਼ਲਾਂ/ਸੁਰਿੰਦਰ ਸੀਹਰਾ

1

ਜ਼ਮਾਨਾ ਜਾਣਦਾ ਖ਼ਾਲੀ ਪਿਆ ਹੈ।
ਇਸ ਖੰਡਰ 'ਚ ਤੇਰਾ ਕੀ ਪਿਆ ਹੈ।
ਨਜ਼ਰ ਨੂੰ ਆਖਿਆ ਹੁਣ ਸ਼ਾਂਤ ਹੋ ਜਾ,
ਤੇਰੇ ਪੱਥਰ 'ਤੇ ਅੱਜ ਪਾਣੀ ਪਿਆ ਹੈ।
ਲਵਾ ਲੈਣਾ ਮੈਂ ਇਸ ਮੰਦਰ ਨੂੰ ਸੋਨਾ,
ਮੇਰੇ ਵਿੱਚ ਵੀ ਤਾਂ ਉਹੀ ਪਿਆ ਹੈ।
ਜੁ ਮੇਰੀ ਰਕਮ ਦੇ ਜ਼ੀਰੋ ਦਬਾਉਂਦਾ,
ਤੇਰੇ ਅੰਦਰ ਕਿਤੇ ਮਨਫੀ ਪਿਆ ਹੈ।
ਇਹਨਾਂ ਸਿਵਿਆਂ ਦੇ ਆਕੇ ਖੋਲ੍ਹ ਤਾਲ਼ੇ,
ਤੇਰਾ ਜੈਤਾ, ਤੇਰਾ ਰਾਗੀ ਪਿਆ ਹੈ।
ਰਿਹਾ ਮਰ ਕੇ ਵੀ ਸੀਹਰਾ ਕੋਲ ਸਾਡੇ,
ਕਿਤੇ ਮੌਖਿਕ ਕਿਤੇ ਕਲਮੀ ਪਿਆ ਹੈ।
* *

2

ਨਾ ਕੋਈ ਚੋਟ ਨਾ ਕੋਈ ਦਾਗ਼ ਲਾਇਆ,
ਤੇਰਾ ਕੁਝ ਵੀ ਮੇਰੇ ਹਿੱਸੇ ਨਾ ਆਇਆ।
ਮੈਂ ਧੁੱਪਾਂ ਦਾ ਇਵੇਂ ਪੈਂਡਾ ਮੁਕਾਇਆ,
ਸੀ ਯਾਦਾਂ ਤੇਰੀਆਂ ਦਾ ਸਿਰ 'ਤੇ ਸਾਇਆ।
ਉਹ ਆਪਣੇ ਸੋਸ਼ਨੀ ਰੰਗਾਂ 'ਚ ਖੇਡੇ,
ਮੈਂ ਲੈ ਕੇ ਫਿਰ ਰਿਹਾਂ ਜ਼ਖ਼ਮਾਂ ਦੀ ਕਾਇਆ।
ਮੈਂ ਛੱਡ ਦਿੱਤੇ ਨੇ ਹੁਣ ਦੀਵੇ ਜਗਾਉਣੇ,
ਮੈਂ ਉਸ ਨੂੰ ਮਿਲਣ ਦਾ ਫਸਤਾ ਮੁਕਾਇਆ।
ਸੁਜਾ ਬੈਠਾ ਹਾਂ ਤੁਰ ਤੁਰ ਪੈਰ ਆਪਣੇ,
ਕੋਈ ਠੋਕਰ ਲਈ ਪੱਥਰ ਨਾ ਆਇਆ।
ਕੋਈ ਤੁਰਦਾ ਜਿਵੇਂ ਹੈ ਮਗਰ ਮੇਰੇ,
ਹਮੇਸ਼ਾ ਇਸ ਤਰ੍ਹਾਂ ਲਗਦਾ ਖੁਦਾਇਆ।
ਤੇਰੇ ਵਿਛੜਨ ਦਾ ਨ੍ਹੀਂ ਸੀ ਭਾਰ ਸੀਹਰੇ,
ਮਗਰ ਲੈ ਬਹਿ ਗਿਆ ਤੂੰ ਜਿਉਂ ਚੁਕਾਇਆ।



## ਵਰਿੰਦਰ ਪਰਿਹਾਰ ਦੀਆਂ ਤਿੰਨ ਕਵਿਤਾਵਾਂ

### 1. ਮੁਕਤਾਂਜਲੀ

ਉਹ
ਰਾਗ ਲੱਭ ਰਹੇ
ਰੁੱਝੇ ਦਿਨ ਰਾਤ
ਕਿ ਜਾਗਦੇ ਬੰਦੇ
ਸੁੱਧੀ ਨੂੰ ਸੁਲਾਉਣ ਕਿਵੇਂ
ਲਫ਼ਜ਼ ਲਫ਼ਜ਼ ਗੁਆਉਣ ਕਿਵੇਂ
ਮੰਤਰ ਮੁਗਧ ਕਰਨਾ
ਰੁਝਾਉਣ ਕਿਵੇਂ

'ਤੇ ਏਨੇ ਚਿਰਾਂ
ਚਿਰਾਂ ਤੋਂ ਰਾਗ ਲੱਭਦਾ ਮੈਨੂੰ
ਆਢੇ ਖੜ੍ਹਨ ਵਾਲਾ
ਹਰ ਕਾਜ ਲੱਭਦਾ ਮੈਨੂੰ
ਸਿਰ 'ਤੇ ਸਜਣ ਲਈ
ਹਰ ਸ਼ਬਦ ਦਾ ਤਾਜ ਲੱਭਦਾ ਮੈਨੂੰ
ਸੁਣੇ ਕਿਸੇ ਕਿਸੇ ਨੂੰ ਜੋ
ਉਹ ਅੰਦਰਲਾ ਸਾਜ਼ ਲੱਭਦਾ ਮੈਨੂੰ

'ਤੇ ਜਦ ਜੀਅ 'ਚ ਆਵੇ
ਫੁੱਲ 'ਚ ਲੁਕ ਜਾਵਾਂ
ਸ਼ਬਦ ਓਹਲੇ ਹੋ ਜਾਵਾਂ
ਛੱਡ ਜਾਵਾਂ ਭਾਵ
ਤੇ ਰਹੇ ਪਿੱਛੇ ਜੋ ਅਕਾਵਿ
ਮੈਂ ਉਸੇ ਨੂੰ ਗਾਵਾਂ
ਰੱਜ ਰੱਜ ਸ਼ੁਕਰ ਮਨਾਵਾਂ
——

ਉਹ ਰਾਗ ਲੱਭ ਰਹੇ
ਤੇ ਏਧਰ-
ਰਾਗ ਲੱਭਦਾ ਮੈਨੂੰ
ਅਰਥ-ਬਗੈਰ ਲੱਭਦਾ ਮੈਨੂੰ
**

### 2. ਸ਼ਪਿੰਗ ਮਾਲ

ਮਾਲ ਬਣ ਰਿਹਾ
ਨਿੱਕੀਆਂ ਦੁਕਾਨਾਂ ਢਾਹ ਕੇ
ਮਾਲ ਬਣ ਰਿਹਾ
ਵਿਕ ਚੁੱਕੀਆਂ ਨਿੱਕੀਆਂ
ਦੁਕਾਨਾਂ
ਵੱਡਾ ਨਕਸ਼ਾ ਤਿਆਰ ਹੈ

ਕਰਮਾ ਵੀ ਤਿਆਰ ਹੈ
ਉਸ ਦੀ ਯਾਤਰਾ ਪੂਰੀ ਹੋ ਗਈ
ਹੈ
ਵਿਕੀ ਦੁਕਾਨ ਦਾ ਪੈਸਾ
ਬੱਚਿਆਂ 'ਚ ਵੰਡਿਆ ਜਾ
ਚੁੱਕਿਐ
ਸਾਰਾ ਟੱਬਰ ਸਾਰਾ ਦਿਨ ਅੱਜ
ਹੱਸਦਾ ਰਿਹਾ

ਪਰ ਕਰਮਾ ਅੱਜ ਰੋਂਦਾ ਸੀ
ਉਹਨੂੰ ਚੁੱਪ ਕਰਾਉਣ ਕੋਈ ਨਾ
ਆਇਆ
ਉਹ ਜਿਉਂਦੇ ਜੀ ਮੋਇਆ ਸੀ
ਮਰਿਆ ਹੋਰ ਬੜਾ ਕੁਝ ਉਹਦੇ

ਨਾਲ
ਪੂਰੀ ਤਹਿਜ਼ੀਬ ਦੀ ਮੌਤ 'ਤੇ-

ਪੂਰੀ ਕੁਦਰਤ ਮਕਾਣ ਲਈ ਆ
ਚੁੱਕੀ
ਖੇਤ ਰੋਇਆ, ਫਸਲ ਧੁੱਪ ਹਵਾ
ਮੀਂਹ ਰੋਵੇ
ਖਣਿਜ ਰੋਏ, ਘਾਹ ਰੋਇਆ
ਧਰਤੀ ਥੱਲੇ ਵਗਦੀ ਨਦੀ ਰੋਈ
ਉਹਦੇ ਸਿਰ ਦਾ ਆਸਮਾਨ
ਰੋਇਆ

ਪਿੰਡ ਸਾਰੇ ਬੈਠ ਕੁਦਰਤ ਸੰਗ
ਵੈਣ ਪਾਏ
ਨਾਲ ਚਿੜੀਆਂ ਜਨੌਰ ਬੈਠ ਰੋਏ
ਰੁੱਖ ਪਿੰਡ ਦਾ ਸੁੱਖ, ਸਾਰਾ
ਉਦਾਲਾ ਰੋਇਆ

ਮਾਲ ਬਣ ਰਿਹਾ
ਬਣ ਰਿਹਾ ਅਣਗਿਣਤ ਮੜੀਆਂ
ਉਪਰ
**

### 3. ਖਿੜਕੀ
(ਇਕ ਹਿੰਦੁਸਤਾਨੀ ਕਵਿਤਾ)

ਖਿੜਕੀ ਸੇ ਕੂਦਨੇ ਕੀ
ਜਬ ਵੀ ਚਾਹਤ ਹੋਤੀ ਹੈ
ਮੈਂ ਦੀਵਾਰ ਪੇ ਚਿਪਕੇ
ਆਇਨੇ ਮੇਂ ਛਲਾਂਗ ਲਗਾ ਦੇਤਾ
ਹੂੰ

ਆਇਨੇ ਕੇ ਅੰਦਰ
ਅਨਗਿਨਤ ਖਿੜਕੀਆਂ ਹੈਂ
ਖਿੜਕੀਓਂ ਕੇ ਪਾਰ ਹਜ਼ਾਰੋਂ ਲੋਗ
ਅੰਤ੍ਰਿਕਸ਼ ਮੇਂ ਡੂਬ ਰਹੇ ਹੈਂ

ਕਿਸ ਖਿੜਕੀ ਸੇ ਮੁਝੇ
ਅੰਦਰ ਜਾਨਾ ਦੇਖਨਾ
ਔਰ ਉਨਹੇਂ ਬਚਾਨਾ ਹੈ
ਕੁਝ ਪਤਾ ਨਹੀਂ ਚਲ ਰਹਾ

ਮੈਂ ਜਲਦੀ ਸੇ ਬਾਹਰ ਆਤਾ ਹੂੰ
ਘਰ ਕੀ ਉਸੀ  ਖਿੜਕੀ ਕੇ ਪੀਛੇ
ਖੜਾ
ਖਸ਼ਿਤਜ ਤੀਕ ਫੈਲੀ
ਡੂਬਤੀ-ਤੈਰਤੀ ਕਾਇਨਾਤ ਕੋ
ਦੇਖਤਾ ਹੂੰ
ਔਰ ਕਬੀ ਬਚੇ ਹੂਏ
ਅਪਨੇ ਆਪ ਕੋ ਦੇਖਤਾ ਹੂੰ-



## ਦੋ ਗ਼ਜ਼ਲਾਂ/ਜਸਵਿੰਦਰ ਮਾਨ

**1**

ਤੇਰਾ ਸਭ ਕੁਝ ਸੁਣਿਆਂ ਜਾਣਾ, ਮੇਰਾ ਸਭ ਕੁਝ ਬੁੱਕਿਆ ਜਾਣਾ,
ਮੇਰੇ ਹੀ ਬੋਲਾਂ 'ਤੇ ਰੱਖ ਕੇ, ਮੇਰੀ ਜੀਭ ਨੂੰ ਟੁੱਕਿਆ ਜਾਣਾ।
ਤੇਰੇ ਝੂਠ ਨੇ ਸੱਚ ਹੋ ਜਾਣਾ, ਮੇਰੇ ਸੱਚ ਨੇ ਕੱਚ ਹੋ ਜਾਣਾ,
ਮੇਰੇ ਹਰ ਇਕ ਗੀਤ ਨੂੰ ਇੱਥੇ, ਅੱਖਰ-ਅੱਖਰ ਕੱਟਿਆ ਜਾਣਾ।
ਮੇਰੇ ਆਪਣੇ ਹੀ ਹੱਥਾਂ 'ਚੋਂ, ਕਿਰ ਚੁੱਕਾ ਹੈ ਪੈਰੀਂ ਮੇਰੇ,
ਇਹ ਤਾਂ ਮੇਰਾ ਆਪਣਾ ਸਾਇਆ, ਇਹ ਨਹੀਂ ਮੈਥੋਂ ਚੁੱਕਿਆ ਜਾਣਾ।
ਹਿਲਦੇ ਪਾਣੀ, ਟੁੱਟੇ ਸ਼ੀਸ਼ੇ, ਏਸ ਸਮੇਂ 'ਚੋਂ ਸਭ ਕੁਝ ਮਨਫੀ,
ਏਸ ਸਮੇਂ ਵਿੱਚ ਕਿਸ ਤੋਂ ਆਪਣਾ, ਚਿਹਰਾ ਸਾਬਤ ਤੱਕਿਆ ਜਾਣਾ।
ਹੁਣ ਨਾ ਸਾਨੂੰ ਹਾਕਾਂ ਮਾਰੀਂ, ਹੁਣ ਆਪਾਂ ਬਸ ਤੁਰ ਜਾਣਾ ਹੈ,
ਏਹ ਸਫਰ ਤੇ ਬਸ ਸਫਰ ਹੈ, ਹੁਣ ਨਹੀਂ ਸਾਥੋਂ ਰੁਕਿਆ ਜਾਣਾ।
ਇਹ ਰਸਤਾ ਮਕਤਲ ਵੱਲ ਜਾਂਦੇ, ਇੱਥੇ ਪੈਰ ਸਮਝ ਕੇ ਰੱਖੀਂ
ਇਹ ਰਸਤਾ ਤਾਂ ਸੱਚ ਦਾ ਰਸਤਾ, ਪੋਟਾ-ਪੋਟਾ ਟੁੱਕਿਆ ਜਾਣਾ।

**

**2**

ਛਾਂ ਨੇ ਧੁੱਪ ਤੋਂ ਕੀ ਮੰਗਿਆ ਹੈ?
ਤੇਰੀ ਚੁੱਪ ਨੇ ਕੀ ਮੰਗਿਆ ਹੈ?
ਤੇਰੇ ਡਿਗਦੇ ਪੱਤਿਆਂ ਤੋਂ ਹੁਣ,
ਮੇਰੇ ਰੁੱਖ ਨੇ ਕੀ ਮੰਗਿਆ ਹੈ?
ਬਾਂਝ ਪਈ ਧਰਤੀ ਦੇ ਪੇਟੋਂ,
ਤੇਰੀ ਕੁੱਖ ਨੇ ਕੀ ਮੰਗਿਆ ਹੈ?
ਫੁੱਟਦੀ ਏਸ ਕਰੂੰਬਲ ਕੋਲੋਂ,
ਜਾਂਦੀ ਰੁੱਤ ਨੇ ਕੀ ਮੰਗਿਆ ਹੈ?
ਉਮਰਾਂ ਪਿੱਛੋਂ ਬੁੱਲ੍ਹ ਹਿੱਲੇ ਨੇ,
ਮੈਥੋਂ ਬੁੱਤ ਨੇ ਕੀ ਮੰਗਿਆ ਹੈ?
ਜ਼ਖ਼ਮ ਭਰੇ ਤਾਂ ਮੁੜ ਆਵੀਂ ਤੂੰ,
ਮੇਰੇ ਦੁੱਖ ਨੇ ਕੀ ਮੰਗਿਆ ਹੈ?

## ਕੁਝ ਕਵਿਤਾਵਾਂ/ਦਲਵੀਰ ਕੌਰ

### ਆਤਮ ਤੰਦ
(ਸਭ ਸਖੀਆਂ ਦੇ ਨਾਮ)

"ਪਲਕਾਂ ਬੰਦ ਹੋਈਆਂ
ਤੇ ਤੂੰ ਗ਼ੈਰ ਹਾਜ਼ਰ?"
ਬੇ ਜਵਾਬੀ 'ਚ
ਮੈਂ ਸਹਿਜੇ ਹੀ
ਜੁਰਮ ਕਬੂਲ ਕਰ ਲਿਆ ਸੀ
ਸਨਮੁੱਖ ਉਸ ਦੇ ਸਾਂ
ਮਨਮਰਜ਼ੀ ਆਪਣੀ ਸੀ
ਪਰ...
ਵਾਕਿਫ ਉਸ ਵਕਤ ਨਹੀਂ ਸਾਂ
ਨਾ ਵਾਕਫੀ ਅੱਜ ਵੀ ਸਾਂਭ ਰੱਖੀ ਹੈ
ਭਰਮ ਆਬਾਦ ਵੀ ਹੈ
ਖ਼ੁਦੀ ਤੋਂ ਖ਼ੁਦ ਆਜ਼ਾਦ ਵੀ ਹੈ
ਆਤਮ ਤੰਦ ਨੂੰ
ਮਨ ਦਾ ਸੂਤ ਪੇਸ਼ ਹੈ
ਮੈਂ ਆਪਾ ਅਟੇਰਨ ਲਈ
ਉੱਠ ਖਲੋਤੀ ਹਾਂ!

### ਅਰਧ ਮਨ

ਇਹ ਸ਼ਾਮ
ਚੜ੍ਹਦੇ ਸੂਰਜ ਦਾ ਪੰਧ
ਇਹ ਲੋਅ
ਅਣਛੋਹੇ ਦੁਮੇਲ ਦਾ
'ਮੰਜ਼ਰ'
ਬਿੰਦੂ ਦੀ ਨੋਕ 'ਤੇ
ਸਾਧਕ ਅਡੋਲ!
ਕਣੀਆਂ ਹੋਣਾ ਲੋਚੇ
ਖ਼ੂਹੇ ਦਾ ਪਾਣੀ!!

### ਜੀਵਨ

ਚੀਲ੍ਹ ਦਾ ਜੰਗਲ਼
ਭਾਲਦਾ ਲਕੜਹਾਰਾ
ਘਰ ਦੇ ਮੇਚ ਦੀ
ਸਰਦਲ
ਕੱਟਦਾ ਟੁਕੜੇ
ਦੋ ਹੱਥਾਂ 'ਚ ਫੜਨ ਜੋਗੇ!

### ਹੁਣ!!

ਆ ਹੁਣ ਨੂੰ ਸਿਮਰੀਏ
ਨਾਦ 'ਚ ਘੁਲ਼ੀਏ
ਰੋਮ ਰੋਮ ਤੋਂ
ਬ੍ਰਹਮੰਡ ਹੋ ਜਾਈਏ
ਆ ਹੁਣ ਨੂੰ ਸਿਮਰੀਏ
ਆ ਹੁਣ ਹੋ ਜਾਈਏ!!

### ਵਸਲ ਤੇ ਵਿਸਾਲ

ਮੇਰੇ ਪੈਰਾਂ ਦੀ ਪੈੜ
ਤੇਰੇ ਦੋ ਪੈਰਾਂ ਦਾ ਸਫਰ!
ਤੂੰ ਮੇਰੇ ਘਰ ਦੀ ਛੱਤ
ਜਾਂ ਮੈਂ
ਕੰਧਾਂ ਦਰ ਦਰਵਾਜ਼ੇ 'ਚ
'ਵਸਦਾ'
ਘਰ ਬਾਰ!
ਇਹ ਵੀ ਨਿਆਮਤ ਹੈ
ਕਿ ਬੈਠੇ ਇਕੱਠੇ ਹਾਂ
ਉਸ ਹਾਦਸੇ ਦੀ ਸਰਦਲ 'ਤੇ!



## ਦੋ ਕਵਿਤਾਵਾਂ/ਪ੍ਰੀਤ ਪਾਲ (ਕਨੈਡਾ)

### ਬੈਕ ਯਾਰਡ
(ਘਰ ਦੇ ਪਿਛਲਾ ਬਗੀਚਾ)

ਮੇਰੇ ਘਰ ਦਾ ਬੈਕ ਯਾਰਡ
ਬਹੁਤ ਖ਼ਰਾਬ ਹੋ ਗਿਆ ਹੈ,
ਉਗ ਆਈ ਹੈ ਇਕ ਬੂਟੀ ਜਿਹੀ
ਰੋਜ਼ ਦੇਖ ਕੇ ਦੁਖੀ ਹੁੰਦੀ ਹਾਂ
ਉਠਾਂ, ਹਿੰਮਤ ਕਰਾਂ
ਕਰਾਂ ਸਾਫ ਸਫਾਈ
ਪਰ ਕੰਮ ਬਹੁਤ ਲੰਮਾ ਹੈ ..

ਅੱਜ, ਅਚਾਨਕ
ਰਸੋਈ ਵਿੱਚ ਖੜੀ ਦੇਖ ਰਹੀ ਹਾਂ
ਪੀਲੇ ਫੁੱਲਾਂ 'ਤੇ ਖੇਡ ਰਹੀ ਹੈ ਧੁੱਪ
ਫੁੱਲ ਨਸ਼ੇ ਵਿੱਚ ਝੂਮ ਰਹੇ ਨੇ
ਮੈਂ ਵੀ ਦੁਖੀ ਹੋਣ ਦਾ ਵਿਚਾਰ
ਬਦਲ ਰਹੀ ਹਾਂ
ਫੁੱਲਾਂ ਨੂੰ ਦਿਲ ਭਰ ਕੇ ਦੇਖਿਆ
ਮਨ ਦੇ ਵਿਹੜੇ ਆ ਬੈਠੀ
ਇਕ ਕਵਿਤਾ,

ਪੌਣਾਂ ਭਾਵੇਂ ਜੋਖ਼ਮ ਭਰੀਆਂ
ਪਰ, ਅਸਗਾਹ ਵਹੇ ਖ਼ੁਦਾਈ
ਕੁਦਰਤ ਖੜੀ ਮਲਾਰ ਕੇ
ਜਾਪੇ
ਰੁੱਤ ਬਦਲਣ ਦੀ ਆਈ

ਮੈਂ ਵਾਧੂ ਬੂਟੀ ਤੋਂ ਹੋਈ ਸੁਰਖ਼ਰੂ ...

ਚੰਗਿਆਈ-ਬੁਰਿਆਈ ਇਕ ਨਜ਼ਰੀਆ
ਕਿਸੇ ਪ੍ਰੀਭਾਸ਼ਾ ਤੋਂ ਮੁਕਤ
ਕਿਸੇ ਵਸਤ ਬਾਰੇ ਰਾਏ ਦੇਣ ਤੋਂ ਪਹਿਲਾਂ
ਉਸ ਦੇ ਦੋਵੇਂ ਪਾਸੇ ਦੇਖੋ
ਸ਼ਾਇਦ ਤੁਹਾਡੀ ਖ਼ੁਸ਼ੀ ਦਾ ਕੋਈ
ਹੋਵੇ ਸਿਰਨਾਵਾਂ,
ਜ਼ਿੰਦਗੀ ਮਾਨਣ ਦਾ ਕੋਈ ਨਵਾਂ ਰਾਹ,

ਮੈਨੂੰ ਆਪਣੇ ਘਰ ਦਾ ਬੈਕ ਯਾਰਡ
ਬਹੁਤ ਪਿਆਰਾ ਲਗਦਾ ਹੈ।

## ਮਜ਼ਦੂਰ ਦਿਵਸ

ਆਪਣੇ ਵਤਨ ਦੀਆਂ ਖ਼ਬਰਾਂ
ਕਰਫਿਊ ਵਿੱਚ ਮਿਲੀ ਹੈ ਢਿੱਲ,

ਪਰਵਾਸੀ ਮਜ਼ਦੂਰ
ਇਕ ਮਹੀਨਾ ਪਹਿਲਾਂ
ਸਫਰ ‘ਤੇ ਨਿਕਲੇ ਸਨ
ਮਹਾਂਮਾਰੀ ਦੇ ਮਾਰੇ
ਮਜਬੂਰੀ, ਲਾਚਾਰੀ ਦਾ ਭਾਰ
ਸਿਰਾਂ, ਮੋਢਿਆਂ ‘ਤੇ ਚੁੱਕੀ
ਪੈਦਲ ਨਿਕਲ ਪਏ
ਆਪਣੇ ਜੱਦੀ ਘਰਾਂ ਨੂੰ
ਹਜ਼ਾਰਾਂ ਮੀਲਾਂ ਦਾ ਰਾਹ
ਸਾਹਮਣੇ ਖੜਾ ਸੀ
ਅਜਗਰ ਜਿਹਾ ਮੂੰਹ ਅੱਡੀ,
ਕਰਫਿਊ ਕਾਰਨ ਰੇਲਾਂ ਬੰਦ ਸਨ
ਪਰ ਉਹ ਤੁਰ ਪਏ ਸਨ,
ਨੰਗੇ, ਜ਼ਖਮੀ ਪੈਰਾਂ ਨਾਲ
ਕਿਵੇਂ ਤੁਰਦੇ ਹੋਣਗੇ ਇਹ ਮਸੀਹੇ?
ਰੇਲਾਂ ਚੱਲ ਵੀ ਪਈਆਂ,
ਇਹਨਾਂ ਵਿੱਚ ਸੁਫਨੇ ਵੀ ਚਮਕੇ
ਪਰ ਦੁਨੀਆ ਦੇ ਵੱਡੇ ਲੋਕਤੰਤਰ ਦੀ ਸਰਕਾਰ ਦੇ
ਲਾਲਚ ਮੂਹਰੇ ਖਾਲ਼ੀ ਜੇਬ੍ਹਾਂ
ਹਾਰ ਗਈਆਂ
ਨੰਗੇ, ਜ਼ਖ਼ਮੀ ਪੈਰੀਂ ਤੁਰਦੇ ਰਹੇ ਮਸੀਹੇ
ਰੇਲਾਂ ਕੋਲ ਦੀ ਲੰਘਦੀਆਂ ਰਹੀਆਂ
ਲਾਅਨਤ ਅਜਿਹੀ ਸਰਕਾਰ ਦੇ

ਮਜ਼ਦੂਰ ਦੇਸ਼ ਦੀ ਰੀੜ ਦੀ ਹੱਡੀ
ਭਾਰਤ ਜਿਹਾ ਮੁਲਕ
ਇਸ ਬਿਨਾਂ ਅਪਾਹਜ
ਸੜਕਾਂ ਤੋਂ ਲੈ ਕੇ ਸਾਰੇ ਤਾਜ ਮਹੱਲ
ਇਹਨਾਂ ਹੱਥਾਂ ਦਾ ਕ੍ਰਿਸ਼ਮਾ,
ਇਹਨਾਂ ਦਾ ਏਨਾ ਤ੍ਰਿਸਕਾਰ
ਘੋਰ ਪਾਪ
ਸੋਚਦੀ ਹਾਂ
ਮਜ਼ਦੂਰ ਦਿਵਸ ਦੇ ਕੀ ਅਰਥ ਹਨ।



## ਸੂਖਮ ਸਰੀਰ ਦੀ ਕਰਾਮਾਤ: ਅਮੋਲਕ ਸਿੰਘ ਜੰਮੂ

**-ਸੁਰਿੰਦਰ ਸੋਹਲ**

ਤਾਏ ਦੇ ਛੋਟੇ ਪੋਤੇ ਸੁਹਿੰਦਰਜੀਤ ਦੀਆਂ ਲਾਵਾਂ ਤੋਂ ਬਾਅਦ ਵਿਹਲੇ ਹੋ ਕੇ ਮੈਂ ਫ਼ੋਨ ’ਤੇ ਸਿਰਨਾਵਾਂ ਪਾਇਆ ਤਾਂ ਫ਼ਾਸਲਾ ਸਿਰਫ਼ ਛੇ ਕੁ ਮੀਲ ਦਾ ਹੀ ਸੀ। ਅਮੋਲਕ ਸਿੰਘ ਜੰਮੂ ਦੇ ਘਰ ਦਾ ਸਿਰਨਾਵਾਂ 20451 ਐੱਨ. ਪਲੱਮ ਗਰੋਵ ਰੋਡ ਪੜ੍ਹਦਿਆਂ ਹੀ ਮੂੰਹ ’ਚ ਜਿਵੇਂ ਅਲੂਚੇ (ਪਲੱਮ) ਦਾ ਸਵਾਦ ਘੁਲ਼ ਜਾਂਦਾ ਹੈ। ਅਮੋਲਕ ਸਿੰਘ ਬਾਰੇ ਸੋਚਦਿਆਂ ਹੀ ਰੋਮ-ਰੋਮ ’ਚ ਉਤਸ਼ਾਹ ਦੀ ਤਰੰਗ ਫੈਲ ਜਾਂਦੀ ਹੈ। ਉਸ ਦੇ ਰੂਬਰੂ ਹੋਣ ਦਾ ਅਰਥ ਚੜ੍ਹਦੇ ਸੂਰਜ ਦੇ ਰੂਬਰੂ ਹੋਣਾ ਹੈ। ਤਿਰਛੀ ਧੌਣ ਕਰ ਕੇ ਜਦੋਂ ਉਹ ਮੁਸਕਰਾਉਂਦਾ ਹੈ ਤਾਂ ਜਾਪਦਾ ਹੈ ਜਿਵੇਂ ਅੱਲ੍ਹੜ ਜਜ਼ਬਾ ਸੁਹਜ ਭਰਪੂਰ ਓਹਲੇ ’ਚੋਂ ਮਾਣ-ਮੱਤੀ, ਅਪਣੱਤ ਗੁੱਧੀ ਝਲਕ ਦਿਖਾ ਰਿਹਾ ਹੋਵੇ। ਅਮੋਲਕ ਨੂੰ ਮਿਲਣ ਦਾ ਚਾਅ ਤਾਂ ਮੇਰੇ ਅੰਦਰ ਉਮੜ ਹੀ ਰਿਹਾ ਸੀ, ਸਭ ਤੋਂ ਵੱਧ ਮੈਨੂੰ ਖ਼ੁਸ਼ੀ ਇਸ ਗੱਲ ਦੀ ਸੀ ਕਿ ਮੇਰੇ ਨਾਲ਼ ਮੇਰੀ ਪਤਨੀ, ਬੇਟਾ ਤੇ ਬੇਟੀ ਵੀ ਜਾ ਰਹੇ ਸਨ।

ਫਿਜ਼ਿਕਸ ਵਿਚ ਮੇਰੇ ਬੇਟੇ ਦੀ ਬਹੁਤ ਦਿਲਚਸਪੀ ਹੈ। ਸਟੀਫਨ ਹਾਕਿੰਗ ਉਸ ਦਾ ਮਹਿਬੂਬ ਵਿਗਿਆਨੀ ਹੈ। ਸਟੀਫਨ ਨੂੰ Amyotrophic Lateral Sclerosis ਨਾਂ ਦੀ ਮਰਜ਼ ਨੇ ਭਾਵੇਂ ਦੱਬਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਇਸ ਮਰਜ਼ ਦੇ ਝੱਖੜਾਂ ਵਿਚ ਵੀ ਗਿਆਨ-ਵਿਗਿਆਨ ਦੇ ਦੀਵੇ ਬਾਲਦਾ ਰਿਹਾ ਸੀ। ਮੈਂ ਬੇਟੇ ਨੂੰ ਅਮੋਲਕ ਸਿੰਘ ਨੂੰ ਹੋਈ ਸਟੀਫਨ ਹਾਕਿੰਗ ਵਾਲੀ ਮਰਜ਼ ਬਾਰੇ ਦੱਸਿਆ ਹੋਇਆ ਸੀ। ਅਮੋਲਕ ਸਿੰਘ ਦੀ ਦ੍ਰਿੜਤਾ ਤੇ ਪ੍ਰਤੀਬੱਧਤਾ ਬਾਰੇ ਸੁਣ ਕੇ ਬੇਟੇ ਦੇ ਮਨ ’ਚ ਵੀ ਉਸ ਨੂੰ ਮਿਲਣ ਦੀ ਤਾਂਘ ਪੈਦਾ ਹੋ ਗਈ ਸੀ।

ਅਸੀਂ ਅਮੋਲਕ ਸਿੰਘ ਦੇ ਘਰ ਵੱਲ ਜਾ ਰਹੇ ਸਾਂ। ਸੜਕ ਵਿਚਕਾਰ ਬਣੀਆਂ ਸਫ਼ੈਦ ਪੱਟੀਆਂ ਪਿਛਾਂਹ ਰਹੀ ਜਾ ਰਹੀਆਂ ਸਨ, ਜਿਵੇਂ ਮੈਨੂੰ ਗੁਜ਼ਰ ਗਏ ਵਕਤ ’ਤੇ ਨਜ਼ਰਸਾਨੀ ਕਰਨ ਦਾ ਇਸ਼ਾਰਾ ਕਰ ਰਹੀਆਂ ਹੋਣ।

ਇਫ਼ਤਿਖ਼ਾਰ ਨਸੀਮ ਉਰਫ਼ ਇਫ਼ਤੀ ਉਰਦੂ-ਪੰਜਾਬੀ ਦਾ ਅਵੱਲਾ ਸ਼ਾਇਰ ਸੀ। ਆਪਣੀ ਜਾਣ-ਪਛਾਣ ਲੇਖਕ ਵਜੋਂ ਘੱਟ ’ਤੇ ‘ਗੇਅ’ ਵਜੋਂ ਵੱਧ ਕਰਵਾਉਂਦਾ। ਉਹ ਲੈਕਚਰ ਦੇਣ ਵਾਸਤੇ ਵੱਖ-ਵੱਖ ਥਾਵਾਂ, ਵੱਖ-ਵੱਖ ਮੁਲਕਾਂ ’ਚ ਜਾਂਦਾ। ਵਾਪਸ ਮੁੜਦਾ ਝੱਟ ਮੈਨੂੰ ਖ਼ਬਰ ਕਰਦਾ।

“ਕਿਵੇਂ ਰਿਹਾ ਸਫ਼ਰ?” ਮੈਂ ਪੁੱਛਦਾ।

ਉਹ ਆਪਣੇ ਮੌਲਿਕ ਅੰਦਾਜ਼ ’ਚ ਆਖਦਾ, “ਮੈਂ ਏਨਾ ਬਿਜ਼ੀ ਸਾਂ ਮੇਰੇ ਕੋਲ਼ ਤਾਂ ਸ਼ਲਵਾਰ ਪਾਉਣ ਦੀ ਵਿਹਲ ਨਹੀਂ ਸੀ।” ਤੇ ਨਾਲ਼ ਹੀ ਖਿੜ-ਖਿੜਾਅ ਕੇ ਹੱਸਦਾ। ਮੈਂ ਉਸ ਦਾ ਸ਼ਬਦ-ਚਿੱਤਰ ‘ਕਵਿਤਾ ਦਾ ਸ਼ਿਖੰਡੀ-ਇਫ਼ਤਿਖ਼ਾਰ ਨਸੀਮ’ ਲਿਖਿਆ ਸੀ। ਉਸ ਸ਼ਬਦ-ਚਿੱਤਰ ਨੇ ਹੀ ਮੇਰੇ ਤੇ ਅਮਲੋਕ ਸਿੰਘ ਦੇ ਰਿਸ਼ਤੇ ’ਚ ਗੂੜ੍ਹੇ ਅਰਥਾਲੇ ਰੰਗ ਭਰੇ ਸਨ।

ਸ਼ਾਇਦ 2000 ਸੰਨ ਦੀ ਗੱਲ ਹੈ। ਅਮੋਲਕ ਸਿੰਘ ਨੇ ਮੈਨੂੰ ‘ਪੰਜਾਬ ਟਾਈਮਜ਼ ਨਾਈਟ’ ’ਤੇ ਆਉਣ ਲਈ ਬਹੁਤ ਹੀ ਮੋਹ ਭਰਿਆ ਫੋਨ ਕੀਤਾ ਸੀ। ਮੇਰੇ ਤੋਂ ਕੁਝ ਕਵਿਤਾਵਾਂ ਵੀ ਮੰਗਵਾਈਆਂ ਤੇ ਫੋਟੋ ਵੀ।

ਨਿਊਯਾਰਕ ਰਹਿੰਦੇ ਮਿਲਾਪੜੇ ਸ਼ਾਇਰ ਰਣਧੀਰ ਸਿੰਘ ਨਿਊਯਾਰਕ ਨੇ ਦੋ ਟਿਕਟਾਂ ਬੁੱਕ ਕਰਵਾਅ ਲਈਆਂ। ਉਸੇ ਸਾਲ ਪ੍ਰੋ. ਸ਼ੇਰ ਸਿੰਘ ਕੰਵਲ ਦੁਨੀਆ ਦੀ ਸਭ ਤੋਂ ਲੰਮੀ ਤੋਰੀ

ਪੈਦਾ ਕਰਨ ਸਦਕਾ 'ਗਿੰਨੀਜ਼ ਬੁੱਕ' 'ਚ ਆਇਆ ਸੀ। ਆਪਣਾ ਸਨਮਾਨ-ਪੱਤਰ ਲੈ ਕੇ ਉਸ ਨੇ ਇੰਗਲੈਂਡ ਤੋਂ ਸਿੱਧਾ ਸ਼ਿਕਾਗੋ ਪਹੁੰਚ ਜਾਣਾ ਸੀ। ਸਿਆਟਲ ਤੋਂ ਹਰਭਜਨ ਸਿੰਘ ਬੈਂਸ ਵੀ ਪਹੁੰਚ ਰਿਹਾ ਸੀ।

ਸ਼ੁਕਰਵਾਰ ਦਾ ਦਿਨ ਸੀ। ਸ਼ਿਕਾਗੋ ਏਅਰ-ਪੋਰਟ ਤੋਂ ਅਮੋਲਕ ਸਿੰਘ ਜਦੋਂ ਮੈਨੂੰ ਤੇ ਰਣਧੀਰ ਸਿੰਘ ਨੂੰ ਲੈਣ ਆਇਆ ਤਾਂ ਹਰਭਜਨ ਸਿੰਘ ਬੈਂਸ ਵੀ ਕਾਰ 'ਚ ਬੈਠਾ ਸੀ। ਸ਼ਾਇਦ ਉਸ ਦੀ ਫ਼ਲਾਈਟ ਸਾਡੇ ਤੋਂ ਕੁਝ ਦੇਰ ਪਹਿਲਾਂ ਹੀ ਉੱਤਰੀ ਸੀ। ਕਾਰ ਏਅਰ-ਪੋਰਟ ਤੋਂ ਬਾਹਰ ਨਿਕਲੀ ਤਾਂ ਮੈਂ ਪੁੱਛਿਆ, "ਭਾਜੀ! ਹੁਣ ਸਿੱਧੇ ਆਪਾਂ ਦਫ਼ਤਰ ਜਾਵਾਂਗੇ?"

"ਨਹੀਂ," ਅਮੋਲਕ ਸਿੰਘ ਨੇ ਹਾਈ-ਵੇਅ ਦੇ ਰੈਂਪ 'ਤੇ ਕਾਰ ਚਾੜ੍ਹਦਿਆਂ ਕਿਹਾ, "ਬਾਹਰੋਂ ਆਏ ਮਹਿਮਾਨਾਂ ਦੀ ਪਹਿਲੀ ਮੁਲਾਕਾਤ 'ਪੰਜਾਬ ਟਾਈਮਜ਼' ਦੇ ਸਹਿਯੋਗੀਆਂ ਤੇ ਪ੍ਰਸ਼ੰਸਕਾਂ ਨਾਲ ਹੋਵੇਗੀ।"

ਉਹ ਕਾਰ ਚਲਾਉਂਦਾ ਦੱਸੀ ਜਾ ਰਿਹਾ ਸੀ, "ਸ਼ਿਕਾਗੋ ਕ੍ਰਾਂਤੀਕਾਰੀਆਂ ਦਾ ਸ਼ਹਿਰ ਐ। ਏਥੇ ਮਜ਼ਦੂਰਾਂ ਨੇ ਆਪਣੇ ਹੱਕ ਮੰਗੇ। ਉਨ੍ਹਾਂ 'ਤੇ ਗੋਲੀ ਚੱਲੀ। 'ਲੇਬਰ-ਡੇਅ' ਦਾ ਜਨਮ ਹੋਇਆ। ਜਦੋਂ ਇੰਡੀਆ ਹੁੰਦੇ ਸੀ, ਬੜੀ ਇੱਛਾ ਸੀ ਇਹ ਸ਼ਹਿਰ ਦੇਖਣ ਦੀ। ਉਹ ਥਾਂ ਦੇਖਣ ਦੀ ਜਿੱਥੇ ਮਜ਼ਦੂਰਾਂ ਦਾ ਲਹੂ ਡੁੱਲ੍ਹਿਆ ਸੀ। ਏਥੇ ਆ ਕੇ ਬੰਦਾ ਏਨਾ ਬਿਜ਼ੀ ਹੋ ਜਾਂਦਾ ਅਜੇ ਤੱਕ ਮੈਂ ਉਹ ਥਾਂ ਵੀ ਲੱਭ ਨਹੀਂ ਸਕਿਆ ਜਿੱਥੇ ਇਹ ਘਟਨਾ ਹੋਈ ਸੀ।"

ਇਫ਼ਤੀ ਨਾਲ ਮੇਰੀ ਗੱਲ ਤਾਂ ਹੋ ਗਈ ਸੀ ਤੇ ਪ੍ਰੋਗਰਾਮ ਵੀ ਬਣ ਗਿਆ ਸੀ। ਫਿਰ ਵੀ ਪੱਕਾ ਕਰਨ ਲਈ ਮੈਂ ਪੁੱਛ ਲਿਆ, "ਭਾਜੀ! ਇਫ਼ਤੀ ਵੀ ਆ ਰਿਹੈ ਪ੍ਰੋਗਰਾਮ 'ਤੇ।"

ਕਾਰ ਚਲਾਉਂਦੇ ਅਮੋਲਕ ਸਿੰਘ ਨੇ ਸ਼ੀਸ਼ੇ ਵਿਚ ਦੀ ਸ਼ਰਾਰਤੀ ਨਿਗਾਹ ਨਾਲ਼ ਮੇਰੇ ਵੱਲ ਦੇਖਦੇ ਹੋਏ ਬੁੱਲ੍ਹਾਂ 'ਤੇ ਗੁਲਦਾਉਦੀ ਵਰਗੀ ਮੁਸਕਾਨ ਫੈਲਾਅ ਕੇ ਕਿਹਾ, "ਬੁਲਾਇਆ...। ਮੈਂ ਕਿਹਾ ਉਹਨੂੰ- ਗੱਲ ਸੁਣ ਇਫ਼ਤੀ! ਤੈਨੂੰ ਅਸੀਂ ਕਵੀ ਦੇ ਤੌਰ 'ਤੇ ਬੁਲਾਇਐ। ਐਵੇਂ ਸਮਾਗਮ 'ਚ ਆਪਣੀ ਸਲਵਾਰ ਨਾ ਖੋਲ੍ਹੀ ਫਿਰੀਂ।"

ਰਣਧੀਰ ਸਿੰਘ ਮੇਰੇ ਕੂਹਣੀ ਮਾਰ ਕੇ ਹੱਸ ਪਿਆ। ਹਰਭਜਨ ਸਿੰਘ ਬੈਂਸ ਇਫ਼ਤੀ ਬਾਰੇ ਜਾਣਦਾ ਨਹੀਂ ਸੀ। ਇਸ ਕਰ ਕੇ ਉਸ ਨੇ ਕੋਈ ਹੁੰਗਾਰਾ ਨਾ ਭਰਿਆ।

ਨਿਊਯਾਰਕ ਦੇ ਸੰਘਣੇ ਇਲਾਕੇ 'ਚ ਰਹਿੰਦੇ ਹੋਣ ਕਰ ਕੇ ਮੈਨੂੰ ਇਹ ਇਲਾਕਾ ਬਹੁਤ ਖੁੱਲ੍ਹਾ-ਡੁੱਲ੍ਹਾ ਜਾਪ ਰਿਹਾ ਸੀ। ਹਾਈ-ਵੇਅ ਤੋਂ ਉੱਤਰਦੇ ਹੋਏ ਅਮੋਲਕ ਸਿੰਘ ਨੇ ਦੱਸਿਆ, "ਆਹ ਇਲਾਕਾ ਜ਼ਰਾ ਮਹਿੰਗਾ ਹੈ।"

ਸ਼ਾਮ ਲੱਥ ਆਈ ਸੀ। ਗੱਡੀ ਮਹਿਲ-ਨੁਮਾ ਘਰ ਅੱਗੇ ਜਾ ਖਲੋਤੀ। ਆਲ਼ਾ-ਦੁਆਲਾ ਬੜਾ ਰੁਮਾਂਚਿਤ ਜਾਪ ਰਿਹਾ ਸੀ।

"ਇਹ ਡਾਕਟਰ ਗੁਰਦਿਆਲ ਸਿੰਘ ਬਸਰਾਨ ਹੋਰਾਂ ਦਾ ਰੈਣ-ਬਸੇਰਾ ਐ," ਗੱਡੀ 'ਚੋਂ ਲਹਿੰਦਿਆਂ ਉਸ ਨੇ ਦੱਸਿਆ, "ਡਾਕਟਰ ਸਾਹਿਬ ਸ਼ੁਰੂ ਤੋਂ ਹੀ ਅਖ਼ਬਾਰ ਨਾਲ ਜੁੜੇ ਹੋਏ ਆ।"

ਵਿਸ਼ਾਲ ਘਰ ਦਾ ਵੱਡਾ ਸਾਰਾ ਬੂਹਾ ਇਵੇਂ ਖੁੱਲ੍ਹਿਆ ਜਿਵੇਂ 'ਹੌਰਰ ਫਿਲਮ' ਦਾ ਕੋਈ ਸੀਨ ਹੋਵੇ। ਅਸੀਂ ਅੰਦਰ ਵੜੇ ਤਾਂ ਲਿਵਿੰਗ-ਰੂਮ 'ਚ ਬੈਠੇ ਦਸ-ਬਾਰਾਂ ਜਣੇ ਸਾਡੇ ਸਵਾਗਤ ਵਾਸਤੇ ਉੱਠ ਕੇ ਖੜੋ ਗਏ। ਸੰਖੇਪ ਜਿਹੀ ਜਾਣ-ਪਛਾਣ ਮਗਰੋਂ ਘੜੇ ਦੇ ਕੁੰਡੇ ਨੂੰ ਹੱਥ ਪਾ ਡਾਕਟਰ ਬਸਰਾਨ ਹੋਰਾਂ ਨੇ ਮਿਕਨਾਤੀਸੀ ਮੁਸਕਾਨ ਨਾਲ ਸਭ ਦੇ ਚਿਹਰਿਆਂ ਵੱਲ ਦੇਖਿਆ।



"ਮਹਿਮਾਨਾਂ ਦੇ ਸਵਾਗਤ ਵਿਚ ਕਰੋ ਆਪਣੇ-ਆਪਣੇ ਗਲਾਸ ਸਿੱਧੇ," ਡਾਕਟਰ ਬਸਰਾਨ ਘੜੇ ਦਾ ਡੱਟ ਇਉਂ ਘੁਮਾਅ ਰਹੇ ਸਨ ਜਿਵੇਂ ਘੰਡੀ ਮਰੋੜ ਰਹੇ ਹੋਣ।

ਸਾਡੇ ਤਿੰਨਾਂ 'ਚੋਂ ਕੋਈ ਨਹੀਂ ਸੀ ਪੀਂਦਾ।

ਅਸੀਂ ਨਾਂਹ ਕੀਤੀ ਤਾਂ ਬਸਰਾਨ ਸਾਹਿਬ ਪਲ ਭਰ ਲਈ ਚੁੱਪ ਹੋਏ ਤੇ ਫਿਰ ਮੁਸਕਰਾਏ, "ਕਮਾਲ ਹੈ! ਸ਼ਾਇਰ ਤਾਂ ਸ਼ਰਾਬ ਦੇ ਬੜੇ ਸ਼ੌਕੀਨ ਹੁੰਦੇ ਆ।"

"ਅਸੀਂ ਸ਼ਰੀਫ਼ ਸ਼ਾਇਰ ਹਾਂ," ਰਣਧੀਰ ਸਿੰਘ ਨਿਊਯਾਰਕ ਨੇ ਮਲਕੜੇ ਜਿਹੇ ਕਿਹਾ ਤੇ ਗਲਾਸੀ ਸਿੱਧੀ ਕਰ ਕੇ ਜੱਗ 'ਚੋਂ ਪਾਣੀ ਪਾਉਣ ਲੱਗ ਪਿਆ।

ਹੌਲੀ-ਹੌਲੀ ਤਕੱਲਫ਼ ਦਾ ਘੁਸਮੁਸਾ ਲਿਵਿੰਗ-ਰੂਮ 'ਚ ਜਗ ਰਹੀਆਂ ਲਾਈਟਾਂ ਦੀ ਸਫੈਦ ਚਾਨਣੀ 'ਚ ਪੇਤਲਾ ਹੁੰਦਾ-ਹੁੰਦਾ ਖ਼ਤਮ ਹੋ ਗਿਆ। ਰਣਧੀਰ ਸਿੰਘ ਨਿਊਯਾਰਕ ਦੇ ਨਿੱਕੇ-ਨਿੱਕੇ ਲਤੀਫ਼ੇ ਲਿਵਿੰਗ-ਰੂਮ ਤੋਂ ਹੁੰਦੇ ਹੋਏ ਕਿਚਨ 'ਚ ਗਰਮਾ-ਗਰਮ ਪਕਵਾਨਾਂ ਦੀ ਮਹਿਕ 'ਚ ਘੁਲਣ ਲੱਗੇ-

"ਇਕ ਵਾਰੀ ਬਹੁਤ ਮੀਂਹ ਪੈ ਰਿਹਾ ਸੀ। ਇਕ ਮੇਰੇ ਵਰਗਾ ਪਤਲਾ ਜਿਹਾ ਬੰਦਾ ਅੰਦਰ ਆਇਆ। ਬਿਲਕੁਲ ਸੁੱਕਾ। ਕਿਸੇ ਨੇ ਪੁੱਛਿਆ- 'ਤੂੰ ਭਿੱਜਿਆ ਨਹੀਂ ਬਈ।' ਉਹ ਕਹਿਣ ਲੱਗਾ-ਮੈਂ ਸੁੱਕੜਾ ਜਿਹਾ ਤਾਂ ਹੈਗਾਂ। ਕਣੀਆਂ ਵਿਚ ਦੀ ਟੇਢਾ-ਮੇਢਾ ਹੋ ਕੇ ਲੰਘ ਆਇਆਂ।"

"ਜਦੋਂ ਨੀਲ ਆਰਮ ਸਟਰਾਂਗ ਚੰਦ 'ਤੇ ਪੁੱਜਾ। ਓਨੇ ਦੇਖਿਆ, ਇਕ ਸਰਦਾਰ ਉਨੂੰ ਦੇਖ ਕੇ ਭੰਗੜਾ ਪਾਉਣ ਲੱਗ ਪਿਆ। ਆਰਮ ਸਟਰਾਂਗ ਨੇ ਪੁੱਛਿਆ-ਤੂੰ ਏਨਾ ਖੁਸ਼ ਕਿਉਂ ਏਂ ਬਈ। ਸਰਦਾਰ ਕਹਿਣ ਲੱਗਾ- ਸ਼ੁਕਰ ਐ ਭਰਾਵਾ! ਕੋਈ ਪੂਣੀ ਕਰਾਉਣ ਆਲਾ ਤਾਂ ਆਇਆ।"

ਮਾਹੌਲ ਬੇਹੱਦ ਖ਼ੁਸ਼ਨੁਮਾ ਹੋ ਗਿਆ ਸੀ। ਮਹਿਫ਼ਿਲ ਪੂਰੀ ਤਰ੍ਹਾਂ ਭਖ ਗਈ ਸੀ। ਗੱਲਾਂ-ਬਾਤਾਂ ਦੇ ਨਾਲ-ਨਾਲ ਕਵਿਤਾਵਾਂ ਵੀ ਹੁੰਦੀਆਂ ਰਹੀਆਂ।

ਖਾਣੇ ਮਗਰੋਂ ਅਮੋਲਕ ਸਿੰਘ ਸਾਨੂੰ 'ਹੌਲੀ ਡੇਅ ਇੰਨ' ਵਿਚ ਛੱਡਣ ਆਇਆ।

ਅਸੀਂ ਉਸ ਨੂੰ ਤੋਰਦਿਆਂ ਕਿਹਾ, "ਹੁਣ ਤੁਸੀਂ ਆਰਾਮ ਕਰੋ। ਅਸੀਂ ਆਪੇ ਸਮਾਗਮ 'ਤੇ ਪਹੁੰਚ ਜਾਵਾਂਗਾ। ਇਫ਼ਤੀ ਨਾਲ਼ ਸਾਡਾ ਪ੍ਰੋਗਰਾਮ ਬਣ ਗਿਆ ਹੈ।"

'ਪੰਜਾਬ ਟਾਈਮਜ਼ ਨਾਈਟ' ਅਗਲੇ ਦਿਨ ਸ਼ਾਮ ਨੂੰ ਸੀ।

ਸਵੇਰੇ ਉੱਠ ਕੇ ਨਾਸ਼ਤਾ ਕਰ ਕੇ ਇਫ਼ਤੀ ਨੂੰ ਫੋਨ ਕੀਤਾ ਤਾਂ ਉਸ ਦੀ ਕੋਇਲ ਵਰਗੀ ਆਵਾਜ਼ ਆਈ, "ਮੇਰੀ ਜਾਨ! ਮੇਰੀ ਸਿਸਟਰ ਤੁਹਾਨੂੰ ਚੁੱਕਣ ਆ ਰਹੀ ਹੈ।"

ਪਰ ਜੋ ਸਾਨੂੰ ਚੁੱਕਣ ਆਈ, ਉਹ ਕੋਈ ਕੁੜੀ ਨਹੀਂ ਮੁੰਡਾ ਸੀ।

ਜਦੋਂ ਇਫ਼ਤੀ ਦੇ ਫ਼ਲੈਟ 'ਚ ਪਹੁੰਚੇ ਤਾਂ ਹਰਭਜਨ ਸਿੰਘ ਬੈਂਸ ਨੂੰ ਉਸ ਬਾਰੇ 'ਚਾਨਣ' ਹੋਇਆ। ਇਫ਼ਤੀ ਦੇ ਬੁਆਏ ਫ਼ਰੈਂਡ ਪ੍ਰੇਮ ਚੋਪੜਾ ਨੇ ਦੁਪਹਿਰ ਦਾ ਖਾਣਾ ਤਿਆਰ ਕੀਤਾ। ਕਿਚਨ ਵਿਚ ਉਸ ਨੇ 'ਐਗਜ਼ਾਸਟ ਫ਼ੈਨ' ਚਲਾਇਆ ਨਹੀਂ ਸੀ। ਧੂੰਆਂ ਚੜ੍ਹ ਰਿਹਾ ਸੀ। ਇਫ਼ਤੀ ਨੂੰ ਖੰਘ ਛਿੜ ਰਹੀ ਸੀ। ਉਹ ਕੋਮਲ ਆਵਾਜ਼ ਵਿਚ ਸ਼ਿਕਵਾ ਕਰ ਰਿਹਾ ਸੀ , "ਪ੍ਰੇਮ ਤੈਨੂੰ ਪਤਾ ਮੇਰੀ ਸਰਜਰੀ ਹੋਈ ਐ। ਤੂੰ ਕਿਉਂ ਮੈਨੂੰ ਮਾਰਨਾ ਚਾਹੁੰਨਾਂ।"

ਖਾਣਾ ਖੁਆ ਕੇ ਪ੍ਰੇਮ ਚੋਪੜਾ ਘਰੋਂ ਨਿੱਕਲ ਗਿਆ। ਇਫ਼ਤੀ ਭੋਲਾ ਜਿਹਾ ਮੂੰਹ ਬਣਾ ਕੇ ਬੋਲਿਆ, "ਨੱਕ 'ਤੇ ਮੱਖੀ ਨਈਂ ਬਹਿਣ ਦਿੰਦਾ ਮੇਰੀ ਜਾਨ ਦਾ ਦੁਸ਼ਮਣ। ਹੁਣ ਮੈਂ ਤੁਹਾਡੇ

ਸਾਹਮਣੇ ਝਿੜਕ ਦਿੱਤਾ ਏ ਨਾ। ਹੁਣ ਗ਼ੁੱਸੇ 'ਚ ਨਿਕਲਿਆ ਘਰੋਂ। ਬਾਹਰੋਂ ਸ਼ਰਾਬ ਨਾਲ ਟੁੰਨ ਹੋ ਕੇ ਮੁੜੇਗਾ। ਇਕ ਦਿਨ ਏਨੇ ਮੇਰੀ ਜਾਨ ਲੈ ਲੈਣੀ ਏਂ।"

ਇਫ਼ਤੀ ਵਾਰ-ਵਾਰ ਕਹਿ ਰਿਹਾ ਸੀ, "ਜੇ ਮੇਰੀ ਸਰਜਰੀ ਨਾ ਹੋਈ ਹੁੰਦੀ ਤਾਂ ਆਪਾਂ ਬਾਹਰ ਵਧੀਆ ਰੈਸਟੋਰੈਂਟ 'ਚ ਲੰਚ ਕਰਨ ਜਾਣਾ ਸੀ। ਰੱਬ ਨੇ ਚਾਹਿਆ ਤਾਂ ਫਿਰ ਕਿਤੇ ਸਹੀ।"

ਉਸ ਦੇ ਫ਼ਲੈਟ ਦਾ ਇਕ ਵੱਡਾ ਸਾਰਾ ਕਮਰਾ ਉਰਦੂ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਨਾਲ ਤੁੰਨਿਆ ਪਿਆ ਸੀ।

ਦਿਨ ਢਲਦੇ ਨੂੰ ਇਫ਼ਤੀ ਦੀ ਓਹੀ 'ਭੈਣ' ਆ ਗਈ ਤੇ ਸਾਨੂੰ 'ਪੰਜਾਬ ਟਾਈਮਜ਼ ਨਾਈਟ' 'ਤੇ ਲੈ ਆਈ।

ਮੈਂ, ਇਫ਼ਤੀ, ਪ੍ਰੋ. ਸ਼ੇਰ ਸਿੰਘ ਕੰਵਲ, ਹਰਭਜਨ ਸਿੰਘ ਬੈਂਸ ਅਤੇ ਰਣਧੀਰ ਸਿੰਘ ਇੱਕੋ ਟੇਬਲ 'ਤੇ ਬੈਠੇ ਸਾਂ। ਪ੍ਰੋ. ਕੰਵਲ ਨੂੰ ਇਫ਼ਤੀ ਬਾਰੇ ਕੁਝ ਵੀ ਪਤਾ ਨਹੀਂ ਸੀ। ਸਟੇਜ ਸੈਕਟਰੀ ਨੇ ਪ੍ਰੋਗਰਾਮ ਸ਼ੁਰੂ ਕਰਦਿਆਂ ਪ੍ਰੋਗਰਾਮ ਦੀ ਰੂਪ-ਰੇਖਾ ਦੱਸਦਿਆ ਕਿਹਾ, "ਪਹਿਲਾਂ ਭਾਸ਼ਣ-ਬਾਜ਼ੀ ਹੋਵੇਗੀ।"

ਪ੍ਰੋ. ਸ਼ੇਰ ਸਿੰਘ ਕੰਵਲ ਅੱਖਾਂ ਸ਼ਰਾਰਤ ਭਰ ਕੇ ਬੋਲਿਆ, "ਭਾਸ਼ਣ-ਬਾਜ਼ੀ ਤਾਂ ਏਦਾਂ ਕਿਹਾ ਜਿੱਦਾ 'ਮੁੰਡੇ...' ਕਹੀਦੈ।"

ਇਫ਼ਤੀ ਮੇਰੇ ਵੱਲ ਝਾਕਿਆ। ਬੁੱਲ੍ਹਾਂ ਨੂੰ ਉਸ ਨੇ ਕਿੰਨਾ ਚਿਰ ਘੁੱਟੀ ਰੱਖਿਆ। ਜਦ ਜ਼ਬਤ ਨਾ ਹੋਇਆ ਤਾਂ ਤਾਜ਼ਾ-ਤਾਜ਼ਾ 'ਬਾਈ ਪਾਸ ਸਰਜਰੀ' ਹੋਈ ਹੋਣ ਦੇ ਬਾਵਜੂਦ ਆਦਤ ਮੁਤਾਬਿਕ ਖੁੱਲ੍ਹ ਕੇ ਹੱਸਦਾ-ਹੱਸਦਾ ਇੰਞ ਖਿੱਲਰ ਗਿਆ ਜਿਵੇਂ ਸਾਕੀ ਹੱਥੋਂ ਸ਼ਰਾਬ ਦੀ ਮਟਕੀ ਫ਼ਰਸ਼ 'ਤੇ ਡਿੱਗ ਕੇ ਖਿੱਲਰ ਜਾਂਦੀ ਹੈ।

ਹਾਲ ਪੂਰਾ ਭਰਿਆ ਹੋਇਆ ਸੀ। ਮੇਰੀ ਵਾਰੀ ਆਈ। ਮੈਂ ਥੋੜ੍ਹਾ ਜਿਹਾ ਨਰਵਸ ਵੀ ਸਾਂ। ਮਾਹੌਲ ਖ਼ੁਸ਼-ਗਵਾਰ ਕਰਨ ਵਾਸਤੇ ਮੈਂ ਆਪਣੀ ਮਾਂ ਦੀ ਕਹੀ ਗੱਲ ਸਾਂਝੀ ਕਰਨ ਦਾ ਵਿਚਾਰ ਬਣਾਇਆ। ਮੈਂ ਅਮੋਲਕ ਸਿੰਘ ਹੋਰਾਂ ਵੱਲੋਂ ਬੁਲਾਏ ਜਾਣ ਦਾ ਧੰਨਵਾਦ ਕੀਤਾ ਤੇ ਗੱਲ ਸ਼ੁਰੂ ਕੀਤੀ, "ਦੋਸਤੋ! ਜਦੋਂ ਇਸ ਪ੍ਰੋਗਰਾਮ ਬਾਰੇ ਮੈਂ ਆਪਣੀ ਮਾਂ ਨੂੰ ਦੱਸਿਆ ਤਾਂ ਮੈਨੂੰ ਕਹਿਣ ਲੱਗੀ- ਗੱਲ ਸੁਣ! ਅੱਗੇ ਤੂੰ 'ਕੱਲਾ-ਕਾਰਾ ਸੀ ਸਰ ਜਾਂਦਾ ਸੀ। ਹੁਣ ਤੂੰ ਵਿਆਹਿਆ-ਵਰਿਆ ਗਿਆਂ। ਹੁਣ ਇਹ ਕੰਜਰ-ਖਾਨਾ ਛੱਡ ਦੇ।"

ਬਸ ਫਿਰ ਕੀ ਸੀ! ਸਾਰਾ ਹਾਲ ਹਾਸੇ ਦੇ ਪਟਾਕਿਆਂ ਨਾਲ ਗੂੰਜ ਉੱਠਿਆ ਤੇ ਮੈਨੂੰ ਲੱਗਿਆ ਕਿ ਮੈਂ ਅੱਧਾ ਮੁਸ਼ਾਇਰਾ ਤਾਂ ਲੁੱਟ ਹੀ ਲਿਆ ਹੈ। ਫਿਰ ਮੈਂ ਆਪਣੀ ਗ਼ਜ਼ਲ ਸੁਣਾਈ। ਮਤਲਾ ਸੀ-

ਧੁੱਪ 'ਚ ਸੜਦੇ ਨੂੰ ਜਦੋਂ ਅੱਜ ਛਾਂ ਮਿਲੀ ਮੈਂ ਰੋ ਪਿਆ।
ਬਾਦ ਮੁੱਦਤ ਦੇ ਸੀ ਮੈਨੂੰ ਮਾਂ ਮਿਲੀ ਮੈਂ ਰੋ ਪਿਆ।

ਸਟੇਜ ਤੋਂ ਉੱਤਰਿਆ ਤਾਂ ਭੈਣ ਜਸਪ੍ਰੀਤ ਨੇ ਮੈਨੂੰ ਘੁੱਟ ਕੇ ਗਲ਼ ਨਾਲ ਲਾ ਲਿਆ।

ਅੱਧੀ ਰਾਤ ਨੂੰ ਪ੍ਰੋਗਰਾਮ ਸਮਾਪਤ ਹੋਇਆ। ਪ੍ਰੋਗਰਾਮ ਤੋਂ ਬਾਅਦ ਮੈਂ, ਰਣਧੀਰ ਸਿੰਘ ਨਿਊਯਾਰਕ ਅਤੇ ਹਰਭਜਨ ਸਿੰਘ ਬੈਂਸ ਗੁਰਦੁਆਰਾ ਸਿੱਖ ਟੈਂਪਲ ਮਿਲਵਾਕੀ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਨਾਲ਼ ਮਿਲਵਾਕੀ ਵਾਸਤੇ ਰਵਾਨਾ ਹੋ ਗਏ। ਸੁੰਨ-ਮ-ਸਾਨ ਸੜਕ ਤੋਂ ਲੱਥ ਕੇ ਬਰਫ਼ੀਲੀਆਂ ਗਲ਼ੀਆਂ ਮਿੱਧਦੇ ਤੜਕਸਾਰ ਮੈਂ ਤੇ ਰਣਧੀਰ ਸਿੰਘ ਤਾਏ ਦੇ ਮੁੰਡੇ ਸਤਨਾਮ ਸਿੰਘ



ਸੋਹਲ ਕੋਲ ਜਾ ਉੱਤਰੇ ਤੇ ਬੈਂਸ ਹੋਰੀਂ ਕਾਲੇਕਾ ਹੋਰਾਂ ਨਾਲ਼ ਚਲੇ ਗਏ। (ਕੁਝ ਸਾਲਾਂ ਬਾਅਦ ਸਤਵੰਤ ਸਿੰਘ ਕਾਲੇਕਾ ਮਿਲਵਾਕੀ ਗੁਰੂਘਰ ਵਿਚ ਚੱਲੀ ਗੋਲੀ ਸਮੇਂ ਸੰਗਤਾਂ ਨੂੰ ਬਚਾਉਂਦੇ ਤੇ ਪਿਸਤੌਲ-ਧਾਰੀ ਨੂੰ ਕਾਬੂ ਕਰਦੇ ਹੋਏ ਗੋਲੀ ਦਾ ਸ਼ਿਕਾਰ ਹੋ ਗਏ ਸਨ)

ਦੂਜੇ ਦਿਨ ਅਸੀਂ ਮਿਲਵਾਕੀ ਗੁਰੂਘਰ ਗਏ। ਉਹਨੀਂ ਦਿਨੀਂ 'ਸ਼ੇਰ-ਏ-ਪੰਜਾਬ' ਵਿਚ ਅਮਰੀਕਾ ਦੇ ਗੁਰੂਘਰਾਂ ਬਾਰੇ ਕਾਲਮ ਛਪਦਾ ਸੀ। ਗੁਰੂਘਰ ਬਾਰੇ ਜਾਣਕਾਰੀ ਤਾਂ ਫੋਨ 'ਤੇ ਲੈ ਲਈ ਜਾਂਦੀ ਸੀ ਪਰ ਫੋਟੋ ਦੀ ਮੁਸ਼ਕਿਲ ਆਉਂਦੀ ਸੀ। (ਉਦੋਂ ਅਜੇ ਡਿਜੀਟਲ ਕੈਮਰੇ ਆਮ ਨਹੀਂ ਸਨ ਹੋਏ)। ਮੈਂ ਗੁਰੂਘਰ ਦੀਆਂ ਫੋਟੋ ਖਿੱਚ ਲਈਆਂ। ਇਉਂ ਗੁਰੂਘਰਾਂ ਦੇ ਕਾਲਮ ਦੀ ਇਕ ਕਿਸ਼ਤ ਦਾ ਬੰਦੋਬਸਤ ਹੋ ਗਿਆ।

ਗੁਰੂ ਘਰੋਂ 'ਪੰਜਾਬ ਟਾਈਮਜ਼' ਦਾ ਨਵਾਂ ਅੰਕ ਮਿਲ ਗਿਆ। ਉਸ 'ਚ ਰਣਧੀਰ ਸਿੰਘ, ਪ੍ਰੋ. ਸ਼ੇਰ ਸਿੰਘ ਕੰਵਲ ਅਤੇ ਹਰਭਜਨ ਸਿੰਘ ਬੈਂਸ ਸਮੇਤ ਮੇਰੀਆਂ ਕਵਿਤਾਵਾਂ ਤਸਵੀਰਾਂ ਸਮੇਤ ਛਪੀਆਂ ਹੋਈਆਂ ਸਨ।

ਮੇਰੇ ਤਾਏ ਦਾ ਮੁੰਡਾ ਤੇ ਵੱਡਾ ਪੋਤਾ ਸਿਮਰਨਜੀਤ ਸਾਨੂੰ ਸ਼ਿਕਾਗੋ ਏਅਰ-ਪੋਰਟ 'ਤੇ ਚੜ੍ਹਾਉਣ ਆਏ। ਮਿੱਥੇ ਸਮੇਂ ਮੁਤਾਬਿਕ ਏਅਰ-ਪੋਰਟ 'ਤੇ ਸਾਨੂੰ ਅਮੋਲਕ ਸਿੰਘ ਵੀ ਆਣ ਮਿਲਿਆ। ਉਸ ਨੇ ਮੈਨੂੰ ਤੇ ਰਣਧੀਰ ਸਿੰਘ ਨੂੰ ਢਾਈ-ਢਾਈ ਸੌ ਡਾਲਰ ਦਾ ਚੈੱਕ ਦਿੱਤਾ। ਰਣਧੀਰ ਸਿੰਘ ਨੇ ਧੱਕੇ ਨਾਲ਼ ਚੈੱਕ ਵਾਪਸ ਕਰ ਦਿੱਤਾ ਤੇ ਅਮੋਲਕ ਸਿੰਘ ਨੇ ਧੱਕੇ ਨਾਲ਼ ਚੈੱਕ ਮੇਰੀ ਜੇਬ੍ਹ ਵਿਚ ਪਾ ਦਿੱਤਾ, "ਤੂੰ ਸਾਡਾ ਛੋਟਾ ਵੀਰ ਐਂ। ਪਿਆਰ ਸਮਝ ਕੇ ਰੱਖ ਲੈ।"

***

ਅਮੋਲਕ ਸਿੰਘ ਦਾ ਜਦੋਂ ਵੀ ਫੋਨ ਆਉਂਦਾ ਕੁਝ ਨਾ ਕੁਝ ਲਿਖਣ ਲਈ ਆਖਦੇ। ਕੋਈ ਕਾਲਮ ਸ਼ੁਰੂ ਕਰਨ ਲਈ ਪ੍ਰੇਰਦੇ। ਮੈਂ ਆਖਦਾ, "ਭਾਜੀ ਏਨਾ ਲਿਖ ਨਹੀਂ ਹੁੰਦਾ।"

"ਯਾਰ ਮਹੀਨੇ 'ਚ ਇਕ ਲੇਖ ਤਾਂ ਲਿਖ ਹੀ ਸਕਦੈਂ," ਉਹ ਏਨੇ ਮੋਹ ਨਾਲ਼ ਥਾਪੜਾ ਦਿੰਦੇ ਕਿ ਮੈਂ ਲਿਖਣ ਲਈ ਸ਼ੇਰ ਹੋ ਜਾਂਦਾ।

ਸਤਿੰਦਰ ਸਰਤਾਜ ਅਜੇ ਨਵਾਂ-ਨਵਾਂ ਹੀ ਉੱਠਿਆ ਸੀ। ਅਮਰੀਕਾ 'ਚ ਉਸਦੇ ਸ਼ੋਅ ਹੋਣੇ ਸਨ। ਅਖ਼ਬਾਰਾਂ 'ਚ ਛਪਦੇ ਇਸ਼ਤਿਹਾਰਾਂ 'ਚ ਉਸ ਨੂੰ 'ਸੂਫ਼ੀ' ਗਾਇਕ ਲਿਖ ਕੇ ਪੇਸ਼ ਕੀਤਾ ਜਾ ਰਿਹਾ ਸੀ। ਮੈਂ ਤੇ ਹਰਪਾਲ ਸਿੰਘ ਭਿੰਡਰ ਨੇ ਸਤਿੰਦਰ ਸਰਤਾਜ ਦੇ ਹਲਕੇ, ਅਰਥ-ਵਿਹੂਣੇ, ਸੂਫ਼ੀ ਰੰਗ ਤੋਂ ਸੱਖਣੇ ਗੀਤਾਂ ਬਾਰੇ ਵਿਸ਼ਲੇਸ਼ਣਾਤਮਕ ਲੇਖ ਲਿਖਿਆ। ਅਸੀਂ ਸੋਚਦੇ ਸਾਂ ਕਿ ਕੋਈ ਵੀ ਅਖ਼ਬਾਰ ਵਾਲ਼ਾ ਇਹ ਲੇਖ ਛਾਪੇਗਾ ਨਹੀਂ ਕਿਉਂਕਿ ਅਖ਼ਬਾਰਾਂ ਵਾਲਿਆਂ ਨੂੰ ਪ੍ਰੋਗਰਾਮ ਦੇ ਇਸ਼ਤਿਹਾਰਾਂ ਦਾ ਲਾਲਚ ਹੁੰਦਾ ਹੈ। ਅਸੀਂ ਇਹ ਲੇਖ 'ਪੰਜਾਬ ਟਾਈਮਜ਼' ਨੂੰ ਭੇਜਿਆ ਤਾਂ ਅਮਲੋਕ ਸਿੰਘ ਨੇ ਇਸ਼ਤਿਹਾਰਾਂ ਦੀ ਪਰਵਾਹ ਕੀਤੇ ਬਗ਼ੈਰ ਸਾਡੀ ਪਿੱਠ ਥਾਪੜੀ। ਸਾਡੇ ਲੇਖ ਦੇ ਜਵਾਬ 'ਚ ਕਿਸੇ ਨੇ ਤਰਕਹੀਣ ਜਿਹਾ ਲੇਖ ਲਿਖ ਦਿੱਤਾ। ਉਸ ਦੇ ਜਵਾਬ 'ਚ ਲਿਖਿਆ ਲੇਖ ਬਹੁਤ ਲੰਮਾ ਹੋ ਗਿਆ ਸੀ। ਸਾਨੂੰ ਲੱਗਦਾ ਸੀ ਕਿ 'ਪੰਜਾਬ ਟਾਈਮਜ਼' ਵਾਸਤੇ ਏਨੀ ਜਗ੍ਹਾ ਕੱਢਣਾ ਸੌਖਾ ਨਹੀਂ ਪਰ ਹੈਰਾਨੀ ਹੋਈ ਜਦੋਂ ਸਾਡਾ ਲੇਖ ਦੋ ਸਫ਼ਿਆਂ 'ਤੇ ਚਮਕਾਂ ਮਾਰ ਰਿਹਾ ਸੀ। ਉਸ ਲੇਖ ਦੇ ਜਵਾਬ 'ਚ ਮੁੜ ਕਿਸੇ ਨੇ ਲੇਖ ਨਾ ਲਿਖਿਆ।

ਉਸ ਚਰਚਾ ਮਗਰੋਂ ਸਤਿੰਦਰ ਸਰਤਾਜ ਦੇ ਸ਼ੋਅ ਤਾਂ ਹੁੰਦੇ ਰਹੇ ਪਰ ਕਮਾਲ ਇਹ ਹੋਈ ਕਿ ਮੁੜ ਕਿਸੇ ਇਸ਼ਤਿਹਾਰ 'ਚ ਉਸ ਨੂੰ 'ਸੂਫ਼ੀ ਗਾਇਕ' ਲਿਖਿਆ ਨਹੀਂ ਦੇਖਿਆ।

ਪਿਛਲੇ ਦਿਨੀਂ ਸਤਿੰਦਰ ਸਰਤਾਜ ਦਾ ਇਕ ਹੋਰ ਗੀਤ ਆਇਆ ਸੀ। ਅਮੋਲਕ ਸਿੰਘ ਨੇ ਈ-ਮੇਲ 'ਤੇ ਗੀਤ ਦਾ ਲਿੰਕ ਭੇਜਿਆ ਨਾਲ ਸਾਡੇ ਨਾਂ ਸੁਨੇਹਾ ਸੀ - 'ਚੁੱਕ ਦਿਓ ਕੰਮ।'

ਸਰੀਰਕ ਮਰਜ਼ ਨੇ ਅਮੋਲਕ ਸਿੰਘ ਨੂੰ ਜਿੰਨਾਂ ਨਿਹੱਥਾ ਕਰ ਦਿੱਤਾ ਹੈ, ਉਹ ਹਾਲਤ ਵਿਚ ਹਨ, ਆਮ ਬੰਦੇ ਨੂੰ ਕੁਝ ਸੁੱਝ ਨਹੀਂ ਸਕਦਾ ਪਰ ਇਹ ਅਮੋਲਕ ਸਿੰਘ ਹੈ ਕੋਈ ਆਮ ਬੰਦਾ ਨਹੀਂ। ਉਸ ਵੱਲੋਂ ਵਰਤੇ ਤਿੰਨ ਸ਼ਬਦ 'ਚੁੱਕ ਦਿਓ ਕੰਮ' ਉਸ ਦੀ ਜ਼ਿੰਦਾ-ਦਿਲੀ ਤੇ ਸਾਰਥਕ ਪੱਤਰਕਾਰੀ ਮਿਸਾਲ ਹਨ।

***

'ਪੰਜਾਬ ਟਾਈਮਜ਼' 'ਚ ਛਪਿਆ ਮੈਟਰ ਇਸ ਅਖ਼ਬਾਰ ਦੀ ਪ੍ਰਾਪਤੀ ਤਾਂ ਹੈ ਹੀ ਪਾਠਕਾਂ ਨੇ ਵੀ ਉਸ ਮੈਟਰ ਨੂੰ ਦਿਲੋ-ਜਾਨ ਨਾਲ ਪੜ੍ਹਿਆ ਤੇ ਸਲਾਹਿਆ। ਵਰਿਆਮ ਸੰਧੂ ਦੇ 'ਗ਼ਦਰੀ ਬਾਬਿਆਂ' ਬਾਰੇ ਲੇਖ, ਪ੍ਰਿੰਸੀਪਲ ਸਰਵਣ ਸਿੰਘ ਦੇ ਖੇਡਾਂ ਤੋਂ ਇਲਾਵਾ ਸਾਹਿਤਕ ਸ਼ਖ਼ਸੀਅਤਾਂ ਬਾਰੇ ਨਿਬੰਧ, ਬਲਜੀਤ ਬਾਸੀ ਦਾ 'ਸ਼ਬਦ-ਝਰੋਖਾ', ਗੁਰਦਿਆਲ ਬੱਲ ਦਾ ਸਿਰਮੌਰ ਕਵੀ ਸੋਹਨ ਸਿੰਘ ਮੀਸ਼ਾ ਬਾਰੇ ਲਿਖਿਆ ਨਿਵੇਕਲਾ ਸ਼ਬਦ-ਚਿੱਤਰ, ਬੂਟਾ ਸਿੰਘ ਦੇ ਅਨੁਵਾਦ, ਅਰੁੰਧਤੀ ਰਾਏ ਦੀ ਅਗਾਂਹਵਧੂ ਕਲਮ ਦੇ ਲਿਸ਼ਕਾਰੇ, ਚੜ੍ਹਦੇ-ਲਹਿੰਦੇ ਪੰਜਾਬੀ ਲੇਖਕਾਂ ਦੀਆਂ ਕਲਾਸਿਕ ਕਹਾਣੀਆਂ, ਹਰਮਹਿੰਦਰ ਚਾਹਲ ਦੇ ਨਾਵਲ, ਸਤਨਾਮ ਦਾ 'ਜੰਗਲਨਾਮਾ', ਝਨਾਂ ਦੀ ਰਵਾਨੀ ਵਰਗੇ ਵਾਰਤਕਕਾਰ ਹਰਪਾਲ ਸਿੰਘ ਪੰਨੂੰ ਦੇ ਪੂਰਾਂ ਦੇ ਪੂਰ ਦਸਤਾਵੇਜ਼ ਪਾਠਕਾਂ ਦੇ ਚੇਤਿਆਂ ਦੀ ਚੱਟਾਨ 'ਤੇ 'ਟੈੱਨ ਕਮਾਂਡਮੈਂਟਸ' ਵਾਂਗ ਉੱਕਰੇ ਪਏ ਹਨ।

ਇਹ ਸ਼ਰਫ਼ ਵੀ 'ਪੰਜਾਬ ਟਾਈਮਜ਼' ਤੇ ਉਸ ਦੀ ਟੀਮ ਨੂੰ ਹੀ ਹਾਸਿਲ ਹੈ ਕਿ ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਆਧਾਰ ਬਣਾ ਕੇ ਡਾ. ਪ੍ਰੇਮ ਸਿੰਘ ਦਾ ਲਿਖਿਆ ਲੇਖ ਏਨੀ ਸਾਰਥਕ ਤੇ ਨਿਰਣਾਇਕ ਬਹਿਸ ਦਾ ਆਗ਼ਾਜ਼ ਕਰ ਗਿਆ ਕਿ 'ਪੰਜਾਬੀ ਕੌਮ ਦੀ ਹਸਤੀ ਤੇ ਹੋਣੀ' ਕਿਤਾਬ ਦਾ ਬੰਨ੍ਹ-ਸੁੱਬ ਕਰ ਗਿਆ (ਇਸ ਕਿਤਾਬ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਤੇ ਗੁਰਦਿਆਲ ਬੱਲ ਹਨ)।

'ਪੰਜਾਬ ਟਾਈਮਜ਼' ਦੇ ਢੇਰਾਂ ਦੇ ਢੇਰ ਅੰਕ ਸਾਂਭਣਯੋਗ ਸਾਬਿਤ ਹੋਏ। (ਖ਼ੁਸ਼ੀ ਦੀ ਗੱਲ ਹੈ ਕਿ ਇਹ ਅੰਕ ਵੈੱਬ ਸਾਈਟ 'ਤੇ ਵੀ ਉਪਲਬਧ ਹਨ)।

***

ਕੁਝ ਸਾਲ ਪਹਿਲਾਂ ਮੈਂ ਤੇ ਇਕਬਾਲ ਜੱਬੋਵਾਲੀਆ ਨੇ 'ਪੰਜਾਬ ਟਾਈਮਜ਼ ਨਾਈਟ' 'ਤੇ ਜਾਣ ਦਾ ਮਨ ਬਣਾਇਆ। ਸ਼ਿਕਾਗੋ ਏਅਰ-ਪੋਰਟ ਤੋਂ ਸਾਨੂੰ ਇਕਬਾਲ ਦੇ ਕਿਸੇ ਸੱਜਣ-ਪਿਆਰੇ ਨੇ ਲੈਣ ਆਉਣਾ ਸੀ। ਮੈਂ ਤੇ ਇਕਬਾਲ ਸ਼ਿਕਾਗੋ ਏਅਰ-ਪੋਰਟ 'ਤੇ ਉੱਤਰੇ। ਇਕਬਾਲ ਨੇ ਫੋਨ 'ਤੇ ਗੱਲ ਕੀਤੀ 'ਤੇ ਮੈਨੂੰ ਕਿਹਾ, "ਆਪਣਾ ਜਿਗਰੀ ਯਾਰ ਰਾਮ ਲਾਲ ਰਾਹ 'ਚ ਆਉਂਦਾ।"

ਸਾਨੂੰ ਬਹੁਤੀ ਉਡੀਕ ਨਾ ਕਰਨੀ ਪਈ। ਕਾਰ 'ਚੋਂ ਉੱਤਰਦੇ ਹੀ ਰਾਮ ਲਾਲ ਨੇ ਇਕਬਾਲ ਦੇ ਗੋਡੇ ਛੂਹੇ। ਝੁਕਣ ਵੇਲ਼ੇ ਉਸ ਦੇ ਮੂੰਹ 'ਤੇ ਅੰਤਾਂ ਦਾ ਮੋਹ ਤੇ ਅੱਖਾਂ 'ਚ ਉਡੀਕ ਦੀ ਧੁੱਪ ਚਮਕ ਰਹੀ ਸੀ। ਉਸ 'ਬਾਡੀ ਲੈਂਗੁਏਜ' ਨੇ ਇਸ਼ਾਰੇ ਨਾਲ ਹੀ ਸਮਝਾ ਦਿੱਤਾ ਸੀ ਕਿ ਉਸ ਦੇ ਦਿਲ 'ਚ ਇਕਬਾਲ ਵਾਸਤੇ ਕਿੰਨਾ ਸਤਿਕਾਰ ਸੀ। ਮੈਨੂੰ ਵੀ ਉਹ ਬਹੁਤ ਅਦਬ ਨਾਲ ਮਿਲਿਆ। ਮੈਨੂੰ ਗਲਵਕੜੀ 'ਚ ਲੈ ਕੇ ਉਹ ਕਾਰ ਦੀ ਅਗਲੀ ਸੀਟ 'ਤੇ ਬਿਠਾਉਣ ਦੀ ਜ਼ਿਦ ਕਰਨ ਲੱਗਾ।



"ਮੈਂ ਪਿਛਲੀ ਸੀਟ 'ਤੇ ਜ਼ਰਾ ਲੰਮਾ ਪੈਣਾ ਚਾਹੁੰਨਾਂ," ਕਹਿ ਕੇ ਮੈਂ ਉਸ ਦੇ ਮੋਹ ਦੀ ਜੱਫ਼ੀ 'ਚੋਂ ਬਾਹਰ ਆਇਆ।

ਕਾਰ 'ਚ ਵੜਦਿਆਂ ਸਭ ਤੋਂ ਪਹਿਲਾਂ ਮੈਨੂੰ ਸੀਟ 'ਤੇ ਪਈ 'ਪੰਜਾਬ ਟਾਈਮਜ਼' ਹੀ ਦਿਖਾਈ ਦਿੱਤੀ। ਜਾਪਿਆ ਜਿਵੇਂ ਅਮੋਲਕ ਸਿੰਘ ਆਪ 'ਸਵਾਗਤ' ਕਰਨ ਲਈ ਆਣ ਪਹੁੰਚਿਆ ਹੋਵੇ।

ਮੈਂ ਅਖ਼ਬਾਰ ਫੋਲਣ ਲੱਗਾ। ਸ਼ੀਸ਼ੇ ਵਿਚ ਦੀ ਦੇਖਦਾ ਰਾਮ ਲਾਲ ਬੋਲਿਆ, "ਭਾਜੀ! ਬਹੁਤ ਵਧੀਆ ਅਖਬਾਰ ਐ। ਲੋਕਾਂ 'ਚ ਬਹੁਤ ਮਸ਼ਹੂਰ ਆ। ਸਾਡੇ ਟੈਕਸੀਆਂ ਵਾਲੇ ਸਾਰੇ ਪੜ੍ਹਦੇ ਆ। ਇਕਬਾਲ ਦੇ ਭਲਵਾਨਾ ਬਾਰੇ ਲੇਖ। ਪ੍ਰਿੰਸੀਪਲ ਸਰਵਣ ਸਿੰਘ ਦੇ ਲੇਖ। ਤਰਲੋਚਨ ਦੁਪਾਲਪੁਰ, ਜਤਿੰਦਰ ਪਨੂੰ।"

ਰਾਮ ਲਾਲ ਕਿੰਨੀ ਦੇਰ ਅਖ਼ਬਾਰ ਬਾਰੇ ਗੱਲਾਂ ਕਰਦਾ ਰਿਹਾ।

ਏਅਰ-ਪੋਰਟ ਤੋਂ ਸਿੱਧੇ ਅਸੀਂ ਰਾਮ ਲਾਲ ਦੇ ਵੱਡੇ ਭਰਾ ਚਮਨ ਲਾਲ ਦੇ ਘਰ ਚਲੇ ਗਏ। ਚਮਨ ਲਾਲ ਨੇ ਸਾਨੂੰ ਇਉਂ 'ਜੀ ਆਇਆਂ' ਕਿਹਾ ਜਿਵੇਂ ਅਸੀਂ ਪੁਰਾਣੇ ਵਾਕਿਫ਼ ਹੋਈਏ। ਉਸ ਦਾ ਬੇਟਾ ਅਨਮੋਲ ਬਹੁਤ ਮੋਹ ਕਰ ਰਿਹਾ ਸੀ। ਚਮਨ ਲਾਲ ਦੀ ਪਤਨੀ ਤੇ ਬੇਟੀ ਇੰਡੀਆ ਗਈਆਂ ਹੋਈਆਂ ਸਨ। ਚਮਨ ਲਾਲ ਵੀ 'ਪੰਜਾਬ ਟਾਈਮਜ਼' ਦੇ ਪਾਠਕ ਨਿੱਕਲਿਆ। ਉਹ ਕਾਫ਼ੀ ਦੇਰ ਅਖ਼ਬਾਰ 'ਚ ਚਲਦੀਆਂ ਸਾਰਥਕ ਬਹਿਸਾਂ ਬਾਰੇ ਜ਼ਿਕਰ ਕਰਦਾ ਰਿਹਾ।

ਸ਼ਾਮ ਵੇਲੇ ਪ੍ਰੋਗਰਾਮ 'ਤੇ ਜਾਣ ਲਈ ਤਿਆਰ ਹੋਣ ਲੱਗੇ ਤਾਂ ਅਨਮੋਲ ਕਦੇ ਮੇਰਾ ਕੋਟ ਠੀਕ ਕਰਦਾ। ਕਦੇ ਪਰਫ਼ਿਊਮ ਪਾਉਂਦਾ। ਕਦੇ ਫੋਟੋ ਖਿਚਦਾ। ਮੈਂ ਰਾਮ ਲਾਲ, ਇਕਬਾਲ ਅਤੇ ਅਨਮੋਲ 'ਪੰਜਾਬ ਟਾਈਮਜ਼ ਨਾਈਟ' 'ਚ ਹਾਜ਼ਰੀ ਲਵਾਉਣ ਘਰੋਂ ਚੱਲ ਪਏ। ਰਸਤੇ 'ਚ ਗੱਲੀਂ-ਗੱਲੀਂ ਸੂਹ ਮਿਲੀ ਕਿ ਰਾਮ ਲਾਲ ਨੂੰ ਗੀਤ ਲਿਖਣ ਦਾ ਵੀ ਸ਼ੌਕ ਸੀ। ਉਸ ਨੂੰ ਸ਼ਿਵ ਕੁਮਾਰ ਦੇ ਵੀ ਬਹੁਤ ਸਾਰੇ ਗੀਤ ਜ਼ਬਾਨੀ ਯਾਦ ਸਨ। ਉਸ ਨੇ ਤਰੰਨਮ 'ਚ ਸ਼ਿਵ ਦਾ ਗੀਤ ਸੁਣਾਇਆ ਤੇ ਅੱਜ ਦੇ ਪ੍ਰੋਗਰਾਮ 'ਤੇ ਇਹ ਗੀਤ ਸੁਣਾਉਣ ਦੀ ਖ਼ਾਹਿਸ਼ ਜ਼ਾਹਿਰ ਕੀਤੀ (ਪਰ ਸਬਬ ਬਣ ਨਹੀਂ ਸੀ ਸਕਿਆ)।

ਜਦੋਂ ਅਸੀਂ ਬੈਂਕੁਇਟ ਹਾਲ 'ਚ ਪਹੁੰਚੇ ਤਾਂ ਮੈਨੂੰ ਭੁਚਾਲ ਵਰਗਾ ਝਟਕਾ ਲੱਗਾ। ਜਿਸ ਅਮੋਲਕ ਸਿੰਘ ਨਾਲ ਮੈਂ ਕਾਰ 'ਚ ਬੈਠ ਕੇ ਸ਼ਿਕਾਗੋ ਦੀਆਂ ਸੜਕਾਂ 'ਤੇ ਪਲੇਠੀ ਯਾਤਰਾ ਕੀਤੀ ਸੀ ਉਹ ਅਮੋਲਕ ਸਿੰਘ ਵੀਲ-ਚੇਅਰ 'ਤੇ ਸੀ। ਵੀਲ-ਚੇਅਰ ਵੀ ਕਾਹਦੀ ਸੀ ਨਿੱਕਾ ਜਿਹਾ ਚੱਲਦਾ-ਫਿਰਦਾ ਕਲੀਨਿਕ ਹੀ ਸੀ। ਸਿਰ 'ਤੇ ਟੋਪੀ। ਸਾਨੂੰ ਦੇਖ ਕੇ ਅਮੋਲਕ ਸਿੰਘ ਇਉਂ ਮੁਸਕਾਇਆ ਜਿਵੇਂ ਸੱਜਰੀ ਸਵੇਰ 'ਚ ਪੂਰਬ ਦਾ ਮਸਤਕ ਲਾਲ ਭਾਅ ਮਾਰ ਰਿਹਾ ਹੁੰਦਾ ਹੈ।

ਪ੍ਰੋਗਰਾਮ 'ਚ ਹਾਜ਼ਰੀ ਲਵਾਉਣ ਵੇਲੇ ਮੈਂ ਇਕਬਾਲ ਜੱਬੋਵਾਲੀਆ, ਡਾਕਟਰ ਗੁਰਦਿਆਲ ਸਿੰਘ ਬਸਰਾਨ, ਇੰਦਰ ਮੋਹਨ ਸਿੰਘ, ਗੁਰਮੁੱਖ ਸਿੰਘ ਭੁੱਲਰ ਆਦਿ ਨੂੰ ਪਾਤਰ ਬਣਾ ਕੇ ਲਤੀਫ਼ੇ ਸੁਣਾਏ ਤਾਂ ਹਾਲ ਜਿਵੇਂ ਹਾਸੇ ਦੀਆਂ ਫੁਹਾਰਾਂ ਨਾਲ ਸਰਸ਼ਾਰ ਹੋ ਗਿਆ। (ਮਗਰੋਂ ਥੋੜ੍ਹੇ ਚਿਰ ਵਾਸਤੇ ਇਕਬਾਲ ਮੇਰੇ ਨਾਲ ਨਾਰਾਜ਼ ਵੀ ਹੋ ਗਿਆ ਸੀ ਪਰ ਛੇਤੀ ਹੀ ਮੰਨ ਗਿਆ ਸੀ)।

ਜਸ਼ਨ ਮਨਾ ਕੇ ਅਸੀਂ ਚਮਨ ਲਾਲ ਹੋਰਾਂ ਕੋਲ ਚਲੇ ਗਏ। ਓਥੋਂ ਸਵੇਰੇ ਸਾਨੂੰ ਰਾਮ ਲਾਲ ਅਮੋਲਕ ਸਿੰਘ ਦੇ ਘਰ ਛੱਡ ਗਿਆ ਸੀ। ਉਦੋਂ ਅਮੋਲਕ ਸਿੰਘ ਪੂਰੀ ਤਰ੍ਹਾਂ ਗੱਲਾਂ-ਬਾਤਾਂ

ਕਰ ਲੈਂਦਾ ਸੀ। ਉਹ ਬਹੁਤ ਖ਼ੁਸ਼ ਹੋਇਆ, "ਤੂੰ ਤਾਂ ਕਮਾਲ ਕਰ ਦਿੱਤੀ ਰਾਤੀਂ। ਦੇਖਿਆ ਗੱਲਾਂ ਕਰਦੇ ਲੋਕ ਕਿਵੇਂ ਚੁੱਪ ਕਰਾ ਦਿੱਤੇ ਤੂੰ।"

ਮੈਨੂੰ ਆਪਣਾ ਆਉਣਾ ਸਾਰਥਕ ਮਹਿਸੂਸ ਹੋਣ ਲੱਗਾ।

ਮੈਂ ਉਸ ਦੀ ਬਾਂਹ 'ਤੇ ਹੱਥ ਫੇਰਦੇ ਹੋਏ ਪੁੱਛਿਆ, "ਭਾਜੀ ਮੇਰੀ ਛੋਹ ਮਹਿਸੂਸ ਹੁੰਦੀ ਹੈ?"

ਉਸ ਨੇ ਸਿਰ ਹਿਲਾਅ ਕੇ ਕਿਹਾ, "ਹਾਂ ਹੁੰਦੀ ਹੈ।"

"ਤੁਹਾਨੂੰ ਸਭ ਤੋਂ ਪਹਿਲਾਂ ਕਿੱਦਾਂ ਹੋਣ ਲੱਗਾ ਸੀ," ਮੈਂ ਪੋਲਾ-ਪੋਲਾ ਉਸ ਦਾ ਹੱਥ ਘੁੱਟਦਿਆਂ ਪੁੱਛਿਆ।

"ਸਭ ਤੋਂ ਪਹਿਲਾਂ ਮੇਰੀ ਚੀਚੀ ਤੋਂ ਸ਼ੁਰੂ ਹੋਈ ਇਹ ਕਸਰ," ਉਹ ਦੱਸਣ ਲੱਗਾ, "ਹੌਲੀ-ਹੌਲੀ ਸਰੀਰ ਕਮਜ਼ੋਰ ਹੋਣ ਲੱਗਾ ਪਰ ਇਕ ਦਮ ਨਹੀਂ। ਇਕ ਵਾਰੀ ਮੈਂ ਟਰੱਕ 'ਤੇ ਕਿਸੇ ਨਾਲ਼ ਗਿਆ। ਜਦੋਂ ਉਤਰਨ ਲੱਗਿਆਂ ਮੈਂ ਟਰੱਕ ਤੋਂ ਮਾਰੀ ਛਾਲ। ਲੱਤਾਂ ਨੇ ਭਾਰ ਹੀ ਨਾ ਝੱਲਿਆ। ਮੈਂ ਡਿਗ ਪਿਆ ਪਰ ਮੈਂ ਝੱਟ ਉਠ ਖਲੋਤਾ। ਕੱਪੜੇ ਝਾੜੇ। ਡਰਾਈਵਰ ਨੂੰ ਪਤਾ ਨਈਂ ਲੱਗਣ ਦਿੱਤਾ। ਬਸ ਹੌਲੀ-ਹੌਲੀ...।"

"ਮੈਨੂੰ ਯਾਦ ਐ ਜਦੋਂ ਅਸੀਂ ਪਹਿਲੀ ਵਾਰ ਆਏ ਸੀ। ਤੁਸੀਂ ਸਾਨੂੰ ਏਅਰਪੋਰਟ ਤੋਂ ਲੈਣ ਆਏ ਸੀ," ਮੈਂ ਯਾਦ ਕਰਵਾਇਆ।

"ਹਾਂ! ਓਦੋਂ ਮੈਂ ਐਨ ਠੀਕ ਸੀ। ਪਰ ਇੰਡੀਆ ਦੇ ਮੇਰੇ ਦੋਸਤਾਂ ਨੇ ਕਿਹਾ ਸੀ ਜੇ ਤੂੰ ਬਚਣਾ ਚਾਹੁੰਨੈਂ ਤਾਂ ਅਮਰੀਕਾ ਚਲਿਆ ਜਾ। ਇੰਡੀਆ 'ਚ ਮੁਸ਼ਕਿਲ ਐ। ਮੈਂ ਫਿਰ ਏਧਰ ਹੀ ਆ ਗਿਆ," ਗੱਲ ਗੰਭੀਰ ਪਾਸੇ ਵੱਲ ਤੁਰ ਰਹੀ ਸੀ।

ਅਸੀਂ 'ਪੰਜਾਬੀ ਟ੍ਰਿਬਿਊਨ' ਦੀਆਂ ਗੱਲਾਂ ਛੇੜ ਲਈਆਂ। ਮੈਂ ਦੱਸਣ ਲੱਗਾ, "ਭਾਜੀ! ਇਕ ਵਾਰੀ ਪ੍ਰੇਮ ਗੋਰਖੀ ਨੂੰ ਮਿਲਣ ਗਏ ਮੈਂ ਤੇ ਦਵਿੰਦਰ ਮੰਡ। ਪਤਾ ਨਹੀਂ ਰਾਜਿੰਦਰ ਸੋਢੀ ਨੂੰ ਕਿੱਦਾਂ ਪਤਾ ਲੱਗ ਗਿਆ। ਉਹ ਵੀ ਆ ਗਿਆ ਗੋਰਖੀ ਦੇ ਘਰੇ। ਓਨੇ ਏਨੀ ਸ਼ਰਾਬ ਪੀ ਲਈ ਮੁੜ ਕੇ ਤੁਰਿਆ ਈ ਨਾ ਜਾਵੇ। ਸੜਕ 'ਤੇ ਇਕ ਰਿਕਸ਼ੇ ਆਲਾ ਆਉਂਦਾ ਸੀ। ਰਿਕਸ਼ੇ 'ਤੇ ਬਿਠਾਈਏ। ਉਹ ਉੱਲਰਦਾ ਜਾਵੇ। ਉੱਤੋਂ ਰਾਤ ਦਾ ਵੇਲਾ। ਹਾਰ ਕੇ ਰਿਕਸ਼ੇ ਵਾਲ਼ੇ ਨੇ ਆਪਣੇ ਪਰਨੇ ਨਾਲ਼ ਉਹਨੂੰ ਬੰਨ੍ਹਿਆ ਤੇ ਰਿਕਸ਼ਾ ਤੋਰਿਆ।"

ਅਮੋਲਕ ਸਿੰਘ ਹੱਸਦਾ-ਹੱਸਦਾ ਬੋਲਿਆ, "ਇਕ ਵਾਰੀ ਤਕਾਲਾਂ ਜਿਹੀਆਂ ਨੂੰ ਸਾਡਾ ਪੈੱਗ-ਪੈੱਗ ਲੱਗਿਆ ਹੋਇਆ, ਅਸੀਂ ਸਾਈਕਲਾਂ 'ਤੇ ਆਉਣ ਡਹੇ। ਹਨੇਰੇ ਵਿਚ ਦੀ ਡੰਡੀ ਆਉਂਦੀ ਸੀ। ਸੋਢੀ ਮੋਹਰੇ-ਮੋਹਰੇ। ਕਾਸੇ 'ਚ ਵੱਜ ਕੇ ਡਿੱਗ ਪਿਆ। ਉੱਠਿਆ ਹੱਥ ਜੋੜ ਕੇ ਕਹੀ ਜਾਵੇ, 'ਭੈਣ ਜੀ ਮੈਨੂੰ ਮਾਫ਼ ਕਰ ਦਿਉ।' ਦੇਖਿਆ ਤਾਂ ਮੱਝ ਮੋਹਰੇ ਹੱਥ ਜੋੜ ਕੇ ਖੜ੍ਹਾ ਸੀ।"

ਪੰਜਾਬੀ ਟ੍ਰਿਬਿਊਨ, ਸ਼ਾਮ ਸਿੰਘ ਅੰਗ-ਸੰਗ, ਪ੍ਰੇਮ ਗੋਰਖੀ, ਸ਼ਿੰਗਾਰਾ ਸਿੰਘ ਭੁੱਲਰ, ਨਰਿੰਦਰ ਸਿੰਘ ਭੁੱਲਰ, ਗੁਰਦਿਆਲ ਬੱਲ, ਰਵਿੰਦਰ ਸਹਿਰਾਅ, ਵਰਿਆਮ ਸਿੰਘ ਸੰਧੂ, ਸ਼ਮਸ਼ੇਰ ਸੰਧੂ ਬਾਰੇ ਸਾਡੀਆਂ ਗੱਲਾਂ ਮੁੱਕਣ 'ਚ ਹੀ ਸਨ ਆ ਰਹੀਆਂ।

ਇੰਦਰ ਮੋਹਨ ਸਿੰਘ ਵੀ ਕੋਈ ਨਾ ਕੋਈ ਟਿੱਚਰ ਦੀ ਪਟਾਕੀ ਮਾਰ ਜਾਂਦਾ।

ਰਾਤ ਅਸੀਂ ਅਮੋਲਕ ਸਿੰਘ ਦੇ ਘਰ ਹੀ ਰਹੇ। ਸਵੇਰੇ ਪੰਜ ਵਜੇ ਭੈਣ ਜਸਪ੍ਰੀਤ ਨੇ ਸਾਨੂੰ ਚਾਹ ਨਾਲ਼ ਪਰੌਠੇ ਖੁਆਏ। ਕੁਲਜੀਤ ('ਪੰਜਾਬ ਟਾਈਮਜ਼' ਦਾ ਗ੍ਰਾਫਿਕਸ ਡਿਜ਼ਾਈਨਰ)



ਸਾਨੂੰ ਸ਼ਿਕਾਗੋ ਏਅਰ-ਪੋਰਟ 'ਤੇ ਛੱਡ ਗਿਆ। ਸੱਤ ਵਜੇ ਦੀ ਫ਼ਲਾਈਟ ਸੀ। ਸਕਿਓਰਿਟੀ 'ਚੋਂ ਲੰਘਦਿਆਂ ਥੋੜ੍ਹਾ ਅਗਾਂਹ ਗਏ ਤਾਂ ਇਕਬਾਲ ਜੱਬੋਵਾਲ਼ੀਆ ਆਪਣਾ ਕੋਟ ਉਤਾਰ ਕੇ ਪੁੱਠਾ-ਸਿੱਧਾ ਕਰ ਕੇ ਠੀਕ ਕਰਨ ਲੱਗ ਪਿਆ। ਕੋਟ ਠੀਕ ਕਰਦੇ ਨੇ ਪੰਜ-ਸੱਤ ਮਿੰਟ ਲਾ ਦਿੱਤੇ। ਜਦੋਂ ਅਸੀਂ ਕਾਉਂਟਰ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਸਾਂ ਕਿ ਜਹਾਜ਼ੇ ਚੜ੍ਹਨ ਵਾਲ਼ਾ ਬੂਹਾ ਸਾਡੇ ਦੇਖਦੇ ਹੀ ਦੇਖਦੇ ਬੰਦ ਹੋ ਗਿਆ। ਸੱਤ ਵਜੇ ਸਵੇਰ ਦੀ ਮਿੱਸ ਹੋਈ ਫ਼ਲਾਈਟ ਸ਼ਾਮ ਨੂੰ ਸੱਤ ਵਜੇ ਮਿਲੀ।

ਮੈਂ ਅਗਲੇ ਦਿਨ ਅਮੋਲਕ ਸਿੰਘ ਨੂੰ ਠੀਕ-ਠਾਕ ਪਹੁੰਚ ਜਾਣ ਦੀ ਸੂਚਨਾ ਦੇਣ ਹਿੱਤ ਫੋਨ ਕੀਤਾ ਤੇ 'ਇਕਬਾਲ ਦੇ ਕੋਟ ਬਦਲਣ' ਕਾਰਨ ਫ਼ਲਾਈਟ ਬਦਲ ਜਾਣ ਦਾ ਵਾਕਿਆ ਵੀ ਸਾਂਝਾ ਕੀਤਾ।

ਅਗਲੇ ਸਾਲ ਮੈਂ ਤੇ ਇਕਬਾਲ ਜੱਬੋਵਾਲੀਆ ਨੇ ਫਿਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸ਼ਿਕਾਗੋ ਏਅਰ-ਪੋਰਟ 'ਤੇ ਪਿਛਲੀ ਵਾਰ ਵਾਂਗ ਹੀ ਰਾਮ ਲਾਲ ਸਾਨੂੰ ਲੈਣ ਆਇਆ ਹੋਇਆ ਸੀ। ਇਸ ਵਾਰ ਉਹ ਮੇਰੇ ਵੀ ਗੋਡੇ ਛੂਹਣੇ ਚਾਹੁੰਦਾ ਸੀ ਪਰ ਮੈਂ ਅੱਧ 'ਚੋਂ ਹੀ ਬੋਚ ਕੇ ਜੱਫੀ ਪਾ ਲਈ। ਲੱਗਦਾ ਸੀ ਜਿਵੇਂ ਸਮਾਂ ਆਪਣੇ-ਆਪ ਨੂੰ ਦੁਹਰਾਅ ਰਿਹਾ ਹੈ। ਅਜੇ ਕੱਲ੍ਹ ਦੀ ਗੱਲ ਸੀ ਰਾਮ ਲਾਲ ਸਾਨੂੰ ਏਥੋਂ ਚੁੱਕਣ ਆਇਆ ਸੀ। ਲੱਗਦਾ ਸੀ ਸਾਲ ਨਹੀਂ ਬੀਤਿਆ ਬਸ ਇਕ ਰਾਤ ਲੰਘੀ ਹੈ।

ਇਸ ਵਾਰ ਵੀ 'ਪੰਜਾਬ ਟਾਈਮਜ਼' ਅਖ਼ਬਾਰ ਰਾਮ ਲਾਲ ਦੀ ਕਾਰ ਵਿਚ ਪਈ ਸੀ। ਕਾਰ ਤੋਰਦਿਆਂ ਹੀ ਉਸ ਨੇ ਗੱਲ ਛੇੜ ਲਈ, "ਸੋਹਲ ਸਾਹਿਬ! ਇਕ ਦਿਨ ਏਅਰ-ਪੋਰਟ 'ਤੇ ਖੜ੍ਹੇ ਸੀ। ਤੁਹਾਡੀ ਕਹਾਣੀ ਛਪੀ ਸੀ ਨਾ 'ਪੰਜਾਬ ਟਾਈਮਜ਼' ਵਿਚ 'ਸ਼ੀਸ਼ੇ 'ਤੇ ਜੰਮੀ ਬਰਫ਼'! ਇਕ ਮੁੰਡਾ ਕਹਿੰਦਾ- ਯਾਰ! ਗੱਲ ਤਾਂ ਬਣੀ ਨਹੀਂ ਕਹਾਣੀ 'ਚ। ਸ਼ੀਸ਼ੇ 'ਤੇ ਬਰਫ ਤਾਂ ਕਿਤੇ ਜੰਮੀ ਈ ਨਹੀਂ। ਮਗਰੋਂ ਵੀ ਕਹਾਣੀ ਕਿਸੇ ਬੰਨੇ ਤਾਂ ਲੱਗੀ ਨਈਂ। ਕੀ ਐ ਕਹਾਣੀ! ਜੇ ਡਰਾਈਵਰ ਗੋਰੇ ਬੰਦੇ ਦਾ ਬਟੂਆ ਨਾ ਵੀ ਮੋੜਦਾ। ਸੋਹਲ ਸਾਹਿਬ! ਫਿਰ ਮੈਂ ਕਰਾਈ ਤਸੱਲੀ ਓਹਦੀ। ਮੈਂ ਕਿਹਾ ਨਾਵਲ-ਕਹਾਣੀ ਸਮਝਣ ਦਾ ਤਰੀਕਾ ਸਿੱਖੋ। ਕਮਲਿਆ ਬਰਫ ਸ਼ੀਸ਼ੇ 'ਤੇ ਸੱਚੀ-ਮੁੱਚੀ ਥੋੜ੍ਹੋ ਜੰਮਣੀ ਸੀ। ਜਦੋਂ ਡਰਾਈਵਰ ਸ਼ਰਾਬੀ ਗੋਰੇ ਦਾ ਬਟੂਆ ਲੈ ਕੇ ਭੱਜ ਜਾਣ ਦੀ ਸੋਚਦਾ ਇਹਦਾ ਮਤਲਬ ਲਾਲਚ ਤੇ ਬੇਈਮਾਨੀ ਦੀ ਬਰਫ ਉਹਦੀ ਆਤਮਾ ਦੇ ਸ਼ੀਸ਼ੇ 'ਤੇ ਜੰਮ ਰਹੀ ਐ। ਜਦੋਂ ਓਨੇ ਬਟੂਆ ਮੋੜ ਦਿੱਤਾ ਲਾਲਚ ਤੇ ਬੇਈਮਾਨੀ ਦੀ ਬਰਫ ਖੁਰ ਗਈ। ਡਰਾਈਵਰ ਦੀ ਰੂਹ, ਉਹਦੀ ਆਤਮਾ, ਉਹਦੀ ਜ਼ਮੀਰ ਸ਼ੀਸ਼ੇ ਵਾਂਗ ਚਮਕਣ ਲੱਗ ਪਈ।"

'ਪੰਜਾਬ ਟਾਈਮਜ਼' ਦੇ ਬਹਾਨੇ ਮੇਰੀ ਕਹਾਣੀ ਦੀ ਚਰਚਾ ਹੋ ਰਹੀ ਸੀ, ਮੈਨੂੰ ਬੜਾ ਚੰਗਾ-ਚੰਗਾ ਲੱਗ ਰਿਹਾ ਸੀ। ਮੈਂ ਕਿਹਾ, "ਰਾਮ ਲਾਲ ਭਾਜੀ! ਤੁਸੀਂ ਕਹਾਣੀ ਦੀ ਰੂਹ ਫੜੀ ਐ। ਮੈਨੂੰ ਖੁਸ਼ੀ ਐ ਇਸ ਗੱਲ ਦੀ।"

"ਪਿਛਲੀ ਵਾਰੀ ਤੁਸੀਂ ਮੇਰੀ ਘਰ-ਵਾਲੀ ਨੂੰ ਨਹੀਂ ਮਿਲੇ ਸੀ। ਤੁਹਾਡੀ ਸੇਵਾ ਵੀ ਨਹੀਂ ਸੀ ਹੋਈ। ਐਤਕੀਂ ਪਹਿਲਾਂ ਮੇਰੇ ਘਰ ਚੱਲੋ। ਫਿਰ ਚਮਨ ਲਾਲ ਦੇ ਜਾਵਾਂਗੇ। ਓਥੋਂ ਫਿਰ ਅਮੋਲਕ ਦੇ ਪ੍ਰੋਗਰਾਮ 'ਤੇ," ਰਾਮ ਲਾਲ ਗੱਡੀ ਚਲਾਉਂਦਾ ਗੱਲਾਂ ਕਰੀ ਜਾ ਰਿਹਾ ਸੀ।

ਕੋਲ ਦੀ ਕਾਲੀ ਕਾਰ ਲੰਘੀ ਤਾਂ ਗਾਲ ਕੱਢ ਕੇ ਰਾਮ ਲਾਲ ਨੇ ਕਿਹਾ, "ਊਬਰ ਨੇ ਸਾਡੇ ਕੰਮ ਨੂੰ ਬਹੁਤ ਸੱਟ ਮਾਰੀ ਐ।" ਤੇ ਫਿਰ ਗੱਲ-ਬਾਤ ਟੈਕਸੀ-ਬਿਜ਼ਨੈੱਸ ਦੀ ਮੰਦੀ ਹਾਈ-ਵੇਅ 'ਤੇ ਚੜ੍ਹ ਗਈ।

ਕੁਝ ਦੇਰ ਚੁੱਪ ਰਹਿਣ ਬਾਅਦ ਰਾਮ ਲਾਲ ਫਿਰ ਬੋਲਿਆ, "ਮੇਰੀ ਘਰਵਾਲੀ ਅਫ਼ਰੀਕਨ ਹੈ। ਵਿਆਹ ਤਾਂ ਮੈਂ ਓਦੇ ਨਾਲ ਸਿਰਫ ਪੱਕਾ ਹੋਣ ਨੂੰ ਈ ਕਰਾਇਆ ਸੀ ਪਰ ਸਾਡੇ ਸੁਭਾਅ ਏਨੇ ਰਲ ਗਏ ਬਈ ਆਪਾਂ ਵਿਆਹ ਪੱਕਾ ਈ ਰੱਖ ਲਿਆ। ਸਾਡਾ ਮੁੰਡਾ ਦੇਖਿਓ ਕਿੰਨਾ ਇੰਟੈਲੀਜੈਂਟ ਐ।"

ਘਰ ਪਹੁੰਚੇ ਤਾਂ ਰਾਮ ਲਾਲ ਆਪਣੀ ਪਤਨੀ ਨੂੰ ਸਾਡੇ ਬਾਰੇ ਏਨਾ ਵਧਾਅ-ਚੜ੍ਹਾਅ ਕੇ ਦੱਸ ਰਿਹਾ ਸੀ ਜਿਵੇਂ 'ਪੰਜਾਬ ਟਾਈਮਜ਼ ਨਾਈਟ' ਦੇ ਮਹੱਤਵਪੂਰਨ ਰੁਕਨ ਮੈਂ ਤੇ ਇਕਬਾਲ ਜੱਬੋਵਾਲੀਆ ਈ ਹੋਈਏ।

ਓਥੋਂ ਪਿਆਰ ਬਟੋਰਦੇ ਹੋਏ ਅਸੀਂ ਚਮਨ ਲਾਲ ਦੇ ਘਰ ਆ ਗਏ। ਚਮਨ ਲਾਲ ਜਿਵੇਂ ਅੱਖਾਂ ਵਿਛਾਈ ਇੰਤਜ਼ਾਰ ਕਰ ਰਿਹਾ ਸੀ। ਪਿਛਲੀ ਵਾਰ ਉਸ ਦੀ ਪਤਨੀ ਤੇ ਬੇਟੀ ਇੰਡੀਆ ਗਈਆਂ ਹੋਈਆਂ ਸਨ। ਐਤਕੀਂ ਪਰਿਵਾਰ ਭਰਿਆ-ਭਰਿਆ ਸੀ। ਅਨਮੋਲ ਸਾਡੇ ਅੱਗੇ-ਪਿੱਛੇ ਘੁੰਮ ਰਿਹਾ ਸੀ।

'ਪੰਜਾਬ ਟਾਈਮਜ਼ ਨਾਈਟ' 'ਤੇ ਜਾਣ ਵਾਸਤੇ ਕੱਪੜੇ ਬਦਲੇ ਤਾਂ ਅਨਮੋਲ ਪਰਫ਼ਿਊਮ ਦੀ ਸ਼ੀਸ਼ੀ ਚੁੱਕ ਲਿਆਇਆ। ਮੇਰੇ 'ਤੇ ਛਿੜਕਣ ਲੱਗਾ ਬੋਲਿਆ, "ਅੰਕਲ! ਪਿਛਲੀ ਵਾਰ ਵੀ ਤੁਸੀਂ ਏਹੀ ਕੋਟ ਪਾਇਆ ਹੋਇਆ ਸੀ।"

ਮੈਂ ਕਿਹਾ, "ਨਹੀਂ! ਏਨਾ ਭੁਲੇਖਾ ਤਾਂ ਨਹੀਂ ਪੈ ਸਕਦਾ।"

ਉਹ ਪਰਫ਼ਿਊਮ ਛਿੜਕ ਕੇ ਚਲਾ ਗਿਆ। ਕੁਝ ਦੇਰ ਬਾਅਦ ਫੋਨ ਫੜੀ ਆ ਗਿਆ, "ਆ ਦੇਖੋ ਅੰਕਲ! ਪਿਛਲੇ ਸਾਲ ਦੀਆਂ ਫੋਟੋ...।"

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਅਨਮੋਲ ਦੀ ਇਸ 'ਭੋਲ਼ੀ ਮਸ਼ਕਰੀ' 'ਤੇ ਖਿੜ-ਖਿੜਾਅ ਕੇ ਹੱਸਾਂ ਜਾਂ ਹਲਕਾ ਜਿਹਾ ਸ਼ਰਮਿੰਦਾ ਹੋਵਾਂ। ਮੈਂ ਦੋ ਕੁ ਵਾਰ ਸ਼ੀਸ਼ੇ ਅੱਗੇ ਖੜੋ ਕੇ ਆਪਣਾ-ਆਪ ਦੇਖਿਆ ਤੇ ਮਨ ਨੂੰ ਤਸੱਲੀ ਦਿੱਤੀ, 'ਪ੍ਰੋਗਰਾਮ ਦੀ ਨੀਮ-ਬੇਹੋਸ਼ੀ ਜਿਹੀ ਰੌਸ਼ਨੀ 'ਚ ਕਿਹੜਾ ਕਿਸੇ ਨੇ ਏਨੀ ਬਾਰੀਕੀ ਨਾਲ ਕੱਪੜੇ ਦੇਖਣੇ ਆਂ।'

ਪਿਛਲੀ ਵਾਰੀ ਮੇਰੇ ਲਤੀਫ਼ਿਆਂ ਕਰ ਕੇ ਇਕਬਾਲ ਭਾਵੇਂ ਥੋੜ੍ਹਾ ਨਾਰਾਜ਼ ਹੋ ਗਿਆ ਸੀ ਪਰ ਬਾਅਦ 'ਚ ਉਸ ਨੂੰ ਸਮਝ ਆ ਗਈ ਸੀ ਕਿ ਲੋਕਾਂ 'ਚ ਆਪਣੀ ਪਛਾਣ ਬਣਾਉਣ ਦਾ ਇਕ ਤਰੀਕਾ ਇਸ ਤਰ੍ਹਾਂ ਦਾ ਹਾਸਾ-ਠੱਠਾ ਵੀ ਹੁੰਦਾ ਹੈ। ਉਹ ਮੈਨੂੰ ਵਾਰ-ਵਾਰ ਕਹਿ ਰਿਹਾ ਸੀ , "ਸੋਹਲ! ਐਤਕੀਂ ਵੀ ਕੋਈ ਗੱਲ ਮੇਰੇ ਨਾਲ ਜੋੜ ਕੇ ਸੁਣਾਈਂ।"

ਇਸ ਵਾਰ ਵੀ ਤਜਰਬਾ ਕਾਮਯਾਬ ਰਿਹਾ ਸੀ। ਏਨਾ ਕਾਮਯਾਬ ਕਿ ਇਕ ਸੱਜਣ ਨੇ ਮੈਨੂੰ ਉਚੇਚ ਨਾਲ ਕਿਹਾ, "ਦੇਖੀਂ ਸੋਹਲ! ਅਗਲੀ ਵਾਰ ਕਿਤੇ ਮੇਰਾ ਤਵਾ ਨਾ ਲਾ ਦੇਵੀਂ।" (ਮਤਲਬ ਕਿ ਉਹ ਆਪਣਾ 'ਤਵਾ' ਲਵਾਉਣ ਦੀ ਸਿਫ਼ਾਰਿਸ਼ ਕਰ ਰਿਹਾ ਸੀ)

ਇਹ 'ਨਾਈਟ' ਸਾਡੇ ਵਾਸਤੇ ਇਸ ਕਰਕੇ ਵੀ ਯਾਦਗਾਰੀ ਸੀ ਕਿ ਸਾਨੂੰ ਸ਼ਿਵ ਕੁਮਾਰ ਦੀ ਬੇਟੀ ਪੂਜਾ ਮਿਲ ਗਈ। ਉਸ ਨੂੰ ਮਿਲਦਿਆਂ ਭਾਵੁਕ ਹੋ ਜਾਣਾ ਸੁਭਾਵਿਕ ਹੀ ਸੀ। ਮੈਂ ਉਸ ਦੇ ਨਕਸ਼ਾਂ 'ਚੋਂ ਸ਼ਿਵ ਕੁਮਾਰ ਦੇ ਨਕਸ਼ ਤਲਾਸ਼ਣ ਲੱਗਾ। ਜਦੋਂ ਮੈਂ ਸ਼ਿਵ ਦੀਆਂ ਢੇਰਾਂ ਦੇ ਢੇਰ ਸਤਰਾਂ ਸੁਣਾਈਆਂ ਤਾਂ ਪੂਜਾ ਵੀ ਭਾਵੁਕ ਹੋਣੋ ਰਹਿ ਨਾ ਸਕੀ।

'ਪੰਜਾਬ ਟਾਈਮਜ਼ ਨਾਈਟ' ਤੋਂ ਬਾਅਦ ਰਾਮ ਲਾਲ ਸਾਨੂੰ ਚਮਨ ਲਾਲ ਦੇ ਘਰ ਛੱਡ ਗਿਆ। ਸਵੇਰੇ ਉਸ ਨੇ ਸਾਨੂੰ ਪਲੱਮ ਗਰੋਵ ਰੋਡ 'ਤੇ ਛੱਡ ਆਉਣਾ ਸੀ।



ਘਰ ਨੇ ਭਾਵੇਂ ਚੁੱਪ ਦੀ ਬੁੱਕਲ ਮਾਰੀ ਹੋਈ ਸੀ ਪਰ ਸਾਡੇ ਅੰਦਰ ਚਾਅ ਧੜਕ ਰਿਹਾ ਸੀ। ਘਰ ਦੇ ਪਿਛਵਾੜੇ ਦੂਰ ਤੱਕ ਫੈਲਿਆ ਸੁਨਹਿਰੀ ਸਰਕੜਾ ਹਵਾ ਦੇ ਬੁੱਲੇ ਨਾਲ਼ ਜਦੋਂ ਵਿਛਿਆ ਤਾਂ ਜਾਪਿਆ ਜਿਵੇਂ ਸਵਾਗਤ ਲਈ ਸਾਡੇ ਪੈਰਾਂ 'ਚ ਵਿਛਣਾ ਚਾਹੁੰਦਾ ਹੋਵੇ। ਪਿਛਲੀ ਵਾਰ ਵਾਂਗ ਅਸੀਂ ਸਾਰਾ ਦਿਨ ਅਮੋਲਕ ਸਿੰਘ ਕੋਲ ਹੀ ਬਿਤਾਉਣਾ ਚਾਹੁੰਦੇ ਸਾਂ।

ਡੋਰ ਬੈੱਲ ਵਜਾਈ ਤਾਂ ਥੋੜ੍ਹੀ ਦੇਰ ਬਾਅਦ ਉਹਨਾਂ ਦੇ ਬੇਟੇ ਨੇ ਬੂਹਾ ਖੋਲ੍ਹਿਆ। ਮਗਰੇ ਹੀ ਭੈਣ ਜਸਪ੍ਰੀਤ ਵੀ ਰਸੋਈ ਵਿੱਚੋਂ ਨਿਕਲ਼ ਆਏ।

"ਐਡੀਟਰ ਸਾਹਿਬ!" ਮੈਂ ਆਪਣੇ ਸੁਭਾਅ ਮੁਤਾਬਿਕ ਚਹਿਕ ਕੇ ਪੁੱਛਿਆ।

"ਐਡੀਟਰ ਸਾਹਿਬ ਤਾਂ ਸਵੇਰ ਦੇ ਹਸਪਤਾਲ ਨੇ," ਭੈਣ ਜਸਪ੍ਰੀਤ ਦੀ ਆਵਾਜ਼ ਸੁਣ ਕੇ ਸਾਡੇ ਚਿਹਰੇ ਉੱਤਰ ਗਏ ਸਨ। ਉਹ ਜਿਵੇਂ ਸਾਡੇ ਮਨ ਦੀ ਹਾਲਤ ਭਾਂਪ ਗਏ ਸਨ, ਬੋਲੇ, "ਉਂਝ ਚਿੰਤਾ ਵਾਲੀ ਕੋਈ ਗੱਲ ਨਹੀਂ। ਉਹਨਾਂ ਦਾ ਇਕ ਪਰਸੀਜ਼ਰ ਹੋਣਾ ਸੀ। ਅਸੀਂ ਵੀ ਹਸਪਤਾਲ ਜਾਣਾ ਹੈ, ਤੁਸੀਂ ਵੀ ਸਾਡੇ ਨਾਲ ਚਲੇ ਜਾਣਾ ਓਥੇ ਗੱਲ-ਬਾਤ ਹੋ ਜਾਊਗੀ।"

ਅਸੀਂ 'ਹਾਂ' ਕਹਿ ਦਿੱਤੀ ਤਾਂ ਭੈਣ ਜਸਪ੍ਰੀਤ ਨੇ ਕਿਹਾ, "ਦੁਪਹਿਰ ਹੋ ਗਈ ਹੈ। ਪਹਿਲਾਂ ਚਾਹ ਪੀਓਗੇ ਕਿ ਖਾਣਾ ਖਾਓਗੇ?"

ਅਸੀਂ ਜੱਕੋ-ਤੱਕੋ ਵਿਚ ਹੀ ਸਾਂ ਕਿ ਕੁਲਜੀਤ ਬੋਲਿਆ, "ਤੁਸੀਂ ਭਾਜੀ ਮੇਰੇ ਨਾਲ ਚੱਲੋ। ਅਨੂ ਨੇ ਖਾਣਾ ਬਣਾਇਆ ਹੋਇਆ। ਲੰਚ ਕਰ ਕੇ ਵਾਪਸ ਆ ਜਾਣਾ।"

ਕੁਲਜੀਤ ਦੀ ਪਤਨੀ ਅਨੁਰੀਤ ਭੈਣ ਜਸਪ੍ਰੀਤ ਦੀ ਭਾਣਜੀ ਹੈ। ਅਨੁਰੀਤ ਨੇ ਏਨਾ ਮੋਹ ਜਤਾਇਆ ਜਿਵੇਂ ਵਰ੍ਹਿਆਂ ਦੇ ਵਿਛੜੇ ਭੈਣ-ਭਾਈ ਮਿਲੇ ਹੋਣ।

ਕੁਲਜੀਤ ਦੇ ਘਰ ਜਾ ਕੇ ਹੀ ਸਾਨੂੰ ਪਤਾ ਲੱਗਾ ਸੀ ਕਿ ਉਹਨਾਂ ਦੇ ਘਰ ਨਿੱਕੀ ਜਿਹੀ ਕਲੀ ਵੀ ਖਿੜ ਪਈ ਸੀ। ਉਸ ਦੇ ਖਿਡੌਣੇ ਥਾਂ-ਥਾਂ ਖਿੱਲਰੇ ਪਏ ਇਉਂ ਜਾਪਦੇ ਸਨ ਜਿਵੇਂ ਬਾਗ਼ 'ਚ ਆਪ-ਮੁਹਾਰੇ ਫੁੱਲ ਖਿੜੇ ਹੋਏ ਹੋਣ।

ਮੈਂ ਪਾਲਕ-ਪਨੀਰ ਦੀ ਤਾਰੀਫ਼ ਕਰ ਰਿਹਾ ਸਾਂ ਤੇ ਇਕਬਾਲ ਮਿੰਨ੍ਹਾ-ਮਿੰਨ੍ਹਾ ਮੁਸਕਰਾਈ ਜਾ ਰਿਹਾ ਸੀ। ਅਸੀਂ ਪਲ ਕੁ ਲਈ ਇਕੱਲੇ ਹੋਏ ਤਾਂ ਇਕਬਾਲ ਬੋਲਿਆ, "ਤੂੰ ਪਾਲਕ-ਪਨੀਰ ਦੀ ਤਾਰੀਫ ਕੁਝ ਜਿਆਦਾ ਨਹੀਂ ਕਰ ਰਿਹਾ?"

"ਦੇਖ ਇਕਬਾਲ! ਘਰੋਂ ਦੂਰ ਮੋਹ ਭਰੇ ਲੋਕ ਮਿਲ ਜਾਣ ਤੇ ਏਨੀ ਅਪਣੱਤ ਨਾਲ ਖਾਣਾ ਖੁਆ ਰਹੇ ਹੋਣ। ਖਾਣਾ ਵੀ ਏਨਾ ਸਵਾਦਲਾ, ਫੇਰ ਤਾਰੀਫ਼ ਕਰਨ 'ਚ ਕੋਈ ਕਸਰ ਨਹੀਂ ਛੱਡਣੀ ਚਾਹੀਦੀ," ਮੈਂ ਬੁਰਕੀ ਨਾਲ ਕੌਲੀ ਸਾਫ਼ ਕਰਦੇ ਨੇ ਕਿਹਾ, "ਖਾਣਾ ਖੁਆਉਣ ਵਾਲ਼ਾ ਪਿਆਰ ਤੇ ਸਤਿਕਾਰ ਨਾਲ ਖਾਣਾ ਖੁਆ ਰਿਹਾ ਹੋਵੇ। ਖਾਣ ਵਾਲਾ ਓਸੇ ਮੁਹੱਬਤ ਨਾਲ ਖਾ ਰਿਹਾ ਹੋਵੇ ਤਾਂ ਖਾਣਾ ਖਾਣਾ ਨਾ ਰਹਿ ਕੇ ਅੰਮ੍ਰਿਤ ਬਣ ਜਾਂਦੈ।"

ਖਾਣੇ ਮਗਰੋਂ ਕੁਲਜੀਤ ਸਾਨੂੰ ਵਾਪਿਸ ਅਮੋਲਕ ਸਿੰਘ ਦੇ ਘਰ ਛੱਡਣ ਲਈ ਤੁਰਨ ਲੱਗਾ ਤਾਂ ਅਨੁਰੀਤ ਨੇ ਹੱਸਦੇ-ਹੱਸਦੇ ਕਿਹਾ, "ਇਕਬਾਲ ਭਾਜੀ ਕੋਟ ਘਰੋਂ ਹੀ ਬਦਲ ਕੇ ਜਾਣਾ ਕਿਤੇ ਫਿਰ ਫ਼ਲਾਈਟ ਨਾ ਮਿੱਸ ਹੋ ਜਾਵੇ।"

ਅਨੁਰੀਤ ਦੀ ਯਾਦਦਾਸ਼ਤ 'ਤੇ ਮੈਨੂੰ ਬੜੀ ਹੈਰਾਨੀ ਹੋਈ।

ਜਦੋਂ ਅਸੀਂ ਪਹੁੰਚੇ ਤਾਂ ਭੈਣ ਜਸਪ੍ਰੀਤ ਤੇ ਉਹਨਾਂ ਦਾ ਬੇਟਾ ਮਨਦੀਪ ਹਸਪਤਾਲ ਜਾਣ ਲਈ ਤਿਆਰ ਬੈਠੇ ਸਨ।

ਮਨਦੀਪ ਕਾਰ ਚਲਾ ਰਿਹਾ ਸੀ। ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਹਸਪਤਾਲ ਵੱਲ ਜਾ ਰਹੇ ਸਨ। ਇਕਬਾਲ ਜੱਬੋਵਾਲੀਆ ਸਿਆਣਪ ਨਾਲ ਲਬਰੇਜ਼ ਗੱਲਾਂ ਨਾਲ਼ ਹਾਜ਼ਰੀ ਲਵਾ ਰਿਹਾ ਸੀ। ਮੇਰੇ ਮਨ 'ਚ ਕਈ ਤਰ੍ਹਾਂ ਦੇ ਵਿਚਾਰ ਆ ਰਹੇ ਸਨ। ਪਛਤਾਵਾ ਵੀ ਹੋ ਰਿਹਾ ਸੀ ਕਿ ਭਾਵੇਂ ਅੱਜ ਨਾ ਹੀ ਆਉਂਦੇ। ਆਪਣੀ ਹਾਜ਼ਰੀ ਆਪਣੇ-ਆਪ ਨੂੰ ਹੀ ਰੜਕ ਰਹੀ ਸੀ ਪਰ ਭੈਣ ਜਸਪ੍ਰੀਤ ਸਾਡੇ ਨਾਲ਼ ਏਨੇ ਮੋਹ ਤੇ ਅਪਣੱਤ ਨਾਲ਼ ਗੱਲਾਂ ਕਰ ਰਹੇ ਸਨ ਕਿ ਅਸੀਂ ਛੇਤੀ ਹੀ ਸਹਿਜ ਹੋ ਗਏ।

ਹਸਪਤਾਲ ਦੇ ਪਾਰਕਿੰਗ ਲਾਟ 'ਚ ਕਾਰ ਲਾ ਕੇ ਜਦੋਂ ਅਸੀਂ ਅੰਦਰ ਵੜ ਰਹੇ ਸਾਂ ਤਾਂ ਮੇਰਾ ਦਿਲ 'ਧੱਕ-ਧੱਕ' ਕਰ ਰਿਹਾ ਸੀ। ਮਨਦੀਪ ਨੇ ਆਪਣੀ ਪਤਨੀ ਸੰਦੀਪ ਨੂੰ ਫੋਨ ਕਰ ਕੇ ਪਰਸੀਜ਼ਰ ਰੂਮ ਦਾ ਥਹੁ-ਟਿਕਾਣਾ ਪੁੱਛ ਲਿਆ ਤੇ ਅਸੀਂ ਐਲੀਵੇਟਰ ਰਾਹੀਂ ਓਥੇ ਪਹੁੰਚ ਗਏ। ਸੰਦੀਪ ਬਾਹਰ ਖਲੋਤੀ ਸੀ।

ਥੋੜ੍ਹੀ ਦੇਰ ਬਾਅਦ ਉਸ ਨੇ ਇਸ਼ਾਰਾ ਕਰ ਕੇ ਰਾਹ ਬਣਾਉਣ ਲਈ ਕਿਹਾ। ਪਹੀਆਂ 'ਤੇ ਰੁੜ੍ਹਦਾ ਬੈੱਡ ਬਾਹਰ ਨਿਕਲ਼ ਰਿਹਾ ਸੀ। ਮੈਂ ਸੋਚ ਰਿਹਾ ਸਾਂ ਪਰਸੀਜ਼ਰ ਤੋਂ ਬਾਅਦ ਅਮੋਲਕ ਦਾ ਨਿਢਾਲ, ਨਿਚੋੜਿਆ ਹੋਇਆ, ਕੁਮਲਾਇਆ ਚਿਹਰਾ ਕਿਵੇਂ ਦੇਖਾਂਗਾ! ਬੈੱਡ ਦੇ ਨਾਲ਼ ਲਟਕਦਾ ਗੁਲੂਕੋਜ਼, ਆਕਸੀਜ਼ਨ ਵਾਲ਼ੇ ਪਾਈਪ, ਗਲ਼ 'ਚ ਲੱਗੀਆਂ ਨਾਲ਼ੀਆਂ। ਜਦੋਂ ਬਾਹਰ ਨਿਕਲ਼ਦਿਆਂ ਉਸ ਦੀ ਨਿਗਾਹ ਸਾਡੇ 'ਤੇ ਪਈ ਤਾਂ ਉਸ ਦੇ ਬੁੱਲ੍ਹ ਗੁਲਾਬ ਦੀਆਂ ਪੱਤੀਆਂ ਵਾਂਗ ਖਿੜ ਗਏ, "ਆ ਜਾਓ..." ਸਰਗੋਸ਼ੀ ਕਰਦੀ ਆਵਾਜ਼ ਕੰਨਾਂ ਤੱਕ ਇਸ ਤਰ੍ਹਾਂ ਪਹੁੰਚੀ ਜਿਵੇਂ ਬੂੰਦ ਭਰ ਸਨੋਅ ਰੁੱਖ ਦੀਆਂ ਟਾਹਣਾਂ ਤੋਂ ਤਿਲਕ ਕੇ ਝੀਲ ਦੇ ਪਾਣੀ 'ਚ ਡਿੱਗੀ ਹੋਵੇ। ਉਸ ਦਾ ਚਿਹਰਾ ਇਕ ਦਮ ਇਉਂ ਲਿਸ਼ਕ ਉੱਠਿਆ ਜਿਵੇਂ ਸੱਜਰੀ ਹਵਾ ਦੇ ਬੁੱਲੇ ਨੇ ਸੂਰਜ ਅੱਗੇ ਆਈ ਬੱਦਲੀ ਪਾਸੇ ਕਰ ਦਿੱਤੀ ਸੀ।

ਅਮੋਲਕ ਸਿੰਘ ਦੇ ਗਲ਼ 'ਚ ਸੁਰਾਖ਼ ਕਰ ਕੇ ਨਾਲ਼ੀ ਲਾਈ ਹੋਈ ਸੀ। ਉਸ ਦੇ ਲਾਗੇ ਮਾਈਕ੍ਰੋਫੋਨ ਵਰਗਾ ਯੰਤਰ ਸੀ। ਹਿੱਲਦੇ ਬੁੱਲ੍ਹ ਸਨ ਪਰ ਆਵਾਜ਼ ਉਸ ਯੰਤਰ ਥਾਣੀਂ ਆਉਂਦੀ ਸੀ।

"ਭਾਜੀ! ਅਖ਼ਬਾਰ ਦੀ ਬੱਲੇ-ਬੱਲੇ ਆ," ਮੈਂ ਕਿਹਾ ਤਾਂ ਅਮੋਲਕ ਸਿੰਘ ਨੇ ਗੰਭੀਰ ਮੁਦਰਾ 'ਚ ਕਿਹਾ, "ਮੈਂ ਲੋਕਾਂ 'ਚ ਵਿਚਰ ਨਹੀਂ ਸਕਿਆ ਬਹੁਤਾ ਚਿਰ। ਸਿਹਤ ਕਰ ਕੇ ਮੂਵਿੰਗ ਤਾਂ ਬਿਲਕੁਲ ਹੀ ਖਤਮ ਹੋ ਗਈ। ਮੈਂ ਅਜੇ ਅਖਬਾਰ ਦੇ ਮਿਆਰ ਨੂੰ ਹੋਰ ਵੀ ਉਤਾਂਹ ਲਿਜਾਣਾ ਸੀ।"

ਮੈਂ ਸੋਚੀਂ ਪੈ ਗਿਆ। ਅਸੀਂ ਤਾਂ ਅਖ਼ਬਾਰ ਦੇ ਹੁਣ ਦੇ ਮਿਆਰ ਤੋਂ ਹੀ ਸੰਤੁਸ਼ਟ ਸਾਂ ਪਰ ਉਸ ਅੰਦਰ ਪਤਾ ਨਹੀਂ ਅਜੇ ਹੋਰ ਕਿਹੜੇ ਅਣਗਾਹੇ ਸੁਫ਼ਨੇ, ਅਣਛੋਹੇ ਪੱਧਰ ਅਤੇ ਅਣਫੋਲੇ ਆਯਾਮ ਸਨ ਜਿੱਥੇ ਤੱਕ ਉਹ ਪੰਜਾਬੀ ਪੱਤਰਕਾਰੀ ਨੂੰ ਲੈ ਕੇ ਜਾਣਾ ਚਾਹੁੰਦਾ ਸੀ।

ਦਿਨ ਢਲਦਾ ਜਾ ਰਿਹਾ ਸੀ। ਕੋਈ ਦੋ ਘੰਟੇ ਸਾਹਿਤਕ ਲਤੀਫ਼ੇ ਚੱਲਦੇ ਰਹੇ। ਹਸਪਤਾਲੋਂ ਆਉਣ ਨੂੰ ਸਾਡਾ ਮਨ ਨਹੀਂ ਸੀ ਕਰਦਾ। ਉਸ ਦਾ ਚਿਹਰਾ ਦਗ਼ ਰਿਹਾ ਸੀ। ਗੱਲ ਕਰਨ ਤੋਂ ਪਹਿਲਾਂ ਉਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਇਉਂ ਫੈਲ ਜਾਂਦੀ ਜਿਵੇਂ ਗੁਲਾਬ ਦੇ ਫੁੱਲ 'ਤੇ ਕੋਈ ਚਾਨਣ ਤਰੌਂਕ ਰਿਹਾ ਹੋਵੇ।



ਰਾਮ ਲਾਲ ਵੀ ਹਸਪਤਾਲ ਦਾ ਕਮਰਾ ਪੁੱਛਦਾ-ਪੁਛਾਉਂਦਾ ਸਾਨੂੰ ਲੈਣ ਵਾਸਤੇ ਆ ਪਹੁੰਚਾ। ਰਾਤ ਅਸੀਂ ਚਮਨ ਲਾਲ ਕੋਲ ਹੀ ਰਹਿਣਾ ਸੀ। ਸਵੇਰੇ ਓਥੋਂ ਹੀ ਸਾਨੂੰ ਰਾਮ ਲਾਲ ਨੇ ਏਅਰ-ਪੋਰਟ 'ਤੇ ਛੱਡ ਆਉਣਾ ਸੀ।

***

ਅਮੋਲਕ ਸਿੰਘ ਦਾ ਫੋਨ ਆਇਆ, "ਸੋਹਲ 'ਨਾਨਕ ਸ਼ਾਹ ਫ਼ਕੀਰ' ਫ਼ਿਲਮ ਪ੍ਰੈੱਸ ਵਾਲ਼ਿਆਂ ਨੂੰ ਦਿਖਾਉਣੀ ਆਂ। ਤੂੰ 'ਪੰਜਾਬ ਟਾਈਮਜ਼' ਵੱਲੋਂ ਦੇਖ ਕੇ ਆਵੀਂ। ਕਹਿਣ ਨੂੰ ਤਾਂ ਮੈਂ ਕਿਸੇ ਹੋਰ ਨੂੰ ਵੀ ਕਹਿ ਦਿੰਦਾ ਪਰ ਪਹਿਲ ਤੇਰੀ ਆ। ਜੇ ਤੂੰ ਨਾਂਹ ਕਰੇਂਗਾ ਤਾਂ ਮੈਂ ਕਿਸੇ ਹੋਰ ਨੂੰ ਕਹੂੰਗਾ। ਉਂਝ ਮੈਂ ਚਾਹੁੰਨਾਂ ਤੂੰ ਜਾਵੇਂ ਤੇ ਫ਼ਿਲਮ ਦਾ ਰਿਵਿਊ ਵੀ ਕਰ ਕੇ ਵੀ ਭੇਜੇਂ।"

ਮੇਰੇ ਲਈ ਖ਼ੁਸ਼ੀ ਤੇ ਮਾਣ ਵਾਲ਼ੀ ਗੱਲ ਸੀ। ਉਦੋਂ ਫ਼ਿਲਮ ਦੇ ਸਿਨੇਮਾ ਘਰਾਂ 'ਚ ਲੱਗਣ ਨਾ ਲੱਗਣ ਦਾ ਰੌਲ਼ਾ ਵੀ ਸੀ। ਪਤਾ ਨਹੀਂ ਫਿਰ ਮੌਕਾ ਮਿਲੇ ਕਿ ਨਾ। ਏਸੇ ਬਹਾਨੇ ਫ਼ਿਲਮ ਦੇਖ ਹੋ ਜਾਣੀ ਸੀ। ਦੂਜਾ ਮੈਂ 'ਪੰਜਾਬ ਟਾਈਮਜ਼' ਦਾ ਪ੍ਰਤੀਨਿਧ ਬਣ ਕੇ ਜਾਣਾ ਸੀ।

ਅਸੀਂ ਵੈਲੀ ਸਟਰੀਮ ਰਹਿੰਦੇ ਹਾਂ। ਫ਼ਿਲਮ ਦਾ ਸ਼ੋਅ ਮੈਨਹਾਟਨ ਸੀ। ਮੈਂ ਪਹਿਲਾਂ ਬੱਸ ਫੜਨੀ ਸੀ। ਫਿਰ ਟਰੇਨ। ਮੇਰੇ ਘਰੋਂ ਲਗਪਗ ਦੋ ਘੰਟੇ ਦਾ ਸਫ਼ਰ ਸੀ। ਮੈਂ ਬਸ ਅੱਡੇ 'ਤੇ ਬੈਠਾ ਬੱਸ ਦੀ ਉਡੀਕ ਕਰ ਰਿਹਾ ਸਾਂ ਕਿ ਅਮੋਲਕ ਦਾ ਫਿਰ ਫੋਨ ਆ ਗਿਆ, "ਕਿਵੇਂ ਫਿਰ?"

"ਬੱਸ ਦੀ ਉਡੀਕ ਕਰ ਰਿਹਾਂ। ਫਿਰ ਟਰੇਨ ਫੜੂੰਗਾ। ਪਹੁੰਚ ਜਾਊਂਗਾ ਸ਼ੋਅ ਦੇ ਵੇਲੇ ਤੱਕ," ਮੈਂ ਸਫ਼ਰ ਦਾ ਵੇਰਵਾ ਸਾਂਝਾ ਕੀਤਾ ਤਾਂ ਅਮੋਲਕ ਸਿੰਘ ਨੇ ਕਿਹਾ, "ਏਨੀ ਦੂਰ ਹੈ ਤੇਰੇ ਘਰੋਂ? ਛੱਡ ਪਰ੍ਹਾਂ। ਬੱਸੇ ਨਹੀਂ ਬੈਠਾ ਤਾਂ ਮੁੜ ਜਾ ਘਰ ਨੂੰ।"

"ਭਾਜੀ ਹੁਣ ਤਾਂ ਸਿੰਘਾਂ ਨੇ ਚਾਲੇ ਪਾ ਲਏ ਆ। ਹੁਣ ਨਹੀਂ ਮੁੜਦੇ," ਮੈਂ ਆਦਤਨ ਉੱਚੀ ਦੇਣੀ ਹੱਸ ਕੇ ਜਵਾਬ ਦਿੱਤਾ।

ਖ਼ੈਰ! ਫ਼ਿਲਮ ਦੇਖੀ। ਦੂਜੇ ਦਿਨ ਕਾਹਲ਼ੀ-ਕਾਹਲ਼ੀ ਰਿਵਿਊ ਕੀਤਾ ਤੇ ਭੇਜ ਦਿੱਤਾ। ਮੰਗਲਵਾਰ ਰਾਤ ਨੂੰ ਕੰਪਿਊਟਰ ਖੋਲ੍ਹ ਕੇ ਦੁਬਾਰਾ ਲੇਖ ਪੜ੍ਹਿਆ ਤਾਂ ਇਕ ਦੋ ਫ਼ਿਕਰੇ ਝੋਲ ਖਾਂਦੇ ਦਿਖਾਈ ਦਿੱਤੇ। ਵਾਕ ਸ਼ੁਰੂ ਕਿਤਿਓਂ ਹੁੰਦਾ ਸੀ ਤੇ ਮੁੱਕਦਾ ਕਿਤੇ ਹੋਰ ਸੀ। ਸੋਧ ਕਰ ਕੇ ਦੁਬਾਰਾ ਭੇਜਣ ਦਾ ਵੇਲਾ ਵੀ ਨਹੀਂ ਸੀ ਰਿਹਾ। ਅਗਲੇ ਦਿਨ ਅਖ਼ਬਾਰ ਆਈ। ਮੈਂ ਲੇਖ ਪੜ੍ਹਿਆ ਅਮੋਲਕ ਸਿੰਘ ਦੀ ਤੇਜ਼ ਨਜ਼ਰ ਨੇ ਢਿੱਲੇ ਫ਼ਿਕਰੇ ਤਰਾਸ਼ ਕੇ ਚੁਸਤ ਕੀਤੇ ਹੋਏ ਸਨ।

ਇਉਂ ਹੀ ਇਕ ਵਾਰ ਮੈਂ ਨਿਊਯਾਰਕ ਦੀਆਂ ਅਖ਼ਬਾਰਾਂ ਦੇ ਨਾਲ਼-ਨਾਲ਼ 'ਪੰਜਾਬ ਟਾਈਮਜ਼' ਨੂੰ ਖ਼ਬਰ ਭੇਜੀ। ਬਾਅਦ ਵਿਚ ਮੈਂ ਦੇਖਿਆ ਇਕ ਵਾਕ 'ਚ ਗੜਬੜ ਸੀ। ਗੱਲ ਸਪੱਸ਼ਟ ਨਹੀਂ ਸੀ ਹੋ ਰਹੀ। ਮੈਂ ਨਿਊਯਾਰਕ ਦੀਆਂ ਅਖ਼ਬਾਰਾਂ ਵਾਲਿਆਂ ਨੂੰ ਫੋਨ ਕਰ ਕੇ ਵਾਕ ਬਣਤਰ ਸਹੀ ਕਰਨ ਦਾ ਕਹਿ ਦਿੱਤਾ। 'ਪੰਜਾਬ ਟਾਈਮਜ਼' ਨੂੰ ਫੋਨ ਕਰ ਦੀ ਘੌਲ ਹੋ ਗਈ। ਕਮਾਲ ਦੀ ਗੱਲ ਇਹ ਕਿ ਜਿਨ੍ਹਾਂ-ਜਿਨ੍ਹਾਂ ਸੰਪਾਦਕਾਂ ਨੂੰ ਮੈਂ ਫੋਨ ਕੀਤਾ ਸੀ, ਉਹਨਾਂ ਵਾਕ ਗ਼ਲਤ ਦਾ ਗ਼ਲਤ ਹੀ ਛਾਪ ਦਿੱਤਾ। 'ਪੰਜਾਬ ਟਾਈਮਜ਼' ਨੂੰ ਫੋਨ ਕਰਨਾ ਰਹਿ ਗਿਆ ਸੀ ਪਰ ਉਹਨਾਂ ਵਾਕ ਦਰੁਸਤ ਕਰ ਦਿੱਤਾ ਸੀ।

ਉਸ ਨੇ ਇਕ ਵਾਰ ਕਿਹਾ ਵੀ ਸੀ, "ਮੇਰੀ ਕੋਸ਼ਿਸ ਹੁੰਦੀ ਆ ਕੋਈ ਖ਼ਬਰ ਜਾਂ ਲੇਖ ਅੱਖਾਂ ਵਿਚ ਦੀ ਲੰਘੇ ਤੋਂ ਬਿਨਾਂ ਨਾ ਛਪੇ।"

ਅਮੋਲਕ ਸਿੰਘ ਦੀ ਐਡਿਟਿੰਗ ’ਚ ਏਨੀ ਮਾਸਟਰੀ ਹੈ ਕਿ ਉਹ ਵਾਕਾਂ ਦੇ ਵਾਕ ਐਡਿਟ ਕਰ ਦਿੰਦਾ ਹੈ ਤੇ ਕਮਾਲ ਦੀ ਗੱਲ ਇਹ ਕਿ ਲੇਖਕ ਨੂੰ ਖ਼ੁਦ ਪਤਾ ਨਹੀਂ ਲੱਗਦਾ ਕਿ ਇਹ ‘ਐਡਿਟਿੰਗ’ ਕਿਹੜੇ ਵਾਕਾਂ ਦੀ ਹੋਈ ਹੈ।

***

ਪਲੱਮ ਗਰੋਵ ਰੋਡ ’ਤੇ ਪੈਂਦਿਆਂ ਹੀ ਅਲੂਚੇ ਦਾ ਸਵਾਦ ਰੂਹ ’ਚ ਘੁਲਣ ਲੱਗ ਪਿਆ ਸੀ। ਕਾਰ ’ਚੋਂ ਉਤਰਦੀ ਮੇਰੀ ਪਤਨੀ ਨੇ ਕਿਹਾ, “ਵਾਹ! ਏਨਾ ਸੋਹਣਾ ਘਰ!”

ਮੈਂ ਮਨ ’ਚ ਕਿਹਾ, ‘ਅੰਦਰ ਚੱਲ ਘਰ ਨਾਲ਼ੋ ਵੀ ਸੋਹਣੇ ਲੋਕ ਮਿਲਣਗੇ।’

ਭੈਣ ਜਸਪ੍ਰੀਤ ਸਾਨੂੰ ਦੇਖ ਕੇ ਖਿੜ ਗਏ। ਉਹਨਾਂ ਬੱਚਿਆਂ ਨੂੰ ਰੱਜ ਕੇ ਪਿਆਰ ਦਿੱਤਾ। ਮੇਰੀ ਪਤਨੀ ਨੂੰ ਘੁੱਟ ਕੇ ਨਾਲ ਲਾ ਲਿਆ। ਮੈਂ ਜਦੋਂ ਭੈਣ ਜਸਪ੍ਰੀਤ ਨੂੰ ਗੱਲਵਕੜੀ ਪਾਈ ਤਾਂ ਮੈਨੂੰ ਉਹਨਾਂ ਰਿਖੀਆਂ ਦਾ ਖ਼ਿਆਲ ਆਇਆ, ਬਿਰਖਾਂ ਹੇਠ ਵਰ੍ਹਿਆਂ ਬੱਧੀ ਤਪੱਸਿਆ ਕਰਦਿਆਂ ਜਿਹਨਾਂ ਦੀ ਕਾਇਆ ਤੇ ਵਜੂਦ ਕਾਠ ਹੀ ਹੋ ਜਾਂਦੇ ਨੇ।

ਅਸੀਂ ਸੋਫੇ ’ਤੇ ਬੈਠੇ ਸਾਂ। ਮੈਂ ਪਰਿਵਾਰ ਨੂੰ ਕੰਧ ’ਤੇ ਟੰਗੀ ਅਮੋਲਕ ਸਿੰਘ ਹੋਰਾਂ ਦੀ ਜਵਾਨੀ ਵੇਲੇ ਦੀ ਫੋਟੋ ਦਿਖਾਈ।

“ਭਾਜੀ!” ਮੈਂ ਭੈਣ ਜਸਪ੍ਰੀਤ ਨੂੰ ਪੁੱਛਿਆ।

“ਆ ਰਹੇ ਨੇ,” ਕਹਿ ਕੇ ਉਹ ਰਸੋਈ ਵੱਲ ਨੂੰ ਚਲੇ ਗਏ। ਵੀਲ-ਚੇਅਰ ’ਤੇ ਬੈਠੇ ਅਮੋਲਕ ਸਿੰਘ ਨੇ ਜਦ ਸਾਡੇ ਵੱਲ ਦੇਖਿਆ ਤਾਂ ਉਸ ਦਾ ਚਿਹਰਾ ਚੌਧਵੀਂ ਦੇ ਚੰਨ ਵਾਂਗ ਲਿਸ਼ਕਿਆ। ਮੁਸਕਰਾਹਟ ਕਲੀਆਂ ਵਾਂਗ ਫੈਲੀ। ਅਸੀਂ ਉੱਠ ਕੇ ਵਾਰੀ-ਵਾਰੀ ਉਸ ਨੂੰ ਮਿਲੇ।

ਉਹ ਬੋਲਣ ਦੀ ਕੋਸ਼ਿਸ਼ ਕਰਦਾ ਸੀ। ਕਦੇ-ਕਦੇ ਤਾਂ ਯੰਤਰ ’ਚੋਂ ਸਾਫ਼ ਆਵਾਜ਼ ਆ ਜਾਂਦੀ, ਕਦੇ ਟੁੱਟ ਜਾਂਦੀ।

ਭੈਣ ਜਸਪ੍ਰੀਤ ਦੱਸਣ ਲੱਗੇ, “ਇਹ ਤਾਂ ਪਤਾ ਨਹੀਂ ਹੁਣ ਕਿਵੇਂ ਆਪਣੇ-ਆਪ ’ਤੇ ਕਾਬੂ ਰੱਖਦੇ ਨੇ। ਜਦੋਂ ਤੱਕ ਠੀਕ ਸਨ ਏਨੇ ਫੋਨ ਕਰਦੇ ਸੀ- ਏਨੇ ਫੋਨ ਕਰਦੇ ਸੀ ਅਸੀਂ ਕਹਿਣਾ ਤੁਸੀਂ ਥੱਕਦੇ ਨਹੀਂ!”

ਮੈਂ ਉਸ ਦਾ ਹੱਥ ਆਪਣੇ ਹੱਥ ’ਚ ਲੈ ਕੇ ਕਿਹਾ, “ਭਾਜੀ ‘ਅਸਲੀ ਇਨਸਾਨ ਦੀ ਕਹਾਣੀ’ ਤਾਂ ਅਸੀਂ ਨਾਵਲ ’ਚ ਈ ਪੜ੍ਹੀ ਐ ‘ਅਸਲੀ ਇਨਸਾਨ’ ਤਾਂ ਸਾਡੇ ਸਾਹਮਣੇ ਸਾਖਸ਼ਾਤ ਬੈਠਾ ਹੈ।”

ਅਮੋਲਕ ਸਿੰਘ ਦੀ ਤਿਰਛੀ ਧੌਣ ਤੇ ਝੁਕਿਆ ਹੋਇਆ ਚਿਹਰਾ ਇੰਝ ਲੱਗ ਰਹੇ ਸਨ ਜਿਵੇਂ ਸੂਰਜਮੁਖੀ ਦਾ ਫੁੱਲ ਸੂਰਜ ਵੱਲ ਨੂੰ ਟੇਢਾ ਹੋਇਆ ਪਿਆ ਹੋਵੇ।

ਮੈਥੋਂ ਐਤਕੀਂ ‘ਪੰਜਾਬ ਟਾਈਮਜ਼ ਨਾਈਟ’ ’ਤੇ ਆ ਨਹੀਂ ਸੀ ਹੋਇਆ ਪਰ ਅਮੋਲਕ ਸਿੰਘ ਹੋਰਾਂ ਇਸ਼ਤਿਹਾਰ ’ਚ ਮੇਰੀ ਫੋਟੋ ਛਾਪ ਦਿੱਤੀ ਸੀ। ਮੈਂ ਪੁੱਛਿਆ, “ਤੁਸੀਂ ਮੁੱਖ ਮਹਿਮਾਨਾਂ ’ਚ ਮੇਰੀ ਫੋਟੋ ਓਦਾਂ ਹੀ ਛਾਪ ਦਿੱਤੀ।”

“ਮੈਂ ਸੋਚਿਆ,” ਅਮੋਲਕ ਸਿੰਘ ਸਾਹ ਲੈ ਕੇ ਬੋਲਿਆ, “ਸ਼ਾਇਦ ਤੂੰ ਫੋਟੋ ਦੇਖ ਕੇ ਈ ਆ ਜਾਵੇਂ।”

ਭੈਣ ਜਸਪ੍ਰੀਤ ਮੈਂਗੋ-ਸ਼ੇਕ ਬਣਾ ਲਿਆਏ।



ਸਾਡੀ ਬੇਟੀ ਰਮਣੀਕ ਦੇ ਕੰਨ ਬਹੁਤ ਤੇਜ਼ ਹਨ। ਅਮੋਲਕ ਸਿੰਘ ਜਦੋਂ ਵੀ ਗੱਲ ਕਰਦਾ, ਸਾਨੂੰ ਆਵਾਜ਼ ਸਾਫ਼ ਸੁਣਾਈ ਨਹੀਂ ਸੀ ਦਿੰਦੀ ਪਰ ਰਮਣੀਕ ਝੱਟ ਸਮਝ ਲੈਂਦੀ ਤੇ ਫਿਰ ਸਾਨੂੰ ਦੱਸਦੀ।

ਅਮਲੋਕ ਸਿੰਘ ਨੇ ਫਿਰ ਬੋਲਣ ਦੀ ਕੋਸ਼ਿਸ਼ ਕੀਤੀ। ਯੰਤਰ ਆਵਾਜ਼ ਫੜ ਨਹੀਂ ਸੀ ਰਿਹਾ। ਮੈਂ ਕਿਹਾ, “ਭਾਜੀ ਤੁਸੀਂ ਔਖੇ ਹੋਵੋਗੇ। ਅਸੀਂ ਗੱਲਾਂ ਕਰਦੇ ਆਂ ਤੁਸੀਂ ਸੁਣੋ।”

ਉਹ ਖਿੜ ਗਿਆ। ਕੋਸ਼ਿਸ਼ ਕਰ ਕੇ ਬੋਲਿਆ, “ਇਹ ਪੱਤਰਕਾਰ ਦੀ ਆਵਾਜ਼ ਐ। ਬੰਦ ਨਹੀਂ ਹੋ ਸਕਦੀ।”

ਕਿੰਨੇ ਗਹਿਰੇ ਅਰਥ ਰੱਖਦਾ ਸੀ ਇਹ ਵਾਕ!

ਜਦੋਂ ਅਸੀਂ ਵਾਪਸ ਆਉਣ ਲਈ ਕਾਰ ’ਚ ਬੈਠੇ ਤਾਂ ਮੇਰੀ ਬੇਟੀ ਨੇ ਕਿਹਾ, “ਡੈਡ! ਅੰਕਲ ਕਿੰਨੇ ਸੋਹਣੇ ਆਂ।”

“ਭਾਜੀ ਹੱਸਦੇ ਤਾਂ ਹੋਰ ਵੀ ਸੋਹਣੇ ਲੱਗਦੇ ਆ,” ਮੇਰੀ ਪਤਨੀ ਬੋਲੀ।

“ਡੈਡ! ਤੁਸੀਂ ਬਹੁਤ ਵੱਡੀ ਸ਼ਖਸੀਅਤ ਨੂੰ ਮਿਲਾਇਆ। ਥੈਂਕਸ,” ਬੇਟੇ ਨੇ ਤਸੱਲੀ ਪ੍ਰਗਟ ਕੀਤੀ।

ਮੈਂ ਸੋਚ ਰਿਹਾ ਸਾਂ, ‘ਕਿਹੜਾ ਜਜ਼ਬਾ ਹੈ ਇਸ ਸ਼ਖ਼ਸ ਦੇ ਅੰਦਰ? ਪੈਰ ਦੇ ਅੰਗੂਠੇ ਤੋਂ ਲੈ ਕੇ ਸ਼ਾਹਰਗ ਤੱਕ ਸਰੀਰ ਅਹਿੱਲ ਹੈ ਪਰ ਅਖ਼ਬਾਰ ਦਾ ਇਕ-ਇਕ ਲਫ਼ਜ਼ ਕਿਵੇਂ ਰਕਸ ਕਰਦਾ ਮਹਿਸੂਸ ਹੁੰਦਾ ਹੈ! ਕਿੰਨੀ ਤੰਦਰੁਸਤ ਅਖ਼ਬਾਰ ਕੱਢਦਾ ਹੈ ਇਹ ਬੰਦਾ!

ਉਸ ਦਾ ‘ਕਮਲਿਆਂ ਦਾ ਟੱਬਰ’ ਕਾਲਮ ਪੜ੍ਹ ਕੇ ਉਸ ਦੇ ਰਸਦਾਇਕ-ਗਲਪਕਾਰ ਹੋਣ ਦੀ ਟੋਹ ਹੀ ਨਹੀਂ ਮਿਲਦੀ ਸਗੋਂ ਉਸ ਅੰਦਰਲੇ ਦ੍ਰਿੜ ਤੇ ਕੋਮਲ ਮਨੁੱਖ ਦੇ ਦਰਸ਼ਨ ਵੀ ਹੁੰਦੇ ਹਨ। ਮੁਖ਼ਾਲਿਫ਼ ਹਵਾਵਾਂ ’ਚ, ਬਿਫਰੀਆਂ ਲਹਿਰਾਂ ਦੇ ਕਹਿਰ ’ਚ ਜੀਵਨ-ਬੇੜੀ ਕਿਵੇਂ ਮੰਜ਼ਿਲ ਵੱਲ ਠੇਲਦਾ ਰਿਹਾ ਹੈ ਇਹ ਬੰਦਾ। ‘ਪੰਜਾਬੀ ਟ੍ਰਿਬਿਊਨ’ ਦੇ ਦਿਨ-ਬ-ਦਿਨ ਘੁੱਟਵੇਂ ਹੁੰਦੇ ਜਾ ਰਹੇ ਮਾਹੌਲ ਦਾ ਅਸਰ ਉਸ ਨੇ ਚਿੰਤਨ ਦੇ ਸਾਹਾਂ ’ਤੇ ਨਹੀਂ ਪੈਣ ਦਿੱਤਾ। ਨੌਕਰੀ ਦੌਰਾਨ ਐੱਮ. ਫਿਲ ਦੀ ਡਿਗਰੀ ਵੀ ਪੂਰੀ ਕੀਤੀ। ਲਾਅ ਦੀ ਡਿਗਰੀ ਵੀ ਲਈ। ਟਰਾਂਸਲੇਸ਼ਨ ਦਾ ਡਿਪਲੋਮਾ ਵੀ ਹਾਸਿਲ ਕੀਤਾ। ਜਰਨਲਿਜ਼ਮ ਦੀ ਡਿਗਰੀ ਵੀ ਬੋਝੇ ’ਚ ਪਾਈ। ਪੰਜਾਬ ਯੂਨੀਵਰਸਿਟੀ ਤੋਂ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਪ੍ਰਾਪਤ ਕੀਤੀ।

ਸਰੀਰ ਸਾਥ ਛੱਡ ਰਿਹਾ ਹੈ ਪਰ ਹੌਸਲਾ ਨਹੀਂ। ਅਧਿਆਤਮਵਾਦੀ ਲੋਕਾਂ ਤੋਂ ਪ੍ਰਵਚਨ ਸੁਣਦੇ ਆਏ ਹਾਂ ਕਿ ਭੌਤਿਕ ਸਰੀਰ ਨਾਲ਼ੋਂ ਸੂਖਮ ਸਰੀਰ ਵਧੇਰੇ ਰਹੱਸਮਈ, ਚੇਤੰਨ, ਕਾਰਜਸ਼ੀਲ ਅਤੇ ਮਹੱਤਵਪੂਰਨ ਹੁੰਦਾ ਹੈ। ਅਮੋਲਕ ਸਿੰਘ ਜੰਮੂ ਇਸ ਕਥਨ ਦੀ ਜਿਉਂਦੀ-ਜਾਗਦੀ ਮਿਸਾਲ ਹੈ।

**ਬਲਬੀਰ ਪਰਵਾਨਾ ਦਾ ਨਵਾਂ ਨਾਵਲ**

**ਸ਼ੋਅ-ਰੂਮ**

**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

# ਦੇਸ਼ ਵੰਡ ਅਤੇ ਸਮਕਾਲੀ ਪੰਜਾਬੀ ਨਾਵਲੀ ਸੰਦਰਭ

-ਡਾ. ਗੁਰਪਾਲ ਸਿਘ ਸੰਧੂ

ਦਰਸ਼ਨ ਸਿੰਘ ਧੀਰ ਪੰਜਾਬੀ ਨਾਵਲ ਨੂੰ ਨਿਰੰਤਰ ਵਿਸਤਾਰਨ ਵਾਲਾ ਨਾਵਲਕਾਰ ਹੈ। ਉਹਦੀ ਨਾਵਲਕਾਰੀ ਦਾ ਸਫ਼ਰ ਨਿੱਜੀ ਤਜ਼ਰਬਿਆਂ ਦੀ ਵਿਆਪਕ ਅਰਥਾਂ ਵਿਚ ਪੇਸ਼ਕਾਰੀ ਤੋਂ ਆਰੰਭ ਹੁੰਦਾ ਹੈ, ਜੋ ਹੁਣ ਸਮੂਹਿਕ ਤਜ਼ਰਬਿਆਂ ਦੀ ਬੁਨਿਆਦ ਅਤੇ ਉਸਦੇ ਉਸਾਰਾਂ ਦੇ ਤਸੱਵਰ ਤਕ ਪਹੁੰਚ ਗਿਆ ਹੈ। ਭਾਵੇਂ ਨਿੱਜੀ ਤਜ਼ਰਬੇ ਅਤੇ ਸਮੂਹਿਕ ਤਜ਼ਰਬੇ ਅੰਤਰ-ਸੰਬੰਧਤ ਅਤੇ ਮਿਸ਼ਰਤ ਨੁਹਾਰ ਰੱਖਦੇ ਹਨ, ਪਰ ਬਿਰਤਾਂਤ ਵਿਚ ਇਨ੍ਹਾਂ ਦੀ ਪੇਸ਼ਕਾਰੀ ਵੱਖੋ ਵੱਖਰੀ ਬਿਰਤਾਂਤਕ ਨੁਹਾਰ ਅਤੇ ਅਰਥ-ਵਿਉਂਤ ਦੀ ਲਖਾਇਕ ਹੁੰਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਨਿੱਜੀ ਤਜਰਬਿਆਂ ਦੀ ਪੇਸ਼ਕਾਰੀ ਵੱਖਰੀ ਦਿਸ਼ਾ ਵਿਚ ਅਰਥਾਂ ਦਾ ਉਤਪਾਦਨ ਕਰਦੀ ਹੈ ਅਤੇ ਸਮੂਹਿਕ ਤਜ਼ਰਬਿਆਂ ਦੀ ਪੇਸ਼ਕਾਰੀ ਵੱਖਰੀ ਦਿਸ਼ਾ ਵਿਚ। ਜਿਥੇ ਪਹਿਲੀ ਵੰਨਗੀ ਦਾ ਬਿਰਤਾਂਤ ਸਮੂਹਿਕ-ਸਵੈ ਦੇ ਸਮਾਨਾਂਤਰ ਤੇ ਵਿਰੋਧ ਮੁੱਖੀ ਸੁਰ ਵਿਚ ਨਿੱਜੀ-ਸਵੈ ਦੀ ਸਥਾਪਨਾ ਕਰਦਾ ਹੈ, ਉਥੇ ਦੂਜੀ ਵੰਨਗੀ ਦਾ ਬਿਰਤਾਂਤ ਸਮੂਹਿਕ-ਸਵੈ ਦੀ ਸਥਾਪਤੀ ਲਈ ਨਿੱਜੀ-ਸਵੈ ਨੂੰ ਖਾਰਜ ਕਰਨ/ ਕੁਰਬਾਨ ਕਰਨ ਦੀ ਅਕਾਂਖਿਆ ਨੂੰ ਬਿਆਨ ਕਰਦਾ ਹੈ।

(1)

ਕਿਸੇ ਵੀ ਨਾਵਲਕਾਰ ਲਈ ਇਨ੍ਹਾਂ ਦੋਹਾਂ ਬਿਰਤਾਤਾਂ ਨੂੰ ਇਕੋ ਜਿਹੀ ਸਫਲਤਾ ਨਾਲ ਪੇਸ਼ ਕਰਨਾ ਸਿਰਜਣਾਤਮਕ ਵੰਗਾਰ ਵੀ ਰਹੀ ਹੈ ਅਤੇ ਕਲਾਤਮਕ ਵੰਗਾਰ ਵੀ। ਇਸਕਰਕੇ ਇਹ ਸੁਮੇਲ ਕਿਸੇ ਇਕ ਨਾਵਲਕਾਰ ਦੀਆਂ ਰਚਨਾਵਾਂ ਵਿਚ ਹੋਣਾ ਕਾਫ਼ੀ ਕਠਿਨ ਰਚਨਾਤਮਕ ਅਮਲ ਮੰਨਿਆ ਜਾ ਸਕਦਾ ਹੈ। ਜੇਕਰ ਅਸੀਂ ਦਰਸ਼ਨ ਸਿੰਘ ਧੀਰ ਦੀ ਹੁਣ ਤਕ ਦੀ ਸਮੁੱਚੀ ਨਾਵਲੀ ਰਚਨਾ ਉਤੇ ਧਿਆਨ ਕੇਂਦਰਿਤ ਕਰੀਏ ਤਾਂ ਉਸਦੇ ਪਹਿਲੇ ਨਾਵਲ ਪਹਿਲੀ ਕਿਸਮ ਦੇ ਨਾਵਲੀ ਬਿਰਤਾਂਤ ਉਤੇ ਕੇਂਦਰਿਤ ਹਨ ਜਦਕਿ 'ਵਹਿਣ ਨਾਵਲ ਤੋਂ ਬਾਅਦ ਦੇ ਨਾਵਲ, ਖਾਸ ਕਰਕੇ 'ਜੜ੍ਹ ਅਤੇ 'ਅਜ਼ਮਾਇਸ਼ ਦੂਸਰੀ ਕਿਸਮ ਦੇ ਬਿਰਤਾਂਤ ਦੀ ਰਚਨਾ ਕਰਦੇ ਹਨ। ਇਨ੍ਹਾਂ ਨਾਵਲਾਂ ਦਾ ਫਰਕ ਬਿਰਤਾਂਤਕ ਸੰਦਰਭਾਂ ਅਤੇ ਕਥਾ-ਸਮਾਚਾਰਾਂ ਤੋਂ ਤਾਂ ਸਾਫ਼ ਝਲਕਦਾ ਹੀ ਹੈ, ਬਿਰਤਾਂਤਕ ਵਿਉਂਤ ਦੀ ਨੁਹਾਰ ਦੇ ਲਿਹਾਜ਼ ਨਾਲ ਵੀ ਦੂਜੀ ਕਿਸਮ ਦੇ ਨਾਵਲ ਪਹਿਲੀ ਕਿਸਮ ਦੇ ਨਾਵਲਾਂ ਨਾਲੋਂ ਪੂਰੀ ਤਰ੍ਹਾਂ ਭਿੰਨਤਾ ਸਿਰਜਦੇ ਦੇਖੇ ਜਾ ਸਕਦੇ ਹਨ।

ਬਿਰਤਾਂਤਕ ਵਿਉਂਤ ਦੀਇਹ ਨੁਹਾਰ ਭਾਵੇਂ 'ਵਹਿਣ ´ ਅਤੇ 'ਜੜ੍ਹ ´ ਦੋਹਾਂ ਨਾਵਲਾਂ ਵਿਚ ਸਾਕਾਰ ਰੂਪ ਅਖ਼ਤਿਆਰ ਕਰ ਜਾਂਦੀ ਹੈ ਪਰ ਇਸਦਾ ਅਸਲੀ ਦ੍ਰਿਸ਼ 'ਅਜ਼ਮਾਇਸ਼ ਨਾਵਲ ਵਿਚ ਹੀ ਉਜਾਗਰ ਹੁੰਦਾ ਹੈ। ਇਸ ਨਾਵਲ ਦਾ ਕਥਾ-ਸੰਦਰਭ ਅਤੇ ਕਥਾ-ਸਮਾਚਾਰ ਪੰਜਾਬੀ ਮਨ ਅਤੇ ਤਸੱਵਰ ਦੀ ਉਸ ਸਦਮਾਗ੍ਰਸਤ ਸਥਿਤੀ ਨਾਲ ਜੁੜੇ ਹੋਏ ਹਨ ਜੋ ਸਮਾਜਿਕ, ਸਭਿਆਚਾਰਕ, ਮਾਨਸਿਕ ਅਤੇ ਪਹਿਚਾਣਮੂਲਕ ਹੋਣ ਤੋਂ ਕਿਤੇ ਵਧ ਉਸਦੇ ਇਨਸਾਨੀ, ਸਖ਼ਾਵਤੀ ਅਤੇ ਤਹਿਜ਼ੀਬੀ ਸੰਦਰਭਾਂ ਅਤੇ ਸਰੋਕਾਰਾਂ ਨਾਲ ਜੁੜੀ ਹੋਈ ਹੈ। ਇਸਦੀ ਇਕ ਵਜ੍ਹਾ ਇਹ ਵੀ ਹੈ 'ਸੰਨ ਸੰਤਾਲੀ ´ ਦੇ ਸਦਮਿਆਂ ਦਾ ਖੇਤਰ 'ਸਿਆਸਤ ´ 'ਦੇਸ਼ ਕੌਮ´ ਅਤੇ 'ਆਜ਼ਾਦੀ ´ ਦੇ ਰੂਪਕਾਂ ਤੇ ਦਾਇਰਿਆਂ ਤੋਂ ਕੋਹਾਂ ਦੂਰ ਜਾ ਕੇ 'ਇਨਸਾਨੀਅਤ ਦਾ ਕਤਲ´ ਸਖ਼ਾਵਤੀ, ਬੇ-ਵਸੀਆਂ, 'ਤਹਿਜ਼ੀਬ-ਸ਼ਿਕਨੀ´ ਦਾ ਨਾ-ਬਰਦਾਸ਼ਤਹੋਣ ਵਾਲਾ ਦ੍ਰਿਸ਼ ਬਣ ਜਾਂਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 'ਸੰਨ-ਸੰਤਾਲੀ ´



ਦੇ ਸਦਮੇ ਦਾ ਰੂਪ ਸਿਆਸਤ ਤੋਂ ਪ੍ਰੇਰਿਤ ਹੋ ਕੈ ਵੀ ਸਿਆਸੀ ਨਹੀਂ, ਇਤਿਹਾਸਕ ਹੁੰਦੇ ਹੋਏ ਵੀ ਇਤਿਹਾਸ ਨਹੀਂ ਅਤੇ ਜ਼ਾਲਮਾਨਾਂ ਤੇ ਤਸ਼ੱਦਦਖੋਰ ਹੁੰਦੇ ਹੋਏ ਵੀ ਬਦਲਾ ਲਊ ਨਹੀਂ। ਸਗੋਂ ਉਸ ਨਾਲ ਸਮੂਹ ਹੈ। ਸਮੂਹ ਹੀ ਤਸ਼ੱਦਦ ਕਰ ਰਿਹਾ ਹੈ ਅਤੇ ਸਮੂਹ ਹੀ ਤਸ਼ੱਦਦ ਭੋਗ ਰਿਹਾ ਹੈ। ਇਸ ਤੋਂ ਅਹਿਮ ਗੱਲ ਇਹ ਹੈ ਕਿ ਇਕ ਸਮੂਹ ਤਸ਼ੱਦਦ ਕਰ ਵੀ ਰਿਹਾ ਹੈ ਅਤੇ ਭੋਗ ਵੀ ਰਿਹਾ ਹੈ। ਇਕ ਸਮੂਹ ਜੁਲਮ ਕਰ ਵੀ ਰਿਹਾ ਹੈ ਅਤੇ ਆਪਣੇ ਕੀਤੇ ਉਤੇ ਪਛਤਾ ਵੀ ਰਿਹਾ ਹੈ। ਇਸ ਕਰਕੇ 'ਅਜ਼ਮਾਇਸ਼ ਨਾਵਲ ਦਾ ਬਿਰਤਾਂਤ ਆਪਣੀ ਰਚਨਾਕਾਰੀ ਵਿਉਂਤ ਵਿਚ ਹੀ ਵੰਗਾਰ ਦੇ ਸਨਮੁੱਖ ਨਹੀਂ ਹੈ, ਅਰਥਾਂ ਦੀ ਸਿਰਜਣਾ ਦੇ ਲਿਹਾਜ਼ ਨਾਲ ਵੀ ਵੰਗਾਰ ਦੇ ਸਨਮੁੱਖ ਹੁੰਦਾ ਹੈ। ਇਸ ਵੰਗਾਰ ਦੀ ਜੜ੍ਹ ਵਿਚ ਉਹ 'ਇਨਸਾਨੀ ´,'ਸਖ਼ਾਵਤੀ ´ ਅਤੇ ਤਹਿਜ਼ੀਬੀ ਸੁਆਲ ਹੈ ਕਿ ਜਿਸਨੂੰ ਪੰਜਾਬੀ ਨਾਵਲ ਆਮ ਕਰਕੇ ਅਤੇ ਵੰਡ ਨਾਲ ਜੁੜਿਆ ਨਾਵਲ ਖਾਸ ਕਰਕੇ ਦਰਕਿਨਾਰ ਕਰਦਾ ਰਿਹਾ ਹੈ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸੰਨ ਸੰਤਾਲੀ ਦੇ ਸਦਮਿਆਂ ਦੀ ਪੇਸ਼ਕਾਰੀ ਗਿਆਤ ਦ੍ਰਿਸ਼ਾਂ ਅਤੇ ਸਦਮਿਆਂ ਨੂੰ ਆਮ੍ਹਣੇ ਸਾਮ੍ਹਣੇ ਖੜੇ ਕਰਨ ਦੀ ਮਨਸ਼ਾ ਨਾਲ ਨਹੀਂ ਸਗੋਂ ਅਗਿਆਤ ਲੋਕਾਂ ਅਤੇ ਬੇਪਛਾਣ ਘਟਨਾਵਾਂ ਨੂੰ ਗਰਹਾਜ਼ਰ ਕਰਨ ਦੀ ਰਹੀ ਹੈ। ਇਹਦੇ ਨਾਲ ਹੀ ਦੂਸਰਾ ਸੰਦਰਭ ਇਹ ਉਭਰਦਾ ਹੈ ਕਿ ਸੰਨ ਸੰਤਾਲੀ ਦੇ ਸਦਮਿਆਂ ਦੀ ਪੇਸ਼ਕਾਰੀ ਕਰਨ ਵਾਲੇ ਬਿਰਤਾਂਤ ਮੂਲ ਰੂਪ ਵਿਚ ਲੁੱਟਾਂ-ਖੋਹਾਂ, ਘਰਾਂ ਦਾ ਤਿਆਗ, ਔਰਤਾਂ ਉਤੇ ਤਸ਼ੱਦਤ ਅਤੇ ਕਤਲਾਂ ਨੂੰ ਤਾਂ ਪੇਸ਼ ਕਰਦੇ ਹਨ, ਪਰ ਵਿਸਥਾਪਨ ਤੋਂ ਬਾਅਦ ਪੁਨਰ ਸਥਾਪਨ ਅਤੇ ਨਵੇ ਮੁਲਕਾਂ ਦੇ ਨਿਜ਼ਾਮ ਦੇ ਪ੍ਰਬੰਧ-ਮੂਲਕ ਤਸ਼ੱਦਦਾਂ ਤੋਂ ਬੇਲਾਗ ਰਹਿੰਦੇ ਹਨ। ਇਸ ਬਿਰਤਾਂਤ ਲਈ ਸਭ ਤੋਂ ਵੱਡਾ ਸਦਮਾ ਦੇਸ਼-ਵੰਡ ਹੈ, ਪਰ ਹਕੀਕਤ ਇਹ ਹੈ ਕਿ ਸੰਨ ਸੰਤਾਲੀ ਦੀਕਥਾ ਤਾਂ ਸਦਮਿਆਂ ਦੀ ਬੀਜ-ਕਥਾ ਹੈ, ਅਸਲੀ ਕਥਾ ਤੇ ਤਸ਼ੱਦਦ ਤਾਂ ਉਸ ਤੋਂ ਬਾਅਦ ਵਿਚ ਆਰੰਭ ਹੁੰਦੇ ਹਨ। 'ਅਜ਼ਮਾਇਸ਼´ ਨਾਵਲ ਦੀ ਪ੍ਰਾਪਤੀ ਅਤੇ ਵਿਸ਼ਾਲਤਾ ਹੀ ਇਹ ਹੈ ਕਿ ਇਹ ਸੰਨ-ਸੰਤਾਲੀ ਦੇ ਬੀਜ-ਕਥਾ ਅਤੇ ਕਥਾ-ਪਾਸਾਰਾਂ ਦੀ ਅੰਤਰ-ਸੰਬੰਧਤ ਪੇਸ਼ਕਾਰੀ ਰਾਹੀਂ ਇਹ 'ਸੰਤਾਪ ਦੇ ਵਡੇਰੇ ਦ੍ਰਿਸ਼ਾਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਕਰਕੇ ਇਹ 'ਦੇਸ਼-ਵੰਡ´ ਜਾਂ 'ਸੰਨ-ਸੰਤਾਲੀ´ ਦੇ ਸਦਮਾ-ਗ੍ਰਸਤ ਸਮੂਹਿਕ ਅਨੁਭਵ ਨੂੰ ਇਕ ਪਾਸਾਰੀ ਅਤੇ ਇਕ ਕਾਲੀ ਹਾਦਸੇ ਦੇ ਰੂਪ ਵਿਚ ਪੇਸ਼ ਕਰਨ ਦੀ ਥਾਂ ਇਸਦੇ ਬਹੁਪਾਸਾਰੀ ਅਤੇ ਬਹੁਕਾਲੀ ਅਸਰਾਂ ਅਤੇ ਸੰਦਰਭਾਂ ਨੂੰ ਪੇਸ਼ ਕਰਨ ਵਿਚ ਸਫਲ ਹੁੰਦਾ ਹੈ।

(2)

ਨਾਵਲੀ ਬਿਰਤਾਂਤ ਦੀ ਇਸ ਬਹੁ-ਕਾਲਿਕ ਅਤੇ ਬਹੁ-ਪਸਾਰੀ ਰਚਨਾਤਮਕਤਾ ਦਾ ਅਹਿਮ ਪੱਖ ਇਹ ਹੈ ਕਿ ਇਸ ਦੀ ਬੀਜ-ਕਥਾ ਦਾ ਅਰਥਮੂਲਕ ਚੌਖਟਾ ਨਾ ਕੇਵਲ ਬਾਹਰਮੁੱਖੀ ਦਿਸ਼ਾਵਾਂ ਵਿਚ ਫੈਲਦਾ ਹੈ ਸਗੋਂ ਕਾਰਜ ਮੁਖੀ ਦਿਸ਼ਾਵਾਂ ਵਿਚ ਵੀ ਫੈਲਦਾ ਹੈ। ਜਿਸ ਤਰ੍ਹਾਂ ਕਿ ਅਗਿਆਤ ਮਨੁੱਖਾਂ ਦੀ ਮਤਲਬਪ੍ਰਸਤੀ ਜਿਹ ਵਿਚ ਰਚੇ ਗਏ ਮਨਸੂਬਿਆਂ ਨੂੰ ਹਾਸਲ ਕਰਨ ਲਈ ਹਰ ਹੀਲੇ ਪੂਰਾ ਕਰਨ ਦੇ ਗ਼ੈਰਮਨੁੱਖੀ ਯਤਨ ਦੇਸ਼-ਵੰਡ ਦੇ ਦੌਰਾਨ ਦੇਖੇ ਗਏ ਸਨ, ਉਹੀ ਯਤਨ ਆਪਣੇ ਬਦਲੇ ਸੰਦਰਭਾਂ ਵਿਚ ਅਜ ਤਕ ਪੰਜਾਬੀ ਬੰਦੇ ਨੂੰ ਬਰਦਾਸ਼ਤ ਕਰਨੇ ਪਏ ਰਹੇ ਹਨ। ਇਕ ਮਸ਼ਹੂਰ ਗੀਤ ਦੇ ਬੋਲਾਂ ਵਿਚ "ਪੈ ਗਈ ਹੱਕ ਖੋਹਣ ਦੀ ਵਾਦੀ (ਆਦਤਾਂ) ਕੰਧਾਂ ਕਹਿਣ ਪਸ਼ੌਰ ਦੀਆਂ" ਉਹ ਮਤਲਬਪ੍ਰਸਤ ਜਹਿਨੀਅਤ ਹੈ, ਜੋ ਨਾ ਕੇਵਲ ਦੇਸ਼-ਵੰਡ/ ਸੰਨ-ਸੰਤਾਲੀ ਵੇਲੇ ਆਪਣੇ 'ਜੋਬਨ´ ਵਿਚ ਹੀ ਦਿਖਾਈ ਦਿੱਤੀ ਸਗੋਂ ਅਜ ਵੀ 'ਆਪਣੇ ਆਬੂਰ ਉਤੇ ਦਿਖਾਈ ਦਿੰਦੀ ਹੈ। ਜਿਵੇਂ :

ਪਹਿਲਾ ਕਾਲ :

ਉਹਦੀਆਂ ਅੱਖਾਂ ਅਗੋਂ ਦੀ ਉਹ ਦੁਰਘਟਨਾ ਫ਼ਿਲਮ ਵਾਂਗ ਲੰਘਣ ਲਗੀ ਜਿਹੜੀ ਦੇਸ਼-ਵੰਡ ਵੇਲੇ ਚੱਕ ਬਤਾਲੀ ਦੇ

ਮਰਦ-ਔਰਤਾਂਅਤੇ ਜਗੀਰਦਾਰ ਜ਼ਹੀਰ ਮਲਿਕ ਦੀ ਗੁੰਡੀ ਧਾੜਦੇ ਵਿਚਕਾਰ ਪਿੰਡ ਦੇ ਚੜ੍ਹਦੇ ਪਾਸੇ ਘਟੀ ਸੀ।...

ਉਸ ਧਾੜ ਨਾਲ ਪਿੰਡ ਦੇ ਚੜ੍ਹਦੇ ਪਾਸੇ ਲੜਦੇ ਲੜਦੇ ਪਿੰਡ ਦੇ ਅਨੇਕਾਂ ਮਰਦ-ਔਰਤਾਂਸ਼ਹੀਦ ਹੋ ਗਏ ਸਨ

ਤੇ ਬੇਸ਼ੁਮਾਰਫੱਟੜ। ਉਨ੍ਹਾਂ  ਚ ਹੀ ਹਜ਼ਾਰਾ ਸਿੰਘ ਦੀ ਪਤਨੀ ਪ੍ਰਕਾਸ਼ ਕੌਰ, ਪੁੱਤਰ ਸੁੱਚਾ ਸਿੰਘ ਤੇ ਸੁਪੁੱਤਰੀ

ਅਮਰਜੀਤ ਕੌਰ ਸ਼ਹੀਦ ਹੋਗਏ ਸਨ। ਹਜ਼ਾਰਾ ਸਿੰਘ ਵੀ ਫੱਟੜ ਹੋ ਕੇ ਢਹਿ ਪਿਆ ਸੀ।

ਦਰਸ਼ਨ ਸਿੰਘ ਧੀਰ, ਅਜ਼ਮਾਇਸ਼, ਪੰਨਾ 36.

ਦੂਜਾ ਕਾਲ :

"ਉਸ ਥਾਂ  ਤੇ ਇਹਦੀ ਅਪੋਇੰਟਮੈਂਟ ਹੋਣੀ ਚਾਹੀਦੀ ਹੋਣੀ ਚਾਹੀਦੀ ਹੈ," ਸੀ.ਐਮ. ਨੇ ਵੀ.ਸੀ. ਸਾਹਿਬਦੇ ਚਿਹਰੇ ਵਲ ਸਿੱਧਾ ਦੇਖਦਿਆਂ ਕਿਹਾ।

...

ਵੀ.ਸੀ. ਸਾਹਿਬ ਦੀ ਜ਼ਮੀਰ ਤੇ ਢਿੱਡ ਕੁਝ ਚਿਰ ਆਪਸ ਵਿਚ ਗੁੱਥ-ਮਗੁੱਥਾ ਹੁੰਦੇ ਰਹੇ। ਅੰਤ ਢਿੱਡ ਨੇ ਜ਼ਮੀਰ ਨਾਂ ਦੀ ਚੀਜ਼ ਨੂੰ ਅਜਿਹੀ ਠਿੱਬੀ ਲਾਈ ਕਿ ਉਹਮੂੰਹ ਭਾਰ ਜਾ ਪਈ। ਉਹਦੀ ਪਿੱਠ ਲਗਦਿਆਂ ਹੀ ਵੀ. ਸੀ. ਸਾਹਿਬ ਦੇ ਮੂੰਹੋਂ ਮਸ਼ੀਨ ਵਾਂਗ ਬੇਵੱਸਾ ਨਿਕਲ ਗਿਆ, "ਸਰ, ਜੋ ਆਗਿਆ।"

...

ਤੀਜਾ ਕਾਲ :

"ਸਰ, ਤੁਸੀਂ ਚਿੰਤਾ ਨਾ ਕਰੋ। ਇਹ ਕਿਹੜੀ ਮੇਰੇ ਨਾਲ ਅਜ ਨਵੀਂ ਗੱਲਹੋਈ ਆ। ਇਹ ਜੰਗ ਤਾਂ ਮੇਰੇ ਜਨਮ ਤੋਂ ਵੀ ਸੈਂਕੜੇ ਸਦੀਆਂ ਪਹਿਲਾਂ ਦੀ ਮੇਰੀ ਸਮੇਂ ਦੇ ਹਾਕਮ ਨਾਲ ਚਲਦੀ ਆ ਰਹੀ ਆ। ਉਹ ਮੇਰਾ ਹੱਕਮਾਰਨਾ ਆਪਣਾ ਅਧਿਕਾਰ ਸਮਝਦਾ ਆ ਰਿਹਾ ਤੇ ਮੈਂ ਉਹਨੂੰ ਪ੍ਰਾਪਤ ਕਰਨ ਲਈ ਲੜਦਾ ਆ ਰਿਹਾਂ।" ਦਰਸ਼ਨ ਸਿੰਘ ਧੀਰ ਅਜ਼ਮਾਇਸ਼ ਪੰਨਾ, 414.

ਇਹ ਸਥਿਤੀ ਪੰਜਾਬੀ ਬੰਦੇ ਦੀ ਅਜ਼ਮਾਇਸ਼ ਦੀ ਹੈ। ਇਹ ਖਾਸ ਤੌਰ  ਤੇ ਵਿਚਾਰਨਾ ਬਣਦਾ ਹੈ ਕਿ ਨਾਵਲਕਾਰ "ਅਜ਼ਮਾਇਸ਼" ਦਾ ਰੂਪਕ ਇਕ ਵੇਲੇ ਦੀ ਪਰਖ ਲਈ ਵੀ ਵਰਤਦਾ ਹੈ ਕਿ ਵੱਖੋ ਵੱਖ ਵੇਲਿਆਂ ਲਈ ਵੀ ਜਿਵੇਂ, ਕਿ 'ਹੱਕ ਖੋਹਣ ´ ਅਤੇ 'ਹੱਕ ਹਾਸਲ´ ਕਰਨ  ਦਾ ਇਸਤਿਆਰਾ ਕਿਸੇ ਵਿਸ਼ੇਸ਼ ਮਨੁੱਖ ਤੇ ਕਾਲ ਦੀਆਂ ਹੱਦਾਂ ਨੂੰ ਪਾਰ ਕਰਦਾ ਹੈ, ਕੀ ਹੱਕ ਖੋਹਣ ਦਾ ਰੂਪਕ ਵੀ ਹੱਦ-ਬੰਨ੍ਹਿਆਂ ਨੂੰ ਪਾਰ ਕਰ ਜਾਂਦਾ ਹੈ। ਜੇਕਰ ਨਾਵਲੀ ਬਿਰਤਾਂਤ ਦੇ ਰਚਨਾਤਮਕ ਸੰਦਰਭਾਂ ਉਤੇ ਨਿਗਾਹ ਮਾਰੀਏ ਤਾਂ 'ਹੱਕ ਖੋਹਣ ´ ਅਤੇ 'ਹੱਕ ਹਾਸਲ´ ਕਰਨ ਦੀ ਜੰਗ  ਦੋਵੇਂ ਹੀ ਕਾਲ-ਸਾਪੇਖ ਹੁੰਦੇ ਹੋਏ ਵੀ ਕਾਲ ਦੀ ਵਲਗਣ ਪਾਰ ਕਰਦੇ ਪ੍ਰਤੀਤ ਹੁੰਦੇ ਹਨ। ਇਹ ਦੋਵੇਂ ਕਾਲ ਨਿਰਪੇਖ ਨਹੀਂ, ਸਗੋਂ ਕਾਲ-ਅਤੀਤ ਹਨ। ਇਨ੍ਹਾਂ ਦੇ ਸੰਦਰਭ ਤੇ ਰੂਪ ਤਾਂ ਬਦਲਦੇ ਹਨ ਖ਼ਸਲਤ ਤੇ ਨੁਹਾਰ ਨਹੀਂ। ਪਰ, ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਅਸੀਂ ਵਿਅਕਤੀਗਤ ਤੌਰ ਉਤੇ ਤਾਂ ਤਸ਼ੱਦਦ ਅਤੇ ਵਿਸਥਾਪਨ



ਦੇ ਅਮਲ ਦੇਖਦੇ  ਰਹੇ ਹਾਂ, ਸਮੂਹਿਕ ਰੂਪ ਵਿਚ ਤਸ਼ੱਦਦ ਅਤੇ ਹਿਜਰਤ ਦੇ ਦ੍ਰਿਸ਼ 'ਸੰਨ ਸੰਤਾਲੀ ´ ਵਿਚ ਹੀ ਵਾਪਰੇ ਹਨ। ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਇਹ ਦੁੱਖ-ਦਰਦ ਅਤੇ ਖ਼ੁਦ-ਸ਼ਿਕਨੀ ਸੰਤਾਲੀ ਤੋਂ ਬਾਅਦ ਦੇ ਦੋਵਾਂ ਪੰਜਾਬਾਂ ਦੇ ਹਾਕਮਾਂ ਤੇ ਰਿਆਇਆ ਵਿਚ ਇਤਨੀ ਸਹਿਜ ਹੋ ਚੁੱਕੀ ਹੈ ਕਿ ਪੀੜ੍ਹੀਆਂ ਦੇ ਖਤਮ ਹੋ ਜਾਣ ਤੋਂ ਬਾਅਦ ਵੀ ਅਜ਼ਮਾਇਸ਼ ਦਾ ਸਿਲਸਲਾ ਖਤਮ ਨਹੀਂ ਹੋ ਰਿਹਾ। ਭਾਵੇਂ ਨਾਵਲ ਦੇ ਅੰਤ ਵਿਚ ਅਸੀਂ ਇਕ ਆਸ ਦੀ ਕਿਰਨ ਦੇਖ ਰਹੇ ਹਾਂ, ਪਰ ਇਹ ਆਸ ਜੰਗ ਲੜਨ ਲਈ ਤਿਆਰ ਬਰ ਤਿਆਰ ਰਹਿਣ ਦੀ ਹੈ, ਜੰਗ/ਤਸ਼ੱਦਦ ਦੇ ਖਤਮ ਹੋਣ ਤੇ ਸਾਵੀਂ ਜ਼ਿੰਦਗੀ ਦੇ ਸ਼ੁਰੂ ਹੋਣ ਦੀ ਨਹੀਂ।

(3)

ਇਸ ਕਰਕੇ ਅਜ਼ਮਾਇਸ਼ ਦੇ ਦੋ ਪਹਿਲੂ ਸਾਮ੍ਹਣੇ ਆਉਂਦੇ ਹਨ :ਪਹਿਲਾ ਜੀਵਨ ਸੰਦਰਭ ਹਜ਼ਾਰਾ ਸਿੰਘ ਅਤੇ ਜੈਇੰਦਰ ਸਿੰਘ ਦਾ ਹੈ ਅਤੇ ਦੂਜਾ ਸ਼ਾਹ ਮੁਹੰਮਦ ਅਤੇ ਨੂਰ ਇਲਾਹੀ ਦਾ। ਪਰ ਇਨ੍ਹਾਂ ਦੋਹਾਂ ਪਹਿਲੂਆਂ ਵਿਚ ਹਜ਼ਾਰਾ ਸਿੰਘ ਅਤੇ ਸ਼ਾਹ ਮੁਹੰਮਦ ਦਾ ਇਕ ਦੌਰ ਹੈ ਅਤੇ ਜੈਇੰਦਰ ਅਤੇ ਨੂਰ ਇਲਾਹੀ ਦਾ ਇਕ। 'ਅਜ਼ਮਾਇਸ਼´  ਨਾਵਲ ਦੇ ਕਥਾ-ਸੰਦਰਭ ਅਤੇ ਰਚਨਾ ਦ੍ਰਿਸ਼ਟੀ ਮੁਤਾਬਕ ਇਨ੍ਹਾਂ ਦੋਹਾਂ ਦੌਰਾਂ ਵਿਚ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਰੂਪਮਾਨ ਕਰਨ ਲਈ ਨਿਰਧਾਰਕ ਤੱਤ ਮਜ਼ਹਬ ਨਹੀਂ ਮੌਕਾ-ਪ੍ਰਸਤੀ ਅਤੇ ਸਿਆਸਤਬਾਜ਼ੀ ਨੂੰ ਸਥਾਪਤ ਕਰਦੀ ਹੈ। ਇਸ ਕਰਕੇ ਇਹ ਮਸਲਾ ਵਾਰ ਵਾਰ ਪਰਗਟ ਹੁੰਦਾ ਹੈ ਕਿ 'ਜਦੋਂ ਅਸੀਂ ਸਦੀਆਂ ਤੋਂ ਇਕੱਠੇ ਰਹਿ ਰਹੇ ਸੀ, ਮਜ਼ਹਬੀ ਵਿਹਾਰ ਕਦੇ ਅੜਚਣ ਬਣ ਹੀ ਨਹੀਂ ਸੀ ਸਕਿਆ ਤਾਂ ਅਜਿਹੀ ਕਿਹੜੀ ਗੱਲ ਵਾਪਰ ਗਈ ਸੀ ਕਿ ਮਜ਼ਹਬ ਦੇ ਨਾਮ ਉਤੇ ਮੁਲਕ ਦੀ ਵੰਡ ਹੋ ਗਈ।´ ਇਥੇ ਹੀ ਬਸ ਨਹੀਂ, ਅਸੀ ਇਕੱਠੇ ਰਹਿਣ ਵਾਲੇ ਲੋਕ ਇਕੋ ਸਮੇਂ ਨਾ ਕੇਵਲ ਇਕ ਦੂਜੇ ਦੇ ਦੁਸ਼ਮਣ ਬਣੇ ਸਗੋਂ ਇਕ ਦੂਜੇ ਦੀ ਇੱਜ਼ਤ-ਆਬਰੂ ਨੂੰ ਤਬਾਹ ਕਰਨ ਲਈ ਆਖ਼ਰੀ ਹੱਦ ਤਕ ਪਹੁੰਚ ਗਏ। ਇਹ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਪੰਜਾਬੀ ਬੰਦਾ ਆਪਣੇ ਦੁਸ਼ਮਣ ਦਾ ਕਤਲ ਕਰ ਸਕਦਾ ਹੈ ਪਰ ਦੁਸ਼ਮਣ ਦੀ ਧੀ/ਭੈਣ ਨੂੰ ਧੀ/ਭੈਣ ਦਾ ਹੀ ਸਤਿਕਾਰ ਦਿੰਦਾ ਰਿਹਾ ਹੈ। ਇਹ ਸਿਰਫ਼ ਦੇਸ਼-ਵੰਡ ਵੇਲੇ ਹੀ ਵਾਪਰਿਆ ਕਿ ਅਸੀਂ ਇਕ ਦੂਜੇ ਦੀ ਧੀ-ਭੈਣਾਂ ਨੂੰ ਤਸ਼ੱਦਦ ਅਤੇ ਜਾਇਦਾਦ ਦਾ ਹਿੱਸਾ ਮੰਨਿਆ।

ਇਹ ਦੌਰ ਹਜ਼ਾਰਾ ਸਿੰਘ ਤੇ ਸ਼ਾਹ ਮੁਹੰਮਦ ਹੈ। ਹੁਣ ਭਾਵੇਂ ਮੁਲਕ ਦੀ ਵੰਡ ਦਾ ਵਕਤ ਗੁਜ਼ਰ ਗਿਆ ਹੈ, ਇਹ ਦੌਰ ਨਹ੍ਹੀਂ ਗੁਜ਼ਰਿਆ। ਇਸ ਕਰਕੇ ਹੁਣ ਇਸ ਉਤੇ ਪਛਤਾਵਾ ਹੋ ਰਿਹਾ ਹੈ। ਪੰਜਾਬੀ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਕਦੇ ਬਦਲਾ ਲੈਣ ਦਾ ਖਿਆਲ ਨਹੀਂ ਆਉਂਦਾ ਸਗੋਂ ਆਪਣੇ ਆਪ ਤੋਂ ਕੋਫ਼ਤ ਆਉਂਦੀ ਹੈ। ਇਸ ਵਕਤ ਨੂੰ ਯਾਦ ਕਰਦਿਆਂ ਹੀ ਸਾਨੂੰ ਸਾਰਿਆਂ ਨੂੰ ਆਪਣੇ ਤਨ-ਮਨ ਵਿਚੋਂ ਹੀ ਨਹੀਂ ਆਪਣੇ ਅਤੀਤ ਵਿਚੋਂ ਵੀ ਬਦਬੂ ਆਉਣ ਲਗ ਪੈਂਦੀ ਹੈ। ਇਹੀ ਵਜ੍ਹਾ ਹੈ ਕਿ ਅਸੀਂ ਉਨ੍ਹਾਂ ਸਿਮਰਤੀਆਂ ਤੋਂ ਬਾਹਰ ਭੱਜਣ ਦੀ ਚਾਹਤ ਰੱਖਦੇ ਹਾਂ, ਪਰ ਫਿਰ ਵੀ ਅਸੀ ਮੁੜ ਮੁੜ ਉਨ੍ਹਾਂ ਵਲ ਹੀ ਖਿੱਚੇ ਜਾ ਰਹੇ ਹਾਂ। ਖ਼ਤਰਨਾਕ ਗੱਲ ਤਾਂ ਇਹ ਹੈ ਕਿ ਇਹ ਕੋਫ਼ਤ, ਬਦਬੂ ਅਤੇ ਖਿੱਚ ਦਿਨ-ਪ੍ਰਤਿ-ਦਿਨ ਆਪਣੇ ਨਵੇਂ ਨਵੇਂ ਰੂਪਾਂ ਵਿਚ ਉਜਾਗਰ ਹੋ ਰਹੀ ਹੈ। ਇਹ ਸਾਡੀ ਅਜ਼ਮਾਇਸ਼ ਦਾ ਪਹਿਲੂ ਹੈ। ਜ਼ਾਹਰ ਹੈ ਕਿ 'ਸੰਨ-ਸੰਤਾਲੀ  ਵਾਲਾ ਵਕਤ ਗੁਜ਼ਰਿਆ ਹੈ, ਹਜ਼ਾਰਾ ਸਿੰਘ ਅਤੇ ਸ਼ਾਹ ਮੁਹੰਮਦ ਦਾ ਦੌਰ ਨਹੀਂ।

ਦੂਜਾ ਦੌਰ ਜੈਇੰਦਰ ਅਤੇ ਨੂਰ ਇਲਾਹੀ ਦਾ ਹੈ। ਮੁਲਕ ਵੱਖ ਵੱਖ ਹਨ। ਸ਼ਹਿਨਸ਼ਾਹ, ਵਡੇਰੇ ਅਤੇ ਹਕੂਮਤਾਂ ਵੱਖੋ ਵੱਖ ਹਨ। ਪਰ ਧਰਤੀ ਪੰਜਾਂ ਆਬਾਂ ਦੀ ਹੀ ਹੈ। ਇਸ ਦੌਰ ਵਿਚ ਹਜ਼ਾਰਾ

ਸਿੰਘ ਤੇ ਸ਼ਾਹ ਮੁਹੰਮਦ ਧਿਰਾਂ ਨਹੀਂ ਰਹੇ ਪਰ ਉਹਨਾ ਦਾ ਦੌਰ ਚਲ ਰਿਹਾ ਹੈ; ਯਾਦਾਂ ਤੇ ਸਿਮਰਤੀਆਂ ਵਿਚ, ਸਖਾਵਤ ਵਿਚ, ਤਹਜ਼ੀਬ ਵਿਚ ਅਤੇ ਤਸੱਵਰ ਵਿਚ। ਅਸਲ ਦੌਰ ਜੋ ਜੈਇੰਦਰ ਤੇ ਨੂਰ ਇਲਾਹੀ ਦਾ ਹੈ ਪਰ ਕਾਬਜ਼ ਫਿਰ ਵੀ ਮਤਲਬਪ੍ਰਸਤ, ਸਿਆਤਬਾਜ਼ ਅਤੇ ਹੱਕ ਖੋਹਣ ਵਾਲੇ ਲੋਕਾਂ ਦਾ ਹਜ਼ੂਮ ਹੈ। ਇਹ 'ਚੁਣੇ ਹੋਏ ਨੇਤਾ ਵੀ ਹਨ, ਉਨ੍ਹਾਂ ਨਾਲ ਨਾਤਾ ਰੱਖਣ ਵਾਲੇ 'ਸਿਆਣ ਤੇ ਮੋਹਤਬਰ ਲੋਕ ਵੀ ਹਨ ਅਤੇ 'ਰੌਸ਼ਨ ਦਿਮਾਗ ਅ.ਫਸਰ ਵੀ ਹਨ। ਪਰ ਇਹ ਸਾਰੇ ਲੋਕ ਰਲ ਮਿਲ ਕੇ ਕਿਸੇ ਵਿਅਕਤੀ ਦੇ 'ਹੱਕਾਂ ਦੀ ਰਾਖੀ ਕਰਨ ਦੀ ਨਹੀਂ, 'ਹੱਕਾਂ ਨੂੰ ਖੋਹਣ ´ ਦੇ ਨਿਜ਼ਾਮ ਨੂੰ ਹੀ ਤਾਮੀਰ ਕਰ ਰਹੇ ਹਨ। ਇਹੀ ਵਜ੍ਹਾ ਹੈ ਕਿ ਹੁਣ 'ਮਤਲਬਪ੍ਰਸਤੀ´ ਨੂੰ 'ਸੰਪਰਦਾਇਕਤਾ ´ ਅਤੇ 'ਤਾਕਤ´ ਹਾਸਲ ਕਰਨ ਨੂੰ 'ਹੱਕ ਖੋਹਣ ´ ਦੇ ਰੂਪ ਵਿਚ ਆਪਣਾਇਆ ਜਾ ਰਿਹਾ ਹੈ। ਇਹ ਹੀ ਇਕ ਹੋਰ ਅਜ਼ਮਾਇਸ਼ ਹੈ।

ਪਰ ਹਜ਼ਾਰਾ ਸਿੰਘ ਤੇ ਸ਼ਾਹ ਮੁਹੰਮਦ ਅਤੇ ਜੈਇੰਦਰ ਤੇ ਨੂਰ ਇਲਾਹੀ ਦੇ ਦੌਰ ਵਿਚ ਫਰਕ ਕੀ ਹੈ। ਜੇਕਰ ਸੂਤਰਕ ਰੂਪ ਵਿਚ ਬਿਆਨ ਕਰਨਾ ਹੋਵੇ ਤਾਂ .ਫਰਕ ਤਸੱਦਦ ਅਤੇ ਸਿਤਮਜ਼ਰੀ.ਫੀਆ ਦੇ ਰੂਪ ਦੀ ਨੁਹਾਰ ਬਦਲਣ ਦਾ ਹੈ। ਇਸ ਦੌਰ ਦੀ ਮੁੱਖ ਪ੍ਰਵਰਤੀ ਇਹ ਹੈ ਕਿ ਅਸੀਂ ਮੁਲਕ ਨਹੀਂ ਵੰਡਣੇ ਸਗੋਂ ਇਲਾਕੇ, ਸੋਚਾਂ ਅਤੇ ਤਸੱਵਰਾਂ ਵਿਚ ਵੰਡ ਪਾਉਣੀ ਹੈ। ਇਸ ਕਰਕੇ ਜਿਥੇ ਪਹਿਲਾਂ ਤਸ਼ੱਦਦ ਦਾ ਕੇਂਦਰ ਸਮੂਹ ਸੀ ਹੁਣ ਵਿਅਕਤੀ ਹੈ। ਹੁਣ ਅਸੀਂ ਇਕ ਧਰਮ, ਪੰਥ, ਇਲਾਕਾ, ਭਾਈਚਾਰਾ ਜਾਂ ਖਾਨਦਾਨ ਵਿਚ ਰਹਿੰਦੇ ਹੋਏ ਵੀ ਤਕਸੀਮ ਹੋਏ ਦੇਖੇ ਜਾ ਸਕਦੇ ਹਨ। ਇਹ ਤਕਸੂਮ ਸਰੀਰਕ ਨਹੀਂ ਸਗੋਂ ਜ਼ਿਹਨੀ ਹੈ। ਇਸ ਕਰਕੇ ਸਾਡੇ ਉਤੇ ਹੋਣ ਵਾਲੇ ਤਸ਼ੱਦਦ, ਧਰਮ, ਪੰਥ, ਇਲਾਕਾ, ਭਾਈਚਾਰਾ ਜਾਂ ਖਾਨਦਾਨ ਉਤੇ ਕੇਂਦਰਤ ਨਹੀਂ, ਵਿਅਕਤੀਗਤ ਸਰੂਪਾਂ, ਸੰਦਰਭਾਂ ਅਤੇ ਸਰੋਕਾਰਾਂ ਦੇ ਚੌਖਟਿਆਂ ਵਿਚ ਹੈ। ਇਸ ਕਰਕੇ ਜਦੋਂ ਕਿਸੇ ਵਿਅਕਤੀ ਉਤੇ ਵਿਅਕਤੀਗਤ ਸੰਦਰਭਾਂ ਵਿਚ ਤਸ਼ੱਦਦ ਹੁੰਦਾ ਹੈ ਤਾਂ ਉਹ ਹਜ਼ਾਰਾ ਸਿੰਘ ਅਤੇ ਸ਼ਾਹ ਮੁਹੰਮਦ ਦੇ ਦੌਰ ਦੀਆਂ ਸਿਮਰਤੀਆਂ ਵਲ ਰੁਖ ਕਰ ਲੈਂਦਾ ਹੈ; ਉਸਨੂੰ ਜਾਪਦਾ ਹੈ ਕਿ ਇਹ ਕਿਹੜੀ ਮੇਰੇ ਨਾਲ ਅਜ ਕੋਈ ਨਵੀਂ ਗੱਲ ਹੋਈ ਹੈ। "ਇਹ ਜੰਗ ਤਾਂ ਮੇਰੇ ਜਨਮ ਤੋਂ ਵੀ ਸੈਕੜੇ ਸਦੀਆਂ ਪਹਿਲਾਂ ਦੀ ਸਮੇਂ ਦੇ ਹਾਕਮਾਂ ਨਾਲ ਚਲਦੀ ਆ ਰਹੀ ਹੈ।" ਇਹ ਹੀ ਉਸਦੀ ਉਸਦੇ ਦੌਰ ਵਿਚ ਅਜ਼ਮਾਇਸ਼ ਹੈ।

ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਹੁਣ ਦੇ 'ਅਸੀਂ ´ ਤੇ 'ਸਾਡੇ´ ਦੀ ਥਾਂ 'ਮੈਂ ´ ਤੇ ਮੇਰੇ ਪੜਨਾਵੀਂ ਰੂਪ 'ਕਿਉਂ ´ ਆ ਗਏ ਹਨ ਅਤੇ ਤੇ 'ਸਾਡੇ´ ਪੜਨਾਵ ਕਿਧਰ ਗੁੰਮ ਹੋ ਗਏ। ਕੀ ਅਜਿਹਾ ਤਾਂ ਨਹੀਂ ਕਿ 'ਅਸੀਂ´ ਤੇ 'ਸਾਡੇ ´ ਦੀ ਸੋਚ ਤੇ ਸਮਝ ਹਜ਼ਾਰਾ ਸਿੰਘ ਤੇ ਸ਼ਾਹ ਮੁਹੰਮਦ ਦੇ ਦੌਰ ਦੀ ਹੈ ਅਤੇ ਅਸੀਂ ਉਸ ਤੋਂ ਵਿਛੁੰਨੇ ਗਏ ਹਾਂ। ਜਦੋਂ ਅਸੀਂ 'ਮੈਂ ਅਤੇ 'ਮੇਰੇ ਉਤੇ ਤਸ਼ੱਦਦ ਹੁੰਦਾ ਹੈ ਤਾਂ ਉਹ ਫਿਰ 'ਅਸੀਂ ਅਤੇ 'ਸਾਡੇ ਵਲ ਅਹੁਲਦਾ ਹੈ, ਸਿਮਰਤੀਆਂ ਤੇ ਯਾਦਾਂ ਦਾ ਰਾਹਗੀਰ ਹੋ ਜਾਂਦਾ ਹੈ। ਜਦੋਂ ਉਸਨੂੰ 'ਮੈਂ ´ ਅਤੇ 'ਮੇਰੇ´ ਤੋਂ ਕੌ.ਫਤ ਆਉਂਦੀ ਹੈ ਤਾਂ ਉਹਦੀ ਸੁਪਨਸਾਜ਼ ਮਾਨਸਿਕਤਾ ਨੂੰ ਉਸ ਚੌਰਾਹੇ ਵਿਚ 'ਜੰਗ ਲੜਨ ਦਾ ਸੁਪਨਾ ਦਿਖਾਈ ਦਿੰਦਾ ਹੈ। ਪਰ ਇਹ ਜੰਗ ਜੇ ਜ਼ਾਰੀ ਵੀ ਰਹੇਗੀ ਤਾਂ ਵੀ ਇਹ ਇਕ 'ਰਾਹਗੀਰ ਮੁਸਾ.ਫਰ ਦੀ ਜੰਗ ਹੈ, ਕਿਸੇ ਧਾੜਵੀ ਜਾਂ ਸਿਪਾਹਸਲਾਰ ਦੀ ਜੰਗ ਨਹੀਂ।´ ਇਸੇ ਕਰਕੇ ਉਹ ਜੰਗ ਦਾ ਸੁਪਨਾ ਤਾਂ ਲੈ ਸਕਦਾ ਹੈ, ਜਿੱਤ ਦਾ ਨਹੀਂ। ਪਰ ਜਿੱਤ ਤੋਂ ਬ.ਗੈਰ ਸੁਪਨਾ 'ਹੱਕ ਹਾਸਲ ਨਹੀਂ ਹੋਣਾ ਅਤੇ ਇਹ ਅਜ ਦੇ ਪੰਜਾਬੀ ਬੰਦੇ ਦੀ ਅਜ਼ਮਾਇਸ਼ ਹੈ।



(4)

ਇਸ ਤਰ੍ਹਾਂ 'ਅਜ਼ਮਾਇਸ਼ ´ ਨਾਵਲ ਦੀ ਪੜ੍ਹਤ ਵੱਖਰੀ ਕਿਸਮ ਦੇ ਪਾਠਕੀ ਅਭਿਆਸ ਦੀ ਮੰਗ ਕਰਦੀ ਹੈ। ਇਸ ਨਾਵਲ ਦੀ ਬਿਰਤਾਂਤਕ–ਵਿਉਂਤ ਜੇਕਰ ਬਿਰਤਾਂਤ ਸਿਰਜਣ ਦੇ ਅਭਿਆਸ ਵਿਚ ਵਖਰਤਾ ਕਾਇਮ ਕਰਦੀ ਹੈ ਤਾਂ ਅਰਥਾਂ ਦੀ ਰਚਨਾ ਦੇ ਅਜਿਹੇ ਅਭਿਆਸ ਲਈ ਸਰਗਰਮ ਵੀ ਹੁੰਦੀ ਹੈ ਜਿਸਦਾ ਸਮਕਾਲੀ ਨਾਵਲੀ–ਬਿਰਤਾਂਤ ਆਦੀ ਨਹੀਂ ਹੈ। ਇਸ ਕਰਕੇ ਕਈ ਥਾਵਾਂ ਉਤੇ ਦੁਹਰਾਓ ਅਤੇ ਵਿਸਤਾਰ ਨਾਵਲੀ–ਪਾਠ ਵਿਚ ਅੜਚਣ ਵੀ ਪੈਦਾ ਕਰਦਾ ਜਾਪਦਾ ਹੈ। ਪਰ ਇਹ ਮਸਲਾ ਬਿਰਤਾਂਤਕ ਦੇ ਪ੍ਰਗਟਾਅ ਪੱਧਰ ਦਾ ਹੈ, ਅਰਥ ਸਿਰਜਣ ਅਤੇ ਬਿਰਤਾਂਤਕਾਰੀ ਦਾ ਨਹੀਂ। ਫਿਰ ਵੀ ਵਰਤਮਾਨ ਤੇ ਸਿਮਰਤੀਆਂ, ਕਾਲ–ਸਾਪੇਖ ਅਤੇ ਕਾਲ–ਅਤੀਤ ਹੋਣਾ, ਵਿਅਕਤੀ ਅਤੇ ਸਮੂਹ ਵਿਚ ਅੰਤਰ–ਸੰਬੰਧਤ ਅਤੇ ਨਿਖੇੜੇ ਕਾਇਮ ਕਰਦਾ, ਇਕੋ ਬਿਰਤਾਂਤਕ ਕਾਲ ਵਿਚ ਭਿੰਨ ਭਿੰਨ ਦੌਰਾਂ ਨੂੰ ਪ੍ਰਗਟ ਕਰਨਾ ਅਤੇ ਸਭ ਤੋਂ ਵਧ ਇਕੋ ਸਮੇਂ ਇਕ ਵਿਅਕਤੀ ਦੇ ਸੁਆਲਾਂ ਦੇ ਰੂ–ਬ–ਰੂ ਵੀ ਹੋਣਾ ਅਤੇ ਇਤਿਹਾਸ ਤੇ ਤਹਿਜ਼ੀਬ ਭੰਜਨ ਦੇ ਸੁਆਲਾਂ ਦੇ ਵੀ ਅਜਿਹੀ 'ਅਜ਼ਮਾਇਸ਼ ´ ਹੈ, ਜਿਸਨੂੰ ਇਸੇ ਸਿਰਲੇਖ ਵਾਲਾ ਨਾਵਲ ਨਿਭਾ ਰਿਹਾ ਹੈ।

(5)

ਇਹ ਨਾਵਲੀ ਬਿਰਤਾਂਤ ਸਮਕਾਲੀ ਪੰਜਾਬੀ ਨਾਵਲਕਾਰੀ ਵਿਚ ਮਹੱਤਵਪੂਰਨ ਤਜ਼ਰਬਾ ਹੈ। ਖਾਸ ਕਰਕੇ ਵਿਸਥਾਪਤ ਹੋਏ, ਵੰਡ ਹੋਏ ਅਤੇ ਫਿਰ ਵੀ ਇਕ ਦੂਜੇ ਨਾਲ ਜਜ਼ਬਾਤੀ ਸਖਾਵਤੀ ਅਤੇ ਤਹਿਜ਼ੀਬੀ ਤੌਰ ਉਤੇ ਜੁੜੇ ਹੋਏ, ਪਰ ਭਿੰਨ ਭਿੰਨ ਧਰਤੀਆਂ, ਹੁਕਮਰਾਨਾਂ ਅਤੇ ਮੁਲਕਾਂ ਵਿਚ ਖਿਲਰੇ ਹੋਏ ਇਕੋ ਕੌਮ ਦੇ ਲੋਕਾਂ ਸੰਬੰਧੀ ਬਿਰਤਾਂਤ ਸਿਰਜਣ ਦਾ ਇਹ ਤਜ਼ਰਬਾ ਪ੍ਰਸੰਸਾਯੋਗ ਵੀ ਹੈ ਅਤੇ ਭਵਿੱਖਮਈ ਵੀ ਹੈ। ਇਹ ਬਿਰਤਾਂਤ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਪ੍ਰਚਲਤ ਹੋ ਚੁੱਕੇ ਨਵੇਂ ਬਿਰਤਾਂਤ ਦੀ ਨਿਸ਼ਾਨਦੇਹੀ ਹੀ ਨਹੀਂ ਕਰ ਰਿਹਾ ਸਗੋਂ ਭਵਿੱਖ ਵਿਚ ਵਿਉਂਤਬੱਧ ਹੋਣ ਵਾਲੇ ਪੰਜਾਬੀ ਬੰਦੇ ਦੇ 'ਤਸੱਵਰ ਅਤੇ ਉਸਦੀਆਂ ਚਣੌਤੀਆਂ ਦੀ ਅਜ਼ਮਾਇਸ਼ ਨੂੰ ਰੂਪਬੱਧ ਵੀ ਕਰ ਰਿਹਾ ਹੈ। ਮੈਂ ਇਸ ਨਾਵਲ ਦਾ ਸੁਆਗਤ ਕਰਦਾ ਹੋਇਆ ਇਸ ਵਿਚੋਂ ਨਵੇਂ ਬਿਰਤਾਂਤ ਦੇ ਆਕਾਰਾਂ ਦੇ ਪ੍ਰਗਟਾ ਹੋਣ ਦੀ ਆਸ ਕਰਦਾ ਹਾਂ।

---

ਗੁਲਾਰਾ ਬੇਗਮ
(ਨਾਵਲ)
ਸ਼ਰਦ ਪਗਾਰੇ
ਅਨੁਵਾਦਕ : ਜਗਦੀਸ਼ ਰਾਏ ਕੁਲਰੀਆਂ
ਉਡਾਨ ਪਬਲੀਕੇਸ਼ਨਜ਼, ਪਟਿਆਲਾ

---

ਅਨੇਮਨ ਸਿੰਘ ਦਾ ਨਵਾਂ ਕਹਾਣੀ ਸੰਗ੍ਰਹਿ
ਨੂਰੀ
ਪ੍ਰਕਾਸ਼ਨ : ਨਵਯੁਗ ਦਿੱਲੀ

# ਸਿਆਸਤ ਖੇਡ, ਸਿਆਸਤ ਨੂੰ ਵਿਚਾਰਦਿਆਂ

-ਡਾ. ਮੇਘਾ ਸਲਵਾਨ

**ਸਿਆਸਤ ਖੇਡ**, **ਸਿਆਸਤ** ਜਿੰਦਰ ਦੇ ਨਵੀਨ ਕਹਾਣੀ-ਸੰਗ੍ਰਹਿ ਦਾ ਨਾਮ ਹੈ? ਇਹ ਕਹਾਣੀਕਾਰ ਦੁਆਰਾ ਰਚਿਤ ਸੱਤਵਾਂ ਕਹਾਣੀ-ਸੰਗ੍ਰਹਿ ਹੈ? ਇਸ ਤੋਂ ਪਹਿਲਾਂ ਉਸਦੇ ਛੇ ਕਹਾਣੀ-ਸੰਗ੍ਰਹਿ ਮੈਂ, **ਕਹਾਣੀ ਤੇ ਉਹ** (1990), ਤੁਸੀਂ **ਨਹੀਂ ਸਮਝ ਸਕਦੇ** (1996), ਨਹੀਂ, **ਮੈਂ ਨਹੀਂ** (2000), ਬਿਨਾਂ **ਵਜ੍ਹਾ ਤਾਂ ਨਹੀਂ** (2004), **ਜ਼ਖ਼ਮ** (2010), ਆਵਾਜ਼ਾਂ **(2014)** ਪ੍ਰਕਾਸ਼ਿਤ ਹੋ ਚੁੱਕੇ ਹਨ? ਵਿਚਾਰਧੀਨ ਕਹਾਣੀ-ਸੰਗ੍ਰਹਿ ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਦੇ ਅੰਤਲੇ ਸਾਲ 2020 ਵਿਚ ਪ੍ਰਕਾਸ਼ਿਤ ਹੋਇਆ ਹੈ? ਇਸ ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀਆਂ ਕੁਲ੍ਹ ਗਿਣਤੀ ਬਾਰਾਂ ਹੈ? ਇਹਨਾਂ ਕਹਾਣੀਆਂ ਦੇ ਸਿਰਲੇਖ ਕ੍ਰਮਵਾਰ ਜੋਗੀ , ਵਿਦਾਅ , ਹੋਂਦ , ਜੂਠੀ , ਮੱਛੀ , ਮੱਛੀ-ਦੋ , ਮੈਨੂੰ ਸਭ ਪਤਾ , ਹਾਫ਼ਟਾਈਮ , ਆਊਟਸਾਈਡਰ , ਸਿਆਸਤ ਖੇਡ ਬਾਬਾ, ਸਿਆਸਤ , ਕੰਡੇ ਅਤੇ ਬਨਵਾਸ ਹਨ।

ਹੱਥਲੇ ਕਹਾਣੀ-ਸੰਗ੍ਰਹਿ ਦੀ ਪ੍ਰਥਮ ਕਹਾਣੀ ਜੋਗੀ ਮਰਦ ਦੀ ਜ਼ਿੰਦਗੀ ਵਿਚ ਔਰਤ ਦੀ ਨਿਰਣਾਇਕ ਭੂਮਿਕਾ ਉੱਤੇ ਕੇਂਦਰਿਤ ਹੈ? ਵਿਸ਼ੇਸ਼ ਤੌਰ ਉੱਤੇ ਮਾਂ ਦੇ ਰੂਪ ਵਿਚ ਔਰਤ ਦੀ ਨਿਰਣਾਇਕ ਭੂਮਿਕਾ ਉੱਤੇ? ਔਰਤ ਜਣਨੀ ਹੈ? ਨਰ ਸ਼ਿਸ਼ੂ/ਮਰਦ ਦੀ ਜ਼ਿੰਦਗੀ ਵਿਚ ਔਰਤ ਦੀ ਸਰਵਪ੍ਰਥਮ ਸ਼ਮੂਲੀਅਤ ਮਾਂ ਵਜੋਂ ਹੀ ਹੁੰਦੀ ਹੈ? ਉਹ ਬੱਚੇ ਨੂੰ ਪਾਲਦੀ ਹੈ, ਪੋਸਦੀ ਹੈ? ਉਸਨੂੰ ਆਲੇ-ਦੁਆਲੇ ਦੇ ਦਿੱਸਦੇ, ਅਣਦਿੱਸਦੇ ਸੰਕਟਾਂ ਤੋਂ ਸੁਰੱਖਿਅਤ ਰੱਖਦੀ ਹੈ? ਬੱਚੇ ਦੇ ਚਾਅ-ਮਲਾਰ ਕਰਦੀ ਹੈ? ਉਸਦੀਆਂ ਨਿੱਕੀਆਂ-ਨਿੱਕੀਆਂ ਜ਼ਰੂਰਤਾਂ ਦਾ ਖ਼ਿਆਲ ਰੱਖਦੀ ਹੈ ਅਤੇ ਉਹਨਾਂ ਨੂੰ ਪੂਰਿਆਂ ਕਰਦੀ ਹੈ? ਕਹਿਣ ਤੋਂ ਭਾਵ ਕਿ ਉਹ ਬੱਚੇ ਨੂੰ ਜਨਮਦੀ ਹੀ ਨਹੀਂ, ਸਿਰਜਦੀ ਵੀ ਹੈ? ਉਸਦੇ ਵਿਚਾਰ ਨੂੰ, ਵਿਹਾਰ ਨੂੰ? ਉਸਦੀ ਮਾਨਸਿਕਤਾ ਨੂੰ ਘੜ੍ਹਦੀ ਹੈ, ਸੰਵਾਰਦੀ ਹੈ? ਉਸਦੇ ਉਲਝੇ ਵਿਚਾਰਾਂ ਨੂੰ ਸੁਲਝਾਉਂਦੀ ਹੈ? ਮਾਨਵੀ ਜੀਵਨ ਦਾ ਇਹ ਅਨਮੋਲ ਰਿਸ਼ਤਾ ਜੇਕਰ ਬੱਚੇ ਦੀ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿਚ ਹੀ ਮਨਫ਼ੀ ਹੋ ਜਾਵੇ ਤਾਂ ਉਸਦੇ ਸਿੱਟੇ ਦੂਰਗਾਮੀ ਅਤੇ ਘਾਤਕ ਹੁੰਦੇ ਹਨ? ਜੋਗੀ ਕਹਾਣੀ ਬਹੁ-ਪ੍ਰਤੀਕਾਂ ਅਤੇ ਸੰਕੇਤਾਂ ਰਾਹੀਂ ਉਪਰੋਕਤ ਪਹਿਲੂ ਨੂੰ ਹੀ ਉਘਾੜਦੀ ਹੈ? ਕਹਾਣੀ ਵਿਚਲੇ ਬਿਰਤਾਂਤਕਾਰ ਅਥਵਾ ਮੁੱਖ ਪਾਤਰ ਦੀ ਮਾਂ ਨਿੱਕੀ ਉਮਰੇ ਹੀ ਉਸਦਾ ਸਾਥ ਛੱਡ ਇਸ ਦੁਨੀਆਂ ਤੋਂ ਤੁਰ ਗਈ? ਮਾਂ ਦੇ ਚਲੇ ਜਾਣ ਉਪਰੰਤ ਉਸਨੂੰ ਪਿਤਾ ਵੱਲੋਂ ਮਾਸੀ ਦੇ ਸੁਪੁਰਦ ਕਰ ਦਿੱਤਾ ਜਾਂਦਾ ਹੈ? ਮਾਸੀ ਦਾ ਖ਼ੌਫ਼ ਅਤੇ ਉਸਦੀ ਕੁਰੱਖਤ ਨੂੰਹ ਦਾ ਵਿਵਹਾਰ ਮੁੱਖ ਪਾਤਰ ਦੀ ਕੱਚਘੜ ਮਾਨਸਿਕਤਾ ਲਈ ਸੰਕਟ ਦੀ ਵਜ੍ਹਾ ਬਣਦਾ ਹੈ? ਉਮਰ ਦੇ ਇਹ ਮੁੱਢਲੇ ਸਾਲ ਮਾਂ ਵਿਹੂਣੇ ਬੱਚੇ ਨੂੰ ਇਸ ਕਦਰ ਪ੍ਰਭਾਵਿਤ ਕਰਦੇ ਹਨ ਕਿ ਉਹ ਸਾਰੀ ਉਮਰ ਮਾਂ ਵਰਗੇ ਪਿਆਰ ਦੀ ਤਲਾਸ਼ ਵਿਚ ਭਟਕਦਾ ਰਹਿੰਦਾ ਹੈ? ਸਰੀਰਕ ਭੁੱਖ ਤੋਂ ਮੁਕਤ ਮਾਂ ਵਾਲੇ ਉੱਚੇ ਸੁੱਚੇ ਪਿਆਰ ਲਈ? ਉਹ ਖ਼ੁਦ ਆਖ਼ਦਾ ਹੈ, "ਪਹਿਲੀ ਨਜ਼ਰ ਚ ਮੈਂ ਕਿਸੇ ਵੀ ਔਰਤ ਨੂੰ, ਮਾਂ ਦੇ ਰੂਪ ਚ ਦੇਖਦਾ? ਮਾਂ ਦੇ ਨੈਣ-ਨਕਸ਼ਾਂ ਨਾਲ ਉਹਨੂੰ ਮਿਲਾਉਣ ਲੱਗਦਾ?.... ਪਰ ਅੱਗੇ ਔਰਤ ਦਾ ਹੋਰ ਹੀ ਰੂਪ ਮਿਲਦਾ। ........ ਮੈਨੂੰ ਅਜੇ ਤੱਕ ਮਾਂ ਵਰਗੀ ਔਰਤ ਨ੍ਹੀਂ ਮਿਲੀ? ਇਹੀ ਮੇਰੀ ਭਟਕਣ ਆ?"1 ਜਿਉਂ-ਜਿਉਂ ਕਹਾਣੀ ਬਿਰਤਾਂਤ ਅੱਗੇ ਵੱਧਦਾ ਹੈ, ਮੁੱਖ ਪਾਤਰ ਦੇ ਮਨ ਵਿਚ ਬੱਝੀਆਂ ਗੰਢਾਂ ਉਸਦੇ ਵਿਹਾਰ ਵਿਚੋਂ ਖੁੱਲ੍ਹਣ ਲੱਗਦੀਆਂ ਹਨ? ਉਹ ਕਮਲਾ ਨਾਮ



ਦੀ ਔਰਤ ਦਾ ਜ਼ਿਕਰ ਕਰਦਾ ਹੈ, "ਕਮਲਾ ਦੂਜੀਆਂ ਔਰਤਾਂ ਵਰਗੀ ਨਹੀਂ ਹੈ? ਜਦੋਂ ਮੈਂ ਪਹਿਲੀ ਵਾਰ ਉਸ ਨੂੰ ਦੇਖਿਆ ਤਾਂ ਉਹ ਮੈਨੂੰ ਮੇਰੀ ਮਾਂ ਵਰਗੀ ਲੱਗੀ ਸੀ?"2 ਕਮਲਾ ਨਾਲ ਪਾਠਕ ਦੀ ਸਿੱਧੇ ਰੂਪ ਵਿਚ ਜਾਣ-ਪਛਾਣ ਕਰਾਉਂਦੇ ਹੋਏ ਉਹ ਅਸਿੱਧੇ ਰੂਪ ਵਿਚ ਆਪਣੇ ਸ੍ਵੈ ਭਟਕਣਾ ਉੱਤੇ ਝਾਤ ਪੁਆ ਜਾਂਦਾ ਹੈ? ਬਿਰਤਾਂਤਕਾਰ ਦਾ ਕੇਸੀ ਨਹਾਉਣ ਲੱਗਿਆ ਕਮਲਾ ਨੂੰ ਕੱਚੀ ਲੱਸੀ ਪਾਉਣ ਲਈ ਕਹਿਣਾ ਉਸਦੇ ਧੁਰ ਅੰਦਰ ਦਾ ਸੂਚਕ ਹੋ ਨਿਬੜਦਾ ਹੈ? ਕੱਚੀ ਲੱਸੀ ਪ੍ਰਤੀਕ ਹੈ - ਸੁੱਚਤਾ ਦੀ? ਕੇਸ ਪ੍ਰਤੀਕ ਹਨ ਸਰੀਰਕ ਸ਼ਕਤੀ ਅਤੇ ਹਿੰਮਤ ਦੇd ਮਾਨਸਿਕ ਭਾਵੁਕ ਸਥਿਰਤਾ ਦੇ? ਕਹਾਣੀ ਬਿਰਤਾਂਤ ਦਾ ਹਿੱਸਾ ਬਣਿਆ ਉਪਰੋਕਤ ਘਟਨਾਕ੍ਰਮ ਜਨਾਨੀਬਾਜ਼ ਵਜੋਂ ਜਾਣੇ ਜਾਂਦੇ ਮੁੱਖ ਪਾਤਰ ਦੀ ਵਾਸਤਵਿਕ ਖ਼ਸਲਤ ਨੂੰ ਦਰਸਾਉਂਦਾ ਹੈ? ਉਹ ਅਸਲ ਵਿਚ ਉਸ ਲਾਡ, ਪਿਆਰ, ਸੁਰੱਖਿਆ, ਸਕੂਨ, ਮਾਨਸਿਕ, ਭਾਵੁਕ ਸਥਿਰਤਾ ਦੀ ਤਲਾਸ਼ ਵਿਚ ਭਟਕ ਰਿਹਾ ਹੈ ਜੋ ਇਕ ਮਾਂ ਹੀ ਦੇ ਸਕਦੀ ਹੈ? ਉੱਤਮ ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਇਹ ਕਹਾਣੀ ਨਿਰਸੰਦੇਹ ਪਾਠਕ ਦਾ ਧਿਆਨ ਆਪਣੇ ਵੱਲ ਖਿੱਚਣ ਦੇ ਸਮਰੱਥ ਹੈ? ਪ੍ਰੇਮ ਪ੍ਰਕਾਸ਼ ਦੀ ਬਤੌਰ ਕਹਾਣੀਕਾਰ ਪਛਾਣ ਨੂੰ ਪੁਖ਼ਤਗੀ ਪ੍ਰਦਾਨ ਕਰਨ ਵਾਲੀ ਕਹਾਣੀ ਡੈੱਡਲਾਈਨ ਦੀ ਯਾਦ ਤਾਜ਼ਾ ਕਰਦੀ ਹੈ?

ਔਰਤ ਜਿੰਦਰ ਦੀ ਕਥਾਕਾਰੀ ਦਾ ਆਰੰਭ ਤੋਂ ਹੀ ਅਹਿਮ ਅਤੇ ਕੇਂਦਰੀ ਧੁਰੀ ਰਹੀ ਹੈ? ਕਹਾਣੀ-ਸੰਗ੍ਰਹਿ ਸਿਆਸਤ ***ਖੇਡ, ਸਿਆਸਤ*** ਵਿਚਲੀਆਂ ਜ਼ਿਆਦਾਤਰ ਕਹਾਣੀਆਂ ਮਸਲਨ ਵਿਦਾਅ , ਜੂਠੀ , ਮੱਛੀ , ਮੱਛੀ-ਦੋ , ਹਾਫ਼ਟਾਈਮ , ਆਊਟਸਾਈਡਰ ਆਦਿ ਔਰਤ ਮਨ ਦੀ ਬਾਤ ਪਾਉਂਦੀਆਂ ਹਨ? ਇਹਨਾਂ ਕਹਾਣੀਆਂ ਵਿਚ ਔਰਤ ਦੀ ਹੋਂਦ ਅਤੇ ਹੋਣੀ ਨੂੰ ਵੱਖੋ-ਵੱਖ ਸਥਿਤੀਆਂ ਦੇ ਪ੍ਰਸੰਗ ਵਿਚ ਪ੍ਰਗਟਾਇਆ ਗਿਆ ਹੈ? ਇਹ ਸਮੱਗਰ ਕਹਾਣੀਆਂ ਔਰਤ ਦੀ ਹੋਂਦ ਤੇ ਹੋਣੀ ਦੇ ਬੀਜ ਤੱਤ-ਮਰਦ ਪ੍ਰਧਾਨ ਸਮਾਜ ਉੱਤੇ ਧੀਮੀ ਸੁਰ ਵਿਚ ਵਿਅੰਗ ਕਰਦੀਆਂ ਹਨ? ਮਰਦ ਪ੍ਰਧਾਨ ਸਮਾਜ ਦੀ ਸੰਚਾਲਕ ਸ਼ਕਤੀ ਹੈ- ਮਰਦ ਦ੍ਰਿਸ਼ਟੀ? ਮਰਦ ਦ੍ਰਿਸ਼ਟੀ ਆਪਣੇ ਮੁਤਾਬਕ ਧਾਰਨਾਵਾਂ ਘੜ੍ਹਦੀ, ਬਣਾਉਂਦੀ ਅਤੇ ਲਾਗੂ ਕਰਦੀ ਹੈ? ਇਸਨੇ ਕੀ, ਕਿਉਂ ਅਤੇ ਕਿਵੇਂ ਦੀ ਸਾਰੀ ਕਹਾਣੀ ਆਪਣੇ ਮੁਤਾਬਕ ਘੜੀ, ਸੰਵਾਰੀ ਅਤੇ ਲਾਗੂ ਕੀਤੀ ਹੈ? ਇਹ ਖ਼ੁਦ ਹੀ ਨਿਰਮਾਤਾ ਵੀ ਹੈ ਅਤੇ ਨਿਰਦੇਸ਼ਕ ਵੀ? ਇਸ ਕਹਾਣੀ ਸੰਗ੍ਰਹਿ ਦੀਆਂ ਉਪਰੋਕਤ ਕਹਾਣੀਆਂ ਇਸ ਪਰਿਪੇਖ ਤੋਂ ਵਿਚਾਰਨਯੋਗ ਹਨ? ਇਹ ਕਹਾਣੀਆਂ ਔਰਤ ਦੇ ਸਦੀਆਂ ਲੰਮੇਰੇ ਸੰਘਰਸ਼ ਦੇ ਨਵਰੂਪਾਂ ਉੱਤੇ ਝਾਤ ਪਾਉਂਦੀਆਂ ਹਨ? ਮਰਦ ਪ੍ਰਧਾਨ ਸਮਾਜ ਵਿਚ ਹਮੇਸ਼ਾਂ ਤੋਂ ਔਰਤ ਦੂਸਰੇ ਦਰਜੇ ਦਾ ਪ੍ਰਾਣੀ ਸਮਝੀ ਜਾਂਦੀ ਰਹੀ ਹੈ? ਮਰਦ ਤੋਂ ਹੀਣੀ, ਨਿਮਨ? ਮਹਿਜ਼ ਇਕ ਭੋਗ ਦੀ ਵਸਤ ਮਰਦ ਦੀ ਕਾਮੁਕ ਪੂਰਤੀ ਦਾ ਸਾਧਨ ਮਾਤਰ? ਲੰਮਾ ਸਮਾਂ ਔਰਤ ਘਰ ਦੀ ਚਾਰਦਿਵਾਰੀ ਵਿਚ ਕੈਦ ਰਹੀ ਹੈ? ਇੱਥੇ ਹੀ ਸਰੀਰਕ ਤੇ ਮਾਨਸਿਕ ਤੌਰ ਉੱਤੇ ਲਿਤਾੜੀ ਜਾਂਦੀ ਰਹੀ ਹੈ? ਫਿਰ ਉਹ ਸਮਾਂ ਵੀ ਆਇਆ ਜਦ ਔਰਤ ਸੁਤੰਤਰਤਾ ਦੇ ਨਾਅਰੇ ਬੁਲੰਦ ਹੋਣ ਲੱਗੇ? ਉਹ ਘਰ ਦੀ ਚਾਰਦਿਵਾਰੀ ਵਿਚੋਂ ਬਾਹਰ ਨਿਕਲੀ? ਮਰਦ ਦੇ ਮੋਢੇ ਨਾਲ ਮੋਢਾ ਮਿਲਾ ਕੇ ਹਰ ਖੇਤਰ ਵਿਚ ਕੰਮ ਕਰਨ ਲੱਗੀ? ਉਪਰੀ ਧਰਾਤਲ ਉੱਤੇ ਜਾਪਣ ਲੱਗਾ ਕਿ ਉਸਦਾ ਸੰਘਰਸ਼ ਸਮਾਪਤ ਹੋ ਗਿਆ ਹੈ? ਪਰੰਤੂ ਨਿਮਨ ਧਰਾਤਲ ਉੱਤੇ ਉਸਨੂੰ ਦਰਪੇਸ਼ ਚੁਣੌਤੀਆਂ ਜਿਉਂ ਦੀਆਂ ਤਿਉਂ ਬਰਕਰਾਰ ਹਨ ਕਿਉਂਕਿ ਉਸਨੂੰ ਸਦੀਆਂ ਤੋਂ ਭੋਗ ਦੀ ਵਸਤੂ ਸਮਝਣ ਵਾਲੀ ਮਰਦ ਦ੍ਰਿਸ਼ਟੀ ਨਹੀਂ ਬਦਲੀ ਹੈ? ਨਤੀਜਨ ਔਰਤ ਅੱਜ ਵੀ ਲਤਾੜੀ ਜਾ ਰਹੀ ਹੈ? ਨਪੀੜੀ ਜਾ ਰਹੀ ਹੈ? ਅੱਜ ਵੀ ਉਸਦਾ ਸ਼ੋਸ਼ਣ ਕੀਤਾ ਜਾ ਰਿਹਾ

ਹੈ ਪਰੰਤੂ ਇਹ ਸਭ ਕੁਝ ਨਵੇਂ ਅੰਦਾਜ਼ ਵਿਚ ਵੱਖਰੇ ਰੂਪ ਵਿਚ ਵਾਪਰ ਰਿਹਾ ਹੈ।

ਵਿਦਾਅ ਕਹਾਣੀ ਦੀ ਮੁੱਖ ਪਾਤਰ ਰਣਜੀਤਾਂ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਦੀ ਪਰਵਰਿਸ਼ ਖ਼ਾਤਿਰ ਮਜਬੂਰਨ ਘਰੋਂ ਬਾਹਰ ਨਿਕਲਦੀ ਹੈ? ਉਹ ਦਫ਼ਤਰ ਵਿਚ ਸੇਵਾਦਾਰ ਦਾ ਕੰਮ ਪੂਰੀ ਤਨਦੇਹੀ ਨਾਲ ਕਰਦੀ ਹੈ? ਇਹ ਸੇਵਾ ਨਿਭਾਉਂਦਿਆਂ ਸਹਿਕਰਮੀ ਮਰਦ ਅਮਲੇ ਦੀਆਂ ਨਜ਼ਰਾਂ ਲਗਾਤਾਰ ਉਸਦਾ ਪਿੱਛਾ ਕਰਦੀਆਂ ਹਨ? ਉਸਦੇ ਨਾਲ ਦਫ਼ਤਰ ਵਿਚ ਕੰਮ ਕਰਦੇ ਮਰਦ ਨਜ਼ਰਾਂ ਹੀ ਨਜ਼ਰਾਂ ਵਿਚ ਉਸਦਾ ਚਰਿੱਤਰਕ ਹਨਨ ਕਰਦੇ ਹਨ? ਉਸ ਸੰਬੰਧੀ ਝੂਠੀਆਂ ਘਟੀਆ ਅਫ਼ਵਾਹਾਂ ਫੈਲਾਉਂਦੇ ਹਨ? ਰਣਜੀਤਾਂ ਆਪਣੇ ਆਲੇ-ਦੁਆਲੇ ਉਸਰੇ ਇਸ ਮਾਹੌਲ ਤੋਂ ਚੰਗੀ ਤਰ੍ਹਾਂ ਵਾਕਿਫ਼ ਹੈ? ਉਹ ਆਲੇ-ਦੁਆਲੇ ਤੋਂ ਬਚਦੀ ਬਚਾਉਂਦੀ ਆਪਣੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਂਦੀ ਹੈ? ਕਹਾਣੀ ਦੇ ਸਿਖ਼ਰ ਉੱਤੇ ਰਣਜੀਤਾਂ ਦੇ ਆਪਣੇ ਅਫ਼ਸਰ ਨੂੰ ਸਹਿਜੇ-ਸਹਿਜੇ ਆਖੇ ਇਹ ਅਲਫ਼ਾਜ, "... ਨਾ ਤਾਂ ਮੇਰੇ ਸਾਈਂ ਨੇ ਮੈਥੋਂ ਵਿਦਾਅ ਲਈ ਸੀ ਤੇ ਨਾ ਹੀ ਮੈਂ ਕਦੇ ਉਹਨੂੰ ਵਿਦਾਅ ਕੀਤਾ . . . ?"3 ਔਰਤ ਦੇ ਉਸ ਉੱਚੇ ਤੇ ਸੁੱਚੇ ਸੰਜਮ, ਸਬਰ, ਸ੍ਵੈ ਨਿਯੰਤਰਣ ਵੱਲ ਸੰਕੇਤ ਕਰਦੇ ਹਨ ਜਿਹਨਾਂ ਸਦਕਾ ਉਹ ਮਰਦ ਦੇ ਬਰਾਬਰ ਨਹੀਂ ਬਲਕਿ ਉਸਤੋਂ ਕਈ ਗੁਣਾਂ ਉਚੇਰਾ ਸਥਾਨ ਰੱਖਦੀ ਹੈ? ਰਣਜੀਤਾਂ ਵਾਂਗ ਹੀ ਮੱਛੀ ਕਹਾਣੀ ਦੀ ਮੈਂ ਪਾਤਰ ਪਤੀ ਦੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਘਰੋਂ ਬਾਹਰ ਨਿਕਲਦੀ ਹੈ? ਆਪਣੇ ਆਪ ਨੂੰ ਮਰਦ ਦੀਆਂ ਭੁੱਖੀਆਂ ਨਜ਼ਰਾਂ ਤੋਂ ਬਚਾਉਣ ਦਾ ਹਰ ਸੰਭਵ ਯਤਨ ਕਰਦੀ ਹੈ ਪਰੰਤੂ ਜਲਦ ਹੀ ਮਜਬੂਰੀਆਂ ਹੱਥੋਂ ਹਾਰ ਸਥਿਤੀ ਨਾਲ ਸਮਝੌਤਾ ਕਰ ਲੈਂਦੀ ਹੈ? ਇਸ ਸਮਝੌਤੇ ਨਾਲ ਉਹ ਆਪਣੇ ਅਤੇ ਆਪਣੇ ਬੱਚਿਆਂ ਲਈ ਪਦਾਰਥਕ ਖੁਸ਼ਹਾਲੀ ਤਾਂ ਹਾਸਲ ਕਰ ਲੈਂਦੀ ਹੈ ਪਰੰਤੂ ਮਾਨਸਿਕ ਸ਼ਾਂਤੀ ਗੁਆ ਬੈਠਦੀ ਹੈ? ਮੈਂ ਪਾਤਰ ਦਾ ਆਪਣੀ ਸਹੇਲੀ ਨੂੰ ਡੈੱਡ ਫੋਨ ਉੱਤੇ ਸਾਰੀ ਆਪ ਬੀਤੀ ਸੁਣਾਉਣਾ ਉਸਦੀ ਮਾਨਸਿਕ ਅਸਹਿਜਤਾ ਨੂੰ ਦਰਸਾਉਂਦਾ ਹੈ? ਮੱਛੀ-ਦੋ ਕਹਾਣੀ ਵਿਚ ਪਾਤਰਾਂ ਦੇ ਨਾਂ , ਥਾਂ, ਹਾਲਾਤ ਬਦਲਦੇ ਹਨ ਪਰੰਤੂ ਔਰਤ ਪਾਤਰ ਦੀ ਹੋਣੀ ਨਹੀਂ ਬਦਲਦੀ? ਇਸੇ ਲੜੀ ਵਿਚ ਅਗਲੇਰੀ ਕਹਾਣੀ ਜੁੜਦੀ ਹੈ- ਜੂਠੀ ? ਸਰੋਜ ਨਾਮ ਦੇ ਔਰਤ ਪਾਤਰ ਦੇ ਇਰਦ-ਗਿਰਦ ਘੁੰਮਦੀ ਇਹ ਕਹਾਣੀ ਬੇਹੱਦ ਅਹਿਮ ਪ੍ਰਸ਼ਨ ਉਠਾਉਂਦੀ ਹੈ? ਪ੍ਰਸ਼ਨ ਹੈ - ਕਿ ਸਹੀ ਗ਼ਲਤ, ਨੈਤਿਕ-ਅਨੈਤਿਕ, ਪਵਿੱਤਰ-ਅਪਵਿੱਤਰ ਦੇ ਸਾਰੇ ਮਾਪਦੰਡ ਔਰਤ ਦੀ ਹੋਂਦ ਨਾਲ ਹੀ ਕਿਉਂ ਜੁੜੇ ਹੋਏ ਹਨ? ਕਹਾਣੀ ਦਾ ਸਿਰਲੇਖ ਜੂਠੀ ਵੀ ਇਸੇ ਦਿਸ਼ਾ ਵੱਲ ਸੰਕੇਤ ਕਰਦਾ ਹੈ? ਕਿਸੇ ਮਰਦ ਦਾ ਸਾਥ ਭੋਗਣ ਨਾਲ ਔਰਤ ਜੂਠੀ ਮੰਨ ਲਈ ਜਾਂਦੀ ਹੈ ਪਰੰਤੂ ਕਿਸੇ ਔਰਤ ਦਾ ਸਾਥ ਭੋਗਣ ਨਾਲ ਮਰਦ ਜੂਠਾ ਕਿਉਂ ਨਹੀਂ ਮੰਨਿਆ ਜਾਂਦਾ? ਕੀ ਔਰਤ ਕੋਈ ਸ਼ੈਅ ਹੈ? ਜਿਸਨੂੰ ਸੁੱਚੀ ਜਾਂ ਜੂਠੀ ਵਿਚ ਵੰਡ ਕੇ ਵਿਚਾਰ ਲਿਆ ਜਾਵੇ? ਔਰਤ-ਮਰਦ ਦੇ ਆਪਸੀ ਸੰਬੰਧ ਦੀ ਬੁਨਿਆਦ ਉੱਤੇ ਉਸਰੇ ਇਸ ਸਮਾਜ ਵਿਚ ਔਰਤ-ਮਰਦ ਦੀ ਹਸਤੀ ਸਾਮਾਨ ਕਿਉਂ ਨਹੀਂ? ਸਮਾਜਕ ਵਿਵਸਥਾ ਵਿਚ ਵਿਵਸਥਾ ਬਣਾਏ ਰੱਖਣ ਦਾ ਸਾਰਾ ਦਾਰੋਮਦਾਰ ਔਰਤ ਉੱਤੇ ਹੀ ਕਿਉਂ ਹੈ? ਆਦਿ ਮਾਇਨੇਖੇਜ਼ ਪ੍ਰਸ਼ਨ ਖੜ੍ਹੇ ਕਰਦੀ ਕਹਾਣੀ ਜੂਠੀ ਇਕ ਵਾਰ ਫੇਰ ਤੋਂ ਇਹਨਾਂ ਮਸਲਿਆਂ ਨੂੰ ਮੁੜ ਤੋਂ ਸੋਚਣ ਵਿਚਾਰਨ ਲਈ ਮਜਬੂਰ ਕਰ ਦਿੰਦੀ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਦੋ ਕਹਾਣੀਆਂ ਹਾਫ਼ਟਾਈਮ ਅਤੇ ਆਊਟਸਾਈਡਰ ਜੈਵਿਕ ਲੋੜਾਂ ਅਤੇ ਸਮਾਜਕ ਜ਼ਿੰਮੇਵਾਰੀਆਂ ਦੀ ਕਸ਼ਮਕਸ਼ ਵਿਚ ਉਲਝੀ ਔਰਤ ਮਾਨਸਿਕਤਾ



ਦਾ ਬਿਰਤਾਂਤ ਸਿਰਜਣ ਕਾਰਨ ਸਾਂਝ ਰੱਖਦੀਆਂ ਹਨ? ਇਹਨਾਂ ਦੋਹਾਂ ਕਹਾਣੀਆਂ ਦੀ ਮੁੱਖ ਪਾਤਰ ਵਿਧਵਾ ਹੈ? ਇਹ ਦੋਵੇਂ ਪਾਤਰ ਪ੍ਰਸਥਿਤੀਆਂ ਵੱਸ ਦੋ ਮੁਖ਼ਤਲਿਫ਼ ਦਿਸ਼ਾਵਾਂ ਵਿਚ ਅੱਗੇ ਵੱਧਦੀਆਂ ਹਨ? ਜਿੱਥੇ ਆਊਟਸਾਈਡਰ ਕਹਾਣੀ ਦੀ ਮੁੱਖ ਪਾਤਰ ਪੁਨਰ ਵਿਆਹ ਕਰਵਾਉਂਦੀ ਹੈ ਉੱਥੇ ਹਾਫ਼ਟਾਈਮ ਦੀ ਮੁੱਖ ਪਾਤਰ ਅਜਿਹਾ ਕਦਮ ਉਠਾਉਣ ਤੋਂ ਝਿਜਕਦੀ ਹੋਈ ਆਪਣੇ ਬੱਚਿਆਂ ਨਾਲ ਜ਼ਿੰਦਗੀ ਗੁਜ਼ਾਰਦੀ ਹੈ? ਵੱਖੋ-ਵੱਖ ਰਾਹ ਚੁਣਨ ਦੇ ਬਾਵਜੂਦ ਇਹ ਦੋਵੇਂ ਔਰਤਾਂ ਪੁਰਸਕੂਨ ਨਹੀਂ ਹਨ? ਹਾਰਫ਼ਟਾਈਮ ਕਹਾਣੀ ਦੀ ਮੁੱਖ ਪਾਤਰ ਆਪਣੇ ਧੀ ਪੁੱਤਰ ਦੀ ਬਿਹਤਰ ਪਰਵਰਿਸ਼ ਲਈ ਦਿਨ ਰਾਤ ਇਕੱਲਿਆਂ ਮਿਹਨਤ ਕਰਦੀ ਹੈ? ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਰੱਖਦੀ ਹੈ। ਆਪਣੀਆਂ ਕਾਮਨਾਵਾਂ ਦੀ ਚੁੰਗਲ ਵਿਚ ਫਸਣ ਤੋਂ ਬਚਣ ਲਈ ਨਿਰੰਤਰ ਕੰਮ ਵਿਚ ਉਲਝੀ ਰਹਿੰਦੀ ਹੈ? ਪਰੰਤੂ ਫਿਰ ਵੀ ਬੇਅਰਾਮ ਹੈ? ਉਸਦੀਆਂ ਲਾਲ ਅੱਖਾਂ, ਘੁੰਮੇਟਣੀ ਖਾਂਦਾ ਸਿਰ, ਬਿਸਤਰ ਉੱਤੇ ਪਾਸੇ ਵੱਟਦਾ ਸਰੀਰ ਬੇਆਰਾਮੀ ਦਾ ਹੀ ਪ੍ਰਗਟਾਵਾ ਹੈ? ਉਸਦੀ ਜੁਆਨ ਹੋ ਰਹੀ ਧੀ ਹੌਲੀ-ਹੌਲੀ ਆਪਣੀ ਮਾਂ ਦੀ ਮਾਨਸਿਕ ਅਵਸਥਾ, ਮਨੋਭਾਵਨਾਵਾਂ ਅਤੇ ਜ਼ਰੂਰਤਾਂ ਨੂੰ ਸਮਝਣ ਲਗਦੀ ਹੈ? ਉਸਦੀ ਸਰੀਰਕ ਭਾਸ਼ਾ ਨੂੰ ਪੜ੍ਹਣ ਦੇ ਕਾਬਿਲ ਹੋ ਚੁੱਕੀ ਹੈ? ਉਹ ਆਪਣੀ ਮਾਂ ਨੂੰ ਹਰ ਤਰ੍ਹਾਂ ਦੀ ਝਿਜਕ ਤੋਂ ਮੁਕਤ ਕਰਨ ਲਈ ਯਤਨਸ਼ੀਲ ਰਹਿੰਦੀ ਹੈ ਅਤੇ ਉਸਨੂੰ ਇਹ ਅਹਿਸਾਸ ਕਰਵਾਉਂਦੀ ਹੈ ਕਿ ਇਹ ਉਸਦੀ ਜ਼ਿੰਦਗੀ ਦਾ ਅੰਤ ਨਹੀਂ ਬਲਕਿ ਹਾਫ਼ਟਾਈਮ ਦੀ ਸ਼ੁਰੂਆਤ ਹੈ।

ਆਊਟਸਾਈਡਰ ਕਹਾਣੀ ਦੀ ਮੈਂ ਪਾਤਰ ਘਰਦਿਆਂ ਦੇ ਜ਼ੋਰ ਪਾਉਣ ਉੱਤੇ ਦੇਵ ਨਾਮ ਦੇ ਦਹਾਜੂ ਨਾਲ ਦੂਸਰਾ ਵਿਆਹ ਕਰਵਾ ਲੈਂਦੀ ਹੈ? ਆਪਣੇ ਬੱਚੇ ਸੰਦੀਪ ਨੂੰ ਮਜਬੂਰਨ ਮਾਂ ਦੇ ਘਰ ਛੱਡ ਦੇਵ ਦੇ ਬੱਚਿਆਂ ਨੂੰ ਮਾਂ ਵਾਲਾ ਪਿਆਰ ਦਿੰਦੀ ਹੈ? ਉਹਨਾਂ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਦੀ ਹੈ? ਦੇਵ ਦੇ ਮਕਾਨ ਨੂੰ ਘਰ ਵਿਚ ਤਬਦੀਲ ਕਰਨ ਦੀ ਕੋਈ ਕਸਰ ਨਹੀਂ ਛੱਡਦੀ ਹੈ ਪਰੰਤੂ ਆਪਣੀ ਜ਼ਿੰਦਗੀ ਦੇ ਪੰਦਰਾਂ ਸਾਲ ਦੇਵ ਅਤੇ ਉਸਦੇ ਬੱਚਿਆਂ ਨੂੰ ਦੇਣ ਦੇ ਬਾਵਜੂਦ ਉਹ ਖ਼ੁਦ ਉਹਨਾਂ ਦੀ ਜ਼ਿੰਦਗੀ ਅਤੇ ਘਰ ਵਿਚ ਆਊਟਸਾਈਡਰ ਹੋਣ ਦਾ ਸੰਤਾਪ ਹੰਢਾਉਂਦੀ ਹੈ? ਉਹਨਾਂ ਤੋਂ ਖ਼ੌਫ਼ਜ਼ਦਾ ਰਹਿੰਦੀ ਹੈ? ਇਹ ਸੰਤਾਪ ਉਦੋਂ ਹੋਰ ਵੀ ਡੂੰਘੇਰਾ ਹੋ ਜਾਂਦਾ ਹੈ ਜਦ ਉਹ ਸ਼ਰਾਬ ਦੇ ਨਸ਼ੇ ਵਿਚ ਚੂਰ ਦੇਵ ਦੇ ਮੂੰਹੋਂ ਆਪਣੇ ਬਾਰੇ ਉਸਦੇ ਦੋਸਤ ਨੂੰ ਆਖੇ ਅਗਲੇਰੇ ਸ਼ਬਦਾਂ ਨੂੰ ਸੁਣਦੀ ਹੈ, "ਮੈਂ ਤਾਂ ਖੱਟ ਲਿਆ? ਪਟੋਲੇ ਵਰਗੀ ਜਨਾਨੀ ਮਿਲ ਗਈ? ਆਉਂਦੀ ਨੇ ਘਰ ਬਾਰ ਸਾਂਭ ਲਿਆ? ਮੁੰਡਿਆਂ ਦਾ ਪੂਰਾ ਖ਼ਿਆਲ ਰੱਖਦੀ? ਇਹਦੇ ਮੁੰਡੇ ਸੰਦੀਪ ਨੂੰ ਉਹਦੀ ਨਾਨੀ ਦੇ ਹਵਾਲੇ ਕੀਤਾ ਹੋਇਆ? ਵੱਡਾ ਡਰ ਤਾਂ ਨਿਆਣੇ ਦਾ ਹੁੰਦਾ? ਨਿਆਣਾ ਜਮਾਉਣ ਵਾਲਾ ਕਜੀਆ ਤਾਂ ਮੈਂ ਅੰਮ੍ਰਿਤ ਦੇ ਹੁੰਦਿਆਂ ਹੀ ਸਦਾ ਸਦਾ ਲਈ ਨਬੇੜ ਦਿੱਤਾ ਸੀ? ਹੁਣ ਸੁੱਕੀਆਂ ਮੌਜਾਂ ਲਈਦੀਆਂ . . . . ?"4 ਦੇਵ ਦੇ ਆਖੇ ਇਹ ਸ਼ਬਦ ਉਸਦੀ ਮਾਨਸਿਕਤਾ ਨੂੰ ਝੰਜੋੜ ਸੁੱਟਦੇ ਹਨ? ਉਸਦੀ ਅੰਤਰ ਆਤਮਾ ਕੁਰਲਾ ਉੱਠਦੀ ਹੈ? ਉਹ ਪਿਛਲੇ ਪੰਦਰਾਂ ਸਾਲਾਂ ਵਿਚ ਕੀ ਖੱਟਣ ਅਤੇ ਕੀ ਗੁਆਉਣ ਦੇ ਹਿਸਾਬ-ਕਿਤਾਬ ਵਿਚ ਉਲਝ ਕੇ ਰਹਿ ਜਾਂਦੀ ਹੈ? ਜਿੱਥੇ ਹਾਫ਼ਟਾਈਮ ਕਹਾਣੀ ਵਿਚ ਔਰਤ ਦੀਆਂ ਜੈਵਿਕ ਜ਼ਰੂਰਤਾਂ ਉਸਦੀ ਅਸ਼ਾਂਤੀ ਦਾ ਕਾਰਨ ਬਣਦੀਆਂ ਹਨ? ਉੱਥੇ ਆਊਟਸਾਈਡਰ ਕਹਾਣੀ ਦੱਬੇ ਲਹਿਜ਼ੇ ਵਿਚ ਕਹਿ ਜਾਂਦੀ ਹੈ ਕਿ ਮਹਿਜ਼ ਜੈਵਿਕ ਜ਼ਰੂਰਤਾਂ ਦੀ ਪੂਰਤੀ ਹੀ ਕਾਫ਼ੀ ਨਹੀਂ ਹੁੰਦੀ? ਜਿਸਮਾਨੀ ਰਿਸ਼ਤਾ ਰੂਹ ਦੀ ਖ਼ੁਰਾਕ ਪੂਰਿਆਂ ਨਹੀਂ ਕਰ ਸਕਦਾ।

ਹੋਂਦ ਅਤੇ ਸਿਆਸਤ ਖੇਡ ਬਾਬਾ, ਸਿਆਸਤ ਕਹਾਣੀਆਂ ਆਪਣੇ ਸਮਕਾਲੀ ਥੀਮ ਕਰਕੇ ਸੰਗ੍ਰਹਿ ਦੀਆਂ ਹੋਰਨਾਂ ਕਹਾਣੀਆਂ ਨਾਲੋਂ ਵੱਖਰਤਾ ਰੱਖਦੀਆਂ ਹਨ? ਇਹ ਪੰਜਾਬੀ ਪਰਿਵੇਸ਼ ਤੇ ਸਿਆਸਤ ਵਿਚ ਉਭਰ ਰਹੇ ਮਾਰੂ ਰੁਝਾਨਾਂ ਨੂੰ ਬਿਆਨਦੀਆਂ ਹਨ? ਇਹਨਾਂ ਦੋਹਾਂ ਕਹਾਣੀਆਂ ਵਿਚ ਮਨੁੱਖੀ ਵਿਹਾਰ ਵਿਚਲੇ ਨਿਘਾਰ ਨੂੰ ਕ੍ਰਮਵਾਰ ਵਿੱਦਿਅਕ ਅਤੇ ਸਿਆਸੀ ਖੇਤਰ ਦੇ ਪ੍ਰਸੰਗ ਵਿਚ ਪ੍ਰਗਟਾਇਆ ਗਿਆ ਹੈ? ਇਹ ਕਹਾਣੀਆਂ ਪੰਜਾਬੀ ਸਮਾਜ, ਸੰਸਕ੍ਰਿਤੀ, ਮੁੱਲਾਂ ਆਧਾਰਿਤ ਸਿਆਸਤ ਦੀ ਹੋਂਦ ਦੇ ਢਹਿਢੇਰੀ ਹੋ ਜਾਣ ਦੇ ਖ਼ਤਰੇ ਪ੍ਰਤੀ ਸੁਚੇਤ ਕਰਦੀਆਂ ਹਨ।

ਹੋਂਦ ਕਹਾਣੀ ਹੋਂਦ ਸਥਾਪਤੀ ਦੀ ਜੱਦੋ-ਜਹਿਦ ਵਿਚ ਲੱਗੇ ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਤਬਕੇ ਦੀ ਨਿਰਾਸ਼ਾਮਈ ਸਥਿਤੀ ਉੱਤੇ ਝਾਤ ਪਾਉਂਦੀ ਹੈ? ਇਹ ਲਾਭ ਸਿੰਹੁ ਧੀਮਾਨ ਨਾਮ ਦੇ ਪਾਤਰ ਦੀ ਕਹਾਣੀ ਹੈ? ਜਿਸਨੇ ਐਮ.ਏ. ਅਤੇ ਪੀਐੱਚ.ਡੀ. ਪੰਜਾਬੀ ਦੀ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਹੈ? ਲਾਭ ਸਿੰਹੁ ਪੈਂਤੀ ਸਾਲਾਂ ਦਾ ਹੋ ਚੁੱਕਾ ਹੈ? ਪਰੰਤੂ ਅਜੇ ਤਕ ਸੈੱਟ ਨਹੀਂ ਹੋ ਪਾਇਆ ਹੈ? ਉਹ ਪਿਛਲੇ ਸੱਤਾਂ ਸਾਲਾਂ ਤੋਂ ਐਡਹਾੱਕ ਉੱਤੇ ਕੰਮ ਕਰ ਰਿਹਾ ਹੈ ਜਿਸਦੇ ਬਦਲੇ ਉਸਨੂੰ ਬੜੀ ਮਾਮੂਲੀ ਜਿਹੀ ਤਨਖ਼ਾਹ ਮਿਲਦੀ ਹੈ? ਉਹ ਹਰ ਸਾਲ ਪੱਕੀ ਨੌਕਰੀ ਲਈ ਪੰਜ ਛੇ ਥਾਈਂ ਇੰਟਰਵਿਊ ਦੇਣ ਜਾਂਦਾ ਪਰੰਤੂ ਕਦੇ ਵੀ ਰੱਖਿਆ ਨਹੀਂ ਜਾਂਦਾ? ਵਜ੍ਹਾ ਉਸ ਵਿਚ ਕਾਬਲੀਅਤ ਦੀ ਘਾਟ ਨਹੀਂ ਹੈ ਬਲਕਿ ਸਿਫ਼ਾਰਸ਼ ਦੀ ਘਾਟ ਹੈ? ਉਸਦੀ ਥਾਂ ਉੱਤੇ ਘੱਟ ਪੜ੍ਹੇ-ਲਿਖੇ ਕੈਂਡੀਡੇਟ ਚੁਣ ਲਏ ਜਾਂਦੇ ਹਨ? ਕਹਿੰਦੇ ਕਹਾਉਂਦੇ ਬੰਦਿਆਂ ਦੀਆਂ ਸਿਫ਼ਾਰਸ਼ਾਂ ਅਤੇ ਸਿਆਸੀ ਲੀਡਰਾਂ ਕਾਰਨ ਉਸਦਾ ਭਵਿੱਖ ਦਾਅ ਉੱਤੇ ਲੱਗ ਚੁੱਕਾ ਹੈ? ਲੰਮੇ ਸਮੇਂ ਤੋਂ ਅਜਿਹੇ ਹਾਲਾਤ ਦਾ ਸਾਹਮਣਾ ਕਰ ਰਿਹਾ ਲਾਭ ਸਿੰਘ ਹੁਣ ਨਿਰਾਸ਼ ਹੋ ਚੁੱਕਾ ਹੈ? ਉਸਦੀ ਮਾਨਸਿਕ ਸ਼ਾਂਤੀ ਗੁੰਮ-ਗੁਆਚ ਗਈ ਹੈ ਅਤੇ ਬੈਚੇਨੀ ਨੇ ਉਸਨੂੰ ਆਣ ਘੇਰਿਆ ਹੈ? ਉਸਦੇ ਕਾਲਜ ਪੜ੍ਹਦਿਆਂ ਲਏ ਗਏ ਚੰਗੀ ਨੌਕਰੀ, ਚੰਗੇ ਕੱਪੜਿਆਂ, ਪਦਾਰਥਕ ਖ਼ੁਸ਼ਹਾਲੀ ਦੇ ਸੁਪਨੇ ਤਿੜਕਣ ਲੱਗੇ ਹਨ? ਆਪਣੇ ਪੜ੍ਹੇ-ਲਿਖੇ ਲਿਆਕਤ ਭਰਪੂਰ ਬੱਚੇ ਦੀ ਇਹ ਦੁਰਦਸ਼ਾ ਵੇਖ ਕੇ ਉਸਦੇ ਪਿਤਾ ਕੁਲਦੀਪ ਸਿੰਹੁ ਦਾ ਹੌਂਸਲਾ ਵੀ ਜੁਆਬ ਦੇਣ ਲੱਗਾ ਹੈ? ਦੋਵੇਂ ਪਿਤਾ ਪੁੱਤਰ ਇਕ ਦੂਸਰੇ ਦੀ ਅਜਿਹੀ ਹਾਲਤ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਮੰਨਦੇ ਹਨ? ਪਰੰਤੂ ਕਹਾਣੀਕਾਰ ਸਮੁੱਚੇ ਕਹਾਣੀ ਬਿਰਤਾਂਤ ਵਿਚੋਂ ਇਕ-ਇਕ ਕਰਕੇ ਉਹਨਾਂ ਕਾਰਕਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਪਿਤਾ ਪੁੱਤਰ ਦੇ ਅਸਲ ਗੁਨਾਹਗਾਰ ਹਨ? ਰਿਸ਼ਵਤਾਂ ਅਤੇ ਸਿਫ਼ਾਰਸ਼ਾਂ ਨਾਲ ਸਰਾਬੋਰ ਪੱਖਪਾਤੀ ਸਿਸਟਮ? ਅਜਿਹਾ ਸਿਸਟਮ ਜਿਸ ਵਿਚ ਸਿਸਟਮ ਹੀ ਗੈਰ ਹਾਜ਼ਰ ਹੈ ਜੋ ਕਹਿੰਦੇ ਕਹਾਉਂਦੇ ਬੰਦਿਆਂ ਮੁਤਾਬਕ ਢਲ ਜਾਂਦਾ ਹੈ ਜਾਂ ਇਉਂ ਕਹਿ ਲਓ ਢਾਲ ਲਿਆ ਜਾਂਦਾ ਹੈ? ਵਿੱਦਿਆ ਦਾ ਵਪਾਰੀਕਰਨ, ਕਾਲਜ ਮੈਨਜਮੈਂਟਾ ਦਾ ਤਾਨਾਸ਼ਾਹੀ ਰਵੱਈਆ, ਗਲਤ ਸਿਆਸੀ ਵਿੱਦਿਅਕ ਨੀਤੀਆਂ ਅਤੇ ਇਸ ਸਭ ਦੀ ਪਿੱਠਭੂਮੀ ਵਿਚ ਸਕ੍ਰਿਅ ਗਲੋਬਲੀ ਵਰਤਾਰਾ ਜਿਸਨੇ ਸਥਾਨਕ ਹੋਂਦਾਂ ਨੂੰ ਤਹਿਸ-ਨਹਿਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਆਦਿ ਬਹੁ-ਕਾਰਕਾਂ ਤੋਂ ਪਰਦਾ ਲਾਹੁੰਦੀ ਇਹ ਕਹਾਣੀ ਮੌਜੂਦਾ ਸਮੇਂ ਦੇ ਕੌੜੇ ਸੱਚ ਨੂੰ ਰੂਪਮਾਨ ਕਰਦੀ ਹੈ।

ਸਿਆਸਤ ਖੇਡ ਬਾਬਾ, ਸਿਆਸਤ ਕਹਾਣੀ ਜਿੰਦਰ ਦੀਆਂ ਪਹਿਲਾਂ ਲਿਖੀਆਂ ਜ਼ਿਕਰਯੋਗ ਕਹਾਣੀਆਂ ਵਿਚੋਂ ਇਕ ਸਿਰ ਦੀ ਅੱਗ ਦੀ ਪੁਨਰ ਸਿਰਜਨਾ ਹੈ? ਇਹ ਕਹਾਣੀ ਦਲਿਤਾਂ ਵਿਚ ਆ ਰਹੀ ਸਮਾਜੀ ਸਿਆਸੀ ਚੇਤਨਾ ਅਤੇ ਇਸਨੂੰ ਦਰਪੇਸ਼ ਵੰਗਾਰਾਂ ਨੂੰ ਬਹੁਕੋਣਾਂ ਤੋਂ ਉਲੀਕਣ ਕਾਰਨ ਵਿਸ਼ੇਸ਼ ਹੈ? ਇਹ ਕਹਾਣੀ ਪੂਰਵ ਵੈਦਿਕ ਕਾਲ ਤੋਂ ਸਿਮਰਤੀਆਂ ਤਕ



ਦਲਿਤਾਂ ਨੂੰ ਦਲਿਤ ਬਣਾਏ ਰੱਖਣ ਲਈ ਜ਼ਿੰਮੇਵਾਰ ਕਾਰਨਾਂ, ਬਦਲਾਵ ਦੀ ਚਿਣਗ ਲਾਉਣ ਵਾਲੇ ਸਮਾਜੀ ਸਿਆਸੀ ਪ੍ਰੇਰਕਾਂ, ਆਰਥਿਕ ਤੌਰ ਉੱਤੇ ਮਜ਼ਬੂਤ ਦਲਿਤ ਧਿਰ ਦੀ ਮਾਨਸਿਕਤਾ ਵਿਚ ਸਰਮਾਏਦਾਰੀ ਪ੍ਰਬੰਧ ਦੀ ਪਛਾਣ ਬਣਨ ਵਾਲੀਆਂ ਅਲਾਮਤਾਂ ਦੇ ਪਨਪਣ ਕਾਰਨ ਉਨ੍ਹਾਂ ਦੇ ਮੌਜੂਦਾ ਸਿਆਸੀ ਪ੍ਰਬੰਧ ਦੇ ਹਿਮਾਇਤੀ ਬਣ ਬੈਠਣ ਆਦਿ ਦੀਆਂ ਮਹੀਨ ਪਰਤਾਂ ਨੂੰ ਇਕ-ਇਕ ਕਰਕੇ ਉਧੇੜਦੀ ਹੈ? ਜਿੱਥੇ ਸਿਰ ਦੀ ਅੱਗ ਕਹਾਣੀ ਦਾ ਅੰਦਾਜ਼ੇ-ਬਿਆਂ ਸੰਕੇਤਕੀ ਤੇ ਸੰਜਮੀ ਹੈ, ਉੱਥੇ ਸਿਆਸਤ ਖੇਡ ਬਾਬਾ, ਸਿਆਸਤ ਕਹਾਣੀ ਸੰਕੇਤਾਂ ਨੂੰ ਖੋਲ ਕੇ ਪ੍ਰਗਟਾਉਣ ਦਾ ਰੁਝਾਨ ਰੱਖਦੀ ਹੈ? ਕਹਾਣੀ ਦਾ ਖ਼ਾਸਾ ਹੀ ਇਸਦਾ ਸੰਕੇਤਕੀ ਤੇ ਸੰਜਮੀ ਸੁਭਾਅ ਹੁੰਦਾ ਹੈ? ਇਹੀ ਵਜ੍ਹਾ ਹੈ ਕਿ ਇਕੋ ਆਧਾਰਭੂਮੀ ਉੱਤੇ ਉਸਰੀਆਂ ਇਹਨਾਂ ਦੋਹਾਂ ਕਹਾਣੀਆਂ ਵਿਚੋਂ ਸਿਰ ਦੀ ਅੱਗ ਮੂਹਰੇ ਖੜੀ ਨਜ਼ਰ ਆਉਂਦੀ ਹੈ।

ਮੈਨੂੰ ਸਭ ਪਤਾ ਇਸ ਕਹਾਣੀ-ਸੰਗ੍ਰਹਿ ਦੀ ਇਕ ਭਾਵਪੂਰਤ ਕਹਾਣੀ ਹੈ? ਅੰਤਰਮਨ ਨੂੰ ਟੁੰਬਣ ਵਾਲੀ ਕਹਾਣੀ? ਇਹ ਕਹਾਣੀ ਮਾਂ ਦੇ ਬਿੰਬ ਨੂੰ ਰੂਪਮਾਨ ਕਰਦੀ ਹੈ? ਉਸਦੇ ਨਕਸ਼ਾਂ ਨੂੰ ਉਘਾੜਦੀ ਹੈ? ਮਾਂ ਦੇ ਆਪਣੇ ਬੱਚਿਆਂ ਪ੍ਰਤੀ ਅਸੀਮ ਪਿਆਰ, ਲਗਾਵ, ਸਮਰਪਨ, ਦੀ ਤਸਵਰੀਕਸ਼ੀ ਕਰਦੀ ਹੈ? ਇਹ ਕਹਾਣੀ ਬਹੁਤਾ ਕੁਝ ਨਾ ਕਹਿ ਕੇ ਬਹੁਤ ਕੁਝ ਕਹਿ ਜਾਂਦੀ ਹੈ? ਇਹੀ ਇਸਦੀ ਖ਼ੂਬੀ ਵੀ ਹੈ ਅਤੇ ਵਿਲੱਖਣਤਾ ਵੀ? ਇਸ ਕਹਾਣੀ ਦਾ ਸਰਲ ਪਰੰਤੂ ਗਹਿਨ ਬਿਰਤਾਂਤ, ਸਾਦ ਮੁਰਾਦੀ ਸ਼ੈਲੀ, ਹਰ ਪਾਠਕ ਵਰਗ ਦੇ ਦਿਲ ਤੱਕ ਪਹੁੰਚ ਕਰ ਸਕਣ ਦੀ ਸਮਰੱਥਾ ਇਸਨੂੰ ਖ਼ਾਸ ਬਣਾਉਂਦੀ ਹੈ? ਸਿਆਸਤ ਖੇਡ , ਸਿਆਸਤ ਕਹਾਣੀ ਸੰਗ੍ਰਹਿ ਦੀਆਂ ਅੰਤਲੀਆਂ ਦੋ ਕਹਾਣੀਆਂ ਕੰਡੇ ਅਤੇ ਬਨਵਾਸ ਤਨ ਅਤੇ ਮਨ ਉੱਤੇ ਪਰਵਾਸ ਅਤੇ ਸੰਤਾਲੀ ਦੀ ਵੰਡ ਦਾ ਸੰਤਾਪ ਹੰਢਾਉਂਦੇ ਪੰਜਾਬੀਆਂ ਦੀ ਦਾਸਤਾਨ ਉਲੀਕਦੀਆਂ ਹਨ? ਬਨਵਾਸ ਕਹਾਣੀ ਸੰਕੇਤਕੀ ਅੰਦਾਜ਼ ਵਿਚ ਇਹ ਵੀ ਪ੍ਰਗਟਾ ਜਾਂਦੀ ਹੈ ਕਿ ਪਰਵਾਸ ਹੁਣ ਮਹਿਜ਼ ਪੰਜਾਬੀਆਂ ਦੀ ਮਜਬੂਰੀ ਨਹੀਂ ਇੱਛਾ ਬਣ ਚੁੱਕਾ ਹੈ? ਕੀ ਇਹ ਬਦਲਾਵ ਉਸਾਰੂ ਹੈ? ਨਿਰਸੰਦੇਹ ਇਸ ਬਾਰੇ ਸੋਚਣ ਦੀ ਲੋੜ ਹੈ?

ਸਮੁੱਚੇ ਰੂਪ ਵਿਚ ਸਿਆਸਤ ਖੇਡ, ਸਿਆਸਤ ਕਹਾਣੀ ਸੰਗ੍ਰਹਿ ਆਪਣੀ ਰਚਨਾ ਵਸਤੂ, ਬਿਰਤਾਂਤਕੀ ਸੰਗਠਨ ਅਤੇ ਸੰਚਾਰ ਦੀ ਵਿਧੀ ਸਦਕਾ ਕਾਬਿਲੇ ਗੌਰ ਹੈ? ਨਿੱਕੇ ਤੋਂ ਨਿੱਕਾ ਖ਼ਿਆਲ, ਜਜ਼ਬਾ, ਮਨੋਭਾਵ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਆਧਾਰਭੂਮੀ ਬਣਿਆ ਹੈ? ਰਚਨਾ ਵਸਤੂ ਦੇ ਨਾਲ-ਨਾਲ ਰਚਨਾ ਦ੍ਰਿਸ਼ਟੀ ਦੀ ਮੌਲਿਕਤਾ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਪਛਾਣਮੂਲਕ ਤੱਤ ਹਨ? ਇਹ ਕਹਾਣੀਆਂ ਮਨੁੱਖੀ ਮਾਨਸਿਕਤਾ ਵਿਚ ਵਿਚਾਰਾਂ ਦੀ ਨਵੀਨ ਝਰਨਾਹਟ ਛੇੜਣ ਦੀ ਸਮਰੱਥਾ ਕਾਰਨ ਵਿਸ਼ੇਸ਼ ਹਨ? ਇਹ ਜਿੱਥੇ ਸਮਾਜ ਸੰਸਕ੍ਰਿਤੀ ਦੇ ਬਣੇ ਬਣਾਏ ਚੌਖਟਿਆਂ ਸਨਮੁੱਖ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ ਉੱਥੇ ਪੰਜਾਬੀ ਸਮਾਜ ਸੰਸਕ੍ਰਿਤੀ ਉੱਤੇ ਮੰਡਰਾ ਰਹੇ ਖ਼ਤਰਿਆਂ ਪ੍ਰਤੀ ਸੁਚੇਤ ਕਰਦੇ ਹੋਏ ਆਪਣੀ ਸਮਾਜਕ ਜ਼ਿੰਮੇਵਾਰੀ ਵੀ ਬਾਖ਼ੂਬੀ ਨਿਭਾਉਂਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1. **ਜਿੰਦਰ**, ਸਿਆਸਤ **ਖੇਡ**, **ਸਿਆਸਤ**, ਪੰਨਾ 14.
2. **ਉਹੀ**, ਪੰਨਾ 9.
3. **ਉਹੀ**, ਪੰਨਾ 29.
4. **ਉਹੀ**, ਪੰਨਾ 89.

# ਜਰਨੈਲ ਸਿੰਘ ਦੀ ਕਥਾ-ਦ੍ਰਿਸ਼ਟੀ

**-ਡਾ. ਸਰਬਜੀਤ ਕੌਰ**

ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਜਰਨੈਲ ਸਿੰਘ ਦਾ ਨਾਂ ਇਕ ਪ੍ਰੋਢ ਕਹਾਣੀਕਾਰ ਦੇ ਤੌਰ ਤੇ ਲਿਆ ਜਾ ਸਕਦਾ ਹੈ । ਜਰਨੈਲ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਕਨੈਡਾ ਵਿਚ ਪੱਕੇ ਤੌਰ ਤੇ ਵਸੇਬਾ ਕਰ ਚੁੱਕਾ ਹੈ। ਪਰ ਉਸਨੇ ਆਪਣੀ ਉਮਰ ਦੇ ਪਹਿਲੇ ਪੰਜ ਦਹਾਕੇ ਦੇਸ਼ ਵਿਚ ਹੀ ਬਤੀਤ ਕੀਤੇ। ਦੇਸ਼ ਵਿਚ ਰਹਿੰਦਿਆਂ ਉਸਨੇ ਫੌਜ ਵਿਚ ਅਤੇ ਬੈਂਕ ਵਿਚ ਨੌਕਰੀ ਕੀਤੀ। 1981 ਤੋਂ 1987 ਈਸਵੀ ਤੱਕ, ਉਸਦੀ ਕਹਾਣੀ ਰਚਨਾ ਦਾ ਮੁਢਲਾ ਕਾਲ ਸੀ। ਇਸ ਸਮੇਂ ਦੌਰਾਨ ਉਸਨੇ **ਮੈਨੂੰ ਕੀ**, **ਮਨੁੱਖ ਤੇ ਮਨੁੱਖ**, **ਸਮੇਂ ਦੇ ਹਾਣੀ** ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

ਜਰਨੈਲ ਸਿੰਘ ਦੇ ਕੁਝ ਅਰਸਾ ਭਾਰਤੀ ਫੌਜ ਦੇ ਮਹਿਕਮੇ ਵਿਚ ਸੇਵਾ ਨਿਭਾਉਣ ਕਾਰਨ ਉਸ ਦੀਆਂ ਮੁੱਢਲੀਆਂ ਗਲਪ ਰਚਨਾਵਾਂ ਜੰਗ, ਅਮਨ ਅਤੇ ਫੌਜੀ ਜੀਵਨ ਨੇੜਲੀਆਂ ਝਾਤ ਪਾਉਂਦੀਆਂ ਹਨ। ਪੇਂਡੂ ਜੀਵਨ ਨਾਲ ਸੰਬੰਧਿਤ ਹੋਣ ਕਰਕੇ ਉਸਦੀਆਂ ਕਹਾਣੀਆਂ ਵਿਚ ਉਹਨਾਂ ਪਰਿਵਾਰਾਂ ਦੇ ਜੀਵਨ ਬਿਰਤਾਂਤਾਂ ਨੂੰ ਉਲੀਕਿਆ ਗਿਆ ਹੈ ਜਿਹੜੇ ਹੇਠਲੇ ਵਰਗ ਦੀ ਕਿਸਾਨੀ ਦੀ ਗੁਰਬਤ ਅਤੇ ਆਰਥਿਕ ਸੰਕਟਾਂ ਵਿਚ ਬਿਖਰੇ ਹੋਏ ਜੀਵਨ ਬਤੀਤ ਕਰਦੇ ਹਨ। ਜਰਨੈਲ ਸਿੰਘ ਨੇ ਜਦੋਂ ਪਰਵਾਸ ਧਾਰਨ ਕੀਤਾ ਤਾਂ ਉਸਦੀ ਰਚਨਾਤਮਕ ਯੋਗਤਾ ਵਿਚ ਵੱਡਾ ਮੋੜ ਆਉਂਦਾ ਹੈ। ਉਹ ਕਿਸੇ ਵਿਸ਼ੇਸ਼ ਵਿਚਾਰਧਾਰਾਈ ਪੈਂਤੜੇ ਨਾਲ ਪ੍ਰਤੀਬੱਧ ਰੂਪ ਵਿਚ ਜੁੜਿਆ ਹੋਇਆ ਨਹੀਂ। ਉਸਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਆਪਣੀ ਜਿੰਦਗੀ ਦੇ ਆਲੇ-ਦੁਆਲੇ ਵਿਚਰ ਰਹੇ ਪਾਤਰਾਂ ਦੀ ਯਥਾਰਥਕ ਹੋਣੀ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਦੀ ਯੋਗਤਾ ਰੱਖਦਾ ਹੈ।

ਜਰਨੈਲ ਸਿੰਘ ਨੇ ਦੇਸ਼ 'ਚ ਰਹਿੰਦਿਆਂ ਆਪਣੇ ਪਹਿਲੇ ਤਿੰਨ ਕਹਾਣੀ ਸੰਗ੍ਰਹਿਆਂ ਵਿਚ ਮੁੱਖ ਤੌਰ ਤੇ ਛੋਟੇ ਕਿਰਸਾਨੀ ਜੀਵਨ ਦੀ ਆਰਥਿਕ ਮੰਦੀ, ਕਮਜ਼ੋਰ ਪ੍ਰਸ਼ਾਸ਼ਨ, ਭ੍ਰਿਸ਼ਟਾਚਾਰ, ਸਰਕਾਰਾਂ ਦੀ ਕਿਸਾਨਾਂ ਪ੍ਰਤੀ ਬੇਰੁਖੀ, ਭਾਰਤੀ ਧਰਤੀ ਦਾ ਦਿਨ-ਬ-ਦਿਨ ਬੰਜ਼ਰ ਬਣਨਾ, ਕਦਰਾਂ-ਕੀਮਤਾਂ 'ਚ ਆ ਰਿਹਾ ਨਿਘਾਰ, ਸੰਯੁਕਤ ਪਰਿਵਾਰਾਂ ਦਾ ਟੁੱਟਣਾ, ਫੌਜੀ ਜੀਵਨ ਦੀਆਂ ਦੁਸ਼ਵਾਰੀਆਂ ਆਦਿ ਨੂੰ ਉਜਾਗਰ ਕੀਤਾ ਹੈ। ਇਹਨਾਂ ਕਹਾਣੀ ਸੰਗ੍ਰਹਿਆਂ ਵਿਚ ਫੌਜੀ ਜੀਵਨ ਅਤੇ ਕਿਰਸਾਨੀ ਜੀਵਨ ਨਾਲ ਸੰਬੰਧਿਤ ਵਿਸ਼ਿਆਂ ਦੀ ਪ੍ਰਧਾਨਤਾ ਹੈ। ਉਸਨੇ ਸਮਾਜਿਕ ਮਸਲਿਆਂ ਨੂੰ ਲੈ ਕੇ ਵੀ ਕਹਾਣੀ ਦੀ ਸਿਰਜਣਾ ਕੀਤੀ ਹੈ। ਉਸਦੀਆਂ ਕੁਝ ਕਹਾਣੀਆਂ ਆਕਾਰ ਪੱਖੋਂ ਛੋਟੀਆਂ ਹਨ। ਵਿਸ਼ਾ ਵੀ ਨਾ-ਮਾਤਰ ਹੈ। ਕਈ ਵਾਰੀ ਤਾਂ ਇਹਨਾਂ 'ਚੋਂ ਵਿਸ਼ਾ ਜਾਂ ਥੀਮ ਲੱਭਣਾ ਮੁਸ਼ਕਿਲ ਜਿਹਾ ਹੋ ਜਾਂਦਾ ਹੈ। ਕਹਾਣੀਕਾਰ ਦੀ ਕਥਾ-ਦ੍ਰਿਸ਼ਟੀ ਦੀ ਇਹ ਵਿਸ਼ੇਸਤਾ ਹੈ ਕਿ ਉਹ ਇਹਨਾਂ ਦੋਹਾਂ ਨੂੰ ਬੜੀ ਸੂਖਮਤਾ ਨਾਲ ਪੇਸ਼ ਕਰਦਾ ਹੈ। ਇਸ ਤੋਂ ਸ਼ਪੱਸਟ ਹੁੰਦਾ ਹੈ ਕਿ ਉਹ ਵਿਅਕਤੀ-ਸਮਾਜ ਦੇ ਬਾਹਰੀ ਪਾਸਾਰਾਂ ਨੂੰ ਹੀ ਪੇਸ਼ ਨਹੀਂ ਕਰਦਾ ਬਲਕਿ ਲੁਕਵੇਂ ਪੱਖਾਂ ਨੂੰ ਉਘਾੜਕੇ ਸਾਹਮਣੇ ਰੱਖਦਾ ਹੈ। ਉਹ ਜਦੋਂ ਕਹਾਣੀ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਾਧਾਰਨ ਪਾਤਰਾਂ ਦੀ ਸਾਧਾਰਨਤਾ ਅਤੇ ਹੋਣੀ ਨੂੰ ਜੱਗ ਜ਼ਾਹਿਰ ਕਰਦਾ ਹੈ।

1988 ਵਿਚ ਜਰਨੈਲ ਸਿੰਘ ਨੇ ਕੈਨੇਡਾ ਵਿਚ ਪਰਵਾਸ ਧਾਰਨ ਕੀਤਾ ਤਾਂ ਇਕ ਦਹਾਕੇ ਦੇ ਕਰੀਬ ਉਸਨੂੰ ਸਥਾਪਿਤ ਹੋਣ ਲਈ ਸੰਘਰਸ਼ ਕਰਨਾ ਪਿਆ। ਸੰਘਰਸ਼ ਦਾ ਇਹ ਸਮਾਂ ਉਸਦੀ



ਸਾਹਿਤ ਸਿਰਜਨਾ ਲਈ ਵਰਦਾਨ ਸਾਬਿਤ ਹੋਇਆ। ਪਰਵਾਸੀ ਜੀਵਨ ਦੇ ਕੌੜੇ ਕਸੈਲੇ ਅਨੁਭਵ ਅਤੇ ਤਜਰਬੇ ਨੂੰ ਉਸਨੇ (**ਦੋ ਟਾਪੂ 1999**), (**ਟਾਵਰਜ 2005**), (**ਕਾਲੇ ਵਰਕੇ 2016**) ਆਦਿ ਕਹਾਣੀ ਸੰਗ੍ਰਹਿਆਂ ਵਿਚ ਯਥਾਰਥਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ। ਇਹਨਾਂ ਕਹਾਣੀ ਸੰਗ੍ਰਹਿ ਦੇ ਪ੍ਰਕਾਸ਼ਨ ਹੋਣ ਨਾਲ ਉਸਦੀ ਸਾਹਿਤ ਜਗਤ ਵਿਚ ਵਿਸ਼ੇਸ਼ ਪਹਿਚਾਣ ਬਣੀ। ਇਸਦਾ ਕਾਰਨ ਇਹ ਸੀ ਕਿ ਪਹਿਲੇ ਤਿੰਨ ਕਹਾਣੀ ਸੰਗ੍ਰਹਿਆਂ ਦੀ ਸਿਰਜਣਾ ਸਮੇਂ ਉਸਦੀ ਦ੍ਰਿਸ਼ਟੀ ਦਾ ਦਾਇਰਾ ਸੀਮਿਤ ਸੀ। ਕੁਝ ਕਹਾਣੀਆਂ ਬਹੁਤ ਸਾਧਾਰਨ ਸਨ, ਕੁਝ ਘਰੇਲੂ; ਜਿਵੇਂ ਹੱਕ, ਰੱਜੇ-ਪੁੱਜੇ ਅਤੇ ਦੌਲਾ।

ਪਰਵਾਸ ਧਾਰਨ ਕਰਨ ਉਪਰੰਤ ਉਸਦੀ ਸਿਰਜਣ ਕਲਾ ਦਾ ਘੇਰਾ ਵਿਸ਼ਾਲ ਹੁੰਦਾ ਹੈ। ਉਸਦੇ ਵਿਅਕਤਿਤਵ 'ਚ ਪ੍ਰੋੜਤਾ ਆਉਣ ਨਾਲ ਅਤੇ ਇੰਟਰਨੈਸ਼ਨਲ ਪੱਧਰ 'ਤੇ ਵਿਚਰਨ ਨਾਲ ਉਸਦਾ ਨਜ਼ਰੀਆ ਵਿਸ਼ਾਲ ਹੁੰਦਾ ਹੈ। ਪੰਜਾਬੀ ਪਰਵਾਸ ਧਾਰਨ ਕਰਨ ਦੇ ਉਮਾਹ 'ਚ ਬੜੀ ਖੁਸ਼ੀ ਨਾਲ ਵਿਦੇਸ਼ ਦੀ ਧਰਤੀ 'ਤੇ ਪੈਰ ਧਰਦੇ ਹਨ। ਉਹਨਾਂ ਦੀ ਤ੍ਰਾਸਦੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਵਿਦੇਸ਼ ਦਾ ਅਤਿ ਆਧੁਨਿਕ ਵਾਤਾਵਰਣ ਪੰਜਾਬੀਆਂ ਨੂੰ ਹੈਰਾਨਕੁੰਨ ਕਰ ਦੇਣ ਵਾਲਾ ਹੁੰਦਾ ਹੈ। ਜਰਨੈਲ ਸਿੰਘ ਸਹਿਜ ਤੇ ਡੂੰਘੀ ਸੋਚ ਕਾਰਨ ਉਹਨਾਂ ਸਮੱਸਿਆਵਾਂ ਨੂੰ ਪਕੜਦਾ ਹੈ ਜੋ ਜਾਹਰਾ ਤੌਰ ਤੇ ਜਾਹਿਰ ਨਹੀਂ ਹੁੰਦੀਆਂ। ਪਰ ਉਹਨਾਂ ਦਾ ਅਸਰ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਜਿਸ ਕਾਰਨ ਮਨੁੱਖ ਦਾ ਸਮੁੱਚਾ ਨਜ਼ਰੀਆ ਹੀ ਬਦਲ ਜਾਂਦਾ ਹੈ।

ਉਹ ਦੇਸ਼ ਤੋਂ ਪਰਵਾਸ ਧਾਰਦਾ ਹੈ। ਕਨੈਡਾ ਵਿਖੇ ਪਹੁੰਚ ਜਾਂਦਾ ਹੈ ਤਾਂ ਉਸਦੇ ਜੀਵਨ ਅਨੁਭਵ ਵਿਚ ਅਨੁਭਵ ਦੀਆਂ ਪਰਤਾਂ ਸ਼ਾਮਿਲ ਹੋਣੀਆ ਸ਼ੁਰੂ ਹੋ ਜਾਂਦੀਆ ਹਨ। ਉਸਦੇ ਅਨੁਭੱਵ ਦਾ ਖੇਤਰ ਵਿਸ਼ਾਲ ਹੋ ਜਾਂਦਾ ਹੈ। ਸਾਹਿਤਕਾਰ ਇਕ ਸੰਵੇਦਨਸ਼ੀਲ ਬਿਰਤੀ ਦਾ ਮਾਲਿਕ ਹੁੰਦਾ ਹੈ। ਉਸਦੀ ਆਤਮਾ ਸਦਾ ਬੇਚੈਨ ਰਹਿੰਦੀ ਹੈ। ਜਦੋਂ ਕਿ, ਨਵੇਂ ਅਨੁਭੱਵ ਦੀਆਂ ਸ਼ਿਲਤਾਂ ਉਸਦੇ ਕਲੇਜੇ 'ਤੇ ਚੁਭਦੀਆਂ ਹਨ ਤਾਂ ਸਿਰਜਨਾਤਮਕ ਕਾਰਜ ਰਾਹੀਂ ਉਹ ਉਹਨਾਂ ਤੋਂ ਮੁਕਤੀ ਹਾਸਿਲ ਕਰਦਾ ਹੈ। ਇਸੇ ਨੂੰ ਹੀ ਮਨੋ ਵਿਗਿਆਨੀਆਂ ਨੇ ਵਿਰੇਚਨ ਦੀ ਕਿਰਿਆ ਕਿਹਾ ਹੈ। **ਦੋ ਟਾਪੂ**, **ਟਾਵਰਜ਼**, **ਕਾਲ਼ੇ ਵਰਕੇ** ਕਹਾਣੀ ਸੰਗ੍ਰਹਿ 'ਚ ਉਸਨੇ ਖੁਸ਼ੀ, ਚਾਅ-ਮਲ੍ਹਾਰ, ਉਡਾਰੀਆਂ, ਉਮੀਦਾਂ ਅਤੇ ਆਧੁਨਿਕਤਾ, ਸਮਾਜਿਕ ਖੁੱਲ੍ਹ, ਸਵੈ ਨਿਰਭਰਤਾ ਦੇ ਵਿਚਕਾਰ ਪਿਸਦੇ ਵਿਅਕਤੀ ਦੇ ਤਨਾਓ ਨੂੰ ਧੁਰ ਅੰਦਰੋਂ ਉਲੀਕਿਆ ਹੈ।

ਅਸੀਂ ਸਭ ਤੋਂ ਪਹਿਲਾਂ ਉਸਦੀ ਪੁਸਤਕ "ਮੈਨੂੰ ਕੀ" ਕਹਾਣੀ ਸੰਗ੍ਰਹਿ 'ਤੇ ਵਿਚਾਰ ਚਰਚਾ ਕੀਤੀ ਹੈ। ਇਹਨਾਂ ਸਾਰੀਆਂ ਕਹਾਣੀਆਂ ਵਿਚ ਸਾਂਝ ਵੀ ਹੈ ਤੇ ਵੱਖਰਤਾ ਵੀ ਹੈ। ਸਾਂਝ ਦਾ ਆਧਾਰ ਮਨੁੱਖ ਦੀ ਪਿਸਦੀ ਜਿੰਦਗੀ ਹੈ। ਵੱਖਰਤਾ ਇਸ ਵਿਚ ਹੈ ਕਿ ਉਹਨਾਂ ਦੇ ਪਿਸਣ ਦੇ ਕਾਰਨ ਭਿੰਨ-ਭਿੰਨ ਹਨ। "ਬੁਰਜ ਦੀ ਇੱਟ", "ਮੌਜਾਂ ਹੀ ਮੌਜਾਂ", "ਦੌਲਾ", "ਬੂਸਟਰ" ਕਿਰਸਾਨੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਹਨ। ਇਹਨਾਂ ਵਿਚ ਕਹਾਣੀਕਾਰ ਨੇ ਇਹ ਵਿਚਾਰ ਨਿਰਧਾਰਿਤ ਕੀਤਾ ਹੈ ਕਿ ਵਧਦੇ ਪਰਿਵਾਰਾਂ ਨਾਲ ਕਿਸਾਨ ਦੀ ਜਮੀਨ ਨਿਰੰਤਰ ਘਟਦੀ ਰਹਿੰਦੀ ਹੈ। ਘੱਟ ਜਮੀਨ, ਘੱਟ ਤਾਲੀਮ ਲੜਾਈ ਝਗੜੇ ਦਾ ਕਾਰਨ ਬਣਦੀ ਹੈ। ਕੀ ਖੱਟਿਆ ਹੈ ਅਸੀਂ ਇਸ ਲੜਾਈ ਵਿਚੋਂ। ਮੈਂ ਹੀ ਟਿੱਕ ਜਾਂਦਾ ਸ਼ਾਇਦ ਲੜਾਈ ਨਾ ਹੁੰਦੀ ਪਰ ਜ਼ੋਰਾ ਸਿੰਘ ਤਾਂ ਲੜਨ ਤੇ ਤੁਲਿਆ ਹੋਇਆ ਸੀ। ਜਿਵੇਂ ਕੋਈ ਬਹਾਨਾ ਭਾਲਦਾ ਹੋਵੇ।"[1] ਜੇ ਇਹੀ ਵਿਅਕਤੀ ਉਚੇਰੀ ਤਾਲੀਮ ਹਾਸਿਲ ਕਰਕੇ ਹੋਰ ਕਿਤਿਆਂ ਵਿਚ ਲੱਗ ਜਾਣ ਤੇ ਪਰਿਵਾਰਾਂ ਦਾ ਆਪਸੀ ਮੋਹ ਵਧੇਗਾ

ਤੇ ਆਪਸੀ ਖਹਿਬੜਬਾਜੀ ਵੀ ਨਹੀਂ ਰਹੇਗੀ। ਪਰਿਵਾਰਿਕ ਮੈਂਬਰ ਘੱਟ ਸਮਝ ਹੋਣ ਕਾਰਨ ਸ਼ਰੀਕੇਬਾਜੀ ਦੀਆਂ ਗੱਲਾਂ ਵਿਚ ਆ ਜਾਂਦੇ ਹਨ। ਕਹਾਣੀਕਾਰ ਇਹਨਾਂ ਸਭਨਾਂ ਖਾਮੀਆਂ ਤੋਂ ਉਪਰ ਉਠਣ ਦਾ ਸੁਨੇਹਾ ਦਿੰਦਾ ਹੈ। ਕਹਾਣੀਕਾਰ ਕਿਸਾਨੀ ਵਰਗ ਦੀ ਹੂ-ਬ-ਹੂ ਤਸਵੀਰ ਪੇਸ਼ ਕਰ ਰਿਹਾ ਹੈ। ਇਹਨਾਂ ਮਸਲਿਆਂ ਦੇ ਕੀ ਹੱਲ ਹੋਣੇ ਚਾਹੀਦੇ ਹਨ ਇਹ ਵੱਖਰੇ ਮਸਲੇ ਹਨ। ਇਸਦੇ ਨਾਲ ਨਾਲ ਕਿਸਾਨ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਇਸ ਸੀਮਿਤ ਦਾਇਰੇ ਚੋਂ ਬਾਹਰ ਨਿਕਲ ਕੇ ਜਿੰਦਗੀ ਦੇ ਵਿਸ਼ਾਲ ਵਸੀਲਿਆਂ ਨੂੰ ਹਾਸਿਲ ਕਰਨਾ ਚਾਹੀਦਾ ਹੈ। 'ਦੌਲਾ' ਕਹਾਣੀ 'ਚ ਪੇਂਡੂ ਸੱਭਿਆਚਾਰ ਦੀ ਅਮੀਰੀ ਨੂੰ ਪੇਸ਼ ਕੀਤਾ ਹੈ। ਕਥਾਕਾਰ ਦੱਸਣਾ ਚਾਹੁੰਦਾ ਹੈ ਕਿ ਉਸ ਸਮੇਂ ਭਰਾਤਰੀ ਭਾਵ ਸੀ, ਸੰਯੁਕਤ ਪਰਿਵਾਰ ਸਨ। ਜੀਵਨ ਜਾਚ ਸੱਚੀ-ਸੁੱਚੀ ਸੀ, ਕੂਟਨੀਤੀ ਨਹੀਂ। ਰੱਬ ਦਾ ਭੈ ਸੀ। ਪਿੰਡ ਦੀ ਧੀ, ਸਭ ਦੀ ਧੀ। ਲੋਕਾਂ 'ਚ ਸੰਸਕਾਰ ਸਨ, ਜਿਨ੍ਹਾਂ 'ਤੇ ਪਹਿਰਾ ਦੇਣਾ ਉਹਨਾਂ ਦਾ ਫ਼ਰਜ ਸੀ। ਨਿਰੋਈ ਭਾਵਨਾ ਸੀ। ਈਰਖਾ-ਦਵੈਤ ਤੋਂ ਰਹਿਤ ਸਨੇਹਮਈ ਮਾਹੌਲ ਵਿਚ ਰਹਿਣ ਵਾਲਾ ਸਮਾਂ ਸੀ। ਜਜ਼ਮਾਨ ਸਾਹਬ! ਜੜਾਂ-ਬੇਲਾਂ ਹਰੀਆਂ, ਸਰਦਾਰਾਂ ਦੀਆਂ ਸਰਦਾਰੀਆਂ ਬਣੀਆਂ ਰਹਿਣ, ਭੰਡਾਰੇ ਭਰੇ ਰਹਿਣ।[2] ਇਹ ਪੰਜਾਬ ਦੀ ਅਮੀਰ ਸਭਿਆਚਾਰਕ ਵਿਰਾਸਤ ਨਾਲ ਸੰਬੰਧਿਤ ਕਹਾਣੀ ਹੈ। ਮਨੁੱਖ ਸੱਚੀ ਮੁਹੱਬਤ ਕਰਦਾ ਸੀ। ਇਨਸਾਨ ਵਿਚ ਮਨੁੱਖਤਾ ਦਾ ਜਜਬਾ ਕਾਇਮ ਸੀ। ਲੋਕ ਮਨ ਨਿਰਮਲ ਸੀ। ਵਲ-ਫਰੇਬ ਤੋਂ ਦੂਰ ਸੀ। 'ਬੂਸਟਰ' ਕਹਾਣੀ ਵਿਚ ਭਾਰਤੀ ਰਾਜਨੀਤੀ ਦੇ ਭ੍ਰਿਸ਼ਟਾਚਾਰ ਦੀ ਤਸਵੀਰ ਪੇਸ਼ ਹੋਈ ਹੈ ਕਿ ਕਿਸ ਤਰ੍ਹਾਂ ਰਾਜਨੀਤੀ ਸਮਾਜ ਵਿਚ ਸੁਧਾਰ ਲਿਆਉਣ ਦੀ ਬਜਾਏ ਭਰਾਵਾਂ ਨੂੰ ਲੜਾਉਂਦੀ ਹੈ। ਆਪਣੀ ਹਉਮੈ ਕਾਰਨ ਆਪਣੀਆਂ ਰੰਜਿਸ਼ਾਂ ਕੱਢਦੀ ਹੈ, ਜੋ ਸਮਾਜ 'ਤੇ ਕਾਲਾ ਧੱਬਾ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਦੋ ਕਹਾਣੀਆਂ ਫੌਜੀ ਜੀਵਨ ਨਾਲ ਸੰਬੰਧਿਤ ਹਨ: "ਸੁਆਹ ਦੀ ਢੇਰੀ", "ਚੰਦਰਕਾਂਤ"। 'ਸੁਆਹ ਦੀ ਢੇਰੀ' 'ਚ ਕਹਾਣੀਕਾਰ ਨੇ ਇਹ ਨਤੀਜਾ ਕੱਢਿਆ ਹੈ ਕਿ ਇਹ ਲੜਾਈਆਂ ਮਨੁੱਖ ਦੇ ਚਿਹਰੇ ਮੋਹਰੇ ਦੇ ਵੱਡੇ ਦਾਗ ਹਨ। ਮਨੁੱਖੀ ਕੀਮਤ ਸ਼ੂਨਯ ਹੋ ਜਾਂਦੀ ਹੈ। ਮੌਤ ਦੇ ਨਾਲ ਜਿੱਥੇ ਇਕ ਕੀਮਤੀ ਜਾਨ ਜਾਂਦੀ ਹੈ ਉੱਥੇ ਉਸਦਾ ਪਰਿਵਾਰ ਵੀ ਨਿਘਾਰ ਵੱਲ ਚਲਾ ਜਾਂਦਾ ਹੈ। ਕਿਉਂਕਿ ਉਸ ਨਾਲ ਉਸਦਾ ਸਮੂਹ ਪਰਿਵਾਰ ਜੁੜਿਆ ਹੁੰਦਾ ਹੈ। ਲੜਾਈਆਂ ਦੇ ਮਾਹੌਲ ਵਿਚ ਮਨੁੱਖ ਅੰਦਰ ਨ.ਫ਼ਓਮਪ;ਰਤ ਵਧਦੀ ਹੈ। ਜੇਕਰ ਇਸ ਵੱਲੋਂ ਮੁੱਖ ਮੋੜਕੇ ਪਿਆਰ ਮੁਹੱਬਤ ਨਾਲ ਮਿਲ-ਬੈਠਕੇ ਸਮਝੌਤੇ ਕੀਤੇ ਜਾਣ ਤਾਂ ਜਿੱਥੇ ਕਈ ਕੀਮਤੀ ਜਿੰਦਗੀਆਂ ਅਤੇ ਉਹਨਾਂ ਨਾਲ ਜੁੜੇ ਰਿਸ਼ਤਿਆਂ ਨੂੰ ਕਿਸੇ ਚੰਗੇ ਭਵਿੱਖ ਵੱਲ ਤੋਰਿਆ ਜਾ ਸਕਦਾ ਹੈ। ਉਥੇ ਦੇਸ਼ ਦੇ ਵਿਕਾਸ ਵਿਚ ਵੀ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ। ਜਿਉਂਦੇ ਜੀਵਨ ਨਾਲ ਕਈ ਸੰਭਾਵਨਾਵਾਂ ਜੁੜੀਆਂ ਹੁੰਦੀਆਂ ਹਨ। 'ਚੰਦਰਕਾਂਤ' ਕਹਾਣੀ ਵਿਚ ਸ਼ਿਸ਼ਟਾਚਾਰ 'ਤੇ ਰੌਸ਼ਨੀ ਪਾਈ ਹੈ। ਭਾਰਤੀ ਸਮਾਜ ਵਿਚ ਪਰਿਵਾਰ ਦੀ ਜਿੰਦਗੀ ਪਤੀ-ਪਤਨੀ ਦਰਮਿਆਨ ਵਿਸ਼ਵਾਸ ਦੀ ਬੁਨਿਆਦ ਉੱਪਰ ਖੜੀ ਹੁੰਦੀ ਹੈ। ਅਗਰ ਇਸ ਵਿਸ਼ਵਾਸ ਵਿਚ ਤਰੇੜ ਆ ਜਾਵੇ ਤਾਂ ਇਨ੍ਹਾਂ ਵਿੱਥਾਂ-ਵਿਤਕਰਿਆਂ ਨੂੰ ਭਰਨਾ ਮੁਸ਼ਕਿਲ ਹੋ ਜਾਂਦਾ ਹੈ। ਭਾਵੁਕਤਾ ਵੱਸ ਲਏ ਹੋਏ ਫੈਸਲੇ ਪਰਿਵਾਰਿਕ ਜੀਵਨ ਨੂੰ ਤਹਿਸ-ਨਹਿਸ ਕਰ ਦਿੰਦੇ ਹਨ। ਇਸ ਵਿਚ ਇਹ ਵਿਚਾਰ ਪੇਸ਼ ਹੋਇਆ ਕੋਈ ਵੀ ਮਨੁੱਖ ਜਿਸ ਸਮਾਜ ਵਿਚ ਰਹਿ ਰਿਹਾ ਹੁੰਦਾ ਹੈ ਉਸਨੂੰ ਉਸਦੇ ਕਾਇਦੇ ਕਾਨੂੰਨ ਅਤੇ ਨੈਤਿਕ ਆਚਾਰਾਂ ਅਧੀਨ ਹੀ ਵਿਚਰਨਾ ਚਾਹੀਦਾ ਹੈ। "ਮੈਨੂੰ ਕੀ" ਕਹਾਣੀ ਸੰਗ੍ਰਹਿ ਦੇ ਸਮਾਜਿਕ ਸਮੱਸਿਆਵਾਂ ਨਾਲ ਸੰਬੰਧਿਤ "ਹੱਕ", "ਮਖੌਟੇ", "ਚਾਬੀ", "ਖੁੜ੍ਹ", "ਤਮਾਸ਼ਾ", "ਮੈਨੂੰ



ਕੀ", "ਸਿਆਹੀ ਫੈਲ ਗਈ" ਆਦਿ ਕਹਾਣੀਆਂ ਹਨ। ਇਸ ਵਿਚ ਅ.ਫ਼ਓਮਪ;ਸਰਸ਼ਾਹੀ ਦੀ ਕੂਟਨੀਤੀ ਦਾ ਪਰਦਾਫਾਸ਼ ਹੈ। ਇਸ ਵਿਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਮਜ਼ਦੂਰ ਵਰਗ ਸਾਧਾਰਨ ਹੋਣ ਕਰਕੇ ਆਪਣੀ ਆਵਾਜ਼ ਨੂੰ ਬੁਲੰਦ ਕਰਨ ਤੋਂ ਅਸਮਰੱਥ ਹੈ। ਆਜ-ਕਲ ਕਾਨਪੁਰ ਸ਼ਹਿਰ ਮੇਂ ਨੁਮਾਇਸ਼ ਚਲ ਰਹੀ ਹੈ। ਮੇਰਾ ਖਿਆਲ ਹੈ ਕਿ ਇਸ ਮਛਲੀ ਕੋ ਬੇਚਨੇ ਜਾਂ ਖਾਨੇ ਕੀ ਬਜਾਇ ਨੁਮਾਇਸ਼ ਮੇਂ ਰਖਾ ਜਾਏ। ਇਸ ਸੇ ਆਪ ਲੋਗੋਂ ਕੀ ਤਾਰੀ.ਫ਼ਓਮਪ; ਹੋਗੀ। ਔਰ ਸ਼ਹਿਰ ਕੇ ਸਭੀ ਲੋਗੋਨ ਕੋ ਇਤਨੀ ਬੜੀ ਮਛਲੀ ਦੇਖਨੇ ਕਾ ਮੌਕਾ ਮਿਲੇਗਾ। ਸਬ ਸੇ ਬੜੀ ਬਾਤ ਯਹ ਹੇ ਕਿ ਆਪ ਸਭੀ ਕੋ ਇਨਾਮ ਮਿਲੇਗਾ। ਭੀੜ ਵਿਚੋਂ ਸਾਰਿਆਂ ਨੇ 'ਹਾਂ' ਕਰ ਦਿੱਤੀ।"[3] ਉਹ ਕਾਨੂੰਨੀ ਜਾਣਕਾਰੀ ਦੀ ਅਣਹੋਂਦ ਹੋਣ ਕਾਰਨ ਆਪਣੇ ਹੱਕਾਂ ਲਈ ਲੜਨ ਤੋਂ ਝਿਜਕ ਮਹਿਸੂਸ ਕਰਦੇ ਹਨ। ਉਹ ਅੱਗੇ ਕਦਮ ਨਹੀਂ ਚੁਕਦੇ। ਇਹੀ ਉਹਨਾਂ ਦੇ ਜੀਵਨ ਦੀ ਤ੍ਰਾਸਦੀ ਹੈ 'ਮਖੌਟੇ' ਕਹਾਣੀ ਅ.ਫ਼ਓਮਪ;ਸਰਸ਼ਾਹੀ ਦੇ ਦੋਹਰੇ ਰੂਪ ਨੂੰ ਪੇਸ਼ ਕਰਦੀ ਹੈ। ਅ.ਫ਼ਓਮਪ;ਸਰਸ਼ਾਹੀ ਹਮੇਸ਼ਾ ਇਕ ਨਿਆਂਪੂਰਨ ਪ੍ਰਣਾਲੀ ਦੇ ਤਹਿਤ ਆਪਣੀ ਡਿਊਟੀ ਪ੍ਰਤੀ ਕਮਿਟਡ ਨਹੀਂ। ਕਿਤੇ ਉਹ ਕਰੂਰ, ਅੱਤਿਆਚਾਰੀ, ਹਿਟਲਰ ਬਿਰਤੀ ਅਤੇ ਕਈ ਸਮਿਆਂ ਚ ਉਹ ਦਿਆਲੂ, ਹਿਤੈਸ਼ੀ ਅਤੇ ਸਹਿਯੋਗੀ ਵੀ ਹਨ। ਇੱਥੇ ਕਮਿਸ਼ਨਰ ਅ.ਫ਼ਓਮਪ;ਸਰ ਆਪਣੇ ਅਧੀਨ ਅ.ਫ਼ਓਮਪ;ਸਰਾਂ ਨੂੰ ਆਪਣੇ ਘਰ ਇਨਵਾਈਟ ਕਰਕੇ ਸਤਿਕਾਰ ਦੇ ਰਿਹਾ। ਇਸ ਕਹਾਣੀ ਵਿਚ ਕੂਟਨੀਤੀ ਰਿਸ਼ਤਿਆਂ ਦੀ ਹੈ। 'ਚਾਬੀ' ਕਹਾਣੀ ਵਿਚ ਮਨੁੱਖ ਨੂੰ ਆਪਣੀ ਮਾੜੀ ਤੇ ਛੋਟੀ ਸੋਚ ਦੇ ਸ਼ਿਕਾਰ ਹੋ ਆਪਣੀ ਜਿੰਦਗੀ ਨੂੰ ਦੁਬਰ ਨਹੀਂ ਬਣਾ ਲੈਣਾ ਚਾਹੀਦਾ, ਦਾ ਵਿਚਾਰ ਪੇਸ਼ ਹੋਇਆ ਹੈ। ਉੱਚੇ ਤੇ ਸ਼ੁੱਧ ਵਿਚਾਰ ਹੀ ਵਿਅਕਤੀ ਦੇ ਸੁੱਖਾਂ ਦੀ ਆਧਾਰ ਸ਼ਿਲਾ ਹਨ। ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਮਨੁੱਖ ਆਤਮਵਰਤੀ ਨਹੀਂ ਹੋਣਾ ਚਾਹੀਦਾ। ਉਸਨੂੰ ਸਮਾਜ ਨਾਲ ਲੜਨਾ ਚਾਹੀਦਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ। ਜਿੰਦਗੀ ਦੀਆਂ ਬਹੁਤ ਗੁੰਝਲਾਂ ਮਨੁੱਖ ਲੋਕਾਂ ਨਾਲ ਹੀ ਮਿਲ-ਜੁਲ ਕੇ ਗੱਲਬਾਤ ਰਾਹੀਂ ਹੱਲ ਕਰ ਸਕਦਾ ਹੈ। 'ਖੁੜ੍ਹ' ਕਹਾਣੀ ਵਿਚ ਧੀ-ਪੁੱਤਰ ਦੇ ਭੇਦਭਾਵ ਨੂੰ ਕਾਟੇ ਹੇਠ ਕੀਤਾ ਹੈ। ਮਨੁੱਖ ਨੂੰ, ਆਪਣੀ ਔਲਾਦ ਨੂੰ, ਇਕ ਸਮਾਨ ਸਮਝਦੇ ਹੋਏ ਜੀਵਨ-ਨਈਆ ਨੂੰ ਭਰਪੂਰ ਸੁਖਾਵਾਂ ਜਿਉਣਾ ਚਾਹੀਦਾ ਹੈ। ਪੁੱਤਰ ਵਿਹੀਨ ਵੀ ਦੁੱਖੀ ਤੇ ਪੁੱਤਰਾਂ ਵਾਲੇ ਵੀ ਦੁੱਖੀ। ਜਿਹੜੀਆਂ ਧੀਆਂ ਪੁੱਤਰਾਂ ਦੀ ਜਗ੍ਹਾ ਪੁੱਤਰ ਬਣਕੇ ਖਲੋਂਦੀਆਂ ਹਨ, ਉਹਨਾਂ ਦੀ ਫੁਰਤੀ, ਹੁਸ਼ਿਆਰੀ ਤੇ ਸਮਝਦਾਰੀ ਪ੍ਰਤੀ ਪੁਤਰ ਨਾਲੋਂ ਵੀ ਜਿਆਦਾ ਕ੍ਰਿਤਗ ਹੋਣਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਆਪਣੀ ਅੱਖ ਖੁੱਲੀ ਰੱਖਦਿਆਂ ਧੀ-ਪੁੱਤਰ ਨੂੰ ਬਰਾਬਰ ਸਨਮਾਨ ਦੇਣ ਲਈ ਸਮਝ ਪੈਦਾ ਕਰਨ ਦੀ ਲੋੜ ਹੈ, ਦਾ ਵਿਚਾਰ ਪੇਸ਼ ਹੋਇਆ ਹੈ। 'ਤਮਾਸ਼ਾ' ਕਹਾਣੀ 'ਚ ਕੋਰਾਪਨ, ਬੇਗਾਨਗੀ, ਮਕਾਨਕੀ ਸੁਭਾਅ ਦਾ ਵਾਧਾ ਹੋਣ ਕਾਰਨ ਮਨੁੱਖ ਨੂੰ ਕਿਸੇ ਨਾਲ ਕੋਈ ਰੁੱਚੀ ਨਹੀਂ, ਦੀ ਪੇਸ਼ਕਾਰੀ ਹੋਈ ਹੈ। ਨਾ ਕੋਈ ਸਾਥੀ ਹੈ, ਨਾ ਕੋਈ ਸੰਗੀ ਹੈ। ਆਪਣੀ-ਆਪਣੀ ਡਫਲੀ, ਆਪਣਾ ਆਪਣਾ ਰਾਗ। ਇਸ ਕਹਾਣੀ 'ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਮਨੁੱਖ ਦੇ ਚੰਗੇਰੇ ਭਵਿੱਖ ਲਈ ਮਨੁੱਖ ਦਾ ਅਜਿਹਾ ਰਵੱਈਆ ਉਸਾਰੂ ਨਹੀਂ। ਉਸਨੂੰ ਆਪਣਾ ਅਜਿਹਾ ਵਤੀਰਾ ਬਦਲਕੇ ਸੁਹਿਰਦ ਮਨੁੱਖ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਦਨੀਤੀ, ਕੂਨੀਤੀ ਤੇ ਓਪਰਾਪਨ ਤਿਆਗਕੇ ਆਪਣੇਪਣ ਦਾ ਭਾਵ ਉਜਾਗਰ ਕਰਨ ਨਾਲ ਹੀ ਚੰਗੇ ਮਨੁੱਖ, ਪਰਿਵਾਰ ਸਮਾਜ ਤੇ ਰਾਸ਼ਟਰ ਦਾ ਨਿਰਮਾਣ ਹੋ ਸਕਦਾ ਹੈ। ਇਸ ਵਿਚ ਹੀ ਉਸਦੀ ਭਲਾਈ ਹੈ। 'ਮੈਨੂੰ ਕੀ' ਕਹਾਣੀ ਵਿਚ ਸਮਾਜਿਕ ਸਮਾਨਤਾ ਤੇ ਬਲ ਦਿੱਤਾ ਗਿਆ ਹੈ। ਸਾਰੇ ਵਰਗਾਂ ਨੂੰ ਇਕ ਸਮਾਨ ਰੱਖਣਾ ਚਾਹੀਂਦਾ ਹੈ। ਊਚ-ਨੀਚ, ਭੇਦ-ਭਾਵ,

ਅਮੀਰੀ-ਗਰੀਬੀ, ਕੰਮ ਵੰਡ ਦਾ ਵਿਤਕਰਾ ਖਤਮ ਹੋਣਾ ਚਾਹੀਦਾ ਹੈ। ਮਨੁੱਖ ਚਾਹੇ ਕਿਸੇ ਕੋਨੇ ਦਾ ਜੰਮਪਲ ਹੋਵੇ, ਉਹ ਕਿੱਥੇ ਵੀ ਹੋਵੇ, ਉਸ ਅੰਦਰ ਭਰਾਤਰੀ ਭਾਵ ਅਤੇ ਮੈਤਰੀ ਭਾਵ ਦੇ ਗੁਣ ਮੌਜੂਦ ਹੋਣੇ ਚਾਹੀਦੇ ਹਨ। ਉਹ ਜਿੱਥੇ ਵੀ ਰਹੇ-ਵਸੇ, ਆਪਣੀ ਚੰਗਿਆਈ ਦੀ ਖ਼ੁਸ਼ਬੂ ਨਾਲ ਚੁਫੇਰਾ ਰੌਸ਼ਨ ਕਰੇ। ਲੇਖਕ ਦਾ ਸੰਦੇਸ਼ ਸਭ ਨੂੰ ਇਕ ਦੇਖਣ ਦੀ ਤਮੰਨਾ ਵਾਲਾ ਹੈ। 'ਜੰਗ' ਕਹਾਣੀ 'ਚ ਨੌਜੁਆਨ ਪੀੜ੍ਹੀ ਨੂੰ ਹੈਂਡਲ ਕਰਨ ਲਈ ਵੱਡਿਆਂ ਨੂੰ ਸਬਰ ਦੀ ਵਰਤੋਂ ਕਰਨੀ ਚਾਹੀਦੀ ਹੈ, ਦੀ ਪੇਸ਼ਕਾਰੀ ਹੋਈ ਹੈ। ਐਗਰੈਸਿਵ ਹੋਣ ਨਾਲ ਇਸ ਪੀੜ੍ਹੀ ਨੂੰ ਸਹਿਜਤਾ 'ਚ ਲਿਆਉਣਾ ਨਾ-ਮੁਮਕਿਨ ਹੈ। ਡਾਂਟ-ਫਟਕਾਰ, ਜਿਆਦਤੀ ਅਤੇ ਕਰੜੇ ਸ਼ਬਦਾਂ ਦੇ ਪ੍ਰਯੋਗ ਨਾਲ ਤਾਣਾ ਸੁਲਝਣ ਦੀ ਬਜਾਏ ਉਲਝਦਾ ਹੈ। ਇਸ ਕਹਾਣੀ ਵਿਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਨੌਜਵਾਨ ਪੀੜ੍ਹੀ ਨੂੰ ਚੰਗੇ ਰਾਹ ਦਿਖਾਉਣ ਲਈ ਪ੍ਰਭਾਵੀ ਅਤੇ ਮਿਠਾਸ ਪੂਰਕ ਸ਼ਬਦਾਂ ਦੀ ਵਰਤੋਂ ਹੀ ਕਾਰਗਰ ਸਿੱਧ ਹੋ ਸਕਦੀ ਹੈ। ਕਹਾਣੀ 'ਚ ਇਹ ਦੱਸਿਆ ਗਿਆ ਹੈ ਕਿ ਮਨੁੱਖ ਦੀਆ ਯਾਦਾਂ ਪੱਕੇ ਤੌਰ ਤੇ ਉਸਦੇ ਮਾਨਸਿਕ ਪਟਲ 'ਤੇ ਉਲੀਕੀਆਂ ਜਾਂਦੀਆਂ ਹਨ। ਪਰ ਇਨ੍ਹਾਂ ਨੂੰ ਬੜੇ ਉਤਸ਼ਾਹ ਨਾਲ ਅੱਖੋਂ ਓਹਲੇ ਕਰਨਾ ਜ਼ਰੂਰੀ ਹੈ। ਨਹੀਂ ਤਾਂ ਮਨੁੱਖ ਆਪਣੀ ਅਗਾਂਹ ਵਧੂ ਕਦਮਾਂ ਤੋਂ ਵਾਂਝਾ ਰਹਿਕੇ ਖੜੋਤ ਦੀ ਜਿੰਦਗੀ ਜਿਊਣ ਲਈ ਮਜ਼ਬੂਰ ਹੋ ਜਾਏਗਾ। 'ਸਿਆਹੀ ਫੈਲ ਗਈ' ਕਹਾਣੀ 'ਚ ਮਨੁੱਖ ਨੂੰ ਆਪਣਾ ਕਦਮ ਅੱਗੇ ਵੱਲ ਵਧਾਉਣ ਲਈ ਸੋਚਣਾ ਚਾਹੀਦਾ ਹੈ ਅਤੇ ਜਿੰਦਗੀ ਖੜੋਤ ਦੇ ਸਹਾਰੇ ਸੁਹਾਵਣੀ ਨਹੀਂ ਬਣ ਸਕਦੀ, ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ 'ਚ ਇਹ ਵਿਚਾਰ ਨਿਰਧਾਰਿਤ ਕੀਤਾ ਹੈ ਕਿ ਪਰਿਵਰਤਨ ਕੁਦਰਤ ਦਾ ਅਸੂਲ ਹੈ। ਜਿੰਦਗੀ 'ਚ ਨਵੇਂ ਉਮਾਹ, ਚਾਅ, ਖ਼ੁਸ਼ੀਆਂ, ਸਨੇਹ, ਅਤੇ ਭਵਿੱਖਮਈ ਸੁਪਨੇ ਯਾਦਾਂ ਦੇ ਪੰਨਿਆਂ ਨੂੰ ਪਲਟਾ ਦਿੰਦੇ ਹਨ। ਜਿੰਦਗੀ ਦੁਬਾਰਾ ਨਵੀਆਂ ਲੀਹਾਂ ਤੇ ਸੁਖਾਵੇਂ ਰੂਪ 'ਚ ਤੁਰਨੀ ਸ਼ੁਰੂ ਹੋ ਜਾਂਦੀ ਹੈ। ਅੱਗੇ ਵਧਣ ਲਈ, ਪਿਛਾਂਹ ਨੂੰ ਨਹੀਂ ਮੁੜਨਾ। ਭੂਤਕਾਲ ਨੂੰ ਭੁੱਲਕੇ ਵਰਤਮਾਨ ਨੂੰ ਭਰਪੂਰ ਜਿਊਣਾ ਚਾਹੀਦਾ ਹੈ।

ਮਨੁੱਖ **ਤੇ** ਮਨੁੱਖ **ਮੈਨੂੰ ਕੀ** ਕਹਾਣੀ ਸੰਗ੍ਰਹਿ ਤੋਂ ਬਾਅਦ ਦੂਸਰਾ ਕਹਾਣੀ ਸੰਗ੍ਰਹਿ ਹੈ। "ਕੰਬਦਾ ਚਾਨਣ", "ਕਾਲ਼ਾ ਸੂਰਜ", "ਲੈਂਟਰ ਹੇਠਲੇ ਫੱਟੇ", "ਮਨੁੱਖ ਤੇ ਮਨੁੱਖ" ਫੌਜੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਹਨ। ਪਹਿਲੀ ਕਹਾਣੀ ਵਿਚ ਦੇਸ਼ ਦੀ ਵੰਡ ਦੌਰਾਨ ਉਪਜੀ ਸੰਕੀਰਨਤਾ ਕਾਰਨ ਹੋਈ ਬਰਬਾਦੀ 'ਤੇ ਖੇਦ ਪ੍ਰਗਟ ਕੀਤਾ ਗਿਆ ਹੈ। ਇਸ ਕਹਾਣੀ ਜ਼ਰੀਏ ਇਹ ਦੱਸਿਆ ਗਿਆ ਹੈ ਕਿ ਹਿੰਦੂ-ਸਿੱਖ-ਮੁਸਲਿਮ ਦੀ ਭਾਈਚਾਰਕ ਸਾਂਝ ਸੀ। ਬਿਨਾਂ ਭੇਦ-ਭਾਵ ਦੇ ਉਹ ਇੱਕ ਦੂਜੇ ਦੇ ਦੁੱਖ-ਸੁੱਖ ਦੇ ਸਾਥੀ ਸਨ। ਧਰਮ, ਜਾਤ, ਦੇ ਅਧਾਰ ਤੇ ਉਠੀ ਨਫ਼ਓਮਪ;ਰਤ ਨੇ ਮਨੁੱਖ ਨੂੰ ਮਨੁੱਖ ਦਾ ਦੁਸ਼ਮਣ ਬਣਾਇਆ। ਮਨੁੱਖ ਨੇ ਮਨੁੱਖ ਨੂੰ ਕੋਹਣਾ ਸ਼ੁਰੂ ਕਰ ਦਿੱਤਾ। ਆਪਸ ਵਿਚ ਭਰਾਵਾਂ ਵਾਂਗ ਵਸਦੇ ਲੋਕਾਂ ਵਿਚਕਾਰ ਮਜ਼ਬ ਦੀ ਕੰਧ ਖਲੋ ਗਈ। ਪਿੰਡ ਦੀਆ ਧੀਆਂ ਭੈਣਾਂ ਦਾ ਰਿਸ਼ਤਾ ਹਵਸ ਦਾ ਰੂਪ ਧਾਰ ਗਿਆ। ਲੋਕਾਂ ਨੇ ਤੁਫ਼ਓਮਪੈ;ਲ ਮਹੁੰਮਦ ਦਾ ਘਰ ਲੁੱਟ ਲਿਆ ਸੀ ਤੇ ਰੋਂਦੀ ਕੁਰਲਾਂਦੀ ਬਸ਼ੀਰਾ ਨੂੰ ਉਠਾ ਕੇ ਲੈ ਗਏ ਸਨ। ਤੁਫ਼ਓਮਪੈ;ਲ ਮਹੁੰਮਦ ਵੀਹ-ਬਾਈ ਸਾਲ ਪਿੰਡ ਦੇ ਆਲੇ ਦੁਆਲੇ ਦੇ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਸੀ। ਪਰ ਅੱਜ ਲੋਕਾਂ ਨੇ ਉਸਨੂੰ ਕੀੜੀਆਂ ਵਾਂਗ ਰੋਲ ਦਿੱਤਾ ਸੀ।"[4] ਇਸ ਨਫ਼ਓਮਪ;ਰਤ ਨੇ ਉਸ ਨੂੰ ਸਿਰਫ ਦੁਸ਼ਮਣੀ ਤੱਕ ਸੀਮਤ ਨਾ ਰੱਖ ਕੇ ਵਹਿਸ਼ੀ ਅਤੇ ਹਤਿਆਰਾ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਈ। ਇਸ ਕਹਾਣੀ 'ਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਮਨੁੱਖ ਨੂੰ ਨੈਤਿਕ



ਕਦਰਾਂ ਕੀਮਤਾਂ ਦਾ ਪੱਲ੍ਹਾ ਨਹੀਂ ਛੱਡਣਾ ਚਾਹੀਦਾ। ਉਸ 'ਚ ਇਨਸਾਨੀਅਤ ਕਾਇਮ ਰਹਿਣੀ ਚਾਹੀਦੀ ਹੈ ਤਾਂ ਹੀ ਉਹ ਆਪਣੀ ਬੇਟੀ ਤੇ ਪਰਾਈ ਦੇ ਵਖਰੇਵਿਆਂ ਤੋਂ ਉਪਰ ਉਠ ਸਕੇਗਾ। ਰਾਜਨੇਤਾ ਸਵੈ ਤਿਆਗ ਕੇ ਮਨੁੱਖ ਦਾ ਹਿਤੈਸ਼ੀ ਬਣਨ। ਇੱਕ ਉਸਾਰੂ ਸੋਚ ਪੈਦਾ ਹੋਣ ਦੇ ਆਸਾਰ ਪੈਦਾ ਹੋਣ। ਜਿਸ ਨਾਲ ਜੰਗ ਕਾਰਨ ਵਾਪਰੀਆਂ ਨੁਕਸਾਨਦੇਹ ਘਟਨਾਵਾਂ ਖਤਮ ਹੋਣ ਦੀ ਉਮੀਦ ਬਣ ਸਕੇ। ਦੇਸ਼ ਦੀ ਆਮਦਨ ਦਾ ਜੋ ਵੱਡਾ ਹਿੱਸਾ ਡਿਫੈਂਸ 'ਤੇ ਖਰਚ ਕੀਤਾ ਜਾ ਰਿਹਾ ਉਸਨੂੰ ਮਨੁੱਖ ਤੇ ਸਮਾਜ ਲਈ ਵਰਤਿਆ ਜਾਵੇ। ਜਿਸ ਨਾਲ ਦੇਸ਼ ਤੇ ਮਨੁੱਖ ਦਾ ਭੱਵਿਖ ਇਕ ਮਿਸਾਲ ਕਾਇਮ ਕਰਨ ਦੇ ਕਾਬਿਲ ਬਣੇ। ਭਾਰਤੀ ਮਨੁੱਖ ਨੂੰ ਪੜ੍ਹਨ ਲਿਖਣ ਦੇ ਚੰਗੇ ਅਵਸਰ ਮਿਲ ਸਕਣ। ਉਸ ਦੀ ਅੰਦਰੂਨੀ ਸ਼ਕਤੀ ਇੰਨੀ ਕੁ ਬਲਵਾਨ ਹੋ ਜਾਵੇ ਕਿ ਉਹ ਆਪਣੀ ਹੀਣ ਭਾਵਨਾ ਤੋਂ ਮੁਕਤੀ ਪ੍ਰਾਪਤ ਕਰ ਸਕੇ। 'ਕਾਲ਼ਾ ਸੂਰਜ' ਕਹਾਣੀ ਵਿਚ ਜੰਗ ਦੀ ਭਿਆਨਕਤਾ ਦੇ ਕੋਝੇ ਰੂਪ ਨੂੰ ਪੇਸ਼ ਕੀਤਾ ਹੈ। ਜੰਗਾਂ ਮਨੁੱਖ ਦੀਆਂ ਆਪਣੀਆਂ ਸਹੇੜੀਆਂ ਹਨ। ਸਰਕਾਰਾਂ ਦੀਆਂ ਰਾਜਨੀਤੀਆਂ ਕਾਰਨ ਮਨੁੱਖ ਹੀ ਮਨੁੱਖ ਨੂੰ ਜੰਗ ਦੀਆਂ ਖੂਹਾਂ 'ਚ ਸੁੱਟ ਰਿਹਾ ਹੈ। ਇਸ ਮੁਕਾਬਲੇ ਵਿਚ ਅਨੇਕਾਂ ਜਾਨਾ ਹੱਥ ਧੋ ਰਹੀਆਂ ਹਨ। ਕੁਝ ਬਚੀ ਜਿੰਦਗੀ ਨੂੰ ਖਿੱਚ ਰਹੇ ਹਨ। ਅਪੰਗ ਹੋ ਰਹੇ ਹਨ। ਅਪੰਗ ਹੋਏ ਜਵਾਨ ਮਾਯੂਸੀ ਤੇ ਲਾਚਾਰੀ ਵਾਲੀ ਜਿੰਦਗੀ ਜੀਉਂਦੇ ਇਹਨਾਂ ਜੰਗਾਂ ਦੇ ਕਾਰਨਾਂ ਨੂੰ ਲਭਦੇ, ਕੋਸਦੇ ਅਤੇ ਰੋਕਥਾਮ ਦੇ ਯਤਨਾਂ ਲਈ ਉਤਸੁਕ ਹੋਏ ਇਸੇ ਤਾਣੇ-ਪੇਟੇ ਵਿਚ ਉਲਝੇ ਰਹਿੰਦੇ ਹਨ। ਇਸ ਕਹਾਣੀ ਵਿਚ ਇਹ ਵਿਚਾਰ ਪੇਸ਼ ਕਰ ਹੋਇਆ ਹੈ ਕਿ ਜੰਗਾਂ-ਯੁਧਾਂ ਤੇ ਰੋਕ ਲਗਣੀ ਚਾਹੀਦੀ ਹੈ। ਇਸਦੇ ਪਰਿਣਾਮ ਦਰਦਨਾਕ ਤੇ ਖੌਫ਼ਓਮਪ;ਨਾਕ ਹੁੰਦੇ ਹਨ। ਜਿਨ੍ਹਾਂ ਨੂੰ ਮਨੁੱਖ ਲਈ ਸਹਿਣਾ ਅਸਹਿ ਹੁੰਦਾ ਹੈ। ਜਿਹੜੇ ਸਰੀਰਕ ਅੰਗ ਉਹ ਜੰਗ ਦੌਰਾਨ ਖੋ ਬੈਠਦੇ ਹਨ ਉਹਨਾਂ ਸਹਾਰੇ ਉਹਨਾਂ ਕਦੀ ਜੀਵਨ 'ਚ ਵੱਡੀਆਂ ਮੱਲ੍ਹਾਂ ਮਾਰੀਆਂ ਹੁੰਦੀਆਂ ਹਨ। 'ਲੈਂਟਰ ਹੇਠਲੇ ਫੱਟੇ' ਕਹਾਣੀ 'ਚ ਫੌਜੀ ਜਵਾਨਾਂ ਦੀ ਉਦਾਸੀਨਤਾ ਨੂੰ ਰੇਖਾਂਕਿਤ ਕੀਤਾ ਗਿਆ ਹੈ। ਇਸ ਕਹਾਣੀ ਵਿੱਚ ਜੰਗਾਂ ਦੇ ਦੋਰਾਨ ਫੌਜੀਆਂ ਦਾ ਸਟੇਸ਼ਨਾਂ ਅਤੇ ਸ਼ਹਿਰਾਂ 'ਚ ਸਵਾਗਤ ਹੁੰਦਾ ਦਿਖਾਇਆ ਹੈ। ਪਰ ਜੰਗ ਦੀ ਸਮਾਪਤੀ ਉਪਰੰਤ ਉਹੀ ਲੋਕ ਜਿਨ੍ਹਾਂ ਨੂੰ ਬਚਾਉਣ ਲਈ ਫੌਜੀਆਂ ਦੀਆਂ ਜਾਨਾਂ ਤੱਕ ਚਲੀਆ ਗਈਆਂ, ਉਹਨਾਂ ਦੀ ਸ਼ਬਦਾਵਲੀ ਇਸ ਦੇ ਵਿਪਰੀਤ ਹੁੰਦੀ ਹੈ। ਅਜਿਹਾ ਦੋਗਲਾਪਨ ਉਹਨਾਂ ਜਵਾਨਾਂ ਦੀ ਮਾਨਸਿਕਤਾ ਦੇ ਸੱਟ ਮਾਰਨਾ ਹੈ ਜਿਨ੍ਹਾਂ ਨੇ ਵੱਡੇ ਜ਼ੋਖਿਮ ਉਠਾ ਕੇ ਦੁਸ਼ਮਣ ਨੂੰ ਪਿੱਛੇ ਹਟਾਉਣ ਲਈ ਕਰੜੀਆਂ ਘਾਲਾਂ ਘਾਲੀਆਂ ਹੁੰਦੀਆਂ ਹਨ। ਕਹਾਣੀਕਾਰ ਨੇ ਫੱਟਿਆਂ ਨੂੰ ਜਵਾਨਾਂ ਦੇ ਪ੍ਰਤੀਕ ਵਜੋਂ ਵਰਤਿਆ ਹੈ। ਜਦੋਂ ਉਸਾਰੀ ਕਰਨੀ ਸੀ ਉਦੋਂ ਫੱਟੇ ਮੁੱਲਵਾਨ ਸਨ। ਜਦੋਂ ਬਿਲਡਿੰਗ ਕੰਪਲੀਟ ਹੋ ਗਈ ਉਦੋਂ ਫੱਟਿਆਂ ਦੀ ਮੌਜੂਦਗੀ ਬੈਕ ਤੇ ਚਲੀ ਜਾਂਦੀ ਹੈ। ਇਸ ਕਹਾਣੀ ਵਿਚ ਇਹ ਵਿਚਾਰ ਪੇਸ਼ ਕਰ ਹੋਇਆ ਹੈ ਕਿ ਭਾਰਤੀਆਂ ਦੇ ਮਨ ਅੰਦਰ ਦੇਸ਼ ਸੇਵਾ 'ਚ ਜੁਟੇ ਵਰਗ ਦਾ ਮਾਨ-ਸਤਿਕਾਰ ਹਮੇਸ਼ਾ ਦਿਲੋਂ ਹੋਣਾ ਚਾਹੀਦਾ ਹੈ। 'ਮਨੁੱਖ ਤੇ ਮਨੁੱਖ' ਕਹਾਣੀ ਵਿਚ ਜਰਨੈਲ ਸਿੰਘ ਨੇ ਪੱਛਮੀ ਪਾਕਿਸਤਾਨ ਦੁਆਰਾ ਪੂਰਬੀ ਪਾਕਿਸਤਾਨ 'ਤੇ ਹੋਏ ਤਸ਼ੱਦਦ ਨੂੰ ਪੇਸ਼ ਕੀਤਾ ਹੈ। ਕਹਾਣੀਕਾਰ ਨੇ ਇਸ ਕਹਾਣੀ ਦੇ ਜ਼ਰੀਏ ਇਹ ਦੱਸਿਆ ਹੈ ਕਿ ਨੇਤਾਵਾਂ ਤੇ ਸਰਕਾਰਾਂ ਨੂੰ ਮਾਨਵਵਾਦੀ ਦ੍ਰਿਸਟੀਕੋਣ ਅਪਨਾਉਂਦਿਆਂ ਅਜਿਹੇ ਮਾਰੂ ਰੂਪਾਂ ਤੋਂ ਮੁੱਖ ਮੋੜਨ ਦੀ ਵੱਡੀ ਲੋੜ ਹੈ। ਬੂਟਾਂ, ਬੰਦੂਕਾਂ, ਬੈਰਕਾਂ, ਬਦਸਲੂਕੀਆਂ, ਬੇਇਨਸਾਫੀਆਂ, ਬੇਕਿਰਕੀਆਂ, ਰਾਈਫਲ਼ਾਂ, ਸਟੇਨ, ਐਲ.ਐਮ.ਜ਼ੀ, ਐਮ.ਐਮ.ਜ਼ੀ, ਸਿੱਕਾ-ਬਰੂਦ, ਬੰਬਾਂ ਆਦਿ ਥੱਲੇ ਦੱਬੇ ਮਨੁੱਖ ਨੂੰ ਸੁਖਾਵੇਂ ਸਾਹ ਦੀ ਲੋੜ ਹੈ। ਮੈ ਅਪਣੇ ਸਾਥੀਆਂ ਦੇ

ਚਿਹਰਿਆਂ ਤੇ ਨਜ਼ਰ ਮਾਰੀ। ਉਦਾਸੀਨਤਾ, ਡਰਾਉਣੀ ਜਿਹੀ ਗੰਭੀਰਤਾ ਤੇ ਦ੍ਰਿੜਤਾ ਦੇ ਹਾਵ-ਭਾਵ-ਫੁਹਾਰਿਆਂ ਦੀ ਬੌਛਾਰ ਵਿੱਚ ਧੁੰਦਲੀਆਂ ਹੋਈਆਂ ਰੰਗ-ਬਰੰਗੀਆਂ ਰੌਸ਼ਨੀਆਂ ਵਾਂਗ, ਉਨਾਂ ਦੇ ਚਿਹਰਿਆਂ ਤੇ ਪ੍ਰਗਟ ਹੋ ਰਹੇ ਸਨ।"[5] "ਬੰਨ੍ਹ ਉਠਾਈ ਪੋਟਲੀ", ਕੰਡਿਆਲ਼ੀ ਧਰਤੀ", "ਦਾਤੀ", "ਟੁੱਟਦੀਆਂ ਜੁੜਦੀਆਂ ਬਾਹਾਂ", "ਕਾਣਸੂਤੇ ਵਗਦੇ ਬਲਦ" ਆਦਿ ਕਿਰਸਾਨੀ ਜੀਵਨ ਨਾਲ ਸੰਬੰਧਿਤ ਕਹਾਣੀਆ ਹਨ। 'ਬੰਨ੍ਹ ਉਠਾਈ ਪੋਟਲੀ' ਕਹਾਣੀ ਵਿੱਚ ਕਹਾਣੀਕਾਰ ਨੇ ਸੰਵੇਦਨਸ਼ੀਲ ਪਿਤਾ ਦੀ ਰਹਿਮਦਿਲੀ' ਦਾ ਥੀਮਕ ਨੁਕਤਾ ਪੇਸ਼ ਕੀਤਾ ਹੈ। ਇਸ ਕਹਾਣੀ ਜਰੀਏ ਇਹ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਅਜਿਹੀਆਂ ਘਰੇਲੂ ਲੜਾਈਆਂ, ਗੁੱਸੇ-ਗਿਲੇ-ਸ਼ਿਕਵੇ, ਉਦਾਸੀਆਂ ਤੋਂ ਬੇਚੈਨ ਹੋ ਘਰ ਦਾ ਪੱਲ੍ਹਾ ਛੱਡਣ ਦੀ ਬਜਾਏ ਉਸ ਨੂੰ ਵਧੇਰੇ ਚੰਗਾ ਚਲਾਉਣ ਲਈ ਚੰਗੀ ਤਰਤੀਬ ਢੂੰਢਣੀ ਚਾਹੀਦੀ ਹੈ। ਜਿਸ ਨਾਲ ਲੀਹ ਤੋਂ ਲੱਥੀ ਗੱਡੀ, ਫਿਰ ਆਪਣੀ ਦਿਸ਼ਾ ਪਕੜਨ ਦੇ ਸਮੱਰਥ ਹੋ ਸਕੇ। ਕੰਡਿਆਲ਼ੀ ਧਰਤੀ' ਕਹਾਣੀ ਵਿੱਚ ਲੇਖਕ ਨੇ ਛੋਟੇ ਕਿਰਸਾਨੀ ਵਰਗ ਦੀਆ ਮੁਸ਼ਕਲਾਂ ਨੂੰ ਉਲੀਕਿਆ ਹੈ। ਇਸ ਕਹਾਣੀ ਰਾਹੀਂ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਪਰਿਵਾਰਿਕ ਏਕਤਾ ਅਤੇ ਸਰਕਾਰੇ ਦਰਬਾਰੇ ਈਮਾਨਦਾਰੀ ਦੀ ਭਾਵਨਾ ਛੋਟੇ ਕਿਸਾਨ ਨੂੰ ਤੰਗੀਆਂ ਤੁਰਸ਼ੀਆਂ ਦੀ ਘੋਰ ਹਨ੍ਹੇਰੀ ਤੋਂ ਬਚਾ ਸਕਦੀ ਹੈ। ਸਰਕਾਰੀ ਯੋਜਨਾਵਾਂ ਨੂੰ ਕਿਸਾਨਾਂ ਤੱਕ ਸਮੇਂ ਸਿਰ ਪਹੁੰਚਾਣ ਨਾਲ ਫ਼ਓਮਪ;ਸਲਾਂ ਦੀ ਉਪਜ ਉਹਨਾਂ ਦੀ ਮਿਹਨਤ ਅਨੁਸਾਰ ਹੋ ਸਕਦੀ ਹੈ। ਕਿਸਾਨਾਂ ਨੂੰ ਖੇਤੀ ਦੇ ਨਾਲ-ਨਾਲ ਕੋਈ ਅਜਿਹੇ ਕੰਮ ਕਰਨ ਦੀ ਵੀ ਲੋੜ' ਹੈ ਜੋ ਉਹਨਾਂ ਦੀ ਆਮਦਨ 'ਚ ਵਾਧਾ ਕਰ ਸਕੇ। ਭ੍ਰਿਸ਼ਟਾਚਾਰ' ਤੇ ਰੋਕ ਲੱਗਣੀ ਸਭ ਤੋਂ ਪਹਿਲਾ ਉਪਰਾਲਾ ਹੈ। 'ਦਾਤੀ' ਕਹਾਣੀ ਵਿਚ ਲੇਖਕ ਨੇ ਸ਼ਰੀਕੇ ਦੀ ਬਦਨੀਤੀ ਦੇ ਵਿਹਾਰ ਨੂੰ ਪੇਸ਼ ਕੀਤਾ ਹੈ। ਖ਼ੂਨ ਦੇ ਰਿਸ਼ਤੇ ਨਾਲ ਅਕ੍ਰਿਤਘਣੀ ਚਾਲਾਂ ਖੇਡ ਕੇ, ਭੋਲੇ ਲੋਕਾਂ ਦਾ ਘਰ ਉਜਾੜ ਦੇਣਾ, ਇਨਸਾਨ 'ਚ ਛੁਪਿਆ ਸ਼ੈਤਾਨ, ਨਸ਼ੇ ਦੀ ਲੱਤ 'ਚ ਘਰ ਦੀ ਜਾਇਦਾਦ ਨੂੰ ਬਿੱਲੇ ਲਾਉਣਾ, ਮਨੁੱਖੀ ਕੋਝੀਆਂ ਚਾਲਾਂ ਰੂਪੀ ਦਾਤੀ ਵਸਦੇ ਘਰਾਂ ਦੀਆ ਜੜ੍ਹਾਂ ਵੱਢ ਦਿੰਦੀ ਹੈ। ਇਸ ਕਹਾਣੀ ਵਿਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਮਨੁੱਖ ਨੂੰ ਈਰਖਾ, ਦਵੈਤ, ਚੁਗਲੀ, ਚਾਲਾਂ, ਲਾਲਸਾਵਾਂ ਤੋਂ ਉਪਰ ਉਠ ਕੇ ਮਨੁੱਖੀ ਕਦਰਾਂ ਕੀਮਤਾਂ ਨੂੰ ਅਪਨਉਣਾ ਚਾਹੀਦਾ ਹੈ ਤਾਂ ਕਿ ਘਰ ਵਸਦੇ ਰਹਿਣ। ਖੁਸ਼ਹਾਲੀ ਖਿੜੀ ਰਹੇ। ਇੱਕ ਸੁਖਾਵੀਂ ਭਾਈਚਾਰਕ ਸਾਂਝ ਕਾਇਮ ਰਹੇ। 'ਟੁੱਟਦੀਆਂ ਜੁੜਦੀਆਂ ਬਾਹਾਂ' ਕਹਾਣੀ ਵਿੱਚ ਆਪਣਾ-ਆਪਣਾ ਪਰਾਇਆ-ਪਰਾਇਆ ਦਾ ਥੀਮਕ ਨੁਕਤਾ ਪੇਸ਼ ਹੋਇਆ ਹੈ। ਲੇਖਕ ਇਸ ਕਹਾਣੀ ਜ਼ਰੀਏ ਇਹ ਵਿਚਾਰ ਪੇਸ਼ ਕਰ ਰਿਹਾ ਹੈ ਕਿ ਮਨੁੱਖ ਨੂੰ ਕ੍ਰਿਤਘਣ ਨਹੀਂ ਬਣਨਾ ਚਾਹੀਦਾ। ਬੇਵਕੂਫੀ ਤੇ ਲਾਈਲੱਗ ਸੁਭਾਅ ਨੂੰ ਤਿਆਗ ਕੇ ਕ੍ਰਿਤਗ ਹੋਣਾ ਚਾਹੀਦਾ ਹੈ। ਕੀਤੀ ਭਲਾਈ ਨੂੰ ਵਿਸਾਰ ਦੇਣਾ ਮਨੁੱਖੀ ਸੁਭਾ ਦਾ ਅੰਗ ਨਹੀਂ। ਹੰਕਾਰੀ ਅਤੇ ਕਮੀਨੇ ਵਿਅਕਤੀ ਸਕੇ ਭਰਾਵਾਂ ਦਾ ਮੋਹ ਭੰਗ ਕਰਕੇ ਆਪਣਾ ਪੱਲ੍ਹਾ ਭਾਰਾ ਕਰਦੇ ਹਨ। ਦੇਵ ਤੇ ਸ਼ਿੰਗਾਰਾ ਦੁਪਹਿਰ ਤੋਂ ਹੀ, ਦੇਵ ਦੇ ਘਰ ਬੈਠੇ ਸ਼ਰਾਬ ਪੀ ਰਹੇ ਸਨ। ਦੇਵ ਉੱਲਰ ਕੇ ਸਰਵਣ ਨਾਲ ਫਸ ਪਿਆ ਤੇ ਉਸਦੀ ਦਾਹੜੀ ਨੂੰ ਹੱਥ ਪਾ ਲਿਆ। ਗੁੱਸੇ ਵਿਚ ਬਲ਼ ਰਹੇ ਸਰਵਣ ਨੇ ਦਾੜੀ ਛੁਡਵਾ ਕੇ ਦੇਵ 'ਤੇ ਲਾਠੀ ਦਾ ਵਾਰ ਕੀਤਾ। ਦੇਵ ਦੀ ਬਾਂਹ ਟੁੱਟ ਗਈ ਹਾਏ ਓਏ' ਕਹਿ ਕੇ ਡਿੱਗ ਪਿਆ।"[6] ਅਜਿਹੇ ਸੁਭਾ ਦੇ ਲੋਕਾਂ ਦੀ ਵਿਡੰਬਨਾ ਇਹ ਹੈ ਕਿ ਔਖੇ ਵੇਲੇ ਸਾਥ ਛੱਡ ਕੇ ਮੂੰਹ ਫੇਰ ਲੈਂਦੇ ਹਨ। ਜੋ ਕਿ ਮਿੱਤਰਤਾ ਦੇ ਨਾਂ ਤੇ ਵੱਡਾ ਧੱਬਾ ਹੈ। ਕਾਣਸੂਤੇ ਵਗਦੇ ਬਲਦ' ਕਹਾਣੀ ਵਿਚ ਭਾਰਤੀ ਕਿਰਸਾਨੀ ਵਰਗ ਦੀਆਂ ਮੁਸ਼ਕਲਾਂ ਨੂੰ ਉਘਾੜਿਆ ਹੈ। ਪਰਿਵਾਰ



ਜੀ-ਤੋੜ ਮਿਹਨਤ ਦੇ ਬਾਵਜੂਦ ਮੰਦੀ ਦਾ ਸ਼ਿਕਾਰ ਹੁੰਦੇ ਹਨ। ਕਿਸਾਨਾਂ ਦੀ ਮੰਦੀ ਆਰਥਕਿਤਾ ਦਾ ਕਾਰਨ ਕਮਜ਼ੋਰ ਸਿਸਟਮ, ਕਿਸਾਨੀ ਸਹੂਲਤਾਂ ਦੀ ਵੱਡੀ ਕਮੀ, ਕਿਸਾਨਾਂ ਦਾ ਇਕਜੁਟ ਨਾ ਹੋਣਾ, ਕਿਸਾਨਾਂ ਨੂੰ ਮਿਹਨਤ ਦਾ ਮੁੱਲ ਨਾ ਮਿਲਣਾ ਆਦਿ ਅਜਿਹੇ ਕਾਰਨ ਜੋ ਭਾਰਤੀ ਕਿਸਾਨ ਨੂੰ ਖੇਤੀਬਾੜੀ ਕਿੱਤੇ ਤੋਂ ਉਕਤਾ ਰਹੇ ਹਨ। ਇਸ ਕਹਾਣੀ ਜ਼ਰੀਏ ਇਹ ਦੱਸਿਆ ਗਿਆ ਹੈ ਕਿ ਭਾਰਤੀ ਲੋਕਾਂ ਦੇ ਮੁੱਖ ਕਿੱਤੇ ਨੂੰ ਧਿਆਨ 'ਚ ਰਖਦਿਆਂ ਉਹਨਾਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਾਉਣੀਆਂ ਚਾਹੀਦੀਆਂ ਹਨ। ਜਿਸ ਨਾਲ ਇਸ ਕਿੱਤੇ ਨਾਲ ਜੁੜੇ ਲੋਕਾਂ ਤੇ ਦੇਸ਼ ਦਾ ਭਵਿੱਖ ਉਜਵੱਲ ਹੋ ਸਕੇ। ਤਰੱਕੀ ਅਤੇ ਖੁਸ਼ਹਾਲੀ ਪੱਖੋਂ ਭਾਰਤ ਮਹਾਨ ਬਣੇ। ਰੱਜੇ-ਪੁੱਜੇ' ਕਹਾਣੀ ਵਿਚ ਨਾਤੇਦਾਰੀਆਂ ਦਾ ਦੁਰਵਿਹਾਰ ਅਤੇ ਸ਼ਰੀਕੇਬਾਜੀ ਦੇ ਘਟੀਆਪਣ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਭਾਰਤੀ ਸੰਯੁਕਤ ਪਰਿਵਾਰ ਤਿੜਕਣ ਦੇ ਕਾਰਨਾਂ ਬਾਰੇ ਚਾਨਣਾ ਪਾਇਆ ਗਿਆ ਹੈ। ਦੇਖਣ ਨੂੰ ਨਿਗੂਣੀਆਂ ਜਿਹੀਆਂ ਹਰਕਤਾਂ ਜਾਪਦੀਆਂ ਹਨ। ਪਰ ਉਸ ਦੇ ਪਰਿਣਾਮ ਵੱਡੇ ਤੇ ਖ਼ਤਰਨਾਕ ਹੁੰਦੇ ਹਨ ਜੋ ਪਰਿਵਾਰ ਨੂੰ ਨਿਘਾਰ ਵੱਲ ਲੈ ਜਾਂਦੇ ਹਨ। ਇਸ ਕਹਾਣੀ ਵਿਚ ਇਹ ਵਿਚਾਰ ਨਿਰਧਰਿਤ ਕੀਤਾ ਗਿਆ ਹੈ ਕਿ ਇਕ ਔਰਤ ਨੂੰ ਔਰਤ ਪ੍ਰਤੀ ਸੁਹਿਰਦ ਹੋਣਾ ਚਾਹੀਦਾ ਹੈ। ਈਰਖਾ-ਦਵੈਤ ਤਿਆਗ ਕੇ, ਸਹਿਯੋਗੀ ਬਣ ਉਸਨੂੰ ਆਪਣੇ ਬਰਾਬਰ ਖੜਾ ਕਰਨ ਦੀ ਯੋਗਤਾ ਪੈਦਾ ਕਰਨੀ ਚਾਹੀਦੀ ਹੈ। ਜਿਸ ਨਾਲ ਪਰਿਵਾਰ ਦੇ ਪੱਤਨ ਦੀ ਥਾਂ ਉਤਥਾਨ ਦੀ ਉਮੀਦ ਕੀਤੀ ਜਾ ਸਕਦੀ ਹੈ।

**ਸਮੇਂ ਦਾ ਹਾਣੀ ਮਨੁੱਖ ਤੇ ਮਨੁੱਖ** ਕਹਾਣੀ **ਸੰਗ੍ਰਹਿ** ਤੋਂ ਬਾਆਦ 'ਚ ਤੀਸਰਾ ਕਹਾਣੀ ਸੰਗ੍ਰਹਿ ਹੈ। "ਸਮੇਂ ਦਾ ਹਾਣੀ", "ਸ਼ਕਤੀ", "ਜੰਗ ਛਿੜਨ ਤੋ ਪਹਿਲ਼ਾਂ" ਆਦਿ ਸਾਮਾਜਿਕ ਕਹਾਣੀਆਂ ਹਨ। 'ਸਮੇਂ ਦਾ ਹਾਣੀ' ਕਹਾਣੀ ਵਿਚ ਪਰਵਾਸ ਧਾਰਨ ਕਰਨ ਦੀ ਰੁਚੀ ਦਾ ਪੱਖ ਪੇਸ਼ ਹੋਇਆ ਹੈ। ਮਨੁੱਖ ਨੂੰ ਪਰਵਾਸ ਧਾਰਨ ਦੀ ਇੱਛਾ ਹਿੱਤ ਆਪਣੀਆਂ ਕੀਮਤਾਂ ਨੂੰ ਤਿਲਾਂਜਲੀ ਨਹੀ ਦੇਣੀ ਚਾਹੀਦੀ। ਮਨੁੱਖ ਦੀ ਪਹਿਚਾਣ ਹੋਣ ਦੇ ਬਾਵਜੂਦ ਉਸ ਨਾਲ ਅਨਿਆਂ ਨਹੀਂ ਕਰਨਾ ਚਾਹੀਦਾ। ਪਰਿਵਾਰ 'ਚ ਬਣਦਾ ਸਤਿਕਾਰ ਦੇਣ ਲਈ ਆਪਣਾ ਫ਼ਓਮਪ;ਰਜ਼ ਯਾਦ ਰੱਖਣ ਦੀ ਲੋੜ ਹੈ। ਇਸ ਕਹਾਣੀ 'ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਜਿੱਥੇ ਅੱਜ ਦੇ ਯੁੱਗ ਵਿੱਚ ਸਮੇਂ ਦਾ ਹਾਣੀ ਹੋਣ ਦੀ ਲੋੜ ਹੈ ਉਥੇ ਪਰਿਵਾਰ ਨੂੰ ਏਕਤਾ ਦੇ ਸੂਤਰ ਵਿੱਚ ਪਰੋ ਕੇ ਰੱਖਣਾ, ਮੱਨੁਖ ਦਾ ਪਹਿਲਾ ਫ਼ਓਮਪ;ਰਜ਼ ਬਣਦਾ ਹੈ। ਸਮੇਂ ਦੇ ਬਦਲਣ ਨਾਲ ਨਾਤੇ ਦਾਰੀਆਂ ਦਾ ਪ੍ਰੇਮ-ਭਾਵ ਕਾਇਮ ਰਹੇ। ਪਹਿਲ ਮਨੁੱਖ ਨੂੰ ਹੋਵੇ ਨਾ ਕਿ ਉਸ ਦੇ ਰੁਤਬੇ ਨੂੰ। 'ਸ਼ਕਤੀ' ਕਹਾਣੀ ਵਿਚ ਘਰ ਦੇ ਮੁਖੀ ਦਾ ਨਸ਼ਈ ਹੋਣਾ, ਨਾਰੀ ਦੀ ਸਿਰੜਤਾ, ਮਨੁੱਖ ਦਾ ਸਵਾਰਥੀਪਣ ਅਤੇ ਮਨੁੱਖ ਦੀ ਕੂਟਨੀਤੀ ਉਜਾਗਰ ਹੋਈ ਹੈ। ਇਸ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਨਸ਼ੇ ਵਰਗੀ ਅਲਾਮਤ ਤੋਂ ਦੂਰ ਰਹਿਣਾ ਚਾਹੀਦਾ। ਘਰ ਦੇ ਮੁੱਖੀਏ ਨੂੰ ਆਪਣੀਆਂ ਜੁੰਮੇਵਾਰੀਆਂ ਪ੍ਰਤੀ ਪਾਬੰਧ ਹੋਣ ਦੀ ਲੋੜ ਹੈ। ਕ੍ਰਿਤਘਣ ਦੀ ਭਾਵਨਾ ਤਿਆਗ ਕੇ ਰਿਸ਼ਤਿਆਂ ਦੀ ਨਜ਼ਾਕਤ ਨੂੰ ਸਮਝਣ ਦੀ ਲੋੜ ਹੈ। ਇਸ ਕਹਾਣੀ ਵਿਚ ਮੁੱਖ ਵਿਚਾਰ ਇਹ ਹੈ ਕਿ ਅੱਜ ਦੀ ਔਰਤ ਸਮੇਂ ਦੀ ਹਾਣੀ ਹੈ। ਉਸ ਨੇ ਆਪਣੇ ਅੰਦਰ ਬੈਠੀ ਸ਼ਕਤੀ ਨੂੰ ਪਹਿਚਾਣ ਕੇ ਇਸ ਨੂੰ ਆਪਣੀ ਹਮੈਤਣ ਬਣਾਇਆ ਹੈ। ਉਹ ਹੁਣ ਕਿਸੇ ਦੀ ਮੁਹਤਾਜ ਨਹੀਂ ਬਲਕਿ ਦੂਜਿਆ ਦਾ ਸਹਾਰਾ ਹੈ। 'ਜੰਗ ਛਿੜਨ ਤੋਂ ਪਹਿਲਾਂ' ਕਹਾਣੀ ਵਿਚ ਮਨੁੱਖ ਦੀ ਪਦਾਰਥਵਾਦੀ ਰੁਚੀ, ਸੰਯੁਕਤ ਪਰਿਵਾਰਾਂ ਦਾ ਟੁੱਟਣਾ ਅਤੇ ਸਿਸਟਮ 'ਚ ਫੈਲੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਹੋਇਆ ਹੈ। ਕਹਾਣੀਕਾਰ ਨੇ ਇਸ ਕਹਾਣੀ ਜ਼ਰੀਏ ਮਨੁੱਖ

ਨੂੰ ਸਵਾਰਥੀ ਨਹੀ ਬਣਨਾ ਚਾਹੀਦਾ, ਭ੍ਰਿਸ਼ਟਾਚਾਰ ਦਾ ਅੰਤ ਇਕ ਦਿਨ ਹੋਣਾ ਹੀ ਹੈ ਦਾ ਥੀਮਕ ਨੁਕਤਾ ਪੇਸ਼ ਕੀਤਾ ਹੈ। 'ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ'। ਇਸ ਕਹਾਣੀ ਰਾਹੀਂ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਮਨੁੱਖ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ ਉਸਦੇ ਗੁਣਾਂ ਦਾ ਮੁੱਲ ਪਾਉਣ ਦੀ ਲੋੜ ਹੈ। ਮਨੁੱਖ ਦੁਆਰਾ ਮਨੁੱਖ 'ਤੇ ਵਧੀਕੀ ਇਨਸਾਨੀਅਤ ਨਹੀਂ। ਮਨੁੱਖ ਨੂੰ ਇਨਸਾਨੀਅਤ ਦਾ ਪੱਲ੍ਹਾ ਫੜਨ ਦੀ ਲੋੜ ਹੈ। "ਬੋਹਲ਼ ਦੇ ਰਾਖੇ", "ਮਾਵਾਂ ਬਾਝੋਂ", "ਕੰਡੇ ਬੀਜਣ ਵਾਲੇ" ਆਦਿ ਕਿਸਾਨੀ ਜੀਵਨ ਨਾਲ ਸੰਬੰਧਿਤ ਕਹਾਣੀਆਂ ਸਨ। 'ਬੋਹਲ਼ ਦੇ ਰਾਖੇ' ਕਹਾਣੀ ਵਿਚ ਛੋਟੇ ਕਿਸਾਨੀ ਵਰਗ ਦੇ ਨਿਘਾਰ ਦਾ ਨੁਕਤਾ ਪੇਸ਼ ਹੋਇਆ ਹੈ। ਇਸ ਦੇ ਨਾਲ-ਨਾਲ ਕਿਸਾਨ ਨੂੰ ਗ਼ੁਰਬਤ, ਸੰਘਰਸ਼, ਔਕੜਾਂ, ਭ੍ਰਿਸ਼ਟਾਚਾਰ, ਰਿਸ਼ਵਤ, ਸਰਕਾਰੀ ਏਜੰਸੀਆਂ, ਆੜ੍ਹਤੀਆਂ, ਵਿਹਲੜਾਂ ਅਤੇ ਸਰਮਾਏਦਾਰਾਂ ਦੀਆਂ ਵਧੀਕਿਆਂ 'ਚ ਪਿਸਦੇ ਵਿਖਾਇਆ ਹੈ। ਇਸ ਕਹਾਣੀ ਜ਼ਰੀਏ ਛੋਟੇ ਕਿਸਾਨ ਦੀ ਹਾਲਤ ਅਜੋਕੇ ਦੌਰ 'ਚ ਬਦਤਰ ਹੋ ਚੁੱਕੀ ਹੈ, ਦੀ ਨਿਸ਼ਾਨਦੇਹੀ ਵੀ ਹੋਈ ਹੈ। ਮੋਟਰ ਵਿਚੋਂ ਉਸਨੂੰ ਚੌਥਾ ਹਿੱਸਾ ਦਿੱਤਾ ਗਿਆ। ਕੁਝ ਰਕਮ ਆਪਣੇ ਚਾਚਾ ਨੂੰ ਦੇ ਕੇ ਗੱਡਾ-ਭੇਡਾ ਤੇ ਪਸ਼ੂ-ਪਾ ਸ਼ਮੀਰ ਨੇ ਰੱਖ ਲਿਆ। ਪੰਚਾਇਤ ਦੇ ਫੈਸਲੇ ਅਨੁਸਾਰ ਮੋਟਰ ਲਾਗਿਉਂ ਉਸਨੂੰ ਸਿਰਫ ਚਾਰ ਕਨਾਲ ਪੈਲੀ ਹੀ ਮਿਲੀ। ਬਾਕੀ ਢਾਈ ਘੁਮਾਂ ਮੋਟਰ ਤੋਂ ਹਟਵੀ ਸੀ।"[7] ਇਸ ਕਹਾਣੀ 'ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਕਿਸਾਨ ਨੂੰ ਮਹਿੰਗਾਈ ਦੇ ਦੌਰ ਵਿੱਚ ਆਪਣੀ ਆਮਦਨ ਨੂੰ ਵਧਾਉਣ ਦਾ ਕੋਈ ਨਵਾਂ ਰਸਤਾ ਲੱਭਣ ਦੀ ਲੋੜ ਹੈ। ਅੱਜ ਸਿਰਫ ਖੇਤੀ ਦੇ ਸਹਾਰੇ ਜੀਵਨਯਾਪਨ ਨਹੀਂ ਹੋ ਸਕਦਾ। ਕਿਸਾਨ ਇੱਕਜੁੱਟ ਹੋ ਕੇ ਹੀ ਆਪਣੀਆਂ ਮੁਸ਼ਕਲਾਂ ਦਾ ਹੱਲ ਕੱਢ ਸਕਦੇ ਨੇ। ਤਾਂ ਹੀ ਉਹ ਆਪਣੀ ਜਮੀਨ ਬਚਾਉਣ ਅਤੇ ਪੈਦਾਵਾਰ ਦਾ ਸਹੀ ਮੁੱਲ ਪਾਉਣ ਦੇ ਯੋਗ ਹੋ ਸਕਦਾ ਹੈ। ਉਸ ਨੂੰ ਆਪਣੀ ਸ਼ਕਤੀ, ਸੋਚ, ਜ਼ਰੀਆ ਸਮੇਂ ਦੇ ਹਾਣ ਦਾ ਕਰਨ ਦੀ ਲੋੜ ਹੈ। 'ਮਾਵਾਂ ਬਾਝੋਂ' ਕਹਾਣੀ ਵਿਚ ਖੇਤੀਬਾੜੀ ਦੇ ਨਾਲ-ਨਾਲ ਹੋਰ ਕਿੱਤਾ ਮੁੱਖੀ ਕੰਮ ਕਰਨ ਦੀ ਲੋੜ ਦਾ ਥੀਮ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਜ਼ਰੀਏ ਇਹ ਵਿਚਾਰ ਪੇਸ਼ ਕੀਤਾ ਹੈ ਕਿ ਮਨੁੱਖ ਦਾ ਖ਼ੂਨ ਸਫੈਦ ਨਹੀਂ ਹੋਣਾ ਚਾਹੀਦਾ। ਮਾਂ ਤੂੰ ਜ਼ਮੀਨ ਕੀ ਕਰਨੀ ਆਂ? ਤੂੰ ਹੁਣ ਅਗਲੇ ਪਾਸੇ ਦੀ ਸੋਚ, ਟਕੋਰ ਜਿਹੀ ਮਾਰਦਿਆਂ ਪਿਆਰੇ ਨੇ ਕਿਹਾ ਸੀ, ਦੋ ਟਿੱਕੀਆਂ ਈ ਆਂ ਨਾ, ਬਲਕਾਰ ਏਨੇ ਤੋਂ ਵੀ ਰਹਿ ਜਾਊ ਤਾਂ ਸਾਡੇ ਕੋਲ਼ ਆ ਜਾਈਂ।"[8] ਰਿਸ਼ਤਿਆਂ ਦੀ ਤੰਦ ਨੂੰ ਜੋੜੀ ਰੱਖਣ ਲਈ ਮਨੁੱਖ ਨੂੰ ਸਵੈ ਇਕ ਪਾਸੇ ਰੱਖਣਾ ਚਾਹੀਦਾ ਹੈ। ਸਰਕਾਰਾਂ ਨੂੰ ਕਿਸਾਨ ਵਰਗ ਲਈ ਵਿਸ਼ੇਸ ਸਕੀਮਾਂ ਤਿਆਰ ਕਰਨੀਆਂ ਚਾਹੀਦੀਆਂ ਹਨ ਜਿਸ ਨਾਲ ਕਿਸਾਨ ਗ਼ੁਰਬਤ ਤੋਂ ਮੁਕਤੀ ਪ੍ਰਪਤ ਕਰ ਸਕੇ। 'ਕੰਡੇ ਬੀਜਣ ਵਾਲੇ' ਕਹਾਣੀ ਵਿਚ ਭਾਰਤੀ ਚੋਣ ਪ੍ਰਕਿਰਿਆ ਦੇ ਗੰਧਲੇਪਣ ਦਾ ਪਰਦਾਫਾਸ਼ ਕੀਤਾ ਹੈ। ਤਾਰਾ ਸਿੰਘ ਨੇ ਇਸ਼ਾਰਾ ਕੀਤਾ। ਕਰਮ ਸਿੰਘ ਨੇ ਝੋਲੇ ਵਿਚ ਹੱਥ ਘੁਮਾਏ ਤੇ ਨੋਟਾਂ ਦੀਆਂ ਥਦੀਆਂ ਤਾਰਾ ਸਿੰਘ ਦੇ ਹੱਥਾਂ ਵਿਚ ਖਿਸਕ ਗਈਆਂ।"[9] ਇਸ ਕਹਾਣੀ ਵਿਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਭਾਰਤੀ ਚੋਣ ਪ੍ਰਕਿਰਿਆ ਨੂੰ ਕੁਰੱਪਸ਼ਨ ਤੋਂ ਮੁਕਤ ਹੋਣਾ ਚਾਹੀਦਾ ਹੈ। ਜੇਕਰ ਅਸੀਂ ਲੋਕਰਾਜ ਵਧੀਆ ਚਾਹੁੰਦੇ ਹਾਂ ਤਾਂ ਸੀਟਾਂ ਦੇ ਅਹੁਦੇਦਾਰ ਨੇਕ ਸੁਭਾ ਦੇ ਹੋਣ ਤਾਂ ਕਿ ਬਰਾਬਰੀ ਦਾ ਭਾਵ ਪੈਦਾ ਹੋਣ ਦੇ ਆਸਾਰ ਬਣਨ। ਚੋਣ ਪ੍ਰਕਿਰਿਆ ਦੇ ਕੰਮ ਕਾਜ 'ਚ ਈਮਾਨਦਾਰੀ ਰਹਿਣੀ ਚਾਹੀਦੀ ਹੈ। ਚੋਣ ਪ੍ਰਕਿਰਿਆ ਭ੍ਰਿਸ਼ਟਾਚਾਰ ਤੋਂ ਅਭਿੱਜ ਰਹਿਣੀ ਚਾਹਿਦੀ ਹੈ।



**ਦੋ ਟਾਪੂ ਸਮੇਂ ਦਾ ਹਾਣੀ ਕਹਾਣੀ ਸੰਗ੍ਰਹਿ** ਤੋਂ ਬਾਅਦ ਚੌਥਾ ਕਹਾਣੀ ਸੰਗ੍ਰਹਿ ਹੈ। **ਦੋ ਟਾਪੂ** ਦਾ ਪਾਠਗਤ ਅਧਿਐਨ ਕਰਨ 'ਤੇ ਇਹ ਸਾਹਮਣੇ ਆਉਂਦਾ ਹੈ ਕਿ ਇਸ ਕਹਾਣੀ ਸੰਗ੍ਰਹਿ ਵਿਚਲੀਆਂ ਟਾਪੂ, ਪਛਾਣ, ਭਵਿੱਖ, ਜੜ੍ਹਾਂ, ਪੰਧ, ਪਰਛਾਂਵਾਂ ਆਦਿ ਸਾਰੀਆਂ ਕਹਾਣੀਆਂ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ। 'ਦੋ ਟਾਪੂ' ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਮੁੱਖ ਤੌਰ ਤੇ ਪਰਵਾਸ ਦੀਆਂ ਸਮੱਸਿਆਵਾ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੇ ਸੰਬੰਧ ਵਿਚ ਇਹ ਨਤੀਜਾ ਕੱਢਿਆ ਹੈ ਕਿ ਅਗਾਂਹ ਵਧੂ ਮੁਲਕ ਦੀਆਂ ਸਮੱਸਿਆਵਾਂ ਤੀਸਰੇ ਸੰਸਾਰ ਦੇ ਦੇਸ਼ਾਂ ਨਾਲੋਂ ਵੱਖਰੀਆਂ ਹਨ। ਦੇਸ਼ ਵਿਚ ਵੀ ਭਾਵੇਂ ਸੰਯੁਕਤ ਪਰਿਵਾਰਾਂ ਦਾ ਮੁਹਾਦਰਾਂ ਬਦਲਿਆ ਹੈ ਪਰ ਅਗਾਂਹ ਵਧੂ ਦੇਸ਼ਾਂ ਵਿਚ ਅਜਿਹੇ ਪਰਿਵਾਰਾਂ ਦੀ ਕਲਪਨਾ ਕਰਨੀ ਸਮੱਸਿਆ ਪੂਰਕ ਹੈ। ਪਾਸ਼ੀ ਅਤੇ ਬਲਰਾਜ ਦਾ ਪਰਿਵਾਰ, ਸੰਯੁਕਤ ਪਰਿਵਾਰ ਦੇ ਖਹਿਬੜਣ ਪਿਛੋਂ ਭਾਵੇਂ ਤਲਾਕ ਲੈ ਲੈਂਦੇ ਹਨ ਪਰ ਦੋਹਾਂ ਦੇ ਅਵਚੇਤਨ ਵਿਚੋਂ ਇਕ ਦੂਜੇ ਪ੍ਰਤੀ ਪਿਆਰ ਦੀ ਭੁੱਖ ਅਤੇ ਤ੍ਰਿਪਤੀ ਦੀ ਅਭਿਲਾਸ਼ਾ ਖਤਮ ਨਹੀਂ ਹੁੰਦੀ। ਉਹਨਾਂ ਦੇ ਮਨਾ ਦੇ ਕੋਨਿਆਂ ਵਿਚ ਮਿਲਨ ਦੀ ਰੀਝ ਸਮਾਈ ਰਹਿੰਦੀ ਹੈ। ਕਹਾਣੀ ਦੀਆਂ ਘਟਨਾਵਾਂ ਨੂੰ ਪੇਸ਼ ਕਰਦਿਆਂ ਲੇਖਕ ਨੇ ਇਹ ਵਿਚਾਰ ਪੇਸ਼ ਕੀਤਾ ਹੈ ਕਿ ਸਮੇਂ, ਸਥਾਨਿਕ ਸਥਿਤੀਆਂ ਮੁਤਾਬਿਕ ਪਾਤਰਾਂ ਦੇ ਜੀਵਨ ਵਿਹਾਰ ਵਿਚ ਪਰਿਵਰਤਨ ਆਉਂਦਾ ਹੈ। ਇਹੀ ਪਾਤਰ ਆਪਣੇ ਦੇਸ਼ ਵਿਚ ਵਿਚਰਦੇ ਤਾਂ ਤਲਾਕ ਦੀ ਨੌਬਤ ਨਹੀਂ ਸੀ ਆਉਦੀ। 'ਪਛਾਣ' ਕਹਾਣੀ ਦੋ ਵਿੱਭਿੰਨ ਰਹਿਤਲਾਂ ਦੇ ਤਨਾਉ ਦੀ ਨਿਸ਼ਾਨਦੇਹੀ ਕਰਦੀ ਹੋਈ ਭਾਰਤ ਤੇ ਪੱਛਮੀ ਸੰਸਕ੍ਰਿਤੀ ਦੇ ਅਵਚੇਤਨ 'ਚ ਪਏ ਤੁਲਨਾਤਮਕ ਪੱਖ ਰਾਹੀਂ ਐਸੇ ਪਹਿਲੂਆਂ ਨੂੰ ਉਜਾਗਰ ਕਰਦੀ ਹੈ ਜਿਨ੍ਹਾਂ ਨੂੰ ਨਜ਼ਰ ਅੰਦਾਜ ਕਰਨਾ ਸੌਖਾ ਹੀ ਨਹੀਂ ਬਲਕਿ ਪੀੜਾਜਨਕ ਹੈ। ਉਸਨੂੰ ਇੰਜ ਲੱਗਾ ਜਿਵੇਂ ਬਾਹਰ ਵਗ ਰਹੀ ਬਰਫੀਲੀ ਹਵਾ ਨੇ ਉਹਨਾਂ ਦੇ ਘਰ ਦੀਆਂ ਕੰਧਾਂ ਨੂੰ ਚਿੱਬ ਪਾ ਦਿੱਤੇ ਹੋਣ।"[10] ਇਕ ਪਾਸੇ ਪਛਾਣ ਕਹਾਣੀ ਭਾਰਤੀ ਬੱਚਿਆਂ ਦਾ ਪੱਛਮੀ ਪ੍ਰਭਾਵ ਦਾ ਅੰਧਾਧੁੰਧ ਅਨੁਕਰਣ ਕਰਦੀ ਹੋਈ ਭਾਰਤੀ ਸੰਸਕਾਰਾਂ ਨੂੰ ਕਾਟੇ ਹੇਠ ਦਰਸਾਉਂਦੀ ਹੈ। ਦੂਜੇ ਪਾਸੇ ਭਾਰਤੀ ਲੋਕ ਆਪਣੇ ਵੱਡੇ ਉਦੇਸ਼ਾਂ ਦੀ ਪੂਰਤੀ ਹਿੱਤ ਆਪਣੀ, ਮਾਪਿਆਂ ਦੀ, ਬੱਚਿਆਂ ਦੀ ਸਿਹਤ ਅਤੇ ਉਹਨਾਂ ਦੇ ਕੀਮਤੀ ਭਵਿੱਖ ਨਾਲ ਬੇਇਨਸਾਫੀ ਕਰ ਜਾਂਦੇ ਹਨ। ਇਸ ਕਹਾਣੀ ਦਾ ਕੇਂਦਰੀ ਥੀਮ ਭਾਰਤੀਆਂ ਦੇ ਪਰਵਾਸ ਵਸੇਬੇ ਦਾ ਮੂਲ ਕਾਰਨ ਉਹਨਾਂ ਦੀ ਪਦਾਰਥਵਾਦੀ ਸੋਚ ਵੱਲ ਸੰਕੇਤ ਕਰਦਾ ਹੈ। ਇਸ ਕਹਾਣੀ ਵਿਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਭਾਰਤੀ ਲੋਕ ਆਪਣੀਆਂ ਇਛਾਵਾਂ ਦੀ ਪੂਰਤੀ ਹਿੱਤ ਵਰਤਮਾਨ ਨੂੰ ਗੁਆ ਬੈਠਦੇ ਹਨ। ਜਿਸਨੂੰ ਸੰਭਾਲਣ ਲਈ ਵੱਡੀ ਸਮਝ ਪੈਦਾ ਕਰਨ ਦੀ ਲੋੜ ਹੈ। 'ਭਵਿੱਖ' ਕਹਾਣੀ 'ਚ ਕਮਜੋਰ ਭਾਰਤੀ ਆਰਥਿਕ ਢਾਂਚੇ ਦੀ ਪੇਸ਼ਕਾਰੀ ਹੋਈ ਹੈ। ਭਾਰਤੀ ਗਰੀਬੀ, ਰੁਜ਼ਗਾਰ ਦੀ ਭਾਲ, ਪਰਵਾਸ ਧਾਰਨ ਕਰਨਾ, ਅਨਪੜ ਪਰਿਵਾਰਾਂ ਦਾ ਪੱਛਮੀ ਖੁੱਲ੍ਹ ਤੋਂ ਚਕਾਚੌਂਧ ਹੋਣਾ। ਉਸ ਚਕਾਚੌਂਧ ਦੇ ਚਾਨਣ ਦਾ ਸ਼ਿਕਾਰ ਹੋਣਾ। ਏਸ ਥਰਸਡੇ, ਟੈੱਨ ਇਨ ਦਾ ਮਾਰਨਿੰਗ, ਮੈਂ ਫਿੰਚ-ਨੈਲਸਨ ਦੀ ਕੋਰਨਰ ਵਾਲੇ ਪੀਜ਼ਾ ਹੱਟ 'ਚ ਤੇਰੀ ਵੇਟ ਕਰਾਂਗਾ।ਜੇ ਤੂੰ ਨਾ ਆਈ ਤਾਂ ਮੈਂ ਸਾਰਾ ਕੁਝ ਤੇਰੇ ਡੈਡ ਨੂੰ ਦੱਸ ਦੇਣਾ ਆ।"[11] ਬੇਹਿਸਾਬ ਮੁਸ਼ੱਕਤ ਕਰਨਾ, ਅਨਪੜ ਹੋਣ ਕਾਰਨ ਬਣਦੀ ਪਦਵੀ ਤੋਂ ਵੰਚਿਤ ਰਹਿਣਾ ਆਦਿ ਦੁੱਖਦਾਈ ਮਾਹੌਲ ਦੀ ਵੀ ਪੇਸ਼ਕਾਰੀ ਹੋਈ ਹੈ। ਅਜਿਹੇ ਮਾਹੌਲ ਵਿਚ ਇਹਨਾਂ ਦੀ ਔਲਾਦ ਦਾ ਭਵਿੱਖ ਹਨੇਰੇ ਵਾਲਾ ਹੁੰਦਾ ਹੈ। ਇਸ ਕਹਾਣੀ ਵਿਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਭਾਰਤੀਆਂ ਨੂੰ ਚੰਗੀ ਸਿੱਖਿਆ ਹਾਸਿਲ ਕਰਕੇ ਅਤੇ

ਆਪਣੀ ਸੋਚ ਨੂੰ ਵਿਸ਼ਾਲ ਕਰਕੇ ਹੀ ਵਿਦੇਸ਼ੀ ਧਰਤੀ ’ਤੇ ਪੈਰ ਧਰਨਾ ਚਾਹੀਦਾ ਹੈ। ‘ਜੜ੍ਹਾਂ’ ਕਹਾਣੀ ’ਚ ਜਨਮ ਭੂਮੀ ਅਤੇ ਪਰਵਾਸ, ਦੋਹਾਂ ਧਰਤੀਆਂ ਤੋਂ ਉਪਜੀ ਉਪਰਾਮਤਾ ਦੀ ਪੇਸ਼ਕਾਰੀ ਹੋਈ ਹੈ। ਦੇਖਾ-ਦੇਖੀ ਪਰਵਾਸ ਦਾ ਸ਼ੌਕ। ਸਿੱਧੇ ਤੌਰ ਤੇ ਨਸਲਵਾਦ ਦਾ ਸ਼ਿਕਾਰ। ਵਤਨ ਵਾਪਸੀ ਦਾ ਮੋਹ। ਪੰਜਾਬ ਦਾ ਕਾਲਾ ਦੌਰ। ਅੱਤਵਾਦ, ਰਿਸ਼ਵਤਖੋਰੀ ਅਤੇ ਭਾਰਤੀ ਕਮਜ਼ੋਰ ਪ੍ਰਸ਼ਾਸਨ, ਵਤਨੋਂ ਉਪਰਾਮ ਹੋਣ ਦੇ ਵੱਡੇ ਕਾਰਨ ਬਣਦੇ ਹਨ। ਜੋ ਮਨੁੱਖ ਨੂੰ ਜੜ੍ਹੋਂ ਹੀ ਨਹੀਂ ਉਖਾੜਦੇ ਬਲਕਿ ਮਾਨਸਿਕ ਤੌਰ ਤੇ ਜੜ੍ਹਾਂ ਲੱਗਣ ਹੀ ਨਹੀਂ ਦਿੰਦੇ। ਜਿਸ ਬੰਦੇ ਦੇ ਨਾਂ ਘਰ ਲਗਵਾਇਆ ਗਿਆ, ਉਸ ਬਾਰੇ ਕੁਲਵਰਨ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ-ਕੋਈ ਉਸਨੂੰ ਸਰਕਾਰੀ ਉੱਚ ਅਧਿਕਾਰੀ ਕਹਿ ਰਿਹਾ ਸੀ, ਕੋਈ ਵੱਡਾ ਪੁਲੀਸ ਅਫ਼ੳਮਪ;ਸਰ, ਕੋਈ ਸਿਆਸੀ ਘਾਗ, ਕੋਈ ਸਮਾਜ-ਸੇਵੀ ਨੇਤਾ ਤੇ ਕੋਈ ਉਸਨੂੰ ਧਾਰਮਿਕ ਮਹਾਂਪੁਰਸ਼ ਕਹਿ ਰਿਹਾ ਸੀ। ਆਪਣੀ ਹੀ ਜਨਮ ਭੋਏਂ ’ਤੇ ਬੇਸਿਰਨਾਵਾਂ ਹੋਏ, ਆਪਣੀ ਹੀ ਜਨਮ ਭੋਏਂ ਤੋਂ ਤ੍ਰਾਹ-ਤ੍ਰਾਹ ਕਰਦੇ ਕੁਲਵਰਨ ਹੋਰੀਂ ਕਨੇਡਾ ਪਰਤ ਆਏ ਸਨ।”[12] ਇਸ ਕਹਾਣੀ ’ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਮਨੁੱਖ ਨੂੰ ਆਪਣਾ ਕਦਮ ਬੜਾ ਸੋਚ ਸਮਝਕੇ ਪੁੱਟਣਾ ਚਾਹੀਦਾ ਹੈ। ਉਹ ਜਿੱਥੇ ਵੀ ਰਵੇ ਆਪਣੀਆਂ ਜੜ੍ਹਾਂ ਨੂੰ ਖੋਖਲਾ ਨਾ ਹੋਣ ਦਵੇ। ‘ਪੰਧ’ ਕਹਾਣੀ ’ਚ ਮਨੁੱਖੀ ਰਿਸ਼ਤਿਆਂ ਦੇ ਸੱਖਣੇਪਣ ਦੀ ਪੇਸ਼ਕਾਰੀ ਹੋਈ ਹੈ। ਸੰਯੁਕਤ ਪਰਿਵਾਰਾਂ ਦਾ ਟੁੱਟਣਾ, ਮਾਪੇ-ਔਲਾਦ ਦਾ ਪੀੜ੍ਹੀਪਾੜਾ ਜਿੱਥੇ ਇਕ ਪਾਸੇ ਘਰ ਵਿਚ ਤਰੇੜ ਪੈਦਾ ਕਰਦੇ ਹਨ ਦੂਜੇ ਪਾਸੇ ਆਪਣੇ ਸੰਸਕਾਰਾਂ ਰਾਹੀਂ ਮੁੜ ਜਿੰਦਗੀ ਨੂੰ ਨਵੀਂ ਸੇਧ ਦੇਣ ਦੀ ਸਮਰੱਥਾ ਵੀ ਰੱਖਦੇ ਹਨ। ਕਹਾਣੀਕਾਰ ਇਸ ਕਹਾਣੀ ਰਾਹੀਂ ਇਹ ਵਿਚਾਰ ਪੇਸ਼ ਕਰ ਰਿਹਾ ਹੈ ਕਿ ਜਿੰਦਗੀ ਨੂੰ ਮੁੱੜ ਸੁਰਜੀਤ ਕੀਤਾ ਜਾ ਸਕਦਾ ਹੈ। ‘ਪਰਛਾਵਾਂ’ ਕਹਾਣੀ ’ਚ ਦੋ ਸੰਸਕ੍ਰਿਤੀਆਂ ਦੇ ਤਨਾਓ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ਵਿਚ ਪਰਵਾਸ ਕਾਰਨ ਮਨੁੱਖੀ ਬੋਝਲ ਜਿੰਦਗੀ ਦੀ ਪੇਸ਼ਕਾਰੀ ਦੇ ਨਾਲ ਨਾਲ, ਮਨੁੱਖੀ ਮਾਨਸਿਕਤਾ ਦੇ ਖਿੰਡਾਓ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਦਾ ਸਿਰਲੇਖ ਹੀ ਇਸਦੀ ਨਿਸ਼ਾਨਦੇਹੀ ਕਰਦਾ ਹੈ। ਇਕ ਮਨੁੱਖ ਦਾ ਆਪਣਾ ਵਜੂਦ ਹੁੰਦਾ ਹੈ ਤੇ ਦੂਜਾ ਉਸਦਾ ਪਰਛਾਵਾਂ। ਜੋ ਕਦੀ ਵੀ ਇਕ ਥਾਂ ਤੇ ਸਥਿਰ ਨਹੀਂ ਹੁੰਦਾ। ਇਸ ਕਹਾਣੀ ’ਚ ਇਹ ਦਸਿਆ ਗਿਆ ਹੈ ਕਿ ਮਨੁੱਖ ਤੇ ਮਨੁੱਖ ਦੀ ਹੋਂਦ ਉਸੇ ਤਰ੍ਹਾਂ ਇਕ ਹਨ ਜਿਸ ਤਰ੍ਹਾਂ ਸਰੀਰ ਤੇ ਆਤਮਾ।

**ਟਾਵਰਜ਼** ਜਰਨੈਲ ਸਿੰਘ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ। ਪਰਵਾਸ ਧਾਰਨ ਉਪਰੰਤ ਇਹ ਉਸਦਾ ਦੂਸਰਾ ਕਹਾਣੀ ਸੰਗ੍ਰਹਿ ਹੈ। “ਟਾਵਰਜ਼”, “ਪਾਣੀ”, “ਗੁਆਚੇ ਲੋਕ”, “ਬਰਫ ਤੇ ਦਰਿਆ”, “ਸੜਕਾਂ” ਆਦਿ ਕਹਾਣੀਆਂ ਇਸ ਵਿਚ ਦਰਜ਼ ਹਨ। ਟਾਵਰਜ਼ ਕਹਾਣੀ ਵਿਚ ਜੋ ਸਵੈ ਨਿਰਭਰ ਦੇਸ਼ ਹਨ ਉਹਨਾਂ ਨੂੰ ਜੀਊਣ ਦਾ ਹੱਕ ਮਿਲਣਾ ਚਾਹੀਦਾ ਹੈ ਦਾ ਥੀਮ ਪੇਸ਼ ਹੋਇਆ ਹੈ। ਵਿਸ਼ਵ ਪੱਧਰ ਦੀਆਂ ਵੱਡੀਆਂ ਹਸਤੀਆਂ ਆਪਣੀ ਸਤਾ ਰਾਹੀਂ ਵੱਡੇ ਹੋਣ ਦਾ ਮਾਣ ਰੱਖਦੀਆਂ ਹਨ। ਇਸ ਵਿੱਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਵਿਸ਼ਵ ਪੱਧਰ ’ਤੇ ਅਮਨ ਕਾਇਮ ਰਹੇ। ਹਰ ਦੇਸ਼ ਨੂੰ ਤਰੱਕੀ ਕਰਨ ਦਾ ਸੁਖਾਵਾਂ ਮਾਹੌਲ ਮਿਲੇ। ਲੇਖਕ ਮਨੁੱਖਤਾ ਦੀ ਆਵਾਜ ਬੁੰਲਦ ਕਰਦਿਆਂ ਦੱਸਦਾ ਹੈ ਕਿ ਗੋਲੀ ਦੇ ਜ਼ੋਰ ਨਾਲ ਕੋਈ ਦੇਸ਼ ਵੱਡਾ ਅਖਵਾਉਣ ਦਾ ਹੱਕਦਾਰ ਨਹੀਂ। ਮਨੁੱਖ ਦੀ ਸੋਚ ਹੀ ਉਸਨੂੰ ਵੱਡਾ ਹੋਣ ਦਾ ਅਹੁਦਾ ਦੇ ਸਕਦੀ ਹੈ। ਜਿੰਨ੍ਹਾ ਚਿਰ ਸੋਚਾਂ ਉੱਚੀਆਂ ਨਹੀਂ ਹੁੰਦੀਆਂ ਉੱਚਤਾ ਦੀਆਂ ਇਹ ਕਲਗੀਆਂ ਇੰਜ ਹੀ ਕਿਰਦੀਆ ਰਹਿਣਗੀਆਂ ਲਪੇਟ ’ਚ ਆ ਜਾਂਦੇ ਨੇ ਬੈਠੇ-ਸੁੱਤੇ ਆਮ ਲੋਕਅਜਿਹੇ ਟਾਵਰਾਂ ਨਾਲੋਂ ਕਿਤੇ ਉੱਚੇ-ਸੁੱਚੇ ਲੋਕ।



ਸਟੇਸੀ ਤੇ ਉਸ ਵਰਗੇ ਜ਼ਹੀਨ, ਮੇਰੇ ਹਜ਼ਾਰਾਂ ਧੀਆਂ-ਪੁੱਤਰ ਮੌਤ ਦੇ ਨਹੀਂ, ਜਿੰਦਗੀ ਦੇ ਹੱਕਦਾਰ ਸਨ।[13] ‘ਪਾਣੀ’ ਕਹਾਣੀ ਵਿੱਚ ਜੀਵਨ ਦੀ ਨਿਰੰਤਰਤਾ ਅਤੇ ਪਰਿਵਰਤਨ ਕੁਦਰਤ ਦਾ ਪਹਿਲਾ ਨਿਯਮ ਹੈ ਦਾ ਥੀਮ ਹੋਇਆ ਹੈ। ਇਸ ਕਹਾਣੀ ਜ਼ਰੀਏ ਇਹ ਵਿਚਾਰ ਪੇਸ਼ ਹੋਇਆ ਕਿ ਜਿੰਦਗੀ ’ਚ ਖੜੋਤ ਨਾਂ ਪੱਖੀ ਵਰਤਾਰਾ ਹੈ। ਮਨੁੱਖ ਨੂੰ ਪਰੰਪਰਾਵਾਂ ਤੋਂ ਮੁਕਤ ਹੋਣ ਦੀ ਲੋੜ ਹੈ। ਪਦਾਰਥਵਾਦੀ ਰੁਚੀ ਕਾਰਨ ਪੰਜਾਬੀ ਸੰਸਾਰ ਦੇ ਹਰ ਕੋਨੇ ’ਚ ਫੈਲੇ ਹਨ। ਪਰ ਮਾਨਸਿਕਤਾ ਉਹਨਾਂ ਦੀ ਅਜੇ ਵੀ ਭਾਰਤੀ ਹੈ। ਨਵੇਂ ਦਿਸਹੱਦਿਆ ਨੂੰ ਪਕੜਨ ਲਈ ਸੋਚ ਵਿਸ਼ਾਲ ਕਰਨ ਦੀ ਜਰੂਰਤ ਹੈ। ਲੇਖਕ ਨੇ ਕਹਾਣੀ ਦੇ ਸਿਰਲੇਖ ਰਾਹੀਂ ਦਰਸਾਇਆ ਕਿ ਜਿਸ ਤਰ੍ਹਾਂ ਪਾਣੀ ਨਿਰੰਤਰ ਗਤੀਸ਼ੀਲ ਹੈ ਉਸੇ ਤਰ੍ਹਾਂ ਜਿੰਦਗੀ ਦੀ ਚਾਲ ਵੀ ਉਸੇ ਨਕਸ਼ੇ ਕਦਮ ’ਤੇ ਚਲਣੀ ਚਾਹੀਦੀ ਹੈ। ਪਾਣੀ ਤੇ ਬੋਟ ਪ੍ਰਤੀਕਾਤਮਕ ਸ਼ਬਦ ਹਨ। ਜਿਵੇਂ ਬੋਟ ਪਾਣੀ ਨੂੰ -ਚੀਰਦੀ ਤੇਜ ਦੌੜਦੀ ਹੈ। ਠੀਕ ਉਸੇ ਤਰ੍ਹਾਂ ਪੁਰਾਣੀ ਸੋਚ ਨੂੰ ਕਾਂਟੇ ਹੇਠ ਕਰਦਿਆਂ ਨਵੀਆਂ ਪਲਾਘਾਂ ਪੁਟਦਿਆਂ ਵਿਸ਼ਵ ਦੇ ਪੱਧਰ ਦਾ ਹੋਣਾ ਲਾਜਮੀ ਹੈ। ‘ਗੁਆਚੇ ਲੋਕ’ ਕਹਾਣੀ ਵਿਚ ਪੁਰਾਤਨ ਤੇ ਨਵੀਨ ਸੋਚ ਦੇ ਅੰਤਰ ਦਵੰਦ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ’ਚ ਇਹ ਦੱਸਿਆ ਗਿਆ ਹੈ ਕਿ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਖੁਲ੍ਹੇ ਵਾਤਾਵਰਨ ’ਚ ਵਿਗਸਣ ਦੇ ਮੌਕੇ ਮੁਹੱਈਆ ਕਰਵਾਉਂਦੇ ਹਾਂ ਤਾਂ ਉਹ ਕੁਦਰਤੀ ਤੌਰ ਤੇ ਉੱਡਣ ਦੇ ਅਵਸਰ ਵੀ ਪ੍ਰਾਪਤ ਕਰਨਗੇ। ਤੁਸੀਂ ਤਾਂ ਮੇਰੇ ਚਾਅ ਵੀ ਪੂਰੇ ਨਾ ਹੋਣ ਦਿੱਤੇ ਮੈਂ ਗਿਆਰ੍ਹਾਂ ਸਾਲ ਟੱਬਰ ’ਚ ਬਹਿਣ ਨੂੰ ਤਰਸਦਾ ਰਿਹਾ। ਮੈਨੂੰ ਹੀ ਪਤੇ ਉਹ ਬਨਵਾਸ ਮੈਂ ਕੱਲੇ ਨੇ ਕਿਵੇਂ ਕੱਟਿਆ। ਰੱਬ ਦੇ ਵਾਸਤੇ ਹੁਣ ਚਾਰ ਦਿਨ ਮੈਨੂੰ ਸੁੱਖ ਦੇ ਵੀ ਦੇਖ ਲੈਣ ਦਿਉ।“ ਜੇ ਬਹੁਤਾ ਨਹੀਂ ਤਾਂ ਪੰਜ-ਸੱਤ ਸਾਲ ਹੀ ਕੱਠੇ ਰਹਿ ਲਉ। ਤੁਹਾਡੇ ਨਿਆਣੇ ਪਲ ਜਾਣਗੇ। ਸਾਡੇ ਲਈ ਰੌਣਕ-ਮੇਲਾ ਬਣਿਆ ਰਹੂ।”[14] ਇਸ ਕਹਾਣੀ ’ਚ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਮਾਪਿਆਂ ਨੂੰ ਉਦਾਸੀ ਤੇ ਪਛਚਾਤਾਪ ਵਾਲੀ ਜਿੰਦਗੀ ਜੀਊਣ ਦੀ ਬਜਾਏ ਆਪਣੇ ਬੱਚਿਆਂ ਦੀਆਂ ਖੁਸ਼ੀਆਂ ’ਚ ਮਸ਼ਗੂਲ ਹੋਣਾ ਚਾਹੀਦਾ ਹੈ। ਗੁਆਚੀ ਰੂਹ, ਗੁਆਚੇ ਲੋਕ, ਗੁਆਚੀ ਪਛਾਣ, ਗੁਆਚੇ ਰਿਸ਼ਤੇ, ਗੁਆਚੇ ਦੋਸਤ, ਗੁਆਚਿਆ ਆਦਰ, ਗਵਾਚੀਆਂ ਵੈਲਯੂਜ਼, ਗਵਾਚੀ ਅਕਲ ਆਦਿ ਦੇ ਵਿਗੋਚੇ ’ਚ ਪੈ ਕੇ ਮਨੁੱਖ ਨੂੰ ਆਪਣੀ ਜਿੰਦਗੀ ’ਚ ਸੱਖਣਾਪਣ ਨਹੀਂ ਲਿਆਉਣਾ ਚਾਹੀਦਾ। ਬਲਕਿ ਬਦਲਾਵ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਦਲੇਰੀ ਪੈਦਾ ਕਰਨ ਦੀ ਲੋੜ ਹੈ। ‘ਬਰਫ਼ ਤੇ ਦਰਿਆ’ ਕਹਾਣੀ ਚ ਤਲਾਕਸ਼ੁਦਾ ਮਾਪਿਆਂ ਦੀ ਔਲਾਦ ਦੇ ਸੱਖਣੇਪਣ ਦੇ ਥੀਮ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ’ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪਰਵਰਿਸ਼ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੁੰਦੀ ਹੈ। ਬੱਚੇ ਮਾਪਿਆਂ ਦੀ ਓਟ ’ਚ ਵਧੇਰੇ ਵਿਕਾਸ ਕਰਦੇ ਹਨ। ਗੁਮਾਨ ਕਾਹਦੇ ’ਤੇ ਹੋਣਾ ਸੀ। ਘਰ ਵਿਚ ਮੇਰੀ ਕੋਈ ਥਾਂ ਹੀ ਨਹੀਂ ਸੀ। ਮੇਰਾ ਸਟੈਪਫਾਦਰ ਡਾਰਲ ਹੌਪਰ ਆਪਣੇ ਸਕੇ ਧੀ-ਪੁੱਤ ਨੂੰ ਪਿਆਰ ਕਰਦਾ ਸੀ। ਮੇਰੇ ਮਤਰੇਏ ਭੈਣ-ਭਰਾ ਵੀ ਮੇਰੇ ਨਾਲ ਇਕ ਫਾਸਲਾ ਜਿਹਾ ਬਣਾ ਕੇ ਰੱਖਦੇ। 15ਮਾਪਿਆਂ ਨੂੰ ਸਵੈ ਇਕ ਪਾਸੇ ਰੱਖਣਾ ਚਾਹੀਦਾ ਹੈ। ਅਗਰ ਔਲਾਦ ਪੈਦਾ ਕਰਨ ਦਾ ਸ਼ੋਕ ਹੈ ਤਾਂ ਉਹਨਾਂ ਪ੍ਰਤੀ ਜਿੰਮੇਵਾਰੀ ਨਿਭਾਉਣਾ ਮਾਪਿਆਂ ਦਾ ਪਹਿਲਾ ਫ਼ੳਮਪ;ਰਜ਼ ਹੈ। ‘ਸੜਕਾਂ’ ਕਹਾਣੀ ’ਚ ਲਹੂ ਦਾ ਸਫੇਦ ਹੋਣਾ ਅਤੇ ਬੇਗਾਨੇ ਆਪਣੇ ਦਾ ਅੰਤਰ ਵਿਰੋਧ ਸਾਹਮਣੇ ਆਇਆ। ਜਵਾਨ ਪੁੱਤਰ ਦੀ ਮੌਤ ਕਾਰਨ ਮਾਪਿਆਂ ਦੀ ਵੀਰਾਨ ਜਿੰਦਗੀ ਦੀ ਉਦਾਸੀ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ’ਚ ਇਹ ਦੱਸਿਆ ਗਿਆ ਹੈ ਕਿ ਆਪਣੇ ਜੰਮੇ ਬੱਚੇ ਦਾ ਆਸਰਾ ਹੀ ਨਿੱਘਾ ਹੁੰਦਾ ਹੈ। ਆਂਦਰਾਂ ਦਾ ਸਾਕ ਸਬ ਤੋਂ

ਵੱਡਾ ਸਾਕ ਹੈ। ਪੰਜਾਬੀ ਭਾਈਚਾਰੇ 'ਚ ਸ਼ੁਰੂ ਤੋਂ ਹੀ ਭਰਾਤਰੀ ਭਾਵ ਦੀ ਕਾਫੀ ਹੱਦ ਤੱਕ ਕਮੀ ਰਹੀ ਹੈ। ਜਿਸ ਦੇ ਪਰਿਣਾਮ ਸਦਾ ਮਾਨਵ ਵਿਰੋਧੀ ਹੁੰਦੇ ਹਨ। ਜੈਕ ਪਾਤਰ ਬਿਲਕੁਲ ਓਪਰਾ ਹੈ। ਉਹਨਾਂ ਦਾ ਸਾਥ ਅਜੀਤ ਸਿੰਘ ਲਈ ਸਦੀਵੀ ਹੈ।

**ਕਾਲ਼ੇ ਵਰਕੇ** ਜਰਨੈਲ ਸਿੰਘ ਦਾ ਛੇਂਵਾ ਕਹਾਣੀ ਸੰਗ੍ਰਹਿ ਹੈ। "ਹੜ੍ਹ", "ਕਾਲ਼ੇ ਵਰਕੇ", "ਪੱਤਿਆਂ ਨਾਲ ਢੱਕੇ ਜਿਸਮ", "ਮੁਹਾਜ਼", "ਨਦੀਨ" ਆਦਿ ਕਹਾਣੀਆਂ ਦਰਜ਼ ਹਨ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਹੜ੍ਹ' ਦਾ ਥੀਮ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਦਾ ਮੁੱਖ ਮਕਸਦ ਗੁਰਬਤ ਤੋਂ ਨਿਜ਼ਾਤ ਪਾਉਣਾ ਹੈ। ਇਸ ਕਹਾਣੀ ਵਿਚ ਇਹ ਦੱਸਿਆ ਗਿਆ ਹੈ ਕਿ ਪੰਜਾਬੀ ਨੌਜਵਾਨਾਂ ਦੀ ਪਰਵਾਸ ਧਾਰਨ ਕਰਨ ਪਿੱਛੇ ਜੋ ਉਨ੍ਹਾਂ ਦੀ ਬੇਵਸੀ ਹੈ ਉਸਦਾ ਮੁੱਖ ਕਾਰਨ ਪਰਿਵਾਰ ਦੇ ਮੁੱਖੀਏ ਦਾ ਅਨਪੜ੍ਹ ਹੋਣਾ, ਸੂਝ ਦੀ ਘਾਟ, ਬਿਨਾਂ ਵਿਉਂਤਬੰਦੀ ਅੱਗੇ ਵੱਧਣ ਦੀ ਚਾਹਤ, ਖੇਤੀ ਕਰਨ ਦੇ ਢੰਗਾਂ ਤੋਂ ਸਮਝ ਦੀ ਘਾਟ, ਸਮੇਂ ਦੀ ਦੌੜ ਨਾਲ ਮਿਲਣ ਦੀ ਅਕਾਂਖਿਆ, ਕੁਦਰਤੀ ਕਰੋਪੀ ਵਾਪਰਨ ਤੇ ਸਰਕਾਰ ਵੱਲੋਂ ਕੋਈ ਮਦਦ ਨਾ ਮਿਲਣਾ ਆਦਿ। ਅਜਿਹੀਆਂ ਬੇਵਕੂਫੀਆਂ ਅਤੇ ਲਾਲਸਾਵਾਂ ਦੀ ਪੂਰਤੀ ਹਿੱਤ ਬਚਿਆਂ ਨੂੰ ਉਹਨਾਂ ਰਾਹੇ ਤੋਰ ਦਿੰਦੇ ਹਨ ਜਿੱਥੋਂ ਵਾਸਤੇ ਉਹ ਸਰੀਰਕ ਤੇ ਮਾਨਸਿਕ ਰੂਪ ਵਿਚ ਤਿਆਰ ਨਹੀਂ ਹੋਏ ਹੁੰਦੇ। ਵੱਡਾ ਅਫ਼ਓਮਪ;ਸਰ ਬਣਨ ਦਾ ਸੁਪਨਾ ਚਕਨਾਚੂਰ ਹੋ ਗਿਆ। ਗਰੀਬੀ 'ਚ ਗਰਕ ਹੋ ਰਹੇ ਟੱਬਰ ਵਾਸਤੇ ਹੁਣ ਇਕ ਹੀ ਚਾਰਾ ਰਹਿ ਗਿਆ ਸੀ-ਸੁਖਪਾਲ ਨੂੰ ਬਦੇਸ਼ ਭੇਜਣ ਦਾ। ਏਜੰਟ ਨਾਲ ਗੱਲ ਟੁੱਕ ਕੇ ਸੋਹਣ ਸਿੰਘ ਨੇ ਦੋ ਘੁਮਾਂ ਜ਼ਮੀਨ ਗਹਿਣੇ ਕੀਤੀ ਅਤੇ ਪੁੱਤ ਨੂੰ ਤੋਰ ਦਿੱਤਾ।"[16] ਇਹਨਾਂ ਸਾਰੀਆਂ ਘਾਟਾਂ ਨੂੰ ਪੂਰੀਆਂ ਕਰਨ ਲਈ ਡਬਲ ਸ਼ਿਫਟਾਂ, ਮੇਮ ਨਾਲ ਵਿਆਹ, ਪਰਿਵਾਰ ਤੋਂ ਵੱਧ ਡਾਲਰਾਂ ਨੂੰ ਤਵੱਜੋਂ ਦੇਣਾ ਉਹਨਾਂ ਦੀਆਂ ਮਜ਼ਬੂਰੀਆਂ ਬਣ ਜਾਂਦੀਆਂ ਹਨ। ਕਹਾਣੀ 'ਚ ਇਹ ਵਿਚਾਰ ਨਿਰਧਾਰਿਤ ਕੀਤਾ ਹੈ ਕਿ ਪਹਿਲਾਂ ਬੱਚਿਆਂ ਨੂੰ ਉਹਨਾਂ ਦੀ ਪੜ੍ਹਾਈ ਦੇ ਪੂਰੇ ਅਵਸਰ ਪ੍ਰਦਾਨ ਕੀਤੇ ਜਾਣ ਜਿਸ ਵਿਚ ਮਾਪਿਆਂ ਤੇ ਸਰਕਾਰਾਂ ਦਾ ਯੋਗਦਾਨ ਦੇਣਾ ਅਤੀ ਅਨਿਵਾਰੀ ਬਣਦਾ ਹੈ। ਦੂਜਾ, ਬੱਚਿਆਂ ਨੂੰ ਉਸ ਯੋਗ ਬਣਾਇਆ ਜਾ ਸਕੇ ਜੋ ਕੰਮ ਉਹਨਾਂ ਉੱਥੇ ਜਾ ਕੇ ਕਰਨਾ ਹੈ। ਤੀਜਾ, ਬੱਚਿਆਂ ਉੱਤੇ ਬਣਦਾ ਭਾਰ ਹੀ ਪਾਇਆ ਜਾਵੇ ਨਾ ਕਿ 'ਭੰਡਾ ਭੰਡੋਰੀਆਂ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਵਾਲੀ ਕਹਾਵਤ ਨਾ ਥੋਪ ਦਿੱਤੀ ਜਾਵੇ। ਚੌਥਾ, ਕਿਸਾਨਾਂ ਨੂੰ ਖੇਤੀ ਕਰਨ ਦੇ ਨਵੇਂ ਤਰੀਕਿਆਂ ਦੀ ਜਾਣਕਾਰੀ ਪ੍ਰਾਪਤ ਕਰਨੀ, ਉਹਨਾਂ ਦਾ ਮੁੱਢਲਾ ਉਪਰਾਲਾ ਹੋਵੇ। ਪੰਜਵਾਂ, ਦੇਸ਼ ਦੀ ਸਰਕਾਰ ਕੁਦਰਤੀ ਕਰੋਪੀ ਦੀ ਭਰਪਾਈ, ਕਰਜ਼ਾ ਮਾਫੀ, ਫਸਲਾਂ ਦਾ ਉਚਿਤ ਮੁੱਲ ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਦੇਣ ਲਈ ਮਦਦਗਾਰ ਹੋਵੇ। 'ਕਾਲ਼ੇ ਵਰਕੇ' ਦੂਸਰੀ ਕਹਾਣੀ 'ਚ ਬਸਤੀਵਾਦੀ ਹਕੂਮਤ ਦੌਰਾਨ ਹੋਏ ਤਸ਼ੱਦਦ ਦੀ ਪੇਸ਼ਕਾਰੀ ਹੋਈ ਹੈ। ਕਾਲ਼ੇ ਵਰਕੇ ਕਹਾਣੀ 'ਚ ਇਹ ਦੱਸਿਆ ਗਿਆ ਹੈ ਕਿ ਬਸਤੀਵਾਦੀ ਹਕੂਮਤ ਨੇ ਜਿੱਥੇ-ਜਿੱਥੇ ਇਹਨਾਂ ਦੀਆਂ ਬਸਤੀਆਂ ਸਨ, ਉੱਥੇ ਇਹਨਾਂ ਮੂਲਵਾਸੀਆਂ 'ਤੇ ਆਪਣੇ ਧਰਮ, ਭਾਸ਼ਾ ਤੇ ਸਾਹਿਤ ਦਾ ਆਰੋਪਣ ਕੀਤਾ। ਜੋ ਕਿ ਵਿਦਿਆਰਥੀਆਂ ਲਈ ਬੌਧਿਕ ਤਸ਼ੱਦਦ ਸੀ। ਪ੍ਰਾਰਥਨਾ ਦੌਰਾਨ ਕਦੀ-ਕਦੀ ਬੇਧਿਆਨੀ 'ਚ ਸਾਡੀ ਨਜ਼ਰ ਆਸੇ-ਪਾਸੇ ਚਲੀ ਜਾਂਦੀ, ਪਤਾ ਉਦੋਂ ਲੱਗਣਾ ਜਦੋਂ ਨਿਗਰਾਨੀ ਕਰ ਰਹੇ ਟੀਚਰ ਨੇ ਧੌਣਾ 'ਚ ਮੁੱਕਾ ਜੜ ਦੇਣਾ।"[17] ਇਸ ਤੋਂ ਉਪਰਾਮ ਹੋ ਕੇ ਕਈ ਵਿਦਿਆਰਥੀਆਂ ਨੇ ਆਤਮ ਹੱਤਿਆ ਕਰ ਲਈ। ਕੁਝ ਹੀਣ ਭਾਵਨਾ ਦਾ ਸ਼ਿਕਾਰ ਹੋ ਗਏ। ਜਿਸਦੇ ਫਲਸਵਰੂਪ ਇਹਨਾਂ ਦੇ ਪਰਿਵਾਰ ਦੀਆਂ ਆਸਾਂ ਤਬਾਹੀ 'ਚ ਬਦਲ




ਗਈਆਂ। ਇਸ ਕਹਾਣੀ 'ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਅਧਿਆਪਕ ਵਰਗ ਦਾ ਸ਼ਿਸਟਾਚਾਰ ਕਾਇਮ ਰਹਿਣਾ ਚਾਹੀਦਾ ਹੈ। ਦੂਜਾ, ਮੂਲ ਵਾਸੀਆਂ ਨੂੰ ਅਜਿਹੀਆਂ ਹਕੂਮਤਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ਸ਼ੀਲ ਰਹਿਣਾ ਅਤੀ ਜ਼ਰੂਰੀ ਹੈ। ਤੀਜਾ, ਹਕੂਮਤਾਂ ਨੂੰ ਮੂਲ ਵਾਸੀਆਂ 'ਤੇ ਤਸ਼ੱਦਦ ਨਹੀਂ ਕਰਨਾ ਚਾਹੀਦਾ। ਉਹਨਾਂ ਨੂੰ ਵੀ ਆਪਣੇ ਸੱਭਿਆਚਾਰ ਨੂੰ ਕਾਇਮ ਰੱਖਣ ਦਾ ਹੱਕ ਦੇਣਾ ਚਾਹੀਦਾ ਹੈ। 'ਪੱਤਿਆ ਨਾਲ ਢੱਕੇ ਜਿਸਮ' ਕਹਾਣੀ 'ਚ ਕਾਮੁਕਤਾ ਦੇ ਉਲਾਰ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ਵਿਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਇਹਨਾਂ ਮੁਕਾਬਲਿਆਂ ਵਿਚ ਸੰਜਮਤਾ, ਮਰਯਾਦਾ ਕਾਇਮ ਰਹਿਣੀ ਚਾਹੀਦੀ ਹੈ। ਫਸਟ ਪੁਜੀਸ਼ਨ ਦੀ ਜਜਮੈਂਟ ਕਰਨ ਵੇਲੇ ਪ੍ਰਤਿਭਾ ਨੂੰ ਧਿਆਨ 'ਚ ਰਖਦਿਆਂ ਕਲਾ ਦੇ ਪ੍ਰਦਰਸ਼ਨ ਦਾ ਮੁਲਾਂਕਣ ਹੋਣਾ ਚਾਹੀਦਾ ਹੈ। ਲੇਖਕ ਕਾਮੁਕਤਾ ਰਾਹੀਂ ਪੁਜੀਸ਼ਨਾਂ ਹਾਸਿਲ ਕਰਨ ਦਾ ਵਿਰੋਧ ਜ਼ਾਹਿਰ ਕਰਦਾ ਹੋਇਆ ਇਹ ਦਸਣ ਦੀ ਕੋਸ਼ਿਸ਼ ਕਰਦਾ ਹੈ ਕਿ ਅਜਿਹੀ ਦੇਹ ਨੁਮਾਇਸ਼ ਔਰਤ ਦੇ ਭਵਿੱਖ ਲਈ ਹਾਨੀਕਾਰਕ ਹੈ। 'ਮੁਹਾਜ਼' ਕਹਾਣੀ 'ਚ ਜੰਗ ਦੀ ਭਿਆਨਕਤਾ ਅਤੇ ਵਿਧਵਾ ਔਰਤ ਦੀ ਤ੍ਰਾਸਦੀ ਨੂੰ ਉਘਾੜਿਆ ਗਿਆ ਹੈ। ਇਸ ਕਹਾਣੀ ਰਾਹੀਂ ਇਹ ਦੱਸਿਆ ਗਿਆ ਹੈ ਕਿ ਸੰਸਾਰ ਪੱਧਰ ਤੇ ਹੋ ਰਹੀਆਂ ਜੰਗਾਂ ਜਾਂ ਹੋ ਚੁੱਕੀਆਂ ਜੰਗਾਂ ਦੇ ਅਜੇ ਤੱਕ ਭਿਆਨਕ ਰਿਜਲਟ ਹੀ ਸਾਹਮਣੇ ਆਏ। ਹੀਰੋਸ਼ਿਮਾ ਤੇ ਨਾਗਾਸਾਕੀ ਚਸ਼ਮਦੀਦ ਗਵਾਹ ਹਨ। ਇਹ ਮਨੁੱਖਤਾ ਲਈ ਕਰੋਪੀ ਬਣ ਕੇ ਆਉਂਦਾ ਹੈ ਤੇ ਸਰਾਪ ਬਣ ਕੇ ਮੁੱਕਦਾ ਹੈ। ਦੂਜਾ, ਜੰਗ ਦੀ ਕਰੂਰਤਾ ਕਾਰਨ ਲੱਖਾਂ ਦੀ ਤਾਦਾਦ 'ਚ ਸਿਪਾਹੀ ਜਿੰਦਗੀ ਤੋਂ ਹੱਥ ਧੋਂਦੇ ਹਨ। ਉਹਨਾਂ ਦੀਆਂ ਜਵਾਨ ਪਤਨੀਆਂ ਦੀ ਲੰਮੀ ਉਮਰ ਹਨ੍ਹੇਰਾ ਬਣੀ ਉਹਨਾਂ ਨੂੰ ਜੀਵਨ ਭਰ ਭਟਕਾਉਂਦੀ ਹੈ। ਤੇਰੀ ਜੀਤਾਂ ਨਾਲ ਕਿਵੇਂ ਬੇਇਨਸਾਫੀਆਂ ਹੋ ਰਹੀਆਂ ਨੇ, ਬਿਗਾਨਿਆਂ ਵੱਲੋਂ ਨਹੀਂ ਆਪਣਿਆਂ ਵੱਲੋਂ। ਜਿਹੜੀ ਮਾੜੀ ਮੋਟੀ ਕਦਰ ਹੈਗੀ ਏ, ਉਹ ਪੈਨਸ਼ਨ ਕਰਕੇ ਐ।[18] ਤੀਜਾ, ਹਥਿਆਰ, ਮਾਰ-ਧਾੜ, ਹਮਲੇ ਕਿਸੇ ਮਸਲੇ ਦਾ ਹੱਲ ਨਹੀਂ। ਇਸ ਕਹਾਣੀ 'ਚ ਇਹ ਵਿਚਾਰ ਨਿਰਧਾਰਿਤ ਕੀਤਾ ਗਿਆ ਹੈ ਕਿ ਜੰਗ-ਯੁੱਧ ਪੂਰੀ ਤਰ੍ਹਾਂ ਰੁਕਣੇ ਚਾਹੀਦੇ ਹਨ। ਮਨੁੱਖ ਨੂੰ ਚੰਗੀ ਜਿੰਦਗੀ ਜਿਉਣ ਦੇ ਮੌਕੇ ਮਿਲਣ ਤਾਂ ਕਿ ਉਹ ਤੇ ਉਹਨਾਂ ਦਾ ਪਰਿਵਾਰ ਖੁਸ਼ਹਾਲ ਰਹਿਣ ਤੇ ਦੇਸ਼ ਦਾ ਭਵਿੱਖ ਉਜਵੱਲ ਹੋਵੇ। ਜੰਗ ਦਾ ਮਾਰੂ ਰੂਪ, ਖੁਸ਼ੀਆਂ-ਖੇੜਿਆਂ 'ਚ ਬਦਲੇ। ਲੇਖਕ ਚਾਹੁੰਦਾ ਹੈ ਕਿ ਭਾਰਤੀ ਫੌਜੀ ਵਿਧਵਾ ਦੀਆਂ ਸਹੂਲਤਾਂ ਉਸੇ ਤਰ੍ਹਾਂ ਪੂਰੀਆਂ ਹੋਣ ਜਿਸ ਤਰ੍ਹਾਂ ਦਾ ਸਿਸਟਮ ਵਿਦੇਸ਼ਾਂ ਅੰਦਰ ਹੈ। 'ਨਦੀਨ' ਕਹਾਣੀ ਵਿਚ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਾਪਤ ਕਰਨ ਲਈ ਆਤੁਰ ਪੰਜਾਬੀਆਂ ਵੱਲੋਂ ਹਰ ਹੱਥਕੰਢਾ ਅਪਨਾਉਣ ਦੇ ਰਵੱਈਏ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ 'ਚ ਇਹ ਵਿਚਾਰ ਪੇਸ਼ ਹੋਇਆ ਹੈ ਕਿ ਪੰਜਾਬੀਆਂ ਨੂੰ ਇਮੀਗ੍ਰੇਸ਼ਨ ਪ੍ਰਾਪਤ ਕਰਨ ਲਈ ਯੋਗ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। 'ਅੱਗਾ ਦੌੜ ਪਿੱਛਾ ਚੌੜ' ਦੀ ਉਕਤੀ ਵਾਂਗ ਕਾਹਲ ਤੇ ਬੇ-ਤਰਤੀਬੇ ਢੰਗ ਰਾਹੀਂ ਜਾਣ ਦੀ ਜਦੋ-ਜਹਿਦ ਨਹੀਂ ਕਰਨੀ ਚਾਹੀਦੀ। ਸਾਨੂੰ ਇਹਨਾਂ ਵਿਕਸਿਤ ਦੇਸ਼ਾਂ 'ਚ ਸਥਾਪਿਤ ਹੋਣ ਲਈ ਉਨ੍ਹਾਂ ਦੇ ਹਾਣ ਦਾ ਹੋਣਾ ਪਹਿਲਾ ਅਹਿਮ ਮੁੱਦਾ ਹੈ। ਨਵੀਂ ਟੈਕਨਾਲੋਜੀ ਦਾ ਗਿਆਨ ਤੇ ਚੰਗੀ ਐਜੂਕੇਸ਼ਨ ਦੋ ਅਜਿਹੇ ਸਾਧਨ ਹਨ ਜਿਹੜੇ ਪਹਿਲਾ ਪੈਂਤੜਾ ਬਣਦੇ ਹਨ। ਦੂਸਰਾ, ਮਾਨਸਿਕ ਤੌਰ ਤੇ ਪੰਜਾਬੀਆਂ ਦੀ ਸੋਚ ਦਾ ਦਾਇਰਾ ਵਿਸ਼ਾਲ ਹੋਣਾ ਚਾਹੀਦਾ ਹੈ।

**ਹਵਾਲੇ ਤੇ ਟਿੱਪਣੀਆਂ:**

1. ਬੁਰਜ ਦੀ ਇੱਟ: **ਮੈਨੂੰ ਕੀ**, ਪੰਨਾ 12.

2. ਦੌਲਾ: **ਮੈਨੂੰ ਕੀ**, ਪੰਨਾ 74.
3. ਹੱਕ: **ਮੈਨੂੰ ਕੀ**, ਪੰਨਾ 19.
4. ਕੰਬਦਾ ਚਾਨਣ: **ਮਨੁੱਖ ਤੇ ਮਨੁੱਖ**, ਪੰਨਾ 11-12.
5. ਮਨੁੱਖ ਤੇ ਮਨੁੱਖ: **ਮਨੁੱਖ ਤੇ ਮਨੱਖ**, ਪੰਨਾ 90.
6. ਟੁੱਟਦੀਆਂ ਜੁੜਦੀਆਂ ਬਾਹਾਂ: **ਮਨੁੱਖ ਤੇ ਮਨੁੱਖ**, ਪੰਨਾ 68.
7. ਬੋਹਲ਼ ਦੇ ਰਾਖੇ: **ਸਮੇਂ ਦੇ ਹਾਣੀ**, ਪੰਨਾ 42.
8. ਮਾਵਾਂ ਬਾਝੋਂ: **ਸਮੇਂ ਦੇ ਹਾਣੀ**, ਪੰਨਾ 97.
9. ਕੰਡੇ ਬੀਜਣ ਵਾਲੇ: **ਸਮੇਂ ਦੇ ਹਾਣੀ**, ਪੰਨਾ 105.
10. ਪਛਾਣ: **ਦੋ ਟਾਪੂ**, ਪੰਨਾ 31.
11. ਭੱਵਿਖ: **ਦੋ ਟਾਪੂ**, ਪੰਨਾ 58.
12. ਜੜ੍ਹਾਂ: **ਦੋ ਟਾਪੂ**, ਪੰਨਾ 91-92.
13. ਟਾਵਰਜ਼: **ਟਾਵਰਜ਼**, ਪੰਨਾ 23.
14. ਗੁਆਚੇ ਲੋਕ: **ਟਾਵਰਜ਼**, ਪੰਨਾ 64.
15. ਬਰਫ ਤੇ ਦਰਿਆ: **ਟਾਵਰਜ਼**, ਪੰਨਾ 91.
16. ਹੜ੍ਹ: **ਕਾਲ਼ੇ ਵਰਕੇ**, ਪੰਨਾ 13.
17. ਕਾਲ਼ੇ ਵਰਕੇ: **ਕਾਲ਼ੇ ਵਰਕੇ**, ਪੰਨਾ 42.
18. ਮੁਹਾਜ਼: **ਕਾਲ਼ੇ ਵਰਕੇ**, ਪੰਨਾ 97-98.




**ਅਰਤਿੰਦਰ ਸੰਧੂ ਦਾ**
**ਨਵਾਂ ਕਾਵਿ-ਸੰਗ੍ਰਹਿ**
**ਘਰ ਘਰ ਤੇ ਘਰ**



**ਨਵੀਆਂ ਪੁਸਤਕਾਂ**

## ਇਕ ਕੁੜੀ ਦੀ ਗੁਪਤ ਡਾਇਰੀ

**-ਹਰਜੀਤ ਅਟਵਾਲ**

ਸ਼ਸ਼ੀ ਸਮੁੰਦਰਾ ਇਕ ਸਥਾਪਤ ਕਵਿਤਰੀ ਹੈ ਪਰ ਉਸ ਨੇ ਨਸਰ ਵੀ ਲਿਖਿਆ ਹੈ। ਉਸ ਦਾ ਇਕ ਨਾਵਲ 'ਜੁਗਨੀ' ਵੀ ਛਪਿਆ ਸੀ। 'ਇਕ ਕੁੜੀ ਦੀ ਗੁਪਤ ਡਾਇਰੀ' ਨਾਵਲ ਤੇ ਜੀਵਨੀ ਦੀ ਰਲ਼ਵੀਂ ਵਿਧਾ ਹੈ। ਲੇਖਿਕਾ ਮੁਤਾਬਕ ਇਹ ਜੀਵਨੀ ਹੈ ਪਰ ਇਸ ਵਿੱਚ ਕਲਪਨਾ ਦੇ ਅੰਸ਼ ਵੀ ਸਾਫ ਦਿਖਾਈ ਦਿੰਦੇ ਹਨ। ਇਸ ਕਿਤਾਬ ਦੇ ਸ਼ੁਰੂ ਵਿੱਚ ਇਕ ਕੁੜੀ ਦੇ ਬਚਪਨ ਵਿੱਚ ਘੁਲ਼ਦੀ ਇਕੱਲਤਾ ਤੇ ਨਫ਼ਰਤ ਦਾ ਵਰਨਣ ਹੈ ਜਿਸ ਵਿੱਚੋਂ ਉਸ ਕੁੜੀ ਦਾ ਕਿਰਦਾਰ ਬੱਝਣ ਲੱਗਦਾ ਹੈ। ਕੁੜੀ ਦਾ ਪਿਓ ਉਸ ਨੂੰ ਓਨਾ ਚਿਰ ਪਿਆਰ ਕਰਦਾ ਹੈ ਜਿੰਨਾ ਚਿਰ ਉਸ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਉਹ ਬੱਚਾ ਅਸਲ ਵਿੱਚ ਇਕ ਕੁੜੀ ਹੈ ਤੇ ਕੁੜੀ ਪਰਿਵਾਰ ਲਈ ਕਈ ਮੁਸੀਬਤਾਂ ਖੜੀਆਂ ਕਰ ਸਕਦੀ ਹੈ। ਪਿਓ ਅਣਦਿੱਸਦੀਆਂ ਸਮੱਸਿਆਵਾਂ ਤੋਂ ਡਰਦਾ ਕੁੜੀ ਨੂੰ ਛੁਟਿਆਉਣ ਲੱਗਦਾ ਹੈ। ਉਸ ਦਾ ਤ੍ਰਿਸਕਾਰ ਕਰਨ ਲੱਗਦਾ ਹੈ। ਜੋ ਮੋਹ ਉਸ ਨੂੰ ਮਾਂ-ਪਿਓ ਤੇ ਵੱਡੀ ਭੈਣ ਤੋਂ ਮਿਲਣਾ ਚਾਹੀਦਾ ਸੀ ਉਸ ਦੀ ਭਾਲ਼ ਉਹ ਬਾਹਰ ਕਰਨ ਲੱਗਦੀ ਹੈ। ਛੋਟੀ ਉਮਰ ਵਿੱਚ ਹੀ ਉਹ ਇਕ ਵਿਆਹੇ ਹੋਏ, ਦੋ ਬੱਚਿਆਂ ਦੇ ਪਿਓ, ਮਰਦ ਨਾਲ ਸੰਬੰਧ ਬਣਾ ਲੈਂਦੀ ਹੈ। ਫਿਰ ਸੈਕਸ ਉਹਦੇ ਲਈ ਵੱਡੀ ਗੱਲ ਨਹੀਂ ਰਹਿੰਦੀ। ਇਕ ਮਰਦ ਉਸ ਨੂੰ ਸੈਕਸ ਕਰਨ ਬਦਲੇ ਪੈਸੇ ਵੀ ਦਿੰਦਾ ਹੈ। ਇਕ ਮਰਦ ਉਸ ਨਾਲ ਜ਼ਬਰਦਸਤੀ ਵੀ ਕਰਦਾ ਹੈ। ਕੁਲ ਮਿਲਾ ਕਿ ਇਹ ਇਕ ਕਮਸਿਨ ਕੁੜੀ ਦੀ ਬਚਪਨ ਤੋਂ ਜਵਾਨੀ ਵੱਲ ਵਧਣ ਵੱਲ ਦੀ ਕਹਾਣੀ ਹੈ। ਅਜਿਹੀ ਕੁੜੀ ਦੀ ਕਹਾਣੀ ਜਿਸ ਨੂੰ ਟੀਨਏਜ ਵਾਲੀ ਜ਼ਿੰਦਗੀ ਹਾਸਲ ਨਹੀਂ ਹੁੰਦੀ। ਬਚਪਨ ਵਿੱਚੋਂ ਹੀ ਉਹ ਜਵਾਨੀ ਦਾ ਸਫ਼ਰ ਤੈਅ ਕਰ ਲੈਂਦੀ ਹੈ। ਇਹ ਇਕ ਬਹੁਤ ਦੁਖਦਾਇਕ ਗਾਥਾ ਹੈ। ਇਹ ਸਾਡੇ ਸਮਾਜ ਵਿੱਚ ਵਾਪਰਨ ਵਾਲਾ ਕਰੂਰ ਸੱਚ ਹੈ। ਕੁਝ ਅਜਿਹੀਆਂ ਘਟਨਾਵਾਂ ਵੀ ਹਨ ਜਿਹਨਾਂ ਉੱਪਰ ਯਕੀਨ ਕਰਨਾ ਔਖਾ ਹੋਣ ਲੱਗਦਾ ਹੈ ਜਿਵੇਂ ਕਿ ਉਸ ਕੁੜੀ ਦੀ ਮਾਂ ਉਸ ਨਾਲ ਆਪਣਾ ਅੰਗ ਘਸਾ ਕੇ ਕਾਮ ਭੁੱਖ ਪੂਰੀ ਕਰਦੀ ਹੈ। ਇਕ ਔਰਤ ਜਿਸ ਦੀਆਂ ਤਿੰਨ ਧੀਆਂ ਹਨ, ਪਤੀ ਵੀ ਸਿਰ ਉੱਪਰ ਹੈ ਫਿਰ ਵੀ ਉਹ ਕਾਮ ਦੀ ਏਨੀ ਭੁੱਖੀ ਹੈ ਕਿ ਧੀ ਨਾਲ ਹੀ ਇਹ ਕੰਮ ਕਰਨਾ ਪੈਂਦਾ ਹੈ। ਘਰ ਵਿੱਚ ਜਿਸ ਉਪਰ ਏਨੀਆਂ ਪਾਬੰਦੀਆਂ ਹਨ, ਉਸ ਉਪਰ ਹਰ ਵੇਲੇ ਅੱਖ ਰੱਖੀ ਜਾਂਦੀ ਹੈ ਪਰ ਫਿਰ ਵੀ ਉਹ ਸਭ ਸਹਿਜੇ ਹੀ ਕਰਦੀ ਫਿਰਦੀ ਹੈ। ਇਹ ਕਿਤਾਬ 'ਇਕ ਕੁੜੀ ਦੀ ਗੁਪਤ ਡਾਇਰੀ' ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀ ਹੈ। ਹੋ ਸਕਦਾ ਹੈ ਕਿ ਬਹੁਤ ਸਾਰੇ ਪਾਠਕਾਂ ਨੂੰ ਇਹ ਮੇਚ ਨਾ ਆਵੇ ਪਰ ਇਕ ਔਰਤ ਦੀ ਜ਼ਿੰਦਗੀ ਵਿੱਚ ਅਜਿਹਾ ਬਹੁਤ ਕੁਝ ਵਾਪਰਦਾ ਹੈ ਜਾਂ ਵਾਪਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕਿਤਾਬ ਦੇ ਸ਼ੁਰੂ ਵਿੱਚ ਲੇਖਿਕਾ ਲਿਖਦੀ ਹੈ ਕਿ ਇਹ ਕਿਤਾਬ ਹਰ ਟੀਨਏਜਰ ਨੂੰ ਪੜ੍ਹਨੀ ਚਾਹੀਦੀ ਹੈ ਕਿਉਂਕਿ ਇਹ ਟੀਨਏਜਰਾਂ ਦੇ ਮਸਲਿਆਂ ਬਾਰੇ ਹੈ। ਇਹ ਟੀਨਏਜਰਾਂ ਨਾਲ ਵਾਪਰਦੇ ਸੁਖਾਂਤ-ਦੁਖਾਂਤ ਬਾਰੇ ਹੈ ਪਰ ਮਸਲਿਆਂ ਬਾਰੇ ਕੋਈ ਸੋਝੀ ਨਹੀਂ ਦਿੰਦੀ। ਅਸੀਂ ਟੀਨਏਜਰਾਂ ਨੂੰ ਇਹ ਕਿਤਾਬ ਪੜ੍ਹਨ ਦੀ ਸਲਾਹ ਹਰਗਿਜ਼ ਨਹੀਂ ਦੇਵਾਂਗੇ। ਕਿਤਾਬ ਦਾ ਖੜੀ ਬੋਲੀ ਵਿੱਚ ਲਿਖਣਾ ਕੁਝ ਅੱਖਰਦਾ ਵੀ ਹੈ ਤੇ ਇਸ ਦੀ ਵਿਸ਼ੇਸ਼ਤਾ ਵੀ ਬਣਾਉਂਦਾ ਹੈ। ਪੜ੍ਹਨਯੋਗਤਾ ਕਿਤਾਬ ਦਾ ਵੱਡਾ ਗੁਣ ਹੈ।


## ਕਥਾ ਸਮਰੱਥ   ਸੰਪਾਦਕ- ਗੁਰਪਾਲ ਸਿੰਘ ਸੰਧੂ

ਕਿਤਾਬ ‘ਕਥਾ ਸਮਰੱਥ’ ਨਵੀਆਂ ਪੰਜਾਬੀ ਕਹਾਣੀਆਂ ਦਾ ਸੰਗ੍ਰਹਿ ਹੈ। ਅਜੋਕੀ ਪੰਜਾਬੀ ਕਹਾਣੀ ਦੀ ਰੂਪਾਕਾਰਕ ਵਿਸ਼ਿਸ਼ਟਤਾ ਅਤੇ ਵਿਲੱਖਣਤਾ ਨੂੰ ਨਵੇਂ ਸਿਰੇ ਤੋਂ ਸਮਝਣ ਅਤੇ ਸਿਧਾਂਤ-ਬੱਧ ਕਰਨ ਦੀ ਲੋੜ ਦਿਖਾਈ ਦਿੰਦੀ ਹੈ। ਪਿਛਲੇ  ਚਾਰ ਦਹਾਕਿਆਂ ਵਿੱਚ ਦੇਸ਼-ਕੌਮ ਦੀ ਬਣਤਰ, ਸਿਆਸੀ ਦਖ਼ਲ-ਅੰਦਾਜ਼ੀ, ਵਿਸਥਾਪਨ ਤੇ ਪਰਵਾਸ ਅਤੇ ਪੰਜਾਬੀ ਪਛਾਣ ਦੀ ਮੁਸੱਲਸਲ ਭੰਨ-ਤੋੜ ਦੇ ਜਿੰਨੇ ਗਹਿਰੇ ਸਦਮਿਆਂ ਦਾ ਸ਼ਿਕਾਰ ਪੰਜਾਬੀ ਬੰਦਾ ਹੁੰਦਾ ਰਿਹਾ ਹੈ, ਉਹ ਸਭ ਕੁਝ ਪੰਜਾਬੀ ਕਹਾਣੀ ਦੇ ਰੂਪਗਤ ਤੇ ਅਰਥਗਤ ਘੇਰਿਆਂ ਵਿੱਚ ਪਰਤ-ਦਰ-ਪਰਤ ਸੰਚਿਤ ਹੋ ਚੁੱਕਾ ਹੈ। ਇਸ ਕਰਕੇ, ਹੁਣ ਇਸਦੀ ਰੂਪਾਕਾਰਕ ‘ਬੁਨਿਆਦ ’ ਜਾਂ ‘ਆਂਤਰਿਕ ਵੱਖਰਤਾ’ ਦਾ ਆਧਾਰ ਤਿੰਨ ਪਾਸਾਰਾਂ ਵਿੱਚ ਗਤੀਸ਼ੀਲ ਹੁੰਦਾ ਹੈ; ਪਹਿਲਾ, ਹੁਣ ਇਸਦੀ ਬਿਰਤਾਂਤ ਪੇਸ਼ਕਾਰੀ ਵਿਚੋਂ ਪੰਜਾਬੀ ਵਸੇਬ ਦੇ ਭਿੰਨ ਭਿੰਨ ਖੰਡਾਂ ਦੇ ਦ੍ਰਿਸ਼ ਚਿਤਰਨ ਦੇ ਨਾਲ ਨਾਲ ਪੰਜਾਬੀ ਬੰਦੇ ਦੀ ਫ਼ਿਤਰਤ ਦੀ ਨਿਸ਼ਾਨਦੇਹੀ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ। ਦੂਜਾ, ਇਸਦੇ ਪੰਜਾਬੀ ਵਸੇਬ ਦੇ ਭਿੰਨ ਭਿੰਨ ਖੰਡਾਂ ਦੇ ਸੱਚ ਨਾਲ ਰਿਸ਼ਤੇ, ਬਾ-ਬਸਤਗੀ ਅਤੇ ਮਨੁੱਖੀ ਹਸਤੀ ਦੇ ਸੱਚ ਦੀ ਕਥਾਗਤ ਪੇਸ਼ਕਾਰੀ ਦੇ ਅੰਤਰ-ਸੰਬੰਧਿਤ ਸਿਲਸਿਲਿਆਂ ਦੀ ਰਵਾਂਦਾਰੀ ਨੂੰ ਉਭਾਰਨਾ ਅਵੱਸ਼ਕ ਹੈ। ਤੀਜਾ, ਇਸਦੀ ਅਰਥਗਤ ਵਿਉਂਤ ਵਿੱਚ ਗਤੀਸ਼ੀਲ ਬਹੁ-ਪੱਧਰੀ ਅਰਥ ਪ੍ਰਕਿਰਿਆ ਨੂੰ ਪਛਾਨਣਾ ਲਾਜ਼ਮੀ ਹੈ।  ਸੋ, ਹੁਣ ਇਸਦੀ ਰੂਪਾਕਾਰਕ ਬਣਤ ਨੂੰ ਪੁਰਾਣੇ ਅੰਦਾਜ਼ ਵਿੱਚ ਪੜ੍ਹਨਾ ਜਾਇਜ਼ ਨਹੀਂ, ਸਗੋਂ ਇਸਦੀ ਸਿਰਜਣ-ਪ੍ਰਕਿਰਿਆ, ਪੜ੍ਹਤ ਅਤੇ ਅਰਥ-ਰਚਨਾ ਨੂੰ ਉਪਰੋਕਤ ਸੰਦਰਭ ਵਿੱਚ ਨਵੇਂ ਸਿਰੇ ਤੋਂ ਸਿਧਾਂਤ-ਬੱਧ ਕਰਨ ਦੀ ਜ਼ਰੂਰਤ ਹੈ।

ਇਸ ਕਹਾਣੀ ਸੰਗ੍ਰਹਿ ਵਿੱਚ  ਸਤਾਰਾਂ ਕਹਾਣੀਆਂ; **ਹਰਭਜਨ ਸਿੰਘ  ਸਾਗਰ  - ਸਹਿਮੇ ਪਲਾਂ ਦੇ ਤਮਾਸ਼ਬੀਨ, ਖ਼ਾਲਿਦ ਹੁਸੈਨ-ਦਹਿਸ਼ਤ ਦੀ ਦਾਸਤਾਨ, ਹਰਭਜਨ ਸਿੰਘ-ਘੋੜੇ ਦੇ ਸੁੰਮਾਂ ਦਾ ਖੜਾਕ,  ਜਰਨੈਲ ਸਿੰਘ- ਮੁਹਾਜ਼, ਜਿੰਦਰ -ਹਵੇਲੀ, ਤਲਵਿੰਦਰ ਸਿੰਘ-ਵਿਚਲੀ ਔਰਤ, ਹਰਜੀਤ ਅਟਵਾਲ -ਸੱਪਾਂ ਦਾ ਭਰ ਬਰਤਾਨੀਆ, ਜਸਵਿੰਦਰ ਸਿੰਘ-ਦੂਹਰੇ ਮਹਾਂਭਾਰਤ, ਬਲਵਿੰਦਰ ਗਰੇਵਾਲ-ਮੋਹ ਪਾਸ਼, ਸੁਖਜੀਤ-ਹਜ਼ਾਰ ਕਹਾਣੀਆਂ ਦਾ ਬਾਪ, ਅਜਮੇਰ ਸਿੱਧੂ-ਇਕਬਾਲ ਹੁਸੈਨ ਮੋਇਆ ਨਹੀਂ, ਗੁਰਮੀਤ ਕੜਿਆਲਵੀ -ਰੱਬ ਜੀ, ਕੇਸਰਾ ਰਾਮ-ਸੱਪ ਤੇ ਬਿੱਛੂ, ਸਾਂਵਲ ਧਾਮੀ- ਖ਼ੂਬਸੂਰਤ ਕਿਤਾਬ, ਹਰਪ੍ਰੀਤ ਸੇਖਾ- ਪੈਗੁਅਨ, ਮਕਸੂਦ ਸਾਕਿਬ -’ਤੇ ਪਾਕਿਸਤਾਨ ਬਣ ਗਿਆ ਅਤੇ ਖ਼ਾਲਿਦ ਫ਼ਰਹਾਦ ਧਾਲੀਵਾਲ-ਘਰ ਸ਼ਾਮਲ** ਹਨ? ਕਿਤਾਬ ‘ਕਥਾ ਸਮਰੱਥ’ ਇਹਨਾਂ ਕਹਾਣੀਆਂ ਦੇ ਪਾਠ ਨੂੰ ਕੇਂਦਰ ਬਣਾਕੇ, ਉਹਨਾਂ ਦੀ ਸਿਰਜਣ-ਪ੍ਰਕਿਰਿਆ, ਪੜ੍ਹਤ ਅਤੇ ਅਰਥ-ਰਚਨਾ ਨੂੰ ਵੇਖਣ ਦੀ ਵੀ ਕੋਸ਼ਿਸ਼  ਹੈ?



## ਸੁਖਵਿੰਦਰ ਕੰਬੋਜ ਦੀ ਹੁਣ ਤੱਕ ਦੀ ਸਾਰੀ ਕਵਿਤਾ




**ਪ੍ਰਕਾਸ਼ਕ : ਪੀ. ਸੀ. ਬੁੱਕਸ ਪਬਲੀਕੇਸ਼ਨ, ਬਰਨਾਲਾ**

**ਪੰਨੇ 416    ਮੁੱਲ : 200 ਰੁਪਏ**

**ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ ਜੁਲਾਈ 21, 2020**